Listing and Selling Homes From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969 CA DRE# 00966763




Golden State Realty
Please Contact For Commercial or Residential Needs
ਅਸੀਂ ਲੋਨ ਲੈਣ ਵਿਚ ਤੁਹਾਡੀ ਮਦਦ ਕਰਦੇ ਹਾਂ
Call: Sohanpreet 'Sam' Chahal
Ph: 916-612-5773
email: samchahal@hotmail.com
Serving all over California
Sam Chahal
CA Lic. 01504071




Certified Insurance Agent
Global Green INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM
Gurdawar Singh Mann
Gurcharan Singh Mann
Mann Insurance Brokers Inc.
4123 Dyer St., #230, Union City, CA 94587





Nineteenth Year of Publication
ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 19, Issue 04, January 27, 2018 20451 N. Plum Grove Rd., Palatine, IL 60074 Ph:847-359-0746, Fax:847-705-9388


## ਮੋਦੀ ਸਰਕਾਰ ਫਿਰ ਬਣੀ 'ਆਪ' ਸਰਕਾਰ ਦੇ ਰਾਹ ਦਾ ਰੋੜਾ

### ਚੋਣ ਕਮਿਸ਼ਨ ਦੀ ਸਿਫਾਰਸ਼ 'ਤੇ 20 ਵਿਧਾਇਕਾਂ ਦੀ ਮੈਂਬਰੀ ਰੱਦ

**ਨਵੀਂ ਦਿੱਲੀ (ਗੁਰਵਿੰਦਰ ਸਿੰਘ ਵਿਰਕ):** ਦਿੱਲੀ ਵਿਚ ਆਮ ਆਦਮੀ ਪਾਰਟੀ (ਆਪ) ਦੀ ਸਰਕਾਰ ਮੁੜ ਗੰਭੀਰ ਸੰਕਟ ਵਿਚ ਹੈ। ਰਾਸ਼ਟਰਪਤੀ ਨੇ ਚੋਣ ਕਮਿਸ਼ਨ ਦੀ ਸਿਫਾਰਸ਼ ਉਤੇ ਹਾਕਮ ਧਿਰ ਦੇ 20 ਵਿਧਾਇਕਾਂ ਦੀ ਮੈਂਬਰੀ ਰੱਦ ਕਰ ਦਿੱਤੀ ਹੈ। ਇਨ੍ਹਾਂ ਵਿਧਾਇਕਾਂ ਨੂੰ ਦੋਹਰੇ ਲਾਭ ਦੇ ਨਿਯਮ ਤਹਿਤ ਅਯੋਗ ਕਰਾਰ ਦਿੱਤਾ ਗਿਆ ਹੈ। 'ਆਪ' ਸਰਕਾਰ ਲਈ ਰਾਹਤ ਵਾਲੀ ਗੱਲ ਇਹ ਹੈ ਕਿ ਇੰਨੇ ਵਿਧਾਇਕਾਂ ਦੀ ਛੁੱਟੀ ਦੇ ਬਾਵਜੂਦ ਅਰਵਿੰਦ ਕੇਜਰੀਵਾਲ ਸਰਕਾਰ ਨੂੰ ਕੋਈ ਖਤਰਾ ਨਹੀਂ। 70 ਮੈਂਬਰੀ ਵਿਧਾਨ ਸਭਾ ਵਿਚ ਆਮ ਆਦਮੀ ਪਾਰਟੀ ਦੇ 67 ਵਿਧਾਇਕ ਸਨ, ਪਰ ਪਿਛਲੇ ਸਾਲ ਰਾਜੌਰੀ ਗਾਰਡਨ ਤੋਂ ਵਿਧਾਇਕ ਜਰਨੈਲ ਸਿੰਘ ਵੱਲੋਂ ਵਿਧਾਨ ਸਭਾ ਤੋਂ ਅਸਤੀਫਾ ਦੇਣ ਕਾਰਨ ਮੈਂਬਰਾਂ ਦੀ ਗਿਣਤੀ 66 ਰਹਿ ਗਈ। ਹੁਣ 20 ਵਿਧਾਇਕਾਂ ਨੂੰ ਅਯੋਗ ਕਰਾਰ ਦੇਣ ਕਾਰਨ 'ਆਪ' ਦੇ ਵਿਧਾਇਕਾਂ ਦੀ ਗਿਣਤੀ 46 ਹੈ, ਜਦਕਿ ਵਿਧਾਨ ਸਭਾ ਵਿਚ ਬਹੁਮਤ ਸਾਬਤ ਕਰਨ ਲਈ 36 ਮੈਂਬਰਾਂ ਦੀ ਲੋੜ ਹੈ।

'ਆਪ' ਵਿਧਾਇਕਾਂ ਨੂੰ ਭਾਵੇਂ ਦੋਹਰੇ ਲਾਭ ਦੇ ਨਿਯਮਾਂ ਦੀ ਅਣਦੇਖੀ ਦਾ ਦੋਸ਼ੀ ਮੰਨਿਆ ਗਿਆ ਹੈ ਪਰ ਜਿਸ ਢੰਗ ਨਾਲ ਇਨ੍ਹਾਂ ਖਿਲਾਫ ਕਾਰਵਾਈ ਕੀਤੀ ਗਈ, ਉਹ ਕਈ ਸਵਾਲ ਖੜ੍ਹੇ ਕਰਦੀ ਹੈ। ਮੁੱਖ ਚੋਣ ਕਮਿਸ਼ਨਰ ਏ.ਕੇ. ਜੋਤੀ ਨੇ ਵਿਧਾਇਕਾਂ ਨੂੰ ਅਯੋਗ ਕਰਾਰ ਦੇਣ ਦੀ ਸਿਫਾਰਸ਼ ਉਸ ਸਮੇਂ ਭੇਜੀ, ਜਦੋਂ ਉਨ੍ਹਾਂ ਦੇ ਕਾਰਜਕਾਲ ਵਿਚ ਦੋ ਦਿਨ ਬਾਕੀ ਬਚੇ ਸਨ। ਅੱਗਿਓਂ ਰਾਸ਼ਟਰਪਤੀ ਨੇ ਵੀ ਫੁਰਤੀ ਦਿਖਾਉਂਦੇ ਹੋਏ ਸਿਰਫ ਦੋ ਦਿਨਾਂ ਵਿਚ ਹੀ ਇਸ ਸਿਫਾਰਸ਼ 'ਤੇ ਸਹੀ ਪਾ ਦਿੱਤੀ। ਇਹ ਸਾਰਾ ਘਟਨਾਕ੍ਰਮ ਦਰਸਾਉਂਦਾ ਹੈ ਕਿ 'ਆਪ' ਕਿਸੇ ਸਿਆਸੀ ਸਾਜ਼ਿਸ਼ ਦਾ ਸ਼ਿਕਾਰ ਹੋਈ ਹੈ। ਮੁੱਖ ਚੋਣ ਕਮਿਸ਼ਨਰ ਏ.ਕੇ. ਜੋਤੀ ਦਾ ਸਾਰਾ ਕਾਰਜਕਾਲ ਵਿਵਾਦਾਂ ਵਿਚ ਲੰਘਿਆ ਹੈ। ਉਨ੍ਹਾਂ

(ਬਾਕੀ ਸਫਾ 6 ਉਤੇ)



### ਡਿੱਗ ਵੀ ਸਕਦੀ ਹੈ 'ਆਪ' ਸਰਕਾਰ?

ਵਿਧਾਇਕਾਂ ਦੀ ਗਿਣਤੀ ਪੱਖੋਂ ਭਾਵੇਂ 'ਆਪ' ਸਰਕਾਰ ਨੂੰ ਕੋਈ ਖਤਰਾ ਨਹੀਂ ਹੈ, ਪਰ ਸਿਆਸੀ ਮਾਹਰਾਂ ਦਾ ਇਕ ਧੜਾ ਕੁਝ ਨੁਕਤਿਆਂ ਨਾਲ ਦਾਅਵਾ ਕਰ ਰਿਹਾ ਹੈ ਕਿ ਆਮ ਆਦਮੀ ਪਾਰਟੀ ਹੱਥੋਂ ਸੱਤਾ ਖੁੱਸ ਸਕਦੀ ਹੈ। ਤਰਕ ਇਹ ਹੈ ਕਿ 20 ਵਿਧਾਇਕਾਂ ਦੀ ਛੁੱਟੀ ਪਿੱਛੋਂ 70 ਮੈਂਬਰੀ ਦਿੱਲੀ ਵਿਧਾਨ ਸਭਾ ਵਿਚ 'ਆਪ' ਵਿਧਾਇਕਾਂ ਦੀ ਗਿਣਤੀ 66 ਤੋਂ ਘਟ ਕੇ 46 ਉਤੇ ਆ ਗਈ ਹੈ। ਵਿਧਾਇਕ ਕਪਿਲ ਸ਼ਰਮਾ ਬਾਗੀ ਹੋ ਚੁੱਕੇ ਹਨ। ਕੁਮਾਰ ਵਿਸ਼ਵਾਸ ਰਾਜ ਸਭਾ ਵਿਚ ਨਾ ਭੇਜੇ ਜਾਣ ਕਾਰਨ ਨਾਰਾਜ਼ ਹਨ। ਸੂਹ ਮੁਤਾਬਕ, ਉਸ ਕੋਲ 10 ਵਿਧਾਇਕਾਂ ਦਾ ਸਮਰਥਨ ਹੈ। ਚਾਰ ਵਿਧਾਇਕ ਉਹ ਹਨ ਜਿਨ੍ਹਾਂ ਨੂੰ ਕੇਜਰੀਵਾਲ ਸਰਕਾਰ ਨੇ ਭ੍ਰਿਸ਼ਟਾਚਾਰ ਦੇ ਦੋਸ਼ ਕਾਰਨ ਮੰਤਰੀ ਦੇ ਅਹੁਦੇ ਤੋਂ ਲਾਂਭੇ ਕੀਤਾ ਹੈ, ਉਨ੍ਹਾਂ ਦੀ ਬਗਾਵਤ ਦਾ ਡਰ ਵੀ 'ਆਪ' ਨੂੰ ਸਤਾ ਰਿਹਾ ਹੈ।

## ਸਰਕਾਰੀ ਤਾਲਾਬੰਦੀ ਟਰੰਪ ਲਈ ਵੱਡੀ ਚੁਣੌਤੀ

**ਵਾਸ਼ਿੰਗਟਨ:** ਸੈਨੇਟ ਵੱਲੋਂ ਖਰਚਾ ਬਿੱਲ ਖਾਰਜ ਕਰਨ ਨਾਲ ਬੀਤੇ ਪੰਜ ਸਾਲਾਂ ਵਿਚ ਪਹਿਲੀ ਵਾਰ ਅਮਰੀਕੀ ਸਰਕਾਰ ਦਾ ਕੰਮ ਅਧਿਕਾਰਤ ਤੌਰ 'ਤੇ ਤਿੰਨ ਦਿਨ ਠੱਪ ਰਿਹਾ। ਡੋਨਲਡ ਟਰੰਪ ਵੱਲੋਂ ਭਾਵੇਂ ਸਰਕਾਰੀ ਖਰਚ ਨਾਲ ਸਬੰਧਤ ਇਕ ਥੋੜ੍ਹੇ ਸਮੇਂ ਦੇ ਬਿੱਲ ਉਤੇ ਸਹੀ ਪਾਉਣ ਨਾਲ ਕੰਮਕਾਜ ਮੁੜ ਲੀਹਾਂ 'ਤੇ ਪੈ ਗਿਆ, ਪਰ ਟਰੰਪ ਸਰਕਾਰ ਦੀਆਂ ਮੁਸ਼ਕਿਲਾਂ ਬਰਕਰਾਰ ਹਨ। ਨਵੇਂ ਬਿੱਲ ਦੀ ਮਿਆਦ ਅੱਠ ਫਰਵਰੀ ਤੱਕ ਰਹੇਗੀ ਤੇ ਉਦੋਂ ਤੱਕ ਟਰੰਪ ਸਰਕਾਰ ਨੂੰ ਸਰਕਾਰੀ ਕੰਮਕਾਜ ਲਈ ਫੰਡ ਮਿਲਦੇ ਰਹਿਣਗੇ।

ਸੈਨੇਟ ਵਿਚ ਇਹ ਖਰਚਾ ਬਿੱਲ 81-18, ਜਦਕਿ ਪ੍ਰਤੀਨਿਧ ਸਭਾ ਵਿਚ 266-150 ਨਾਲ ਪਾਸ ਹੋਇਆ। ਇਸ ਬਿੱਲ ਤਹਿਤ ਸਰਕਾਰ ਨੂੰ ਆਪਣਾ ਖਰਚਾ ਚਲਾਉਣ ਲਈ ਅੱਠ ਫਰਵਰੀ ਤੱਕ ਹੀ ਫੰਡ ਮਿਲਣਗੇ ਤੇ ਇਸ ਤਰੀਕ ਤੋਂ ਪਹਿਲਾਂ ਡੈਮੋਕਰੈਟਾਂ ਤੇ ਰਿਪਬਲਿਕਨਾਂ ਨੂੰ ਇਕ ਦੂਜੇ ਨਾਲ ਸਹਿਮਤੀ ਬਣਾਉਂਦਿਆਂ ਸਮੱਸਿਆ ਦਾ ਕੋਈ ਚਿਰਕਾਲੀ ਹੱਲ ਕੱਢਣਾ ਹੋਵੇਗਾ। ਹਾਲਾਂਕਿ ਟਰੰਪ ਦਾ ਕਹਿਣਾ ਹੈ ਕਿ ਹੁਣ ਉਨ੍ਹਾਂ ਦੀ ਸਰਕਾਰ ਗੈਰਕਾਨੂੰਨੀ ਆਵਾਸ ਦੀ ਸਮੱਸਿਆ ਸੁਲਝਾਉਣ ਲਈ ਕੰਮ ਕਰੇਗੀ ਅਤੇ ਜੇ ਮੁਲਕ ਲਈ ਚੰਗਾ ਹੋਇਆ ਤਾਂ ਉਹ ਆਵਾਸ ਨੂੰ ਲੈ ਕੇ ਲੰਮੇ ਸਮੇਂ ਦਾ ਸਮਝੌਤਾ ਕਰਨਗੇ।

ਜ਼ਿਕਰਯੋਗ ਹੈ ਕਿ ਖਰਚਾ ਬਿੱਲ ਪਾਸ ਹੋਣ ਨਾਲ ਹਜ਼ਾਰਾ ਸੰਘੀ ਮੁਲਾਜ਼ਮਾਂ ਨੇ ਵੀ ਸੁੱਖ ਦਾ ਸਾਹ ਲਿਆ ਹੈ। ਇਨ੍ਹਾਂ ਸਰਕਾਰੀ

(ਬਾਕੀ ਸਫਾ 6 ਉਤੇ)

## ਅਦਾਲਤੀ ਗੇੜ ਵਿਚ ਫਸੀ ਹਰਿਆਣਾ ਗੁਰਦੁਆਰਾ ਕਮੇਟੀ

**ਚੰਡੀਗੜ੍ਹ:** ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਐਡਹਾਕ) ਅਦਾਲਤੀ ਗੇੜ ਵਿਚੋਂ ਬਾਹਰ ਨਹੀਂ ਨਿਕਲ ਰਹੀ। ਤਕਰੀਬਨ ਚਾਰ ਸਾਲ ਪਹਿਲਾਂ ਹਰਿਆਣਾ ਦੇ ਤਤਕਾਲੀ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਵੱਲੋਂ 41 ਮੈਂਬਰਾਂ ਉਤੇ ਆਧਾਰਤ ਹਰਿਆਣਾ ਕਮੇਟੀ ਬਣਾਈ ਸੀ। ਉਸ ਵੇਲੇ ਸ਼੍ਰੋਮਣੀ ਕਮੇਟੀ ਸਮੇਤ ਅਕਾਲੀ ਦਲ ਬਾਦਲ ਨੇ ਇਸ ਦਾ ਵਿਰੋਧ ਕੀਤਾ ਸੀ। ਉਸ ਸਮੇਂ ਹਰਿਆਣਾ ਕਮੇਟੀ ਨੇ ਸੂਬੇ ਦੇ ਕੁਝ ਗੁਰਦੁਆਰਿਆਂ ਉਤੇ 'ਕਬਜ਼ਾ' ਕਰਨ ਦੀ ਕੋਸ਼ਿਸ਼ ਕੀਤੀ ਸੀ, ਹਾਲਾਤ ਵਿਗੜਦੇ ਵੇਖ ਅਦਾਲਤ ਨੇ ਸਥਿਤੀ ਜਿਉਂ ਦੀ ਤਿਉਂ ਰੱਖਣ ਦੇ ਹੁਕਮ ਦੇ ਦਿੱਤੇ। ਸਮੇਂ ਦਾ ਗੇੜ ਵੇਖ ਹੁੱਡਾ ਸਰਕਾਰ ਵੀ ਕਮੇਟੀ ਦੀ ਹਮਾਇਤ ਤੋਂ ਪੱਲਾ ਝਾੜ ਗਈ। ਫਿਰ ਸੂਬੇ ਵਿਚ ਭਾਜਪਾ ਸਰਕਾਰ ਬਣਨ ਪਿੱਛੋਂ ਤਾਂ ਇਹ ਮਸਲਾ ਬਿਲਕੁਲ ਠੰਢਾ ਪੈ ਗਿਆ।


ਹਰਿਆਣਾ ਕਮੇਟੀ ਦੇ ਆਗੂ ਪਿਛਲੇ ਚਾਰ ਸਾਲਾਂ ਤੋਂ ਅਦਾਲਤੀ ਫੈਸਲੇ ਦੀ ਉਡੀਕ ਵਿਚ

(ਬਾਕੀ ਸਫਾ 6 ਉਤੇ)


We Do Real Estate in Bay Area & Central Valley
We do loans anywhere in California
Cell: 408-816-0408
Tel: 209-918-6464
Fax: 866-594-4680
email:
realtoramanhundal@gmail.com
AMAN S. HUNDAL
Broker/Realtor/MBA
BRE# 01839828
NMLS# 162808
Alltime REALTY & MORTGAGE
16 Corning Ave, Ste. 230, Milpitas, CA 92035
3819 Northern Oak Dr., Ceres, CA 95307
CDPE, SFR *LAR 2010, 2011, 2012 Masters Club
Masters Emerald Award 2010, 2011




Raja Sweets & Catering
Presents
PARADISE BALLROOMS
banquet hall & event center
ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜ਼ਾਮ ਹੈ।
Services Include
• Catering
• Silverware
• Chinaware
• Decorated Hall
• Linen
• Several Bar Options
• Security
• Wait Staff
• Full Setup Including table cloth, napkins, chairs etc.
Paradise Ballrooms
4100 Peralta Blvd. Fremont, CA 94536
(510) 900-6319
info@paradiseballrooms.com
www.paradiseballrooms.com




Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-970-5611
Email: manpreet@gahralaw.com



# GLOBAL MULTI SERVICES

ONE STOP SHOP FOR ALL TRUCKING NEEDS

## Ask for Special Parking Rates. 1st Come 1st Serve.

## Truck Parking Available for 500+ Trucks

i5 TRUCK WASH AND REPAIR
GET A SHOWROOM SHINE, EVERY TIME

Ph.: 209-986-0338
info@i5truckwash.com
www.i5truckwash.com
1137 S Stockton St, Stockton CA 95206

Truck parking available.

HOME OF ALL TRUCKING SERVICES
GLOBAL TRUCK TERMINAL

Ph.: 800-696-3796
info@GlobalTruckTerminal.com
www.GlobalTruckTerminal.com
1801 E Charter Way, Stockton CA 95205

## Services We Offer:

On site IRP Plate - License Plates - IFTA - Fuel Tax Return
New Mexico & Kentucky Permit - Dot - MC Authority - UCR Permits
Corporation Filing - 2290 Filing - Canadian Permits
Title Transfer etc.

General Truck & Trailer Repair - Brakes - Oil Change
BIT Inspection - Annual Inspection - Transmission
Truck & Trailer Alignment - New & Used Tires - Wheel Balancing
DPF Cleaning & Truck Wash etc.

Call Maneet Deol for more info : 209-982-9996

# ਨੌਂ ਹੋਰ ਸ਼ਹਿਰ ਸਮਾਰਟ ਐਲਾਨੇ

**ਨਵੀਂ ਦਿੱਲੀ:** ਉਤਰ ਪ੍ਰਦੇਸ਼ ਦੇ ਤਿੰਨ ਸ਼ਹਿਰਾਂ ਸਮੇਤ ਨੌਂ ਹੋਰ ਸ਼ਹਿਰਾਂ ਨੂੰ ਕੇਂਦਰ ਦੀ ਸਰਪ੍ਰਸਤੀ ਵਾਲੇ ਸਮਾਰਟ ਸਿਟੀ ਮਿਸ਼ਨ ਵਿਚ ਸ਼ਾਮਲ ਕੀਤਾ ਗਿਆ ਹੈ। ਇਹ ਜਾਣਕਾਰੀ ਕੇਂਦਰੀ ਹਾਊਸਿੰਗ ਅਤੇ ਸ਼ਹਿਰੀ ਮਾਮਲੇ ਬਾਰੇ ਮੰਤਰੀ ਹਰਦੀਪ ਸਿੰਘ ਪੁਰੀ ਨੇ ਦਿੱਤੀ।

ਇਨ੍ਹਾਂ ਨੂੰ ਸ਼ਾਮਲ ਕਰਨ ਨਾਲ ਸਮਾਰਟ ਸਿਟੀ ਸ਼ਹਿਰਾਂ ਦੀ ਗਿਣਤੀ 99 ਹੋ ਗਈ ਹੈ। ਚੌਥੇ ਦੌਰ ਵਿਚ ਚੁਣੇ ਗਏ ਸ਼ਹਿਰਾਂ ਵਿਚ ਬਰੇਲੀ, ਮੁਰਾਦਾਬਾਦ ਅਤੇ ਸਹਾਰਨਪੁਰ, ਇਰੋਡ, ਬਿਹਾਰ ਸ਼ਰੀਫ, ਸਿਲਵਾਸਾ, ਦੀਵ ਅਤੇ ਕਾਵਾਰਤੀ ਅਤੇ ਈਟਾਨਗਰ ਸ਼ਾਮਲ ਹਨ।

# ਚਰਨਜੀਤ ਸਿੰਘ ਚੱਢਾ ਚੀਫ ਖਾਲਸਾ ਦੀਵਾਨ ਤੋਂ ਖਾਰਜ

**ਅੰਮ੍ਰਿਤਸਰ:** ਚੀਫ ਖਾਲਸਾ ਦੀਵਾਨ ਦੇ ਪ੍ਰਧਾਨ ਚਰਨਜੀਤ ਸਿੰਘ ਚੱਢਾ ਨਾਲ ਸਬੰਧਤ ਇਤਰਾਜ਼ਯੋਗ ਵੀਡੀਓ ਮਾਮਲਾ ਵਿਚਾਰਨ ਉਪਰੰਤ



ਸ੍ਰੀ ਅਕਾਲ ਤਖਤ ਤੋਂ ਪੰਜ ਸਿੰਘ ਸਾਹਿਬਾਨ ਨੇ ਚੱਢਾ ਦੀ ਦੀਵਾਨ ਤੋਂ ਮੁਢਲੀ ਮੈਂਬਰਸ਼ਿਪ ਖਾਰਜ ਕਰਨ ਦਾ ਫੈਸਲਾ ਕਰਦਿਆਂ ਦੀਵਾਨ ਵਿਚ ਦੋ ਸਾਲ ਤੱਕ ਕਿਸੇ ਵੀ ਅਹੁਦੇ ਉਤੇ ਕਾਰਜਸ਼ੀਲ ਹੋਣ ਉਤੇ ਰੋਕ ਲਾ ਦਿੱਤੀ ਹੈ। ਇਸ ਤੋਂ ਇਲਾਵਾ ਜ਼ਿਲ੍ਹਾ ਗੁਰਦਾਸਪੁਰ ਦੇ ਗੁਰਦੁਆਰਾ ਛੋਟਾ ਘੱਲੂਘਾਰਾ ਵਿਚ ਵਾਪਰੀ ਮੰਦਭਾਗੀ ਘਟਨਾ ਲਈ ਗੁਰਦੁਆਰਾ ਕਮੇਟੀ ਦੇ ਆਗੂ ਮਾਸਟਰ ਜੌਹਰ ਸਿੰਘ ਨੂੰ ਇਕ ਹਫਤਾ ਸ੍ਰੀ ਹਰਿਮੰਦਰ ਸਾਹਿਬ ਵਿਚ ਸੰਗਤਾਂ ਦੇ ਜੋੜੇ ਝਾੜਨ, ਬਰਤਨ ਮਾਂਜਣ ਅਤੇ ਕੀਰਤਨ ਸੁਣਨ ਦੀ ਤਨਖਾਹ ਲਾਈ ਹੈ। ਇਸ ਤੋਂ ਇਲਾਵਾ ਫਤਹਿਗੜ੍ਹ ਸਾਹਿਬ ਗੁਰਦੁਆਰੇ ਵਿਚ ਸ਼ਹੀਦੀ ਜੋੜ ਮੇਲੇ ਮੌਕੇ ਪ੍ਰਬੰਧਕਾਂ ਵੱਲੋਂ ਅਖੰਡ ਪਾਠ ਨਾ ਰੱਖਣ ਦੀ ਹੋਈ ਭੁੱਲ ਨੂੰ ਬਖਸ਼ ਦਿੱਤਾ ਹੈ।

ਇਕੱਤਰਤਾ ਦੌਰਾਨ ਚੀਫ ਖਾਲਸਾ ਦੀਵਾਨ ਦੇ ਪ੍ਰਧਾਨ ਦੇ ਅਹੁਦੇ ਤੋਂ ਅਸਤੀਫਾ ਦੇ ਚੁੱਕੇ ਚਰਨਜੀਤ ਸਿੰਘ ਚੱਢਾ ਨੇ ਪੇਸ਼ ਹੋ ਕੇ ਆਪਣਾ ਸਪਸ਼ਟੀਕਰਨ ਦਿੱਤਾ। ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਦੱਸਿਆ ਕਿ ਚੱਢਾ ਦਾ ਅਸਤੀਫਾ ਦੀਵਾਨ ਦੇ ਆਨਰੇਰੀ ਸਕੱਤਰ ਨੂੰ ਭੇਜਿਆ ਹੈ ਅਤੇ ਉਸ ਦੀ ਮੁਢਲੀ ਮੈਂਬਰਸ਼ਿਪ ਖਾਰਜ ਕਰਨ ਦੀ ਵੀ ਹਦਾਇਤ ਕੀਤੀ ਹੈ। ਦੀਵਾਨ ਦੇ ਸਮੂਹ ਅਹੁਦਿਆਂ 'ਤੇ ਕੰਮ ਕਰਨ ਉਤੇ ਲਾਈ ਗਈ ਰੋਕ ਸ੍ਰੀ ਅਕਾਲ ਤਖਤ ਨੇ ਦੋ ਸਾਲਾਂ ਵਾਸਤੇ ਵਧਾ ਦਿੱਤੀ ਹੈ। ਇਸ ਦੌਰਾਨ ਸਮਾਗਮਾਂ ਵਿਚ ਚੱਢਾ ਦੇ ਸੰਬੋਧਨ ਕਰਨ 'ਤੇ ਵੀ ਰੋਕ ਲਾਈ ਹੈ।

## ਪੈਟਰੋਲ ਪੰਪ ਤੋਂ 17 ਲੱਖ ਲੁੱਟੇ

**ਅਬੋਹਰ:** ਪੰਜਾਬ-ਰਾਜਸਥਾਨ ਦੇ ਨਾਲ ਲੱਗਦੇ ਫਾਜ਼ਿਲਕਾ ਜ਼ਿਲ੍ਹੇ ਦੇ ਪਿੰਡ ਦੋਦਾਵਾਲਾ ਸਥਿਤ ਪੈਟਰੋਲ ਪੰਪ ਨੂੰ ਕੁਝ ਵਿਅਕਤੀਆਂ ਨੇ ਗੋਲੀਆਂ ਚਲਾ ਕੇ ਲੁੱਟ ਲਿਆ। ਪੰਪ ਮਾਲਕ ਨੇ 17 ਲੱਖ ਰੁਪਏ ਦੀ ਲੁੱਟ ਦੀ ਗੱਲ ਕਹੀ ਹੈ। ਦੋਦਾਵਾਲਾ ਦੇ ਇੰਡੀਅਨ ਆਇਲ ਦੇ ਤਿਲਕ ਮੋਟਰਜ਼ ਪੈਟਰੋਲ ਪੰਪ 'ਤੇ ਤਿੰਨ ਮੋਟਰਸਾਈਕਲ ਸਵਾਰ ਆਏ। ਉਨ੍ਹਾਂ ਪੰਪ ਮੁਲਾਜ਼ਮਾਂ ਨੂੰ ਬੰਦੂਕ ਦੇ ਜ਼ੋਰ 'ਤੇ ਧਮਕਾਇਆ ਅਤੇ ਗੋਲੀਆਂ ਚਲਾ ਕੇ ਉਨ੍ਹਾਂ ਤੋਂ ਨਗਦੀ ਲੁੱਟ ਲਈ।













# ਪੰਜਾਬ ਸਰਕਾਰ ਦੇ ਸਾਫ-ਸੁਥਰੇ ਅਕਸ ਵਾਲੇ ਦਾਅਵੇ ਨੂੰ ਧੱਕਾ

**ਚੰਡੀਗੜ੍ਹ:** ਤਕਰੀਬਨ 10 ਮਹੀਨੇ ਪਹਿਲਾਂ ਸੱਤਾ ਵਿਚ ਆਈ ਕੈਪਟਨ ਅਮਰਿੰਦਰ ਸਿੰਘ ਸਰਕਾਰ ਦੇ ਸਾਫ-ਸੁਥਰੇ ਅਕਸ ਵਾਲੇ ਦਾਅਵੇ ਨੂੰ ਵੱਡਾ ਝਟਕਾ ਲੱਗਾ ਹੈ। ਸਿਰਫ ਇਕ ਹਫਤੇ ਵਿਚ ਸਰਕਾਰ ਦੇ ਇਕ ਮੰਤਰੀ- ਰਾਣਾ ਗੁਰਜੀਤ ਸਿੰਘ ਦੀ ਭ੍ਰਿਸ਼ਟਾਚਾਰ ਦੇ ਦੋਸ਼ ਵਿਚ ਛੁੱਟੀ ਤੇ ਮੁੱਖ ਮੰਤਰੀ ਸਕੱਤਰੇਤ ਦੇ ਮੁਖੀ ਸੁਰੇਸ਼ ਕੁਮਾਰ ਦੀ ਨਿਯੁਕਤੀ ਨੂੰ ਹਾਈ ਕੋਰਟ ਦੇ ਝਟਕੇ ਨੇ ਸਰਕਾਰ ਨੂੰ ਪਿਛਲੇ ਪੈਰੀਂ ਲੈ ਆਂਦਾ ਹੈ। ਇਹ ਦੋਵੇਂ ਕੈਪਟਨ ਅਮਰਿੰਦਰ ਦੇ ਸਿੰਘ ਦੇ 'ਖਾਸ ਬੰਦਿਆਂ' ਵਿਚੋਂ ਇਕ ਸਨ।

ਜਿਸ ਤਰ੍ਹਾਂ ਦਾ ਸਾਫ-ਸੁਥਰਾ ਪ੍ਰਸ਼ਾਸਨ ਦੇਣ ਦੇ ਵਾਅਦੇ ਨਾਲ ਪੰਜਾਬ ਵਿਚ ਕਾਂਗਰਸ ਸਰਕਾਰ ਬਣੀ ਸੀ, ਉਸ ਸਬੰਧੀ ਇਕ ਸਾਲ ਤੋਂ ਵੀ ਘੱਟ ਅਰਸੇ ਵਿਚ ਕਾਫੀ ਆਲੋਚਨਾ ਸ਼ੁਰੂ ਹੋ ਗਈ ਹੈ। ਲੋਕ ਪਿਛਲੀ ਅਕਾਲੀ-ਭਾਜਪਾ ਸਰਕਾਰ ਦੀ ਕਾਂਗਰਸ ਸਰਕਾਰ ਨਾਲ ਤੁਲਨਾ ਕਰਨ ਲੱਗੇ ਹਨ। ਉਨ੍ਹਾਂ ਨੂੰ ਨਵੀਂ ਸਰਕਾਰ ਦੀ ਕਾਰਜਸ਼ੈਲੀ ਵਿਚ ਪਿਛਲੀ ਸਰਕਾਰ ਨਾਲੋਂ ਬਹੁਤਾ ਫਰਕ ਦਿਖਾਈ ਨਹੀਂ ਦੇ ਰਿਹਾ। ਜਿਹੜੇ ਵੱਡੇ ਮਸਲਿਆਂ ਕਾਰਨ ਪਿਛਲੀ ਸਰਕਾਰ ਦੀ ਸਾਖ ਡਿੱਗੀ ਸੀ, ਉਸੇ ਤਰ੍ਹਾਂ ਦੇ ਮਸਲੇ ਨਵੇਂ ਰੂਪ ਵਿਚ ਪ੍ਰਗਟ ਹੋ ਕੇ ਨਵੀਂ ਸਰਕਾਰ ਦੀ ਕਾਰਗੁਜ਼ਾਰੀ ਨੂੰ ਧੁੰਦਲਾ ਕਰ ਰਹੇ ਹਨ।



ਸੁਰੇਸ਼ ਕੁਮਾਰ ਦੀ ਨਿਯੁਕਤੀ ਰੱਦ ਹੋਣ ਕਾਰਨ ਕੈਪਟਨ ਸਰਕਾਰ ਨੂੰ ਸਭ ਤੋਂ ਵੱਧ ਝਟਕਾ ਲੱਗਾ ਹੈ। ਹਾਈ ਕੋਰਟ ਮੁਤਾਬਕ ਸਾਬਕਾ ਆਈ.ਏ.ਐਸ. ਅਧਿਕਾਰੀ ਬਿਨਾਂ ਕਿਸੇ ਵਿਧੀ ਵਿਧਾਨ ਦੇ ਸਰਕਾਰੀ ਅਹੁਦੇ 'ਤੇ ਤਾਇਨਾਤ ਸਨ। ਨਿਯੁਕਤੀ ਨੂੰ ਮਨਸੂਖ ਕਰਦਿਆਂ ਜਸਟਿਸ ਰਾਜਨ ਗੁਪਤਾ ਨੇ ਕਿਹਾ ਕਿ ਇਹ ਸੰਵਿਧਾਨ ਦੀ ਧਾਰਾ 166(3) ਤਹਿਤ ਨਿਯਮਾਂ ਦੀ ਸਪੱਸ਼ਟ ਉਲੰਘਣਾ ਹੈ।

ਮੁੱਖ ਮੰਤਰੀ ਦੇ ਮੁੱਖ ਪ੍ਰਮੁੱਖ ਸਕੱਤਰ ਨੂੰ ਇਕ ਹੁਕਮ ਨਾਲ ਹੀ ਵੱਧ ਤਾਕਤਾਂ ਦੇ ਦਿੱਤੀਆਂ ਗਈਆਂ ਅਤੇ ਇਸ ਕਾਰਨ ਉਨ੍ਹਾਂ ਕੋਲ ਅਧਿਕਾਰ ਸਨ ਕਿ ਉਹ ਮੰਤਰੀਆਂ ਅਤੇ ਪ੍ਰਸ਼ਾਸਕੀ ਸਕੱਤਰਾਂ ਨਾਲ ਵੀ ਵਿਚਾਰ ਵਟਾਂਦਰਾ ਕਰਨ ਦੀ ਲੋੜ ਤੱਕ ਨਹੀਂ ਮਹਿਸੂਸ ਕਰ ਸਕਦੇ ਸਨ। ਯਾਦ ਰਹੇ ਕਿ ਕੈਪਟਨ ਅਮਰਿੰਦਰ ਸਿੰਘ ਦੀ ਮਗਰਲੀ ਸਰਕਾਰ ਦੌਰਾਨ ਵੀ ਉਨ੍ਹਾਂ ਦੇ ਪ੍ਰਮੁੱਖ ਸਕੱਤਰ ਰਹੇ ਸਨ। ਕੈਪਟਨ ਦੀ ਦੂਜੀ ਪਾਰੀ ਦੌਰਾਨ ਸੁਰੇਸ਼ ਕੁਮਾਰ ਸਰਕਾਰ ਦੇ ਧੁਰੇ ਵਜੋਂ ਜਾਣੇ ਜਾ ਰਹੇ ਸਨ ਕਿਉਂਕਿ ਸਾਰੇ ਮੁੱਖ ਫੈਸਲਿਆਂ ਅਤੇ ਸਕੀਮਾਂ ਸਬੰਧੀ ਉਨ੍ਹਾਂ ਦੀ ਅਹਿਮ ਭੂਮਿਕਾ ਸੀ।

ਪਿਛਲੇ 10 ਮਹੀਨਿਆਂ ਦੇ ਸਰਕਾਰ ਦੇ ਕਾਰਜਕਾਲ ਦੌਰਾਨ ਸੁਰੇਸ਼ ਕੁਮਾਰ ਹੀ ਅਜਿਹੇ ਅਫਸਰ ਦੇ ਤੌਰ 'ਤੇ ਉਭਰ ਕੇ ਸਾਹਮਣੇ ਆਏ ਸਨ, ਜਿਨ੍ਹਾਂ ਦੁਆਲੇ ਸਰਕਾਰੀ ਤੰਤਰ ਘੁੰਮਦਾ ਰਿਹਾ ਹੈ, ਪਰ ਤਕਨੀਕੀ ਤੌਰ 'ਤੇ ਪਹਿਲਾਂ ਤੋਂ ਹੀ ਇਸ ਨਿਯੁਕਤੀ ਵਿਚ ਊਣਤਾਈਆਂ ਰੜਕਦੀਆਂ ਸਨ, ਜਿਨ੍ਹਾਂ ਦਾ ਪੂਰਾ ਖੁਲਾਸਾ ਰਿਟ ਕਰਨ ਵਾਲੀ ਧਿਰ ਵੱਲੋਂ ਅਦਾਲਤ ਵਿਚ ਕੀਤਾ ਗਿਆ ਅਤੇ ਇਹ ਵੀ ਸਾਫ ਕੀਤਾ ਗਿਆ ਕਿ ਇਸ ਨਵੇਂ ਅਹੁਦੇ 'ਤੇ ਵੱਖ-ਵੱਖ ਕਾਰਨਾਂ ਕਰ ਕੇ ਇਹ ਨਿਯੁਕਤੀ ਨਹੀਂ ਸੀ ਕੀਤੀ ਜਾ ਸਕਦੀ।

ਭਾਵੇਂ ਮੁੱਖ ਮੰਤਰੀ ਵੱਲੋਂ ਇਸ ਫੈਸਲੇ ਸਬੰਧੀ ਅਗਲੀ ਕਾਨੂੰਨੀ ਚਾਰਾਜੋਈ ਕਰਨ ਦੀ ਇੱਛਾ ਜ਼ਾਹਰ ਕੀਤੀ ਗਈ ਹੈ ਪਰ ਅਦਾਲਤ ਵੱਲੋਂ ਇਸ ਨਿਯੁਕਤੀ 'ਤੇ ਸਵਾਲੀਆ ਨਿਸ਼ਾਨ ਲਗਾ ਕੇ ਇਸ ਨੂੰ ਰੱਦ ਕਰਨ ਨਾਲ ਮੁੱਖ ਮੰਤਰੀ ਅਤੇ ਸਬੰਧਤ ਅਫਸਰ ਦੀ ਸਾਖ ਨੂੰ ਵੀ ਧੱਕਾ ਲੱਗਾ ਹੈ।

## ਸੁਰੇਸ਼ ਕੁਮਾਰ ਦੀ ਨਿਯੁਕਤੀ 'ਤੇ ਸਰਕਾਰ ਦਾ ਤਰਕ

ਕੈਪਟਨ ਸਰਕਾਰ ਕੇਂਦਰ ਤੇ ਹੋਰਨਾਂ ਸੂਬਾ ਸਰਕਾਰਾਂ ਦੀ ਤਰਜ਼ 'ਤੇ ਚੀਫ ਪ੍ਰਿੰਸੀਪਲ ਸਕੱਤਰ ਦੇ ਅਹੁਦੇ ਨੂੰ ਬਹਾਲ ਕਰਵਾਉਣ ਲਈ ਕਾਨੂੰਨੀ ਹੱਲ ਤਲਾਸ਼ੇਗੀ। ਸਰਕਾਰ ਦਾ ਤਰਕ ਹੈ ਕਿ ਡਾਕਟਰ ਮਨਮੋਹਨ ਸਿੰਘ ਜਦ ਪ੍ਰਧਾਨ ਮੰਤਰੀ ਸਨ, ਉਦੋਂ ਪੰਜਾਬ ਕਾਡਰ ਦੇ 1963 ਬੈਚ ਦੇ ਸੇਵਾ ਮੁਕਤ ਆਈ.ਏ.ਐਸ. ਅਫਸਰ ਟੀ.ਕੇ.ਏ. ਨਾਇਰ ਨੇ ਪ੍ਰਮੁੱਖ ਸਕੱਤਰ ਵਜੋਂ ਸੇਵਾ ਨਿਭਾਈ ਸੀ। ਮੌਜੂਦਾ ਪ੍ਰਧਾਨ ਮੰਤਰੀ ਦੇ ਪ੍ਰਮੁੱਖ ਸਕੱਤਰ ਨਿਪੇਂਦਰ ਮਿਸ਼ਰਾ ਵੀ ਉਤਰ ਪ੍ਰਦੇਸ਼ ਕਾਡਰ ਦੇ 1967 ਬੈਚ ਦੇ ਸੇਵਾ ਮੁਕਤ ਆਈ.ਏ.ਐਸ. ਅਫਸਰ ਹਨ। ਇਸੇ ਤਰ੍ਹਾਂ ਗੁਜਰਾਤ ਅਤੇ ਕੇਰਲ ਸਰਕਾਰਾਂ ਨੇ ਵੀ ਸੇਵਾ ਮੁਕਤ ਆਈ.ਏ.ਐਸ. ਅਧਿਕਾਰੀਆਂ ਨੂੰ ਮੁੱਖ ਮੰਤਰੀ ਦੇ ਮੁੱਖ ਪ੍ਰਮੁੱਖ ਸਕੱਤਰਾਂ ਵਜੋਂ ਨਿਯੁਕਤ ਕੀਤਾ ਹੈ।

## ਕੈਪਟਨ ਸਾਹਿਬ ਲਈ ਅਜਿਹੇ ਸੌ ਅਹੁਦੇ ਕੁਰਬਾਨ: ਰਾਣਾ

**ਕਪੂਰਥਲਾ:** ਬਿਜਲੀ ਤੇ ਸਿੰਜਾਈ ਮੰਤਰੀ ਵਜੋਂ ਅਸਤੀਫਾ ਪ੍ਰਵਾਨ ਹੋਣ ਮਗਰੋਂ ਰਾਣਾ ਗੁਰਜੀਤ ਸਿੰਘ ਨੇ ਕਿਹਾ ਕਿ ਉਹ ਕੈਪਟਨ ਅਮਰਿੰਦਰ ਸਿੰਘ ਲਈ ਅਜਿਹੇ ਸੌ ਅਹੁਦੇ ਛੱਡਣ ਲਈ ਤਿਆਰ ਹਨ। ਰਾਣਾ ਨੇ ਕਿਹਾ ਕਿ ਉਹ ਅਸਤੀਫਾ ਮਨਜ਼ੂਰ ਕੀਤੇ ਜਾਣ ਲਈ ਕਾਂਗਰਸ ਹਾਈ ਕਮਾਂਡ ਅਤੇ ਮੁੱਖ ਮੰਤਰੀ ਦੇ ਸ਼ੁਕਰਗੁਜ਼ਾਰ ਹਨ।

# ਵਿਤੀ ਤੰਗੀ ਕਾਰਨ ਸਮਾਜ ਭਲਾਈ ਯੋਜਨਾਵਾਂ ਠੱਪ

**ਚੰਡੀਗੜ੍ਹ:** ਕਾਂਗਰਸ ਸਰਕਾਰ ਨੇ ਸਮਾਜ ਭਲਾਈ ਯੋਜਨਾਵਾਂ ਨੂੰ ਪੂਰੀ ਤਰ੍ਹਾਂ ਨੁੱਕਰੇ ਲਾ ਦਿੱਤਾ ਹੈ। ਬੁਢਾਪਾ, ਬੇਸਹਾਰਾ ਤੇ ਅੰਗਹੀਣਾਂ ਦੀਆਂ ਪੈਨਸ਼ਨਾਂ ਦਾ ਭੁਗਤਾਨ, ਯਤੀਮਖਾਨਿਆਂ ਵਿਚ ਰਹਿੰਦੇ ਬੱਚਿਆਂ ਦੇ ਖਾਣੇ ਤੇ ਰਹਿਣ-ਸਹਿਣ ਦੇ ਖਰਚੇ, ਮਾਨਸਿਕ ਰੋਗੀਆਂ ਦੇ ਕੇਂਦਰਾਂ ਨੂੰ ਸਹਾਇਤਾ, ਸ਼ਗਨ ਸਕੀਮ ਤਹਿਤ ਸ਼ਗਨ ਦੀ ਰਕਮ, ਆਟਾ-ਦਾਲ ਸਕੀਮ ਤੇ ਮਿੱਡ-ਡੇਅ ਮੀਲ ਸਕੀਮ ਨੂੰ ਤਿਲਾਂਜਲੀ ਹੀ ਦੇ ਦਿੱਤੀ ਹੈ। ਪੰਜਾਬ ਸਰਕਾਰ ਵੱਲੋਂ ਪੈਨਸ਼ਨਾਂ ਦਾ ਭੁਗਤਾਨ ਨਾ ਕੀਤੇ ਜਾਣ ਕਾਰਨ ਗਰੀਬਾਂ ਦੇ 500 ਕਰੋੜ ਰੁਪਏ ਤੋਂ ਵੱਧ ਦੇ ਬਕਾਏ ਸਰਕਾਰ ਵੱਲ ਖੜ੍ਹੇ ਹਨ।

ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਵੱਲੋਂ ਇਹ ਪੈਨਸ਼ਨਾਂ 500 ਰੁਪਏ ਪ੍ਰਤੀ ਮਹੀਨਾ ਤੋਂ ਵਧਾ ਕੇ 750 ਰੁਪਏ ਕਰਨ ਦਾ ਐਲਾਨ ਕੀਤਾ ਗਿਆ ਸੀ, ਪਰ ਹਾਲਾਤ ਇੰਨੇ ਮਾੜੇ ਹਨ ਕਿ ਗਰੀਬਾਂ ਨੂੰ 500 ਰੁਪਏ ਪੈਨਸ਼ਨ ਵੀ ਨਸੀਬ ਨਹੀਂ ਹੋ ਰਹੀ। ਵਿੱਤ ਵਿਭਾਗ ਦੇ ਅਧਿਕਾਰੀਆਂ ਦਾ ਦੱਸਣਾ ਹੈ ਕਿ ਪਹਿਲੀ ਜੁਲਾਈ ਤੋਂ ਪੈਨਸ਼ਨਾਂ 750 ਰੁਪਏ ਕਰਨ ਦਾ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਗਿਆ ਹੈ ਤੇ ਪਹਿਲੀ ਜੁਲਾਈ ਤੋਂ ਬਾਅਦ ਦਿੱਤੀਆਂ ਜਾਣ ਵਾਲੀਆਂ ਪੈਨਸ਼ਨਾਂ ਵਧੇ ਹੋਏ ਐਲਾਨ ਮੁਤਾਬਕ ਹੀ ਦਿੱਤੀਆਂ ਜਾਣਗੀਆਂ। ਇਹ ਸਿਰਫ ਨੋਟੀਫਿਕੇਸ਼ਨ ਹੀ ਰਹਿ ਗਿਆ, ਕਿਉਂਕਿ ਅਦਾਇਗੀ ਤਾਂ ਹੋ ਨਹੀਂ ਰਹੀ। ਸਮਾਜਿਕ ਸੁਰੱਖਿਆ ਵਿਭਾਗ ਦੇ ਅਧਿਕਾਰੀਆਂ ਦਾ ਦੱਸਣਾ ਹੈ ਕਿ ਸਰਕਾਰ ਦੀ ਮੰਦਹਾਲੀ ਕਾਰਨ ਹਾਲ ਦੀ ਘੜੀ ਮਾਰਚ ਮਹੀਨੇ ਤੱਕ ਦੀਆਂ ਪੈਨਸ਼ਨਾਂ ਦਾ ਭੁਗਤਾਨ ਹੀ ਕੀਤਾ ਜਾ ਸਕਿਆ ਹੈ।



ਪੰਜਾਬ ਵਿਚ ਬੁਢਾਪਾ, ਵਿਧਵਾ, ਅੰਗਹੀਣ ਤੇ ਬੇਸਹਾਰਾ ਬੱਚੇ ਜਿਨ੍ਹਾਂ ਨੂੰ ਪੈਨਸ਼ਨਾਂ ਦਿੱਤੀਆਂ ਜਾਂਦੀਆਂ ਹਨ, ਦੀ ਗਿਣਤੀ 19 ਲੱਖ 98 ਹਜ਼ਾਰ ਦੇ ਕਰੀਬ ਹੈ। ਸਰਕਾਰ ਵੱਲੋਂ 500 ਰੁਪਏ ਪ੍ਰਤੀ ਮਹੀਨਾ ਪੈਨਸ਼ਨ ਦੇਣ ਸਮੇਂ ਹਰ ਮਹੀਨੇ ਕੁੱਲ 98 ਕਰੋੜ ਰੁਪਏ ਦਾ ਬਜਟ ਲੋੜੀਂਦਾ ਸੀ। ਵਿੱਤ ਮੰਤਰੀ ਦੇ ਐਲਾਨ ਮੁਤਾਬਕ ਜੇਕਰ ਪਹਿਲੀ ਜੁਲਾਈ ਤੋਂ ਪੈਨਸ਼ਨਾਂ ਵਧਾ ਦਿੱਤੀਆਂ ਹਨ ਤਾਂ ਹਰ ਮਹੀਨੇ 140 ਕਰੋੜ ਰੁਪਏ ਚਾਹੀਦੇ ਹਨ। ਸੂਬੇ ਵਿਚ ਕਾਂਗਰਸ ਸਰਕਾਰ ਬਣਨ ਤੋਂ ਬਾਅਦ ਕੁਝ ਮਹੀਨੇ ਤਾਂ ਪੈਨਸ਼ਨਰਾਂ ਦੀ ਪੜਤਾਲ ਦੇ ਬਹਾਨੇ ਪੈਨਸ਼ਨਾਂ ਦਾ ਭੁਗਤਾਨ ਰੋਕੀ ਰੱਖਿਆ। ਇਸ ਤੋਂ ਬਾਅਦ ਵੀ ਪੈਨਸ਼ਨਾਂ ਦਾ ਭੁਗਤਾਨ ਨਹੀਂ ਕੀਤਾ ਜਾ ਸਕਿਆ। ਸਿਰਫ ਮਾਰਚ ਮਹੀਨੇ ਦੀ ਪੈਨਸ਼ਨ ਹੀ ਦਿੱਤੀ ਜਾ ਸਕੀ ਹੈ। ਇਸ ਤਰ੍ਹਾਂ ਨਾਲ ਕੈਪਟਨ ਸਰਕਾਰ ਬਣਨ ਤੋਂ ਬਾਅਦ ਮਹਿਜ਼ ਇਕ ਮਹੀਨੇ ਦੀ ਪੈਨਸ਼ਨ ਹੀ ਦਿੱਤੀ ਜਾ ਸਕੀ। ਸਮਾਜਿਕ ਸੁਰੱਖਿਆ ਵਿਭਾਗ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਪੈਨਸ਼ਨਾਂ ਦੇ ਭੁਗਤਾਨ ਲਈ ਹਰ ਮਹੀਨੇ ਬਿੱਲ ਵਿੱਤ ਵਿਭਾਗ ਨੂੰ ਭੇਜਿਆ ਜਾਂਦਾ ਹੈ, ਪਰ ਵਿੱਤ ਵਿਭਾਗ ਵੱਲੋਂ ਪੈਨਸ਼ਨਾਂ ਦੇਣ ਲਈ ਲੋੜੀਂਦੀ ਰਾਸ਼ੀ ਜਾਰੀ ਨਹੀਂ ਕੀਤੀ ਜਾਂਦੀ।


ਜ਼ਿਕਰਯੋਗ ਹੈ ਕਿ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਇਨ੍ਹਾਂ ਪੈਨਸ਼ਨਾਂ ਦਾ ਭੁਗਤਾਨ ਹਰੇਕ ਮਹੀਨੇ ਦੀ ਪਹਿਲੀ ਤਰੀਕ ਨੂੰ ਕਰਨ ਦੇ ਨਿਰਦੇਸ਼ ਦਿੱਤੇ ਸਨ, ਪਰ ਸਰਕਾਰ ਨੇ ਹਾਈ ਕੋਰਟ ਦੇ ਹੁਕਮਾਂ ਦੀ ਪ੍ਰਵਾਹ ਨਹੀਂ ਕੀਤੀ। ਸਰਕਾਰੀ ਸੂਤਰਾਂ ਦਾ ਕਹਿਣਾ ਹੈ ਕਿ ਜਿਸ ਤਰ੍ਹਾਂ ਸਰਕਾਰ ਗੰਭੀਰ ਵਿੱਤੀ ਸੰਕਟ ਵਿਚੋਂ ਲੰਘ ਰਹੀ ਹੈ, ਉਸ ਨੂੰ ਦੇਖਦਿਆਂ ਪੈਨਸ਼ਨਾਂ ਦੀ ਅਦਾਇਗੀ ਹੋਰ ਕਈ ਮਹੀਨੇ ਲਟਕ ਸਕਦੀ ਹੈ। ਜ਼ਿਕਰਯੋਗ ਹੈ ਕਿ ਸਰਕਾਰ ਨੇ ਪੈਨਸ਼ਨਾਂ ਦਾ ਭੁਗਤਾਨ ਯਕੀਨੀ ਬਣਾਉਣ ਲਈ ਸ਼ਹਿਰੀ ਖੇਤਰ ਵਿਚ ਜ਼ਮੀਨਾਂ ਜਾਂ ਪਲਾਟਾਂ ਦੀਆਂ ਰਜਿਸਟਰੀਆਂ ਅਤੇ ਬਿਜਲੀ ਉਤੇ ਸੋਸ਼ਲ ਡੈਡੀਕੇਟਿਡ ਫੰਡ ਉਗਰਾਹੁਣ ਲਈ ਸੈੱਸ ਲਾਇਆ ਸੀ। ਇਹ ਫੰਡ ਵੀ ਪੈਨਸ਼ਨਾਂ ਦੀ ਅਦਾਇਗੀ ਯਕੀਨੀ ਨਹੀਂ ਬਣਾ ਸਕੇ।

## ਚੋਣਾਂ ਵਾਲੇ ਹਲਕਿਆਂ ਦੀਆਂ ਮੌਜਾਂ

ਕਾਂਗਰਸ ਸਰਕਾਰ ਦੇ 10 ਮਹੀਨਿਆਂ ਦੌਰਾਨ ਸਿਰਫ ਉਨ੍ਹਾਂ ਥਾਵਾਂ ਉਤੇ ਹੀ ਪੈਨਸ਼ਨਾਂ ਦਿੱਤੀਆਂ ਗਈਆਂ, ਜਿਥੇ ਵੋਟਾਂ ਪੈਣੀਆਂ ਸਨ। ਕੈਪਟਨ ਸਰਕਾਰ ਨੇ ਗੁਰਦਾਸਪੁਰ ਸੰਸਦੀ ਹਲਕੇ ਦੀ ਚੋਣ ਹੋਣ ਕਰ ਕੇ ਪਹਿਲਾਂ ਗੁਰਦਾਸਪੁਰ ਤੇ ਪਠਾਨਕੋਟ ਜ਼ਿਲ੍ਹਿਆਂ ਵਿਚ ਹੀ ਲਾਭਪਾਤਰੀਆਂ ਨੂੰ ਸਿਰਫ ਦੋ ਮਹੀਨਿਆਂ (ਜੁਲਾਈ ਅਤੇ ਅਗਸਤ) ਦੀਆਂ ਪੈਨਸ਼ਨਾਂ ਦਾ ਭੁਗਤਾਨ ਕੀਤਾ। ਉਸ ਤੋਂ ਬਾਅਦ ਨਗਰ ਨਿਗਮ ਤੇ ਮਿਊਂਸਪਲ ਚੋਣਾਂ ਨੇੜੇ ਆਈਆਂ ਤਾਂ ਕੈਪਟਨ ਸਰਕਾਰ ਨੇ ਸ਼ਹਿਰੀ ਵੋਟਰਾਂ ਨੂੰ ਭਰਮਾਉਣ ਲਈ ਜਿਨ੍ਹਾਂ ਸ਼ਹਿਰਾਂ ਵਿਚ ਸ਼ਹਿਰੀ ਸੰਸਥਾਵਾਂ ਦੀਆਂ ਚੋਣਾਂ ਹੋਣੀਆਂ ਸਨ, ਉਨ੍ਹਾਂ ਸ਼ਹਿਰਾਂ ਵਿਚ ਸਤੰਬਰ ਤੱਕ ਦੀਆਂ ਪੈਨਸ਼ਨਾਂ ਦਾ ਹੀ ਭੁਗਤਾਨ ਕੀਤਾ। ਇਸ ਤੋਂ ਇਹ ਤੱਥ ਵੀ ਸਾਹਮਣੇ ਆਇਆ ਹੈ ਕਿ ਚੋਣਾਂ ਵਾਲੀਆਂ ਥਾਵਾਂ ਨੂੰ ਛੱਡ ਕੇ ਸਰਕਾਰ ਨੇ ਅਪਰੈਲ ਮਹੀਨੇ ਤੋਂ ਵਿਧਵਾਵਾਂ, ਅੰਗਹੀਣੇ ਤੇ ਬੇਸਹਾਰਾ ਲੋਕਾਂ ਨੂੰ ਪੈਨਸ਼ਨਾਂ ਦਾ ਭੁਗਤਾਨ ਨਹੀਂ ਕੀਤਾ।

## ਖਹਿਰਾ ਨੂੰ ਸੰਮਨ ਬਾਰੇ ਸਰਕਾਰ ਤੋਂ ਜਵਾਬ ਤਲਬ

**ਚੰਡੀਗੜ੍ਹ:** ਸੁਪਰੀਮ ਕੋਰਟ ਨੇ ਪੰਜਾਬ ਸਰਕਾਰ ਨੂੰ ਛੇ ਹਫਤਿਆਂ ਦੇ ਅੰਦਰ ਵਿਰੋਧੀ ਧਿਰ ਦੇ ਆਗੂ ਸੁਖਪਾਲ ਖਹਿਰਾ ਵੱਲੋਂ ਫਾਜ਼ਿਲਕਾ ਅਦਾਲਤ ਦੇ ਸੰਮਨ ਖਿਲਾਫ ਪਾਈ ਪਟੀਸ਼ਨ ਉਤੇ ਜਵਾਬ ਦਾਇਰ ਕਰਨ ਨੂੰ ਕਿਹਾ ਹੈ।



ਸੁਖਪਾਲ ਖਹਿਰਾ ਨੂੰ ਸੰਮਨ ਉਤੇ ਸੁਪਰੀਮ ਕੋਰਟ ਨੇ ਪਿਛਲੇ ਸਾਲ ਪਹਿਲੀ ਦਸੰਬਰ ਨੂੰ ਰੋਕ ਲਾ ਦਿੱਤੀ ਸੀ ਤੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਸੀ। ਸੁਪਰੀਮ ਕੋਰਟ ਨੇ ਇਹ ਵੀ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਜਵਾਬ ਦਾਇਰ ਕਰਨ ਦੇ ਦੋ ਹਫਤੇ ਤੱਕ ਸੁਖਪਾਲ ਖਹਿਰਾ ਆਪਣਾ ਜਵਾਬ ਦੇਣਗੇ। ਫਾਜ਼ਿਲਕਾ ਅਦਾਲਤ ਵੱਲੋਂ ਕੀਤੇ ਸੰਮਨ ਨੂੰ ਸੁਖਪਾਲ ਖਹਿਰਾ ਨੇ ਸਿਆਸੀ ਰੰਜਸ਼ ਦਾ ਨਾਂ ਦਿੱਤਾ ਤੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ ਕੋਈ ਰਾਹਤ ਨਾ ਮਿਲਣ ਉਤੇ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਇਆ ਸੀ।

ਸੁਖਪਾਲ ਖਹਿਰਾ ਨੂੰ ਰਾਹਤ ਦਿੰਦਿਆਂ ਸੁਪਰੀਮ ਕੋਰਟ ਨੇ ਨਸ਼ਾ ਤਸਕਰੀ ਮਾਮਲੇ ਦੀ ਸੁਣਵਾਈ ਨੂੰ ਵੀ ਰੋਕ ਦਿੱਤੀ ਸੀ। ਫਾਜ਼ਿਲਕਾ ਅਦਾਲਤ ਨੇ ਪਿਛਲੇ ਸਾਲ 31 ਅਕਤੂਬਰ ਨੂੰ 9 ਦੋਸ਼ੀਆਂ ਨੂੰ ਨਸ਼ਾ ਤਸਕਰੀ ਮਾਮਲੇ ਵਿਚ ਸਜ਼ਾ ਸੁਣਾਉਣ ਤੋਂ ਬਾਅਦ 30 ਨਵੰਬਰ ਨੂੰ ਸੁਖਪਾਲ ਖਹਿਰਾ ਖਿਲਾਫ਼ ਗੈਰ ਜ਼ਮਾਨਤੀ ਸੰਮਨ ਜਾਰੀ ਕੀਤੀ ਸਨ।

## ਫਸਲੀ ਵਿਭਿੰਨਤਾ ਲਈ 15 ਕਰੋੜ ਦੀ ਰਕਮ ਜਾਰੀ

**ਪਟਿਆਲਾ:** ਪੰਜਾਬ ਸਰਕਾਰ ਨੇ ਆਖਰ ਫਸਲੀ ਵਿਭਿੰਨਤਾ ਅਪਣਾਉਣ ਵਾਲੇ ਰਾਜ ਦੇ ਕਿਸਾਨਾਂ ਨੂੰ 15 ਕਰੋੜ ਦੀ ਸਬਸਿਡੀ ਜਾਰੀ ਕਰ ਦਿੱਤੀ ਹੈ। ਕੇਂਦਰ ਸਰਕਾਰ ਨੇ ਇਸ ਸਬੰਧੀ ਰਾਜ ਨੂੰ ਰਕਮ ਦਿੱਤੀ ਸੀ ਪਰ ਪਿਛਲੀ ਤੇ ਮੌਜੂਦਾ ਸਰਕਾਰ ਵੱਲੋਂ ਆਪਣੇ ਹਿੱਸੇ ਦੀ 40 ਫੀਸਦੀ ਰਾਸ਼ੀ ਜਾਰੀ ਨਾ ਕਰਨ ਕਰ ਕੇ ਤਕਰੀਬਨ ਡੇਢ ਸਾਲ ਤੋਂ ਕਿਸਾਨਾਂ ਦੀ ਸਬਸਿਡੀ ਜਾਰੀ ਨਹੀਂ ਕੀਤੀ ਗਈ ਸੀ। ਇਹ ਰਾਸ਼ੀ ਕੇਂਦਰ ਸਰਕਾਰ ਦੇ ਕੌਮੀ ਬਾਗਬਾਨੀ ਮਿਸ਼ਨ ਹੇਠ ਪੰਜਾਬ ਨੂੰ ਪ੍ਰਾਪਤ ਹੋਈ ਸੀ।

ਇਹ ਸਬਸਿਡੀ ਰਾਜ ਦੇ ਤਕਰੀਬਨ 1500 ਕਿਸਾਨਾਂ 'ਚ ਤਕਸੀਮ ਕੀਤੀ ਜਾਣੀ ਹੈ। ਇਹ ਰਕਮ ਪੌਲੀ ਹਾਊਸ ਬਣਾਉਣ, ਗੰਡੋਆ ਖਾਦ, ਸਪਰੇਅ ਪੰਪ, ਪੈਕ ਹਾਊਸ ਅਤੇ ਫੁੱਲਾਂ ਤੇ ਸਬਜ਼ੀਆਂ ਦੀ ਪੈਦਾਵਾਰ ਵਾਲੇ ਕਿਸਾਨਾਂ ਨੂੰ ਦਿੱਤੀ ਜਾਣੀ ਸੀ। ਗੌਰਤਲਬ ਹੈ ਕੇਂਦਰ ਸਰਕਾਰ ਵੱਲੋਂ ਕੌਮੀ ਬਾਗਬਾਨੀ ਮਿਸ਼ਨ ਤਹਿਤ ਸਾਲ 2016-17 ਦੀ ਵੀ 5 ਕਰੋੜ ਦੀ ਰਾਸ਼ੀ ਪੰਜਾਬ ਦੀ ਪਿਛਲੀ ਸਰਕਾਰ ਅਣਵੰਡੀ ਛੱਡ ਗਈ ਸੀ।

# ਖਹਿਰਾ ਨੇ ਪੀ.ਪੀ.ਐਸ.ਸੀ. ਮੈਂਬਰਾਂ ਵਾਲੀ ਫਾਈਲ ਬੇਰੰਗ ਮੋੜੀ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਪੰਜਾਬ ਲੋਕ ਸੇਵਾ ਕਮਿਸ਼ਨ (ਪੀ.ਪੀ.ਐਸ.ਸੀ.) ਲਈ ਨਾਮਜ਼ਦ ਕੀਤੇ ਛੇ ਮੈਂਬਰਾਂ ਅਤੇ ਪੰਜਾਬ ਰਾਜ ਸੂਚਨਾ ਕਮਿਸ਼ਨ (ਆਰ.ਟੀ.ਆਈ.) ਲਈ ਨਾਮਜ਼ਦ ਦੋ ਮੈਂਬਰਾਂ ਦੀ ਫਾਈਲ 'ਤੇ ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਸੁਖਪਾਲ ਸਿੰਘ ਖਹਿਰਾ ਨੇ ਦਸਤਖਤ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਉਨ੍ਹਾਂ ਨੇ ਨਾਮਜ਼ਦਗੀਆਂ ਵਾਲੀ ਫਾਈਲ ਸਰਕਾਰ ਨੂੰ ਵਾਪਸ ਮੋੜ ਦਿੱਤੀ ਹੈ।

ਵਿਰੋਧੀ ਧਿਰ ਦੇ ਆਗੂ ਨੇ ਦੋਸ਼ ਲਾਇਆ ਹੈ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਮਿਸ਼ਨ ਲਈ ਕ੍ਰਮਵਾਰ ਛੇ ਅਤੇ ਦੋ ਮੈਂਬਰਾਂ ਦੀਆਂ ਨਾਮਜ਼ਦਗੀਆਂ ਰਜਵਾੜਾਸ਼ਾਹੀ ਢੰਗ ਨਾਲ ਕੀਤੀਆਂ ਹਨ ਅਤੇ ਕਿਸੇ ਤਰ੍ਹਾਂ ਦੀ ਮੈਰਿਟ ਨੂੰ ਤਰਜੀਹ ਨਹੀਂ ਦਿੱਤੀ। ਇਸ ਕਾਰਨ ਸੰਵਿਧਾਨਕ ਸੰਕਟ ਪੈਦਾ ਹੋਣ ਦੀ ਸੰਭਾਵਨਾ ਹੈ, ਕਿਉਂਕਿ ਇਨ੍ਹਾਂ ਕਮਿਸ਼ਨਾਂ ਦੀਆਂ ਅਸਾਮੀਆਂ ਸੰਵਿਧਾਨਕ ਮੰਨੀਆਂ ਜਾਂਦੀਆਂ ਹਨ। ਸ੍ਰੀ ਖਹਿਰਾ ਨੇ ਕਿਹਾ ਕਿ




ਇਨ੍ਹਾਂ ਨਾਮਜ਼ਦਗੀਆਂ ਵਿਚ ਆਰ.ਟੀ.ਆਈ. ਕਮਿਸ਼ਨ ਲਈ ਕੈਪਟਨ ਦੀ ਕਿਤਾਬ ਲਿਖਣ ਵਾਲੇ ਖੁਸ਼ਵੰਤ ਸਿੰਘ ਨੂੰ ਰਾਜ ਸੂਚਨਾ ਕਮਿਸ਼ਨਰ ਨਾਮਜ਼ਦ ਕੀਤਾ ਹੈ ਅਤੇ ਬਾਕੀ ਮੈਂਬਰ ਵੀ ਮਨਮਾਨੇ ਢੰਗ ਨਾਲ ਨਾਮਜ਼ਦ ਕੀਤੇ ਹਨ, ਜੋ ਉਨ੍ਹਾਂ ਨੂੰ ਪ੍ਰਵਾਨ ਨਹੀਂ ਹੈ। ਉਨ੍ਹਾਂ ਨੇ ਇਸ ਫਾਈਲ ਉਪਰ ਨੋਟ ਲਿਖ ਕੇ ਅੱਠ ਮੈਂਬਰਾਂ ਲਈ ਹਾਸਲ ਹੋਈਆਂ 150 ਅਰਜ਼ੀਆਂ ਵਿਚੋਂ ਪਾਰਦਰਸ਼ੀ ਢੰਗ ਨਾਲ ਅਤੇ ਮੈਰਿਟ ਦੇ ਆਧਾਰ 'ਤੇ ਮੈਂਬਰਾਂ ਦੀ ਚੋਣ ਕਰਨ ਲਈ ਕਿਹਾ ਹੈ।

ਸ੍ਰੀ ਖਹਿਰਾ ਨੇ ਕਿਹਾ ਕਿ ਉਨ੍ਹਾਂ ਸਰਕਾਰ ਨੂੰ ਪੁੱਛਿਆ ਹੈ ਕਿ ਕਿਸ ਕਾਇਦੇ-ਕਾਨੂੰਨ ਅਨੁਸਾਰ 150 ਬਿਨੈਕਾਰਾਂ ਵਿਚੋਂ ਅੱਠ ਮੈਂਬਰਾਂ ਦੀ ਚੋਣ ਕੀਤੀ ਹੈ। ਉਨ੍ਹਾਂ ਇਸ ਸਬੰਧੀ ਖੋਜ ਤੇ ਸਕਰੀਨਿੰਗ ਕਮੇਟੀਆਂ ਦੀ ਭੂਮਿਕਾ ਬਾਰੇ ਵੀ ਪੁੱਛਿਆ ਹੈ। ਉਨ੍ਹਾਂ ਮੈਂਬਰਾਂ ਦੀਆਂ ਨਾਮਜ਼ਦਗੀਆਂ ਬਾਰੇ ਬਾਕਾਇਦਾ ਮੀਟਿੰਗ ਸੱਦ ਕੇ ਚਰਚਾ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਦੱਸਿਆ ਕਿ ਪੀ.ਪੀ.ਐਸ.ਸੀ. ਦੇ ਮੈਂਬਰਾਂ ਦੀ ਚੋਣ ਸੰਵਿਧਾਨਕ ਢੰਗ ਨਾਲ ਮੁੱਖ ਮੰਤਰੀ, ਸਪੀਕਰ ਤੇ ਵਿਰੋਧੀ ਧਿਰ ਦੇ ਆਗੂ ਅਤੇ ਆਰ.ਟੀ.ਆਈ. ਕਮਿਸ਼ਨ ਦੇ ਮੈਂਬਰਾਂ ਦੀ ਚੋਣ ਮੁੱਖ ਮੰਤਰੀ, ਇਕ ਕੈਬਨਿਟ ਮੰਤਰੀ ਅਤੇ ਵਿਰੋਧੀ ਧਿਰ ਦੇ ਆਗੂ ਉਤੇ ਅਧਾਰਤ ਕਮੇਟੀਆਂ ਹੀ ਕਰ ਸਕਦੀਆਂ ਹਨ। ਪਿਛਲੀ ਬਾਦਲ ਸਰਕਾਰ ਵੇਲੇ ਇਨ੍ਹਾਂ ਕਮਿਸ਼ਨਾਂ ਦੇ ਮੈਂਬਰਾਂ ਦੀ ਚੋਣ ਲਈ ਸਰਕਾਰ ਨੇ ਮੀਟਿੰਗ ਲਈ ਉਸ ਵੇਲੇ ਦੇ ਵਿਰੋਧੀ ਧਿਰ ਦੇ ਆਗੂ ਚਰਨਜੀਤ ਸਿੰਘ ਚੰਨੀ ਨੂੰ ਤਿੰਨ ਵਾਰ ਸੱਦਿਆ ਸੀ, ਪਰ ਹੁਣ ਕੈਪਟਨ ਸਰਕਾਰ ਨੇ ਇਸ ਸਬੰਧੀ ਹੋਈਆਂ ਮੀਟਿੰਗਾਂ 'ਚ ਉਨ੍ਹਾਂ ਨੂੰ ਕਦੇ ਵੀ ਨਹੀਂ ਸੱਦਿਆ।

# ਭਾਰਤ ਅਤੇ ਪਾਕਿਸਤਾਨ ਵਿਚਾਲੇ ਅਣਐਲਾਨੀ ਜੰਗ

## ਸਰਹੱਦ ਉਤੇ ਰਿਹਾਇਸ਼ੀ ਇਲਾਕਿਆਂ ਨੂੰ ਬਣਾਇਆ ਨਿਸ਼ਾਨਾ



**ਸ੍ਰੀਨਗਰ:** ਭਾਰਤ ਅਤੇ ਪਾਕਿਸਤਾਨ ਵਿਚਾਲੇ ਸਰਹੱਦ ਉਤੇ ਅਣਐਲਾਨੀ ਜੰਗ ਵਾਲਾ ਮਾਹੌਲ ਹੈ। ਦੋਵਾਂ ਦੇਸ਼ਾਂ ਦੀਆਂ ਫੌਜਾਂ ਵੱਲੋਂ ਇਕ ਦੂਜੇ ਦੇ ਰਿਹਾਇਸ਼ੀ ਇਲਾਕਿਆਂ 'ਤੇ ਅੰਨ੍ਹੇਵਾਹ ਗੋਲੇ ਦਾਗੇ ਜਾ ਰਹੇ ਹਨ। ਜੰਮੂ ਕਸ਼ਮੀਰ ਵਿਚ ਇਕ ਹਫਤੇ ਵਿਚ 18 ਜਣੇ ਪਾਕਿਸਤਾਨੀ ਫੌਜ ਦੀਆਂ ਗੋਲੀਆਂ ਦਾ ਸ਼ਿਕਾਰ ਹੋਏ ਹਨ। ਪਾਕਿਸਤਾਨ ਵੱਲੋਂ ਵੀ ਭਾਰਤ 'ਤੇ ਉਸ ਦੇ ਆਮ ਨਾਗਰਿਕਾਂ ਨੂੰ ਮਾਰਨ ਦਾ ਦਾਅਵਾ ਕੀਤਾ ਜਾ ਰਿਹਾ ਹੈ। ਜੰਗ ਵਰਗੇ ਹਾਲਾਤ ਨੂੰ ਵੇਖਦਿਆਂ ਕੌਮਾਂਤਰੀ ਰੇਖਾ ਸੁਚੇਤਗੜ੍ਹ, ਅਬਦੱਲੀਆ, ਕੋਰਟਾਨਾ ਖੁਰਦ ਇਲਾਕੇ 'ਚ ਤੋਪਾਂ ਤੇ ਹੋਰ ਮਾਰੂ ਹਥਿਆਰਾਂ ਦੀ ਤਾਇਨਾਤੀ ਕਰ ਦਿੱਤੀ ਗਈ।

ਪਾਕਿਸਤਾਨ ਵੱਲੋਂ ਰਿਹਾਇਸ਼ੀ ਇਲਾਕਿਆਂ 'ਚ ਕੀਤੀ ਗਈ ਗੋਲੀਬਾਰੀ 'ਚ 100 ਤੋਂ ਵੱਧ ਮਕਾਨਾਂ ਦਾ ਨੁਕਸਾਨ ਹੋਇਆ ਹੈ। ਸੁਚੇਤਗੜ੍ਹ ਸੈਕਟਰ ਤੋਂ ਲੈ ਕੇ ਅਖਨੂਰ ਸੈਕਟਰ, ਹਮੀਰਪੁਰ, ਪੁਣਛ ਦੇ ਕ੍ਰਿਸ਼ਨਾ ਘਾਟੀ, ਬਾਲਾਕੋਟ ਸੈਕਟਰ ਤੱਕ ਪਾਕਿਸਤਾਨੀ ਸੈਨਾ ਨੇ ਭਾਰੀ ਗੋਲੀਬਾਰੀ ਕੀਤੀ। ਸਰਹੱਦੀ ਇਲਾਕਿਆਂ ਦੇ ਪਿੰਡਾਂ 'ਚ ਦਹਿਸ਼ਤ ਦਾ ਮਾਹੌਲ ਬਣਿਆ ਹੋਇਆ ਹੈ।

ਇਹ ਗੋਲੀਬਾਰੀ ਉਦੋਂ ਵਧੀ ਜਦੋਂ ਭਾਰਤੀ ਫੌਜ ਵੱਲੋਂ ਪਾਕਿਸਤਾਨੀ ਪਾਸੇ ਹਮਲਾ ਕਰ ਕੇ ਮੇਜਰ ਸਮੇਤ ਸੱਤ ਫੌਜੀਆਂ ਨੂੰ ਮਾਰਨ ਤੇ ਚਾਰ ਹੋਰਨਾਂ ਨੂੰ ਜਖ਼ਮੀ ਕਰਨ ਦਾ ਦਾਅਵਾ ਕੀਤਾ ਗਿਆ। ਭਾਰਤੀ ਸੈਨਾ ਦਾ ਦਾਅਵਾ ਹੈ ਕਿ ਪੁਣਛ ਜ਼ਿਲ੍ਹੇ ਦੇ ਮੇਂਧੜ ਸੈਕਟਰ 'ਚ ਪਾਕਿਸਤਾਨੀ ਫੌਜ ਵੱਲੋਂ ਗੋਲੀਬੰਦੀ ਦੀ ਉਲੰਘਣਾ ਦਾ ਭਾਰਤੀ ਫੌਜ ਨੇ ਮੂੰਹ-ਤੋੜ ਜਵਾਬ ਦਿੱਤਾ ਅਤੇ ਭਰਵੀਂ ਫਾਇਰਿੰਗ ਕਰ ਕੇ ਜੰਡਰੋਟ-ਕੋਟਲੀ ਖੇਤਰ 'ਚ ਕਈ ਅਗਲੇਰੀਆਂ ਪਾਕਿਸਤਾਨੀ ਚੌਕੀਆਂ ਤਬਾਹ ਕਰ ਦਿੱਤੀਆਂ। ਪਾਕਿਸਤਾਨ ਨੇ ਇਸ ਘਟਨਾ ਖਿਲਾਫ਼ ਭਾਰਤੀ ਸਫਾਰਤੀ ਅਧਿਕਾਰੀਆਂ ਕੋਲ ਰੋਸ ਵੀ ਪ੍ਰਗਟਾਇਆ ਹੈ ਅਤੇ ਜਵਾਬੀ ਕਾਰਵਾਈ ਦੀ ਧਮਕੀ ਵੀ ਦਿੱਤੀ।

ਸਾਲ 2016 ਵਿਚ ਦੋਵਾਂ ਦੇਸ਼ ਵਿਚ ਅਜਿਹਾ ਮਾਹੌਲ ਉਦੋਂ ਬਣਿਆ ਸੀ ਜਦੋਂ ਜੈਸ਼-ਏ-ਮੁਹੰਮਦ ਨੇ ਉੜੀ ਸੈਕਟਰ ਵਿਚ 19 ਫੌਜੀਆਂ ਨੂੰ ਮਾਰ ਦਿੱਤਾ ਸੀ। ਇਸ ਪਿੱਛੋਂ ਭਾਰਤੀ ਫੌਜ ਨੇ ਪਾਕਿਸਤਾਨ ਸਰਹੱਦ ਪਾਰ ਕਰ ਕੇ ਅਤਿਵਾਦੀ ਟਿਕਾਣਿਆਂ 'ਤੇ ਹਮਲਾ ਕੀਤਾ ਸੀ। ਪਿਛਲੇ ਵਰ੍ਹੇ ਦਸੰਬਰ ਮਹੀਨੇ ਪਾਕਿਸਤਾਨੀ ਸੈਨਾ ਨੇ ਰਾਜੌਰੀ ਜ਼ਿਲ੍ਹੇ ਵਿਚ ਭਾਰਤੀ ਫੌਜ ਦੀ ਇਕ ਗਸ਼ਤੀ ਟੁਕੜੀ 'ਤੇ ਹਮਲਾ ਕਰ ਕੇ ਇਕ ਮੇਜਰ ਸਮੇਤ 4 ਜਵਾਨਾਂ ਨੂੰ ਮਾਰ ਦਿੱਤਾ ਸੀ।

ਸਰਹੱਦ 'ਤੇ ਇਹ ਖੂਨੀ ਖੇਡ ਕੋਈ ਨਵੀਂ ਗੱਲ ਨਹੀਂ ਹੈ। ਸਰਕਾਰੀ ਅੰਕੜੇ ਦੱਸਦੇ ਹਨ ਕਿ ਬੀਤੇ ਤਿੰਨ ਵਰ੍ਹਿਆਂ ਵਿਚ ਵਾਦੀ ਵਿਚ ਅਤਿਵਾਦੀ ਘਟਨਾਵਾਂ ਵਿਚ 195 ਸੁਰੱਖਿਆ ਮੁਲਾਜ਼ਮਾਂ ਮਾਰੇ ਗਏ। ਜੰਮੂ ਕਸ਼ਮੀਰ ਸਰਕਾਰ ਨੇ 2017 ਦੀ ਸਾਲਾਨਾ ਰਿਪੋਰਟ ਵਿਚ ਦੱਸਿਆ ਹੈ ਕਿ ਪਿਛਲੇ ਸਾਲ ਕੁੱਲ 213 ਅਤਿਵਾਦੀ ਤੇ 51 ਆਮ ਲੋਕ ਮਾਰੇ ਗਏ। ਸਾਲ 2016 ਵਿਚ ਕੁੱਲ 150 ਅਤਿਵਾਦੀਆਂ ਨੂੰ ਮਾਰਿਆ ਗਿਆ ਸੀ।

### ਫੌਜ ਮੁਖੀ ਦੀ ਧਮਕੀ ਨੇ ਵਧਾਇਆ ਤਣਾਅ

**ਇਸਲਾਮਾਬਾਦ:** ਭਾਰਤ ਤੇ ਪਾਕਿਸਤਾਨ ਫੌਜ ਮੁਖੀਆਂ ਵੱਲੋਂ ਇਕ ਦੂਜੇ ਨੂੰ 'ਸਬਕ ਸਿਖਾਉਣ' ਦੀਆਂ ਧਮਕੀਆਂ ਨੇ ਵੀ ਦੋਵਾਂ ਦੇਸ਼ਾਂ ਦੀਆਂ ਸਰਹੱਦਾਂ 'ਤੇ ਤਣਾਅ ਵਧਾਇਆ ਹੈ। ਭਾਰਤ ਦੇ ਫੌਜ ਮੁਖੀ ਬਿਪਿਨ ਰਾਵਤ ਨੇ ਪਿਛਲੇ ਹਫਤੇ ਪਾਕਿਸਤਾਨ ਨੂੰ ਚਿਤਾਵਨੀ ਦਿੱਤੀ ਸੀ ਕਿ ਜੇ ਸਰਕਾਰ ਆਗਿਆ ਦੇਵੇ ਤਾਂ ਉਨ੍ਹਾਂ ਦੀ ਸੈਨਾ ਪਾਕਿ ਨੂੰ ਹਰ ਤਰ੍ਹਾਂ ਦਾ ਜਵਾਬ ਦੇਣ ਲਈ ਤਿਆਰ ਹੈ। ਪਾਕਿਸਤਾਨ ਵੱਲੋਂ ਵੀ ਅਜਿਹੇ ਬਿਆਨ ਲਗਾਤਾਰ ਦਿੱਤੇ ਜਾ ਰਹੇ ਹਨ।

## ਲੋਕਾਂ ਵੱਲੋਂ ਸੁਰੱਖਿਅਤ ਥਾਂਵਾਂ ਵੱਲ ਕੂਚ

**ਸ੍ਰੀਨਗਰ:** ਭਾਰਤ ਪਾਕਿਸਤਾਨ ਸਰਹੱਦ ਨੇੜਲੇ ਪਿੰਡਾਂ ਵਿਚ ਸੁੰਨ ਪਸਰ ਗਈ ਹੈ। ਗੋਲੀਬਾਰੀ ਕਾਰਨ 40 ਹਜ਼ਾਰ ਤੋਂ ਵੱਧ ਲੋਕ ਘਰ-ਬਾਰ ਛੱਡ ਕੇ ਸੁਰੱਖਿਅਤ ਥਾਵਾਂ ਵੱਲ ਕੂਚ ਕਰ ਗਏ ਹਨ। 18 ਹਜ਼ਾਰ ਦੀ ਆਬਾਦੀ ਵਾਲੇ ਸ਼ਹਿਰ ਅਰਨੀਆ ਅਤੇ ਨੇੜਲੇ ਪਿੰਡਾਂ ਵਿਚ ਕੋਈ ਵਿਰਲਾ-ਟਾਂਵਾ ਵਿਅਕਤੀ ਹੀ ਮਿਲਦਾ ਹੈ, ਜੋ ਪਸ਼ੂਆਂ ਅਤੇ ਮਕਾਨਾਂ ਦੀ ਦੇਖ-ਭਾਲ ਲਈ ਰੁਕੇ ਹੋਏ ਹਨ।



ਪਾਕਿਸਤਾਨੀ ਗੋਲੀਬਾਰੀ ਕਾਰਨ ਸਰਹੱਦੀ ਪਿੰਡਾਂ ਵਿਚ ਜ਼ਿੰਦਗੀ ਰੁਕ ਗਈ ਹੈ। ਸਰਹੱਦੀ ਪਿੰਡਾਂ ਦੇ ਲੋਕਾਂ ਨੇ ਕਿਹਾ ਕਿ ਉਨ੍ਹਾਂ ਨੂੰ ਲੱਗਦਾ ਹੈ ਜਿਵੇਂ ਉਹ ਜੰਗ ਦੇ ਮੈਦਾਨ ਵਿਚ ਹਨ ਕਿਉਂਕਿ ਇਲਾਕੇ ਵਿਚ ਚੁਫੇਰੇ ਬੰਬਾਂ ਅਤੇ ਗੋਲੀਆਂ ਦੀ ਆਵਾਜ਼ ਗੂੰਜ ਰਹੀ ਹੈ। ਪਿੰਡਾਂ ਵਿਚ ਚੁਫੇਰੇ ਨੁਕਸਾਨ ਦਿਖਾਈ ਦੇ ਰਿਹਾ ਹੈ। ਫਰਸ਼ ਉਤੇ ਖੂਨ, ਟੁੱਟੀਆਂ ਖਿੜਕੀਆਂ, ਜ਼ਖ਼ਮੀ ਪਸ਼ੂ ਅਤੇ ਕੰਧਾਂ ਉਤੇ ਗੋਲੀਆਂ ਦੇ ਨਿਸ਼ਾਨ ਹਨ। ਬੁਲੇਟ-ਪਰੂਫ ਜੈਕੇਟਾਂ ਪਾਈ ਬੀ.ਐਸ.ਐਫ. ਦੇ ਜਵਾਨ ਮੋਰਚਿਆਂ 'ਤੇ ਡਟੇ ਹੋਏ ਹਨ। ਗੋਲੀਬਾਰੀ ਵਿਚ 131 ਪਸ਼ੂ ਮਾਰੇ ਗਏ ਹਨ ਅਤੇ 93 ਜ਼ਖ਼ਮੀ ਹੋਏ ਹਨ। 74 ਮਕਾਨ ਤੇ ਇਮਾਰਤਾਂ ਨੁਕਸਾਨੀਆਂ ਗਈਆਂ ਹਨ। ਜ਼ਿਆਦਾਤਰ ਸਰਹੱਦੀ ਲੋਕ ਆਪਣੇ ਰਿਸ਼ਤੇਦਾਰਾਂ ਕੋਲ ਰੁਕੇ ਹੋਏ ਹਨ ਅਤੇ 1000 ਤੋਂ ਵੱਧ ਵਿਅਕਤੀ ਸਰਕਾਰ ਵੱਲੋਂ ਬਣਾਏ ਕੈਂਪਾਂ ਵਿਚ ਰਹਿ ਰਹੇ ਹਨ। ਪਠਾਨਕੋਟ ਦੇ ਸਰਹੱਦੀ ਖੇਤਰ ਵਿਚ ਵੀ ਖੌਫ ਦਾ ਮਾਹੌਲ ਹੈ। ਪਠਾਨਕੋਟ ਜ਼ਿਲ੍ਹੇ ਦੇ ਸਰਹੱਦੀ ਖੇਤਰ ਨਾਲ ਲੱਗਦੇ ਜੰਮੂ-ਕਸ਼ਮੀਰ ਦੇ ਕਠੂਆ ਖੇਤਰ ਵਿਚ ਪਾਕਿਸਤਾਨ ਵੱਲੋਂ ਅੰਨ੍ਹੇਵਾਹ ਫਾਇਰਿੰਗ ਕੀਤੀ ਗਈ। ਪਾਕਿਸਤਾਨ ਦੇ ਰੇਂਜਰਾਂ ਨੇ ਗੋਲੀਬੰਦੀ ਦੀ ਉਲੰਘਣਾ ਕੀਤੀ ਅਤੇ ਪੰਜਾਬ ਦੀ ਹੱਦ ਵਿਚ ਪੈਂਦੇ ਅਖੀਰਲੇ ਪਿੰਡ ਪਲਾਹ ਨਾਲ ਲੱਗਦੀ ਜੰਮੂ-ਕਸ਼ਮੀਰ ਦੀ ਹੱਦ ਦੇ ਪਿੰਡ ਪਹਾੜਪੁਰ-ਮੱਡਾ ਵਿਚ ਗੋਲੀਬਾਰੀ ਸ਼ੁਰੂ ਕਰ ਦਿੱਤੀ।

ਪਾਕਿਸਤਾਨ ਵਾਲੇ ਪਾਸਿਉਂ ਹੋਈ ਗੋਲੀਬਾਰੀ ਨਾਲ ਜੰਮੂ-ਕਸ਼ਮੀਰ ਦੀ ਇਕ ਔਰਤ ਤੇ ਦੋ ਬੱਚੇ ਜ਼ਖ਼ਮੀ ਹੋ ਗਏ। ਗੋਲੀਬਾਰੀ ਕਾਰਨ ਬਮਿਆਲ ਸੈਕਟਰ ਦੇ ਸਰਹੱਦੀ ਪਿੰਡਾਂ ਪਲਾਹ, ਧਲੋਤਰ, ਕੋਟਲੀ, ਜਵਾਹਰ, ਸਕੋਲ ਛੈ ਢੀਂਡਾ ਆਦਿ ਵਿਚ ਸਹਿਮ ਦਾ ਮਾਹੌਲ ਪੈਦਾ ਹੋ ਗਿਆ।


# ਸ਼ੈਫ/ਤੰਦੂਰੀਏ ਦੀ ਲੋੜ ਹੈ



ਲਾਸ ਵੇਗਸ, ਨੇਵਾਡਾ ਵਿਚ ਇੰਡੀਅਨ ਰੈਸਟੋਰੈਂਟ ਲਈ ਸ਼ੈਫ/ਤੰਦੂਰੀਏ ਦੀ ਲੋੜ ਹੈ। ਚੰਗੀ ਤਨਖਾਹ, ਮੁਫਤ ਰਿਹਾਇਸ਼ ਤੇ ਹੋਰ ਸਹੂਲਤਾਂ।

ਸੰਪਰਕ ਕਰੋ, ਦਲਜੀਤ ਢਿੱਲੋਂ

ਫੋਨ: 702-683-7532

4-7


## ਸਦਨ ਦੀ ਮਰਿਆਦਾ ਉਲੰਘਣ ਦੇ ਮਾਮਲੇ 'ਚ ਸੁਖਬੀਰ ਤਲਬ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਦੀ ਵਿਸ਼ੇਸ਼ ਅਧਿਕਾਰ ਕਮੇਟੀ ਨੇ ਸ਼੍ਰੋਮਣੀ ਅਕਾਲੀ ਦਲ ਦੇ ਵਿਧਾਇਕ ਸੁਖਬੀਰ ਸਿੰਘ ਬਾਦਲ ਅਤੇ ਲੋਕ ਇਨਸਾਫ ਪਾਰਟੀ ਦੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਨੂੰ ਸਦਨ ਦੀ ਮਰਿਆਦਾ ਦੀ ਉਲੰਘਣਾ ਦੇ ਮਾਮਲੇ ਵਿਚ ਛੇ ਫਰਵਰੀ ਨੂੰ ਤਲਬ ਕਰ ਲਿਆ ਹੈ। ਵਿਸ਼ੇਸ਼ ਅਧਿਕਾਰ ਕਮੇਟੀ ਦੀ ਮੀਟਿੰਗ ਵਿਚ ਦੋਵੇਂ ਆਗੂਆਂ ਖਿਲਾਫ਼ ਵਿਧਾਨ ਸਭਾ ਵੱਲੋਂ ਪਾਸ ਕੀਤੇ ਮਤਿਆਂ 'ਤੇ ਵਿਚਾਰ ਕਰਨ ਬਾਅਦ ਇਨ੍ਹਾਂ ਨੂੰ ਛੇ ਫਰਵਰੀ ਨੂੰ ਤਲਬ ਕਰਨ ਦਾ ਫੈਸਲਾ ਕੀਤਾ ਗਿਆ। ਸ੍ਰੀ ਬਾਦਲ ਅਤੇ ਸ੍ਰੀ ਬੈਂਸ ਖਿਲਾਫ਼ ਮਤੇ ਕਾਂਗਰਸੀ ਵਿਧਾਇਕ ਪਰਗਟ ਸਿੰਘ ਅਤੇ ਕੁਲਬੀਰ ਸਿੰਘ ਜ਼ੀਰਾ ਨੇ ਪੇਸ਼ ਕੀਤੇ ਸਨ।

ਦੱਸਣਯੋਗ ਹੈ ਕਿ ਪੰਜਾਬ ਵਿਧਾਨ ਸਭਾ ਦੇ ਪਿਛਲੇ ਸਾਲ ਜੂਨ ਮਹੀਨੇ 'ਚ ਹੋਏ ਬਜਟ ਸੈਸ਼ਨ ਦੌਰਾਨ ਵਿਰੋਧੀ ਧਿਰ ਦੇ ਵਿਧਾਇਕਾਂ ਨੇ ਕਾਫੀ ਰੌਲਾ-ਰੱਪਾ ਪਾਇਆ ਸੀ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਸਪੀਕਰ ਖਿਲਾਫ਼ ਸਖਤ ਟਿੱਪਣੀਆਂ ਕੀਤੀਆਂ ਸਨ।

### ਰਾਵਤ ਮੁੱਖ ਚੋਣ ਕਮਿਸ਼ਨਰ ਨਿਯੁਕਤ

**ਨਵੀਂ ਦਿੱਲੀ:** ਓਮ ਪ੍ਰਕਾਸ਼ ਰਾਵਤ ਨੂੰ ਮੁੱਖ ਚੋਣ ਕਮਿਸ਼ਨਰ ਨਿਯੁਕਤ ਕੀਤਾ ਗਿਆ ਹੈ, ਜੋ ਏ.ਕੇ. ਜੋਤੀ ਦੀ ਜਗ੍ਹਾ ਲੈਣਗੇ। ਕਾਨੂੰਨ ਮੰਤਰਾਲੇ ਨੇ ਦੱਸਿਆ ਕਿ ਸਰਕਾਰ ਵੱਲੋਂ ਸਾਬਕਾ ਵਿੱਤ ਸਕੱਤਰ ਅਸ਼ੋਕ ਲਵਾਸਾ ਨੂੰ ਚੋਣ ਕਮਿਸ਼ਨਰ ਨਿਯੁਕਤ ਕੀਤਾ ਗਿਆ ਹੈ। ਚੋਣ ਕਮਿਸ਼ਨ ਦੇ ਤੀਜੇ ਮੈਂਬਰ ਸੁਨੀਲ ਅਰੋੜਾ ਹਨ।


# ਵੇਟਰ ਅਤੇ ਹੈਲਪਰ ਦੀ ਲੋੜ ਹੈ

ਮੈਡੀਸਨ, ਵਿਸਕਾਨਸਿਨ 'ਚ ਭਾਰਤੀ ਰੈਸਟੋਰੈਂਟ ਲਈ ਵੇਟਰ ਅਤੇ ਹੈਲਪਰ ਦੀ ਲੋੜ ਹੈ।

ਰਿਹਾਇਸ਼ ਫਰੀ, ਚੰਗੀ ਤਨਖਾਹ

ਸੰਪਰਕ ਕਰੋ: ਸੰਨੀ, ਫੋਨ: 608-630-0287

52-4



# ਇੰਡੀਅਨ ਰੈਸਟੋਰੈਂਟ ਵਿਕਾਊ ਹੈ

ਸੈਕਰਾਮੈਂਟੋ ਦੀ ਇਕ ਬਿਜ਼ੀ ਮਾਰਕਿਟ ਵਿਚ ਬਹੁਤ ਵਧੀਆ ਚਲਦਾ ਇੰਡੀਅਨ ਰੈਸਟੋਰੈਂਟ ਵਿਕਾਊ ਹੈ

ਆਮਦਨ 50-60 ਹਜ਼ਾਰ ਡਾਲਰ ਮਹੀਨਾ

ਤਿੰਨ ਸਬਵੇਅ ਅਤੇ ਇਕ ਡੇਲੀ ਡਿਲੀਸ਼ੀਅਸ ਵੀ ਵਿਕਾਊ ਹਨ

ਸੰਪਰਕ ਕਰੋ, ਸੈਮ ਚਾਹਲ ਫੋਨ: 916-612-5773

sam@samchahal.com

Broker Associate (01504071)

Golden State Realty



# ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

**Gurdip Singh Sandhu**

Homeopathic Practitioner/Consultant Since 1973

DHMS-Gold Medalist, BAMS, MDEh.- India

**Well Experienced as:**

Director, Principal, Professor and Chief Medical Officer in Medical Colleges and Hospitals of Punjab (India)

Practice Under State of California Act SB 577

**EX Member:** The California Homeopathic Society

National Center For Homeopathy- USA



*Gurdip Singh Sandhu*

***Live on Jas TV***

Saturday 9:30AM and Sunday 4PM (Pacific Time)

Email: Homeomedicine@yahoo.com

7021 Village Park Way, Dublin, CA 94568

**Punjab Times**
**Established in 2000**
**19th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਵਿਸ਼ਵ ਪੰਜਾਬੀ ਭਾਸ਼ਾ ਕਾਨਫਰੰਸ 'ਚ ਪੰਜਾਬੀਅਤ ਦਾ ਹੋਕਾ

**ਰੂਪਨਗਰ:** ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਪੰਜਾਬੀ ਭਾਸ਼ਾ ਵਿਕਾਸ ਤੇ ਪ੍ਰਸਾਰ ਕੇਂਦਰ ਵੱਲੋਂ ਸਰਕਾਰੀ ਕਾਲਜ ਰੋਪੜ ਵਿਚ ਕਰਵਾਈ ਤੀਜੀ ਵਿਸ਼ਵ ਪੰਜਾਬੀ ਭਾਸ਼ਾ ਵਿਕਾਸ ਕਾਨਫਰੰਸ ਵਿਚ ਹਾਜ਼ਰ ਵਿਦਵਾਨਾਂ ਦੇ ਇਕੱਠ ਨੇ ਸਮੂਹ ਪੰਜਾਬੀਆਂ ਨੂੰ ਪੰਜਾਬੀਅਤ ਦੇ ਗੌਰਵਮਈ ਵਿਰਸੇ ਦੇ ਵਾਰਸ ਬਣ ਕੇ ਪੰਜਾਬੀ ਬੋਲੀ ਅਤੇ ਗੁਰਮੁਖੀ ਲਿਪੀ ਦੀ ਸੇਵਾ ਵਿਚ ਜੁੱਟ ਜਾਣ ਦੀ ਅਪੀਲ ਕੀਤੀ। ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਤੋਂ ਆਏ ਪੰਜਾਬੀ ਪ੍ਰੇਮੀਆਂ ਨੇ ਪਰਿਵਾਰਾਂ ਵਿਚ ਪੰਜਾਬੀ ਬੋਲਣ, ਬੱਚਿਆਂ ਨੂੰ ਗੁਰਮੁਖੀ ਲਿਪੀ ਪੜ੍ਹਾਉਣ, ਇਸ ਦੇ ਕੰਪਿਊਟਰੀਕਰਨ ਅਤੇ ਕੀ-ਬੋਰਡ ਪ੍ਰਚੱਲਤ ਕਰਨ ਲਈ ਤਤਪਰ ਹੋਣ ਦਾ ਵਚਨ ਕੀਤਾ।



ਇਹ ਗੱਲ ਕਾਨਫਰੰਸ ਵਿਚ ਲਗਾਤਾਰ ਮਹਿਸੂਸ ਗਈ ਕਿ ਪੰਜਾਬੀ ਨੂੰ ਰਾਜ ਭਾਸ਼ਾ ਦਾ ਦਰਜਾ ਦਿਵਾਉਣ ਵਾਲੇ ਤਤਕਾਲੀ ਮੁੱਖ ਮੰਤਰੀ ਲਛਮਣ ਸਿੰਘ ਗਿੱਲ ਤੋਂ ਬਾਅਦ ਕੋਈ ਸਿਆਸੀ ਆਗੂ ਪੰਜਾਬੀ ਨੂੰ ਇਸ ਦੀ ਬਣਦੀ ਥਾਂ ਦਿਵਾਉਣ ਲਈ ਸਾਹਮਣੇ ਨਹੀਂ ਆਇਆ। ਇਹੀ ਨਹੀਂ, ਪੰਜਾਬ ਦਾ ਟੈਕਸਟ ਬੁੱਕ ਬੋਰਡ ਖਤਮ ਹੋ ਗਿਆ, ਭਾਸ਼ਾ ਵਿਭਾਗ ਬਜਟ ਅਤੇ ਮੁਲਾਜ਼ਮਾਂ ਦੀ ਕਮੀ ਕਾਰਨ ਦਮ ਤੋੜ ਰਿਹਾ ਹੈ। ਹੇਠਲੀਆਂ ਅਦਾਲਤਾਂ ਵਿਚ ਪੰਜਾਬੀ ਵਿਚ ਕੰਮ ਹੋਣ ਲਈ ਜ਼ਰੂਰੀ ਬੁਨਿਆਦੀ ਢਾਂਚੇ ਦੀ ਅਣਹੋਂਦ ਪੰਜਾਬੀ ਨੂੰ ਖੋਰਾ ਲਾਉਣ ਦਾ ਕਾਰਨ ਬਣ ਰਹੀ ਹੈ। ਸਭ ਕੁਝ ਸਰਕਾਰੀ ਨੀਤੀ 'ਤੇ ਨਿਰਭਰ ਹੈ।

ਉਂਜ, ਪੂਰੀ ਕਾਨਫਰੰਸ ਰਸਮਾਂ ਨਿਭਾਉਣ ਅਤੇ ਸਿਆਸਤ ਦੀ ਲਛਮਣ ਰੇਖਾ ਵਿਚੋਂ ਬਾਹਰ ਨਹੀਂ ਆ ਸਕੀ। ਤੈਅ ਸਮੇਂ ਨਾਲੋਂ ਕਰੀਬ ਇਕ ਘੰਟਾ ਪਛੜ ਕੇ ਸ਼ੁਰੂ ਹੋਈ ਕਾਨਫਰੰਸ ਦੇ ਸਮੇਂ ਦਾ ਇਕ ਹਿੱਸਾ ਮੁੱਖ ਮਹਿਮਾਨਾਂ ਨੂੰ ਦਿੱਤਾ ਜਾਣ ਵਾਲਾ ਬੂਟਾ ਪ੍ਰਸ਼ਾਦ ਤੇ ਹੋਰ ਸਨਮਾਨ ਹੀ ਲੈ ਗਏ। ਬੂਟਾ ਪ੍ਰਸ਼ਾਦ ਬਾਹਰ ਇਕ ਜਗ੍ਹਾ ਰੱਖ ਕੇ ਜਾਣ ਸਮੇਂ ਸਬੰਧਤ ਵਿਅਕਤੀਆਂ ਨੂੰ ਦਿੱਤੇ ਜਾਣ ਨਾਲ ਸਮਾਂ ਵੀ ਬਚਣਾ ਸੀ। ਵਿਦਵਾਨਾਂ ਨੂੰ ਤਾਂ ਪੰਜ ਤੋਂ ਦਸ ਮਿੰਟ ਵਿਚ ਆਪੋ ਆਪਣਾ ਪਰਚਾ ਨਿਬੇੜ ਲੈਣ ਦਾ ਦਬਾਅ ਝੱਲਣਾ ਪੈ ਰਿਹਾ ਸੀ, ਪਰ ਸਿਆਸਤਦਾਨ ਅੱਧਾ ਅੱਧਾ ਘੰਟਾ ਭਾਸ਼ਣ ਦਿੰਦੇ ਰਹੇ। ਮਿੱਤਰ ਸੈਨ ਮੀਤ ਸ਼ਾਇਦ ਅਹੁਦੇਦਾਰ ਹੋਣ ਕਾਰਨ ਮੱਲੋ-ਜ਼ੋਰੀ ਵੀਹ ਮਿੰਟ ਲੈ ਹੀ ਗਏ, ਪਰ ਡਾ. ਭੀਮ ਇੰਦਰ ਸਮੇਤ ਹੋਰ ਵਿਦਵਾਨਾਂ ਨੂੰ ਥੋੜ ਸਮੇਂ ਨਾਲ ਕੰਮ ਚਲਾਉਣਾ ਪਿਆ। ਡਾ. ਕਿਰਪਾਲ ਸਿੰਘ ਪੰਨੂ ਨੇ ਡਿਜਟਲਾਈਜੇਸ਼ਨ ਵਿਚ ਆ ਰਹੀਆਂ ਮੁਸ਼ਕਿਲਾਂ ਨੂੰ ਬਾਖ਼ੂਬੀ ਬਿਆਨ ਕੀਤਾ।

ਯਾਦ ਰਹੇ, ਪੰਜਾਬ ਵਿਚ ਪੰਜਾਬੀ ਨੂੰ ਰਾਜ ਭਾਸ਼ਾ ਦਾ ਦਰਜਾ ਦੇਣ ਵਾਲਾ 1967 ਦਾ ਕਾਨੂੰਨ 2008 ਵਿਚ ਸੋਧਿਆ ਗਿਆ ਸੀ। ਮਿੱਤਰ ਸੈਨ ਮੀਤ ਵੱਲੋਂ ਉਠਾਏ ਸੁਆਲ ਕਿ ਸੋਧ ਰਾਹੀਂ ਭਾਸ਼ਾ ਕਾਨੂੰਨ ਨਰਮ ਕਰਕੇ ਸਿਰਫ਼ ਚਿੱਠੀ ਪੱਤਰ ਤੱਕ ਸੀਮਤ ਕਰ ਦਿੱਤਾ। ਇਸ ਲਈ ਅਫ਼ਸਰ ਹੁਣ ਚਿੱਠੀ ਪੰਜਾਬੀ 'ਚ, ਪਰ ਬਾਕੀ ਸਾਰਾ ਕੰਮ ਅੰਗਰੇਜ਼ੀ ਵਿਚ ਕਰਨ ਲਈ ਆਜ਼ਾਦ ਹੋ ਗਏ। ਲੰਮੇ ਭਾਸ਼ਣਾਂ ਦੇ ਬਾਵਜੂਦ ਅਕਾਲੀ-ਭਾਜਪਾ ਸਰਕਾਰ ਦੇ ਇਸ ਦੌਰ ਦੀ ਗਲਤੀ ਜਾਂ ਸਪਸ਼ਟੀਕਰਨ ਦੇਣ ਦੀ ਕਿਸੇ ਆਗੂ ਨੇ ਲੋੜ ਨਾ ਸਮਝੀ।

ਇਸ ਮੌਕੇ ਪੁੱਜੀਆਂ ਵਿਸ਼ੇਸ਼ ਸ਼ਖਸੀਅਤਾਂ ਵਿਚ ਸਾਬਕਾ ਸਿੱਖਿਆ ਮੰਤਰੀ ਡਾ. ਦਲਜੀਤ ਸਿੰਘ ਚੀਮਾ, ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ, 'ਆਪ' ਵਿਧਾਇਕਾ ਬਲਜਿੰਦਰ ਕੌਰ, ਸ਼੍ਰੋਮਣੀ ਕਮੇਟੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਪੰਜਾਬੀ ਸੂਬੇ ਲਈ ਕੁਰਬਾਨੀਆਂ ਕਰਨ ਵਾਲੇ ਸਮੂਹ ਪੰਜਾਬੀਆਂ ਨੂੰ ਯਾਦ ਕਰਦਿਆਂ ਸਟੱਡੀ ਸਰਕਲ ਵੱਲੋਂ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਭਰਪੂਰ ਸ਼ਲਾਘਾ ਕੀਤੀ।

# ਮੋਦੀ ਸਰਕਾਰ ਫਿਰ ਬਣੀ 'ਆਪ' ਸਰਕਾਰ ਦੇ ਰਾਹ ਦਾ ਰੋੜਾ

*(ਸਫਾ ਇਕ ਦੀ ਬਾਕੀ)*

ਨੇ ਕੁਝ ਅਜਿਹੇ ਫੈਸਲੇ ਕੀਤੇ ਜਿਨ੍ਹਾਂ ਨੇ ਉਨ੍ਹਾਂ ਦੇ 'ਮੋਦੀ ਭਗਤ' ਹੋਣ ਉਤੇ ਮੋਹਰ ਲਾਈ। ਖਾਸ ਕਰ ਕੇ ਗੁਜਰਾਤ ਵਿਧਾਨ ਸਭਾ ਚੋਣਾਂ ਵਿਚ ਤਾਂ ਉਹ ਪੈਰ ਪੈਰ 'ਤੇ ਭਾਜਪਾ ਨਾਲ ਖੜ੍ਹੇ ਨਜ਼ਰ ਆਏ। ਵਿਧਾਇਕਾਂ ਵਾਲੇ ਮਾਮਲੇ ਵਿਚ ਤਾਂ ਸਾਰੀਆਂ ਹੱਦਾਂ ਪਾਰ ਕਰ ਦਿੱਤੀਆਂ ਗਈਆਂ। 'ਆਪ' ਦਾ ਦੋਸ਼ ਹੈ ਕਿ ਰਾਸ਼ਟਰਪਤੀ ਨੂੰ ਸਿਫਾਰਸ਼ ਭੇਜਣ ਤੋਂ ਪਹਿਲਾਂ ਚੋਣ ਕਮਿਸ਼ਨ ਨੇ ਉਨ੍ਹਾਂ ਦੀ ਗੱਲ ਤੱਕ ਨਹੀਂ ਸੁਣੀ। 'ਆਪ' ਨਾਲ ਇਸ ਧੱਕੇਸ਼ਾਹੀ ਖਿਲਾਫ ਕੁਝ ਭਾਜਪਾ ਆਗੂਆਂ ਨੇ ਵੀ ਆਵਾਜ਼ ਚੁੱਕੀ ਹੈ। ਭਾਜਪਾ ਦੇ ਬਾਗੀ ਆਗੂ ਯਸ਼ਵੰਤ ਸਿਨਹਾ ਅਤੇ ਸ਼ਤਰੂਘਨ ਸਿਨਹਾ ਨੇ ਤਾਂ ਰਾਸ਼ਟਰਪਤੀ ਦੇ ਫੈਸਲੇ ਨੂੰ 'ਤੁਗਲਕਸ਼ਾਹੀ' ਫਰਮਾਨ ਕਰਾਰ ਦੇ ਦਿੱਤਾ।

ਯਾਦ ਰਹੇ ਕਿ ਚੋਣ ਕਮਿਸ਼ਨ ਵੱਲੋਂ ਰਾਸ਼ਟਰਪਤੀ ਨੂੰ ਭੇਜੀ ਸਿਫਾਰਸ਼ ਵਿਚ ਕਿਹਾ ਗਿਆ ਸੀ ਕਿ ਵਿਧਾਇਕਾਂ ਨੇ 31 ਮਾਰਚ 2015 ਅਤੇ ਅੱਠ ਸਤੰਬਰ 2016 ਦੌਰਾਨ ਸੰਸਦੀ ਸਕੱਤਰ ਰਹਿੰਦਿਆਂ ਦੋਹਰੇ ਲਾਭ ਲਏ ਹਨ; ਹਾਲਾਂਕਿ 'ਆਪ' ਦਾ ਤਰਕ ਹੈ ਕਿ ਇਨ੍ਹਾਂ ਵਿਧਾਇਕਾਂ ਨੂੰ ਸਰਕਾਰ ਨੇ ਕੋਈ ਸਰਕਾਰੀ ਗੱਡੀ, ਬੰਗਲੇ ਤੋਂ ਇਲਾਵਾ ਇਕ ਪੈਸਾ ਤਨਖਾਹ ਵੀ ਨਹੀਂ ਦਿੱਤੀ ਤਾਂ ਇਹ ਲਾਭ ਦੇ ਅਹੁਦੇ 'ਤੇ ਕਿਵੇਂ ਹੋ ਗਏ? ਸਵਾਲ ਇਹ ਵੀ ਉਠ ਰਿਹਾ ਹੈ ਕਿ ਗੁਜਰਾਤ, ਮੱਧ ਪ੍ਰਦੇਸ਼, ਛੱਤੀਸਗੜ੍ਹ, ਹਰਿਆਣਾ ਅਤੇ ਰਾਜਸਥਾਨ ਸਮੇਤ 11 ਸੂਬਿਆਂ ਵਿਚ ਸੰਸਦੀ ਸਕੱਤਰ ਨਿਯੁਕਤ ਕੀਤੇ ਗਏ ਹਨ, ਪਰ ਨਿਸ਼ਾਨਾ ਸਿਰਫ 'ਆਪ' ਨੂੰ ਹੀ ਬਣਾਇਆ ਗਿਆ ਹੈ। ਉਧਰ, 'ਆਪ' ਵਿਧਾਇਕਾਂ ਦੀ ਬਰਖਾਸਤਗੀ ਪਿੱਛੋਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਪਟੀਸ਼ਨ ਦਾਖਲ ਕਰ ਕੇ ਹਰਿਆਣਾ ਦੇ ਚਾਰ ਵਿਧਾਇਕਾਂ ਖਿਲਾਫ਼ ਵੀ ਅਜਿਹੀ ਕਾਰਵਾਈ ਕਰਨ ਦੀ ਮੰਗ ਉਠੀ ਹੈ। ਪਟੀਸ਼ਨ 'ਚ ਆਖਿਆ ਗਿਆ ਹੈ ਕਿ ਹਰਿਆਣਾ ਸਰਕਾਰ ਦੇ ਚਾਰ ਮੁੱਖ ਪਾਰਲੀਮਾਨੀ ਸਕੱਤਰ-ਸੀਮਾ ਤ੍ਰਿਖਾ, ਸ਼ਿਆਮ ਸਿੰਘ ਰਾਣਾ, ਡਾ. ਕਮਲ ਗੁਪਤਾ ਤੇ ਬਖਸ਼ੀਸ਼ ਸਿੰਘ ਵਿਰਕ, ਵੀ ਅਯੋਗਤਾ ਦੇ ਘੇਰੇ 'ਚ ਆਉਂਦੇ ਹਨ। ਛੱਤੀਸਗੜ੍ਹ 'ਚ ਵਿਰੋਧੀ ਧਿਰ ਕਾਂਗਰਸ ਨੇ ਸੱਤਾਧਾਰੀ ਭਾਜਪਾ ਦੇ 11 ਵਿਧਾਇਕਾਂ, ਜਿਨ੍ਹਾਂ ਨੂੰ ਸੰਸਦੀ ਸਕੱਤਰ ਨਿਯੁਕਤ ਕੀਤਾ ਗਿਆ ਹੈ, ਨੂੰ ਅਯੋਗ ਕਰਾਰ ਦੇਣ ਦੀ ਮੰਗ ਕੀਤੀ ਹੈ। ਆਮ ਆਦਮੀ ਪਾਰਟੀ ਦੀ ਮੱਧ ਪ੍ਰਦੇਸ਼ ਇਕਾਈ ਨੇ ਸੂਬੇ ਦੇ 116 ਭਾਜਪਾ ਵਿਧਾਇਕਾਂ ਨੂੰ ਲਾਭ ਵਾਲੇ ਅਹੁਦੇ 'ਤੇ ਹੋਣ ਕਾਰਨ ਅਯੋਗ ਕਰਾਰ ਦਿੱਤਾ ਜਾਵੇ।

ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ ਦਿੱਲੀ ਦੀ ਜਨਤਾ ਦੇ ਨਾਂ ਖੁੱਲ੍ਹੀ ਚਿੱਠੀ ਵਿਚ ਭਾਜਪਾ 'ਤੇ ਗੰਦੀ ਰਾਜਨੀਤੀ ਕਰਨ ਅਤੇ ਦਿੱਲੀ 'ਤੇ ਜਬਰਨ ਚੋਣਾਂ ਥੋਪਣ ਦਾ ਦੋਸ਼ ਲਾਇਆ ਹੈ। ਦੱਸ ਦਈਏ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਗੋਡਿਆਂ ਪਰਨੇ ਕਰਨ ਲਈ ਨਰੇਂਦਰ ਮੋਦੀ ਸਰਕਾਰ ਲਗਾਤਾਰ ਕੋਸ਼ਿਸ਼ਾਂ ਕਰਦੀ ਆਈ ਹੈ। 'ਆਪ' ਦੇ ਅੱਧਿਉਂ ਵੱਧ ਵਿਧਾਇਕ ਅਪਰਾਧਕ ਮਾਮਲਿਆਂ ਵਿਚ ਉਲਝੇ ਹੋਏ ਹਨ। ਦਿੱਲੀ ਸਰਕਾਰ ਕੇਂਦਰੀ ਫੰਡਾਂ ਵਿਚ ਵੱਡੇ ਕੱਟ ਦੇ ਦੋਸ਼ ਵੀ ਲਾਉਂਦੀ ਆ ਰਹੀ ਹੈ। ਇਸ ਤੋਂ ਇਲਾਵਾ ਉਪ ਰਾਜਪਾਲ ਨਾਲ 'ਹੱਕਾਂ' ਦੀ ਲੜਾਈ ਨੇ ਤਾਂ 'ਆਪ' ਸਰਕਾਰ ਨੂੰ ਸਾਹੋ-ਸਾਹ ਕੀਤਾ ਹੋਇਆ ਹੈ।

## ਸਰਕਾਰੀ ਤਾਲਾਬੰਦੀ ਟਰੰਪ ਲਈ ਵੱਡੀ ਚੁਣੌਤੀ

*(ਸਫਾ ਇਕ ਦੀ ਬਾਕੀ)*

ਮੁਲਾਜ਼ਮਾਂ ਨੂੰ ਸਰਕਾਰੀ ਖਜ਼ਾਨੇ ਦੀ ਤਾਲਾਬੰਦੀ ਕਰ ਕੇ ਘਰਾਂ 'ਚ ਬੈਠਣ ਲਈ ਮਜਬੂਰ ਹੋਣਾ ਪਿਆ ਸੀ। ਸਾਲ 1990 ਤੋਂ ਬਾਅਦ ਇਹ ਚੌਥੀ ਵਾਰ ਹੈ ਜਦੋਂ ਖਰਚਾ ਬਿੱਲ ਖਾਰਜ ਹੋਣ ਕਰ ਕੇ



ਅਮਰੀਕੀ ਸਰਕਾਰ ਦਾ ਕੰਮਕਾਜ ਅਧਿਕਾਰਤ ਤੌਰ ਉਤੇ ਠੱਪ ਹੋਇਆ ਹੈ। ਇਸ ਤੋਂ ਪਹਿਲਾਂ 2013 ਵਿਚ ਹੋਈ ਕੰਮ ਬੰਦੀ 16 ਦਿਨ ਜਦੋਂ ਕਿ ਇਸ ਤੋਂ ਵੀ ਪਹਿਲਾਂ 1996 ਵਿਚ ਹੋਈ ਬੰਦੀ 21 ਦਿਨ ਚੱਲੀ ਸੀ। ਇਤਿਹਾਸ ਵਿਚ ਪਹਿਲੀ ਵਾਰ ਹੈ ਕਿ ਇਹ ਕੰਮ ਬੰਦੀ ਉਦੋਂ ਹੋਈ ਜਦੋਂ ਦੋਵੇਂ ਸਦਨਾਂ ਅਤੇ ਸੈਨੇਟ ਦੇ ਨਾਲ ਨਾਲ ਵ੍ਹਾਈਟ ਹਾਊਸ 'ਤੇ ਇਕੋ ਪਾਰਟੀ ਦਾ ਕੰਟਰੋਲ ਹੈ।

## ਮੇਅਰ ਦੀ ਚੋਣ ਵਿਚ ਪੁੱਛਗਿੱਛ ਨਾ ਹੋਣ ਤੋਂ ਸਿੱਧੂ ਰੁੱਸਿਆ

**ਚੰਡੀਗੜ੍ਹ:** ਕੈਪਟਨ ਅਮਰਿੰਦਰ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਵਿਚ ਹਿਲਜੁਲ ਸ਼ੁਰੂ ਹੋ ਗਈ ਹੈ। ਸਾਬਕਾ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਤੋਂ ਬਾਅਦ ਕੈਬਨਿਟ ਮੰਤਰੀ ਨਵਜੋਤ ਸਿੱਧੂ ਵੀ ਕੈਪਟਨ ਸਰਕਾਰ ਤੋਂ ਨਾਰਾਜ਼ ਨਜ਼ਰ ਆ ਰਹੇ ਹਨ। ਨਵਜੋਤ ਸਿੱਧੂ ਅੰਮ੍ਰਿਤਸਰ, ਜਲੰਧਰ ਤੇ ਪਟਿਆਲਾ ਨਗਰ ਨਿਗਮਾਂ ਦੇ ਮੇਅਰਾਂ ਦੀ ਚੋਣ ਤੋਂ ਨਾਰਾਜ਼ ਹਨ।

ਕਾਂਗਰਸ ਵੱਲੋਂ ਅੰਮ੍ਰਿਤਸਰ ਤੇ ਪਟਿਆਲਾ ਨਗਰ ਨਿਗਮ ਦੇ ਮੇਅਰ ਸਮੇਤ ਮੁੱਖ ਅਹੁਦੇਦਾਰਾਂ ਦੇ ਨਾਂਵਾਂ ਦਾ ਐਲਾਨ ਕਰ ਦਿੱਤਾ ਗਿਆ। ਪਟਿਆਲਾ ਮਿਊਂਸਪਲ ਕਾਰਪੋਰੇਸ਼ਨ ਦੀ ਕਮਾਨ ਸੰਜੀਵ ਕੁਮਾਰ ਬਿੱਟੂ ਨੂੰ ਸੌਂਪ ਦਿੱਤੀ ਗਈ ਜਦਕਿ ਕਰਮਜੀਤ ਰਿੰਟੂ ਅੰਮ੍ਰਿਤਸਰ ਦੇ ਮੇਅਰ ਚੁਣੇ ਗਏ। ਚੋਣ ਬਾਰੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਆਪਣੀ ਸਿਫਾਰਸ਼ ਭੇਜੀ ਸੀ। ਅੰਮ੍ਰਿਤਸਰ ਵਿਚ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਦੇ 'ਰੁੱਸੇ' ਹੋਣ ਕਾਰਨ ਕਾਂਗਰਸ ਦੇ 64 ਕੌਂਸਲਰਾਂ ਵਿਚੋਂ 18 ਗੈਰ ਹਾਜ਼ਰ ਰਹੇ। ਸਿੱਧੂ ਧੜੇ ਨਾਲ ਸਬੰਧਤ ਇਨ੍ਹਾਂ ਕੌਂਸਲਰਾਂ ਦੇ ਨਾਲ-ਨਾਲ ਸਵਰਨ ਸਿੰਘ ਬੁਲਾਰੀਆ ਵੀ ਗੈਰ ਹਾਜ਼ਰ ਰਹੇ। ਸਿੱਧੂ, ਮੁੱਖ ਮੰਤਰੀ ਨਾਲ ਮੇਅਰ ਦੀ ਚੋਣ ਵਾਲੇ ਮੁੱਦੇ ਉਤੇ ਸਲਾਹ ਮਸ਼ਵਰਾ ਨਾ ਕਰਨ ਤੋਂ ਖਫਾ ਹਨ।

ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਦੀ ਗੈਰਹਾਜ਼ਰੀ ਵਿਚ ਹੋਏ ਸਮਾਗਮ ਵਿਚ ਨਗਰ ਨਿਗਮ ਦੇ ਚੁਣੇ ਗਏ ਕੌਂਸਲਰਾਂ ਨੇ ਸਹੁੰ ਚੁੱਕੀ। ਸ੍ਰੀ ਸਿੱਧੂ ਤੇ ਉਨ੍ਹਾਂ ਦੇ ਹਮਾਇਤੀ ਕੌਂਸਲਰਾਂ ਦੀ ਗੈਰਹਾਜ਼ਰੀ ਕਾਰਨ ਸਮਾਗਮ ਫਿੱਕਾ ਰਿਹਾ। ਇਨ੍ਹਾਂ ਕੌਂਸਲਰਾਂ ਨੇ ਕਿਹਾ ਕਿ ਮੇਅਰ ਤੇ ਹੋਰਨਾਂ ਅਹੁਦੇਦਾਰਾਂ ਦੀ ਚੋਣ ਵੇਲੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਦੀ ਰਾਇ ਨਹੀਂ ਲਈ ਗਈ। ਉਧਰ, ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨੇ ਸਿੱਧੂ ਨੂੰ ਨਜ਼ਰ ਅੰਦਾਜ਼ ਕਰਨ ਬਾਰੇ ਰਿਪੋਰਟ ਮੰਗੀ ਹੈ।

## ਅਦਾਲਤੀ ਗੇੜ ਵਿਚ ਫਸੀ ਹਰਿਆਣਾ ਗੁਰਦੁਆਰਾ ਕਮੇਟੀ

*(ਸਫਾ ਇਕ ਦੀ ਬਾਕੀ)*

ਹਨ ਅਤੇ ਵਾਰ ਵਾਰ ਤਰੀਕਾਂ ਅੱਗੇ ਪੈਣ ਤੋਂ ਔਖੇ ਹਨ। ਖਾਸ ਕਰ ਕੇ 5 ਅਗਸਤ 2014 ਨੂੰ ਇਸ ਕਮੇਟੀ ਦੇ ਗਠਨ ਸਬੰਧੀ ਸ਼੍ਰੋਮਣੀ ਕਮੇਟੀ ਦੇ



ਕੁਰੂਕਸ਼ੇਤਰ ਤੋਂ ਅਕਾਲੀ ਮੈਂਬਰ ਹਰਭਜਨ ਸਿੰਘ ਵੱਲੋਂ ਸੁਪਰੀਮ ਕੋਰਟ 'ਚ ਦਾਇਰ ਅਪੀਲ ਦਾ ਮਾਮਲਾ ਮੁੱਕਣ ਵਿਚ ਨਹੀਂ ਆ ਰਿਹਾ ਤੇ ਕਈ ਦਰਜਨਾਂ ਵਾਰ ਪੇਸ਼ੀਆਂ ਦੀਆਂ ਤਰੀਕਾਂ ਬਦਲ ਚੁੱਕੀਆਂ ਹਨ।

ਐਡਹਾਕ ਕਮੇਟੀ ਦੇ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਤੇ ਕੁਝ ਹੋਰ ਆਗੂਆਂ ਵਿਚ ਅਣਬਣ ਪਿੱਛੋਂ ਵੀ ਇਸ ਪਾਸਿਉਂ ਹਰਿਆਣਾ ਦੀ ਸੰਗਤ ਦਾ ਮੋਹ ਭੰਗ ਹੋਇਆ ਹੈ। ਐਡਹਾਕ ਕਮੇਟੀ ਦੇ ਜਨਰਲ ਸਕੱਤਰ ਜੋਗਾ ਸਿੰਘ ਦਾ ਗਿਲਾ ਹੈ ਕਿ ਇਸ ਕੇਸ ਨੂੰ ਜਾਣਬੁਝ ਕੇ ਲਟਕਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਵਾਰ ਵਾਰ ਤਰੀਕਾਂ ਅੱਗੇ ਪਾ ਕੇ ਹਰਿਆਣੇ ਦੇ ਸਿੱਖਾਂ ਤੋਂ ਉਨ੍ਹਾਂ ਦਾ ਹੱਕ ਖੋਹਿਆ ਜਾ ਰਿਹਾ ਹੈ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

# ਉਘੇ ਸਿੱਖ ਆਗੂ ਗੁਰਮੇਜ਼ ਸਿੰਘ ਗਿੱਲ ਨੂੰ ਸਦਮਾ, ਮਾਤਾ ਦਾ ਦਿਹਾਂਤ

**ਯੂਬਾ ਸਿਟੀ (ਬਿਊਰੋ):** ਗੁਰਦੁਆਰਾ ਟਾਇਰਾ ਬਿਊਨਾ ਦੇ ਸਕੱਤਰ ਸ. ਗੁਰਮੇਜ਼ ਸਿੰਘ ਗਿੱਲ ਨੂੰ ਉਸ ਸਮੇਂ ਡੂੰਘਾ ਸਦਮਾ ਲੱਗਾ ਜਦੋਂ ਉਨ੍ਹਾਂ ਦੇ ਮਾਤਾ ਜਰਨੈਲ ਕੌਰ 23 ਜਨਵਰੀ ਨੂੰ ਸਵੇਰੇ ਪਰਮਾਤਮਾ ਵਲੋਂ ਬਖਸ਼ੀ ਆਰਜਾ ਭੋਗ ਕੇ ਗੁਰੂ ਚਰਨਾਂ ਵਿਚ ਜਾ ਬਿਰਾਜੇ। ਉਹ 91 ਵਰ੍ਹਿਆਂ ਦੇ ਸਨ। ਸੰਨ 73-74 ਵਿਚ ਉਹ ਅਮਰੀਕਾ ਆ ਗਏ ਸਨ। ਮਾਤਾ ਜੀ ਨਿੱਤਨੇਮੀ ਸਨ ਅਤੇ ਸੁਖਮਨੀ ਸਾਹਿਬ ਦਾ ਪਾਠ ਰੋਜ਼ਾਨਾ ਕਰਦੇ ਸਨ। ਉਨ੍ਹਾਂ ਦਾ ਪਿਛਲਾ ਪਿੰਡ ਚੋਟੀਆਂ ਖੁਰਦ, ਜਿਲਾ ਮੋਗਾ ਹੈ। ਸ. ਗੁਰਮੇਜ਼ ਸਿੰਘ ਗਿੱਲ ਸੱਤ ਭੈਣ-ਭਰਾ ਹਨ।



ਮਾਤਾ ਜਰਨੈਲ ਕੌਰ ਦਾ ਸਸਕਾਰ ਆਲ ਫੇਥ ਕ੍ਰਿਮੇਸ਼ਨ (725 ਐਲ ਕਮੀਨੋ ਐਵੇਨਿਊ), ਸੈਕਰਾਮੈਂਟੋ ਵਿਖੇ 27 ਜਨਵਰੀ ਨੂੰ ਹੋਵੇਗਾ ਅਤੇ ਬਾਅਦ ਵਿਚ ਅੰਤਿਮ ਅਰਦਾਸ ਗੁਰਦੁਆਰਾ ਵੈਸਟ ਸੈਕਰਾਮੈਂਟੋ ਵਿਖੇ ਹੋਵੇਗੀ। ਸ. ਗੁਰਮੇਜ਼ ਸਿੰਘ ਗਿੱਲ ਨਾਲ ਸੰਪਰਕ ਫੋਨ 530-681-3112 ਰਾਹੀਂ ਕੀਤਾ ਜਾ ਸਕਦਾ ਹੈ।

# ਦਰਬਾਰ ਸਾਹਿਬ ਜਾਣਗੇ ਟਰੂਡੋ

**ਚੰਡੀਗੜ੍ਹ:** ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਗਲੇ ਮਹੀਨੇ ਫਰਵਰੀ ਵਿਚ ਭਾਰਤ ਦੇ ਮਹਿਮਾਨ ਹੋਣਗੇ। ਇਸ ਫੇਰੀ ਦੌਰਾਨ ਉਹ ਅੰਮ੍ਰਿਤਸਰ ਵੀ ਆਉਣਗੇ। ਉਹ ਇਥੇ ਦਰਬਾਰ ਸਾਹਿਬ ਵੀ ਜਾਣਗੇ।

ਕੈਨੇਡਾ ਵੱਲੋਂ ਮਿਲੀ ਜਾਣਕਾਰੀ ਮੁਤਾਬਕ ਉਹ ਮੁੰਬਈ, ਅਹਿਮਦਾਬਾਦ ਵੀ ਜਾਣਗੇ। ਖੁਦ ਪ੍ਰਧਾਨ ਮੰਤਰੀ ਟਰੂਡੋ ਨੇ ਐਲਾਨ ਕੀਤਾ ਕਿ ਉਹ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਸੱਦੇ 'ਤੇ 17 ਤੋਂ 23 ਫਰਵਰੀ ਤੱਕ ਭਾਰਤ ਦੀ ਫੇਰੀ ਉਤੇ ਹੋਣਗੇ। ਪ੍ਰਧਾਨ ਮੰਤਰੀ ਮੋਦੀ ਨੇ ਅਪਰੈਲ 2015 ਵਿਚ ਕੈਨੇਡਾ ਦਾ ਦੌਰਾ ਕੀਤਾ ਸੀ। ਇਸ ਤੋਂ ਪਹਿਲਾਂ ਚਾਰ ਦਹਾਕੇ ਤੱਕ ਕਿਸੇ ਪ੍ਰਧਾਨ ਮੰਤਰੀ ਨੇ ਕੈਨੇਡਾ ਦੀ ਯਾਤਰਾ ਨਹੀਂ ਕੀਤੀ।

## Matrimonials

### ਲੜਕੀ ਦੀ ਲੋੜ ਹੈ

Jat Sikh London born boy 28 years, 6'-1.5" tall, slim, fair, Post Graduate in Investment Management, working for American company in London. Seeking US born Jat Sikh girl, graduate, employed. Pl. contact gagandeep52@hotmail.com ; Ph (0)7966 069571 4-7

Ramgariah family looking for a suitable Ramgariah match for their U. S. born son, Sr. Financial Analyst 34 years, 5'-10". Pl contact: jsnov1973@aol.com 51/4

Saini Sikh clean shave boy, 28, 6', M.Sc. Bio Technology doing BDS in Chandigarh, seeks suitable well educated Saini/Jatt Sikh girl. Family well settled in the USA. Pl contact, Ph: 516-503-9541 or email: mohan1w34@gmail.com 4-11

Wanted suitable girl for Ramgarhia Sikh Electrical engineer boy 29, 5'-9". Turbaned, Non Alcoholic. Working in a reputed company.Well settled. Caste no bar. Call: 313-718-0178 2-5

# ਸੈਲਫੀ ਲੈਂਦਿਆਂ ਨਦੀ ਵਿਚ ਰੁੜ੍ਹੇ ਮਾਂ ਪੁੱਤ

**ਕੋਰਾਪੁਟ:** ਉੜੀਸਾ ਦੇ ਰਾਏਗੜ੍ਹਾ ਜ਼ਿਲ੍ਹੇ ਵਿਚ ਸੈਲਫੀ ਲੈਂਦੇ ਸਮੇਂ 30 ਸਾਲਾ ਔਰਤ ਤੇ ਉਸ ਦਾ 5 ਸਾਲਾ ਬੇਟਾ ਨਦੀ 'ਚ ਡੁੱਬ ਗਏ। ਇਹ ਔਰਤ ਆਪਣੇ ਪਰਿਵਾਰ ਨਾਲ ਨਾਗਾਵਲੀ ਨਦੀ ਦੇ ਪੁਲ 'ਤੇ ਗਈ ਸੀ। ਤਸਵੀਰਾਂ ਲੈਣ ਪਿਛੋਂ ਉਹ ਆਪਣੇ ਬੇਟੇ ਤੇ ਬੇਟੀ ਨਾਲ ਪੁਲ ਤੋਂ ਉਤਰ ਕੇ ਇਕ ਚਟਾਨ 'ਤੇ ਬੈਠ ਗਈ ਤੇ ਤਿਲਕ ਕੇ ਨਦੀ 'ਚ ਜਾ ਡਿੱਗੇ। ਸਥਾਨਕ ਲੋਕਾਂ ਨੇ ਲੜਕੀ ਨੂੰ ਤਾਂ ਬਚਾਅ ਲਿਆ, ਪਰ ਔਰਤ ਤੇ ਉਸ ਦਾ ਲੜਕਾ ਡੁੱਬ ਗਏ। ਮ੍ਰਿਤਕਾਂ ਦੀ ਪਛਾਣ ਸ਼ਾਂਤੀ (30) ਤੇ ਅਕੀਲ (5) ਵਜੋਂ ਹੋਈ ਹੈ।

# ਮਾਤਾ ਸੁਰਜੀਤ ਕੌਰ ਸੁਰਗਵਾਸ

**ਫਰਿਜ਼ਨੋ (ਬਿਊਰੋ):** ਇਥੇ ਰਹਿੰਦੇ ਹਰਜਿੰਦਰ ਸਿੰਘ ਨੂੰ ਉਸ ਸਮੇਂ ਸਦਮਾ ਪਹੁੰਚਾ ਜਦੋਂ ਉਨ੍ਹਾਂ ਦੀ ਮਾਤਾ ਬੀਬੀ ਸੁਰਜੀਤ ਕੌਰ (ਸੁਪਤਨੀ ਸ. ਪਿਆਰਾ ਸਿੰਘ) ਅਕਾਲ



ਚਲਾਣਾ ਕਰ ਗਏ। ਉਹ 70 ਸਾਲਾਂ ਦੇ ਸਨ ਅਤੇ ਪੰਜਾਬ ਵਿਚ ਜਗਰਾਉਂ ਨਜ਼ਦੀਕ ਪਿੰਡ ਡੱਲਾ ਤੋਂ ਸਨ। ਉਹ ਪਿਛਲੇ 12 ਸਾਲਾਂ ਤੋਂ ਇਥੇ ਰਹਿ ਰਹੇ ਸਨ।

ਬੀਬੀ ਸੁਰਜੀਤ ਕੌਰ ਦਾ ਅੰਤਿਮ ਸੰਸਕਾਰ 28 ਜਨਵਰੀ, ਐਤਵਾਰ ਨੂੰ ਸ਼ਾਂਤ ਭਵਨ ਪੰਜਾਬੀ ਫਿਊਨਰਲ ਹੋਮ, ਫਰਿਜ਼ਨੋ ਵਿਖੇ ਸਵੇਰੇ 11 ਵਜੇ ਤੋਂ ਇਕ ਵਜੇ ਦਰਮਿਆਨ ਹੋਵੇਗਾ। ਉਪਰੰਤ ਅੰਤਿਮ ਅਰਦਾਸ ਗੁਰਦੁਆਰਾ ਨਾਨਕਸਰ, ਚੈਰੀ ਐਵਨਿਊ ਵਿਖੇ ਹੋਵੇਗੀ। ਪਰਿਵਾਰ ਨਾਲ ਸੰਪਰਕ ਹਰਜਿੰਦਰ ਸਿੰਘ ਫੋਨ: 559-433-5614 ਰਾਹੀਂ ਹੋ ਸਕਦਾ ਹੈ।

# ਤਿੰਨ ਉਤਰ-ਪੂਰਬੀ ਸੂਬਿਆਂ 'ਚ ਚੋਣਾਂ ਦਾ ਐਲਾਨ

**ਨਵੀਂ ਦਿੱਲੀ:** ਚੋਣ ਕਮਿਸ਼ਨ ਨੇ ਐਲਾਨ ਕੀਤਾ ਕਿ ਤ੍ਰਿਪੁਰਾ ਦੀਆਂ ਵਿਧਾਨ ਸਭਾ ਚੋਣਾਂ 18 ਫਰਵਰੀ ਜਦਕਿ ਦੋ ਹੋਰਨਾਂ ਉਤਰ-ਪੂਰਬੀ ਸੂਬਿਆਂ ਮੇਘਾਲਿਆ ਤੇ ਨਾਗਾਲੈਂਡ ਦੀਆਂ ਚੋਣਾਂ 27 ਫਰਵਰੀ ਨੂੰ ਕਰਾਈਆਂ ਜਾਣਗੀਆਂ। ਇਨ੍ਹਾਂ ਤਿੰਨਾਂ ਸੂਬਿਆਂ ਵਿਚ ਵੋਟਾਂ ਦੀ ਗਿਣਤੀ 3 ਮਾਰਚ ਨੂੰ ਕੀਤੀ ਜਾਵੇਗੀ। ਮੇਘਾਲਿਆ ਵਿਧਾਨ ਸਭਾ ਦੀ ਮਿਆਦ 6 ਮਾਰਚ ਜਦਕਿ ਨਾਗਾਲੈਂਡ ਦੀ 13 ਅਤੇ ਤ੍ਰਿਪੁਰਾ ਵਿਧਾਨ ਸਭਾ ਦੀ ਮਿਆਦ 14 ਮਾਰਚ ਨੂੰ ਖਤਮ ਹੋ ਰਹੀ ਹੈ। ਇਨ੍ਹਾਂ ਤਿੰਨਾਂ ਵਿਧਾਨ ਸਭਾਵਾਂ ਦੇ 60-60 ਮੈਂਬਰ ਹਨ। ਇਨ੍ਹਾਂ ਤਿੰਨਾਂ ਸੂਬਿਆਂ 'ਚ ਆਪਣੀ ਸਥਿਤੀ ਮਜ਼ਬੂਤ ਕਰਨ ਲਈ ਭਾਜਪਾ, ਕਾਂਗਰਸ ਤੇ ਖੱਬੇ ਪੱਖੀ ਧਿਰਾਂ ਦਾ ਪੂਰਾ ਜ਼ੋਰ ਲੱਗਾ ਹੋਇਆ ਹੈ।

## ਇੰਡੀਅਨ ਰੈਸਟੋਰੈਂਟ ਲਈ ਸਟਾਫ ਦੀ ਲੋੜ ਹੈ

ਗਰਿਲ ਆਫ ਇੰਡੀਆ ਰੈਸਟੋਰੈਂਟ ਦੀਆਂ ਸਿਨਸਿਨੈਟੀ, ਓਹਾਇਓ ਅਤੇ ਕੋਵਿੰਗਟਨ, ਕੈਨਟੱਕੀ ਲੋਕੇਸ਼ਨਾਂ ਲਈ ਤੰਦਰੂਏ, ਕਰੀ ਸ਼ੈਫ, ਹੈਲਪਰ ਤੇ ਵੇਟਰਾਂ ਦੀ ਲੋੜ ਹੈ
ਚੰਗੀ ਤਨਖਾਹ ਤੇ ਹੋਰ ਸਹੂਲਤਾਂ

ਸੰਪਰਕ ਕਰੋ : ਬਰਜਿੰਦਰ ਸਿੰਘ
ਫੋਨ: 513-888-1878
4/3

## Prince's Barber Shop

37477 Fremont Blvd, suite C, Fremont, CA 94536

**Men & Children's Hair Cut**

*Threading
*Men's Facials
*Custom Designing
*Line-ups
*Custom Text
*Hair Coler
*Shave &
*Head Massage

ਫੁੱਲ ਟਾਈਮ ਬਾਰਬਰ ਦੀ ਲੋੜ ਹੈ

ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ

Business hours:
Mon thru Thursday 9am to 6pm (Appointment only)
Friday, Sat- Sunday- 9am to 6pm (Walk in only)
(Tuesday Closed)



Cell: (510)-677-9942
Shop: (510)-505-9605



www.princebarbershop.com

## ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਪਿਛਲੇ 14 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

**Grand Opening**
**Special Price for Truck Wash**

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.982.9996
FAX: 209.982.9997
www.globalmultiservices.com info@globalmultiservices.com

### REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

TEL: 209.547.9210
FAX: 209.547.9211

### REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

TEL: 209.982.9996
FAX: 209.982.9997

# ਵਿਤੀ ਤੰਗੀ ਅੱਗੇ ਕੈਪਟਨ ਸਰਕਾਰ ਬੇਵਸ

**ਚੰਡੀਗੜ੍ਹ:** ਵਿਤੀ ਪੱਖੋਂ ਕੈਪਟਨ ਸਰਕਾਰ ਲਈ ਖਤਰੇ ਦੀ ਘੰਟੀ ਵੱਜ ਚੁੱਕੀ ਹੈ ਅਤੇ ਖਰਚੇ ਵੀ ਪੂਰੇ ਨਹੀਂ ਹੋ ਰਹੇ ਤੇ ਵਿਕਾਸ ਕਾਰਜਾਂ ਲਈ ਖਜ਼ਾਨਾ ਪੂਰੀ ਤਰ੍ਹਾਂ ਬੰਦ ਕਰ ਦਿੱਤਾ ਗਿਆ ਹੈ। ਪੰਜਾਬ ਦੀ ਵਿੱਤੀ ਹਾਲਤ ਇਸ ਹੱਦ ਤੱਕ ਨਿੱਘਰ ਗਈ ਹੈ ਕਿ ਪਿਛਲੇ ਕਈ ਮਹੀਨਿਆਂ ਤੋਂ ਲੋੜੀਂਦੀਆਂ ਅਦਾਇਗੀਆਂ ਹੀ ਨਹੀਂ ਕੀਤੀਆਂ

**ਕੇਂਦਰੀ ਯੋਜਨਾਵਾਂ ਦੇ 600 ਕਰੋੜ ਵੀ ਖਜ਼ਾਨੇ 'ਚ ਅੜੇ**

ਗਈਆਂ। ਇਥੋਂ ਤੱਕ ਕਿ ਕੇਂਦਰੀ ਯੋਜਨਾਵਾਂ ਦੇ 600 ਕਰੋੜ ਰੁਪਏ ਵੀ ਖਜ਼ਾਨੇ ਵਿੱਚ ਅਟਕੇ ਪਏ ਹਨ।

ਵਿੱਤ ਵਿਭਾਗ ਵੱਲੋਂ ਦਸੰਬਰ ਤੱਕ ਤਾਂ ਕਰਜ਼ੇ ਅਤੇ ਖਰਚ ਨੂੰ ਬਰਾਬਰ ਰੱਖ ਕੇ ਕੰਮ ਚਲਾਇਆ ਗਿਆ ਸੀ ਪਰ ਨਵਾਂ ਸਾਲ ਚੜ੍ਹਦਿਆਂ ਹੀ ਸੰਕਟ ਸ਼ੁਰੂ ਹੋ ਗਿਆ। ਕੁਝ ਦਿਨ ਪਹਿਲਾਂ ਵਿੱਤ ਵਿਭਾਗ ਵੱਲੋਂ ਜੋ ਹਿਸਾਬ-ਕਿਤਾਬ ਲਾਇਆ ਗਿਆ ਹੈ, ਉਸ ਮੁਤਾਬਕ ਜਨਵਰੀ, ਫਰਵਰੀ ਅਤੇ ਮਾਰਚ ਦੌਰਾਨ ਕਰਜ਼ਾ ਚੁੱਕਣ ਦੀ ਸਮਰੱਥਾ ਮਹਿਜ਼ 2800 ਕਰੋੜ ਰੁਪਏ ਹੀ ਰਹਿ ਗਈ ਹੈ। ਇਨ੍ਹਾਂ ਤਿੰਨ ਮਹੀਨਿਆਂ ਦੌਰਾਨ ਸਰਕਾਰ ਨੇ 6400 ਕਰੋੜ ਰੁਪਏ ਤਾਂ ਸਿਰਫ ਕਰਜ਼ੇ ਦੀ ਕਿਸ਼ਤ ਤੇ ਵਿਆਜ ਦੀ ਅਦਾਇਗੀ ਹੀ ਕਰਨੀ ਹੈ। ਇਸ ਤੋਂ ਬਿਨਾਂ ਸਰਕਾਰ ਨੂੰ ਹਰ ਮਹੀਨੇ 2700 ਕਰੋੜ ਰੁਪਏ (ਤਿੰਨ ਮਹੀਨਿਆਂ ਦੌਰਾਨ 8100 ਕਰੋੜ ਰੁਪਏ) ਤਨਖਾਹਾਂ ਅਤੇ ਪੈਨਸ਼ਨਾਂ ਦੇ ਭੁਗਤਾਨ ਲਈ ਲੋੜੀਂਦੇ ਹਨ।

ਇਸੇ ਤਰ੍ਹਾਂ 2700 ਕਰੋੜ ਰੁਪਏ ਬਿਜਲੀ ਦੀ ਸਬਸਿਡੀ ਲਈ ਲੋੜੀਂਦੇ ਹਨ। ਜੀ.ਐਸ.ਟੀ., ਰਾਜ ਸਰਕਾਰ ਦੇ ਹੋਰਨਾਂ ਖੇਤਰਾਂ (ਡੀਜ਼ਲ-ਪੈਟਰੋਲ ਦੀ ਵਿੱਕਰੀ, ਟਰਾਂਸਪੋਰਟ, ਸਟੈਂਪ ਡਿਊਟੀ) ਆਦਿ ਤੋਂ 6500 ਕਰੋੜ ਰੁਪਏ ਦੇ ਕਰੀਬ ਮਾਲੀਆ ਆਵੇਗਾ ਤੇ ਕੇਂਦਰ ਸਰਕਾਰ ਤੋਂ ਕਰਾਂ ਦੇ ਹਿੱਸੇ ਵਜੋਂ ਵੀ 3 ਹਜ਼ਾਰ ਕਰੋੜ ਰੁਪਏ ਮਿਲਣਗੇ। ਵਿੱਤ ਵਿਭਾਗ ਦੇ ਅਧਿਕਾਰੀਆਂ ਮੁਤਾਬਕ ਇਸ ਸਾਰੇ ਪੈਸੇ ਨਾਲ ਖਰਚੇ ਵੀ ਪੂਰੇ ਨਹੀਂ ਹੁੰਦੇ ਕਿਉਂਕਿ 6200 ਕਰੋੜ ਰੁਪਏ ਦੀਆਂ ਅਦਾਇਗੀਆਂ ਪਹਿਲਾਂ ਹੀ ਖਜ਼ਾਨੇ ਸਿਰ ਭਾਰ ਬਣੀਆਂ ਹੋਈਆਂ ਹਨ।




## ਫੜ੍ਹਾਂ ਮਾਰਨ ਤੱਕ ਹੀ ਸੀਮਤ ਰਹੀ ਸਰਕਾਰ

ਸਰਕਾਰ ਵੱਲੋਂ ਸੂਬੇ ਦੀ ਵਿੱਤੀ ਹਾਲਤ ਸੁਧਾਰਨ ਦੇ ਦਮਗਜੇ ਤਾਂ ਮਾਰੇ ਜਾ ਰਹੇ ਹਨ ਪਰ ਅਸਲੀਅਤ ਵਿਚ ਅਜੇ ਤਾਈਂ ਉਹ ਇਸ ਖੇਤਰ ਵਿਚ ਕੱਖ ਵੀ ਨਹੀਂ ਕਰ ਸਕੀ ਹੈ। ਸੂਬਾ ਸਰਕਾਰ ਸਿਰ ਕਰਜ਼ੇ ਦਾ ਭਾਰ 31 ਮਾਰਚ ਤੱਕ 1 ਲੱਖ 95 ਹਜ਼ਾਰ ਕਰੋੜ ਰੁਪਏ ਤੱਕ ਅੱਪੜ ਜਾਵੇਗਾ। ਕਾਂਗਰਸ ਵੱਲੋਂ ਸੱਤਾ ਹਥਿਆਉਣ ਲਈ ਲੋਕਾਂ ਨਾਲ ਕੀਤੇ ਗਏ ਵਾਅਦੇ ਅਜੇ ਪੂਰੇ ਨਹੀਂ ਹੋਏ ਹਨ ਅਤੇ ਉਨ੍ਹਾਂ ਲਈ ਲੋੜੀਂਦਾ ਪੈਸਾ ਜੁਟਾਉਣ ਦਾ ਵੱਡਾ ਸੰਕਟ ਖੜ੍ਹਾ ਹੋਇਆ ਪਿਆ ਹੈ।

## ਅੰਤਿਮ ਤਿੰਨ ਮਹੀਨੇ ਰਹੇ ਵੱਡੀ ਚੁਣੌਤੀ

ਪੰਜਾਬ ਸਰਕਾਰ ਲਈ ਚਲੰਤ ਮਾਲੀ ਸਾਲ ਦੇ ਅੰਤਿਮ ਤਿੰਨ ਮਹੀਨੇ ਵਿੱਤੀ ਪੱਖੋਂ ਵੱਡੀ ਚੁਣੌਤੀ ਬਣ ਗਏ ਹਨ। ਇਨ੍ਹਾਂ ਤਿੰਨ ਮਹੀਨਿਆਂ ਦੌਰਾਨ ਸਰਕਾਰੀ ਖਰਚਿਆਂ ਅਤੇ ਕਰਜ਼ੇ ਦੀਆਂ ਅਦਾਇਗੀਆਂ ਦੀ ਪੰਡ ਹੀ ਇੰਨੀ ਭਾਰੀ ਹੋ ਗਈ ਹੈ ਕਿ ਕਰਜ਼ਾ ਚੁੱਕ ਕੇ ਵੀ ਗੁਜ਼ਾਰਾ ਕਰਨਾ ਅਸੰਭਵ ਬਣਦਾ ਜਾ ਰਿਹਾ ਹੈ। ਜਨਵਰੀ, ਫਰਵਰੀ ਅਤੇ ਮਾਰਚ ਮਹੀਨਿਆਂ ਦੌਰਾਨ ਕਰਜ਼ੇ ਦੀਆਂ ਦੇਣਦਾਰੀਆਂ ਦਾ ਭਾਰ 6400 ਕਰੋੜ ਦੇ ਕਰੀਬ ਹੈ ਜਦੋਂ ਕਿ ਕਰਜ਼ਾ ਸਿਰਫ 2700 ਕਰੋੜ ਰੁਪਏ ਹੀ ਚੁੱਕਿਆ ਜਾ ਸਕਦਾ ਹੈ। ਵਿੱਤੀ ਤੰਗੀ ਦੇ ਚਲਦਿਆਂ ਖਜ਼ਾਨਿਆਂ 'ਚ ਬਿੱਲ ਅਟਕੇ ਪਏ ਹਨ ਅਤੇ ਸਰਕਾਰ ਨੇ 6200 ਕਰੋੜ ਰੁਪਏ ਦਾ ਭੁਗਤਾਨ ਕਰਨਾ ਹੈ।

# ਖੇਤੀ ਤਰਜੀਹਾਂ ਬਾਰੇ ਪੰਜਾਬ ਸਰਕਾਰ ਦੀ ਮੋਦੀ ਨੂੰ ਸਲਾਹ

**ਨਵੀਂ ਦਿੱਲੀ:** ਪੰਜਾਬ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਖੇਤੀਬਾੜੀ ਦੇ ਖੇਤਰ ਵਿਚ ਤਰਜੀਹਾਂ ਨਿਰਧਾਰਤ ਕਰਨ ਲਈ ਰਾਜਾਂ ਨੂੰ ਵਧੇਰੇ ਸੰਭਾਵਨਾਵਾਂ ਮੁਹੱਈਆ ਕਰਵਾਉਣ ਲਈ ਕੇਂਦਰ ਸਰਕਾਰ ਨੂੰ 90:10 ਫੰਡਿੰਗ ਦੇ ਅਨੁਪਾਤ



ਵਾਲੀ ਰਾਸ਼ਟਰੀ ਖੇਤੀ ਵਿਕਾਸ ਯੋਜਨਾ (ਆਰ.ਕੇ.ਵੀ.ਵਾਈ) ਮੁੜ ਬਹਾਲ ਕਰਨ ਦਾ ਸੱਦਾ ਦਿੱਤਾ ਤੇ ਪੰਜਾਬ ਦੀ ਤਰਜ਼ ਉਤੇ ਇਕ ਸਰਬ ਭਾਰਤੀ ਖੇਤੀ ਕਰਜ਼ਾ ਮੁਆਫੀ ਯੋਜਨਾ ਸ਼ੁਰੂ ਕਰਨ ਦੀ ਸਲਾਹ ਦਿੱਤੀ।

ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਵੱਲੋਂ ਰਾਜਾਂ ਦੇ ਵਿੱਤ ਮੰਤਰੀਆਂ ਨਾਲ ਕੀਤੀ ਗਈ 2018-19 ਬਜਟ ਅਗਾਊਂ ਮੀਟਿੰਗ 'ਚ ਹਿੱਸਾ ਲੈਣ ਦੌਰਾਨ ਮਨਪ੍ਰੀਤ ਸਿੰਘ ਬਾਦਲ ਨੇ ਇਹ ਮੰਗਾਂ ਉਠਾਈਆਂ। ਬਾਦਲ ਨੇ ਕੇਂਦਰ ਅਤੇ ਰਾਜਾਂ ਦਰਮਿਆਨ ਨਜ਼ਦੀਕੀ ਤਾਲਮੇਲ ਦੀ ਲੋੜ ਉਤੇ ਵੀ ਜ਼ੋਰ ਦਿੱਤਾ। ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਉਤਸਵ ਨੂੰ ਮਨਾਉਣ ਲਈ ਵਿੱਤ ਮੰਤਰੀ ਨੇ ਕੇਂਦਰ ਸਰਕਾਰ ਨੂੰ ਬੇਨਤੀ ਕੀਤੀ ਕਿ ਇਸ ਕਾਰਜ ਲਈ ਰਾਜ ਸਰਕਾਰ ਨੂੰ 500 ਕਰੋੜ ਰੁਪਏ ਦੀ ਵਿਸ਼ੇਸ਼ ਗ੍ਰਾਂਟ ਦੇਣ ਤੋਂ ਇਲਾਵਾ 550 ਸਾਲਾ ਸਮਾਗਮ ਨੂੰ ਵਧੀਆ ਢੰਗ ਨਾਲ ਮਨਾਉਣ ਲਈ ਅਕਾਦਮਿਕ, ਖੋਜ ਅਤੇ ਅਜਾਇਬ ਘਰ ਵਰਗੇ ਪ੍ਰੋਜੈਕਟਾਂ ਲਈ 100 ਕਰੋੜ ਰੁਪਏ ਵੱਖਰੇ ਤੌਰ ਉਤੇ ਮੁਹੱਈਆ ਕਰਵਾਏ।

ਪਾਕਿਸਤਾਨ ਨਾਲ ਲੱਗਦੀਆਂ ਰਾਜ ਦੀਆਂ ਕੁਦਰਤੀ ਹੱਦਾਂ ਉਤੇ ਚਿੰਤਾ ਪ੍ਰਗਟ ਕਰਦਿਆਂ ਸੂਬੇ ਦੇ ਵਿੱਤ ਮੰਤਰੀ ਨੇ ਜ਼ੋਰ ਦੇ ਕੇ ਕਿਹਾ ਕਿ ਭਾਰਤ ਸਰਕਾਰ ਸਰਹੱਦੀ ਨਹਿਰਾਂ ਤੇ ਦਰਿਆਵਾਂ ਰਾਹੀਂ ਹੋਣ ਵਾਲੀਆਂ ਦਹਿਸ਼ਤਗਰਦੀ ਗਤੀਵਿਧੀਆਂ ਦਾ ਮੁਕਾਬਲਾ ਕਰਨ ਲਈ ਪੁਲਿਸ ਨੂੰ ਆਧੁਨਿਕ ਤਕਨੀਕਾਂ ਅਤੇ ਸਾਜੋ-ਸਾਮਾਨ ਖਰੀਦ ਕੇ ਦੇਣ ਵਾਸਤੇ ਰਾਜ ਸਰਕਾਰ ਨੂੰ ਵਿਸ਼ੇਸ਼ ਪੈਕੇਜ ਮੁਹੱਈਆ ਕਰੇ।

ਆਰ.ਕੇ.ਵੀ.ਵਾਈ ਦੇ ਅਨੁਪਾਤ ਨੂੰ ਮੁੜ 60:40 ਤੋਂ 90:10 ਤੱਕ ਵਧਾਉਣ ਨਾਲ ਨਾ ਸਿਰਫ ਖੇਤੀਬਾੜੀ ਬੁਨਿਆਦੀ ਢਾਂਚੇ ਅਤੇ ਖੇਤੀ ਵਿਭਿੰਨਤਾ ਨੂੰ ਹੁਲਾਰਾ ਦੇਣ 'ਚ ਮਦਦ ਮਿਲੇਗੀ ਸਗੋਂ 2022 ਤੱਕ ਖੇਤੀ ਖੇਤਰ ਦੀ ਆਮਦਨੀ ਦੁੱਗਣੀ ਕਰਨ ਦੇ ਭਾਰਤ ਸਰਕਾਰ (ਭਾਰਤ ਸਰਕਾਰ) ਦੇ ਟੀਚੇ ਨੂੰ ਪ੍ਰਾਪਤ ਕਰਨ ਵਿਚ ਵੀ ਮਦਦ ਮਿਲੇਗੀ।

## ਭਾਰਤ ਨੂੰ ਆਸਟਰੇਲੀਆ ਗਰੁਪ 'ਚ ਮਿਲਿਆ ਦਾਖਲਾ

**ਨਵੀਂ ਦਿੱਲੀ:** ਭਾਰਤ ਨੂੰ ਪਰਮਾਣੂ ਅਪਸਾਰ ਗੁੱਟ ਆਸਟਰੇਲੀਆ ਗਰੁਪ (ਏ.ਜੀ.) ਵਿਚ ਦਾਖਲਾ ਮਿਲ ਗਿਆ। ਇਹ ਗੁੱਟ ਪਰਮਾਣੂ ਬਾਲਣ ਦੀਆਂ ਬਰਾਮਦਾਂ ਰਸਾਇਣਕ ਜਾਂ ਜੈਵਿਕ ਹਥਿਆਰਾਂ ਲਈ ਨਾ ਵਰਤੇ ਜਾਣ ਨੂੰ ਯਕੀਨੀ ਬਣਾਉਂਦਾ ਹੈ। ਮਿਜ਼ਾਈਲ ਤਕਨੀਕ ਕੰਟਰੋਲ ਪ੍ਰਬੰਧ (ਐਮ.ਟੀ.ਸੀ.ਆਰ.) ਤੇ ਦਿ ਵਾਸੇਨਾਰ ਪ੍ਰਬੰਧ (ਡਬਲਿਊਏ) ਮਗਰੋਂ ਪਰਮਾਣੂ ਈਂਧਣ ਦੀਆਂ ਬਰਾਮਦਾਂ ਉਤੇ ਕੰਟਰੋਲ ਰੱਖਣ ਵਾਲੀਆਂ ਤਿੰਨ ਪ੍ਰਮੁੱਖ ਜਥੇਬੰਦੀਆਂ ਦੀ ਮੈਂਬਰੀ ਮਿਲਣ ਨਾਲ ਭਾਰਤ ਲਈ 48 ਮੈਂਬਰੀ ਪਰਮਾਣੂ ਸਪਲਾਇਰ ਗਰੁਪ (ਐਨ.ਐਸ.ਜੀ.) ਵਿਚ ਦਾਖਲੇ ਲਈ ਰਾਹ ਸੁਖਾਲਾ ਹੋ ਜਾਏਗਾ।

ਹਾਲ ਦੀ ਘੜੀ ਚੀਨ ਵੱਲੋਂ ਪਾਕਿਸਤਾਨ ਦੇ ਇਸ਼ਾਰੇ ਉਤੇ ਭਾਰਤ ਦੇ ਰਾਹ ਵਿਚ ਅੜਿੱਕਾ ਡਾਹਿਆ ਜਾ ਰਿਹਾ। ਯਾਦ ਰਹੇ ਕਿ ਚੀਨ ਐਮ.ਟੀ.ਸੀ.ਆਰ., ਡਬਲਿਊ.ਏ. ਤੇ ਏ.ਜੀ. ਵਿਚੋਂ ਕਿਸੇ ਦਾ ਵੀ ਮੈਂਬਰ ਨਹੀਂ ਹੈ। ਏਜੀ ਨੇ ਕਿਹਾ ਕਿ ਭਾਰਤ 19 ਜਨਵਰੀ 2018 ਤੋਂ ਰਸਮੀ ਤੌਰ 'ਤੇ 43 ਮੈਂਬਰੀ ਆਸਟਰੇਲੀਆ ਗਰੁਪ (ਏਜੀ) ਦਾ ਮੈਂਬਰ ਬਣ ਗਿਆ ਹੈ।

# ਡੇਰਾ ਪ੍ਰੇਮੀਆਂ ਨੇ ਪੰਚਕੂਲਾ 'ਚ ਕੀਤਾ 10 ਕਰੋੜ ਦਾ ਨੁਕਸਾਨ

**ਚੰਡੀਗੜ੍ਹ:** ਡੇਰਾ ਸਿਰਸਾ ਮੁਖੀ ਰਾਮ ਰਹੀਮ ਨੂੰ ਸਾਧਵੀਆ ਨਾਲ ਜਬਰ ਜਨਾਹ ਦੇ ਦੋਸ਼ ਵਿਚ ਪਿਛਲੇ ਸਾਲ ਪੰਚਕੂਲਾ ਦੀ ਸੀ.ਬੀ.ਆਈ. ਅਦਾਲਤ ਵੱਲੋਂ ਸਜ਼ਾ ਸੁਣਾਏ ਜਾਣ ਉਪਰੰਤ ਪੰਜਾਬ ਅਤੇ ਹਰਿਆਣਾ ਵਿਚ ਹੋਈ ਹਿੰਸਾ ਦੌਰਾਨ ਹੋਏ ਨੁਕਸਾਨ ਦੀ ਰਿਪੋਰਟ ਹਰਿਆਣਾ ਸਰਕਾਰ ਨੇ ਅਦਾਲਤ ਅੱਗੇ ਪੇਸ਼ ਕਰ ਦਿੱਤੀ ਹੈ। ਇਸ ਦੌਰਾਨ ਸਾਹਮਣੇ ਆਇਆ ਕਿ ਸਭ ਤੋਂ ਵੱਧ 10 ਕਰੋੜ 48 ਲੱਖ 1283 ਰੁਪਏ ਦਾ ਨੁਕਸਾਨ ਇਕੱਲੇ ਪੰਚਕੂਲਾ ਵਿਚ ਹੋਇਆ। ਉਂਜ ਜਾਇਦਾਦਾਂ ਦਾ ਕੁੱਲ ਨੁਕਸਾਨ 18 ਕਰੋੜ 29 ਲੱਖ 37 ਹਜ਼ਾਰ 973 ਰੁਪਏ ਦਾ ਹੋਇਆ ਤੇ 80 ਕਰੋੜ 57 ਲੱਖ 63 ਹਜ਼ਾਰ 58 ਰੁਪਏ ਦੇ ਮਾਲੀਏ ਦਾ ਘਾਟਾ ਪਿਆ ਤੇ ਹਿੰਸਾ ਰੋਕਣ ਲਈ ਸੇਵਾਵਾਂ 'ਤੇ ਕੁੱਲ ਖਰਚ 20 ਕਰੋੜ 9 ਲੱਖ 33 ਹਜ਼ਾਰ 824 ਰੁਪਏ ਆਇਆ।



ਨੈਸ਼ਨਲ ਹਾਈਵੇ ਅਥਾਰਿਟੀ ਨੂੰ ਕੁੱਲ 1 ਕਰੋੜ 86 ਲੱਖ 130 ਰੁਪਏ ਦਾ ਨੁਕਸਾਨ ਹੋਇਆ ਜਦੋਂਕਿ ਹਰਿਆਣਾ ਰੋਡਵੇਜ਼ ਨੂੰ 13 ਕਰੋੜ 91 ਲੱਖ 26 ਹਜ਼ਾਰ ਰੁਪਏ ਦਾ ਨੁਕਸਾਨ ਝੱਲਣਾ ਪਿਆ। ਜ਼ਿਕਰਯੋਗ ਹੈ ਕਿ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਡੇਰੇ ਦੀਆਂ ਜਾਇਦਾਦਾਂ ਜ਼ਬਤ ਕੀਤੀਆਂ ਹੋਈਆਂ ਹਨ। ਮਸਲਨ ਇਹ ਜਾਇਦਾਦਾਂ ਵੇਚੀਆਂ ਨਹੀਂ ਜਾ ਸਕਣਗੀਆਂ ਤੇ ਨਾ ਹੀ ਕਿਸੇ ਹੋਰ ਦੇ ਨਾਂ ਤਬਦੀਲ ਕੀਤੀਆਂ ਜਾ ਸਕਣਗੀਆਂ।

ਹਾਈ ਕੋਰਟ ਨੇ ਇਹ ਜਾਇਦਾਦਾਂ ਇਸ ਉਦੇਸ਼ ਨਾਲ ਜ਼ਬਤ ਕੀਤੀਆਂ ਸਨ ਤਾਂ ਕਿ ਨੁਕਸਾਨ ਦਾ ਮੁਲੰਕਣ ਕੀਤਾ ਜਾ ਸਕੇ। ਅਜੇ ਇਹ ਫੈਸਲਾ ਲਿਆ ਜਾਣਾ ਬਾਕੀ ਹੈ ਕਿ ਕੀ ਇਹ ਨੁਕਸਾਨ ਤੇ ਖਰਚ ਡੇਰੇ ਤੋਂ ਵਸੂਲਿਆ ਜਾਵੇਗਾ ਜਾਂ ਨਹੀਂ, ਕਿਉਂਕਿ ਹਾਈ ਕੋਰਟ ਨੇ ਹਿੰਸਾ ਪਿੱਛੇ ਦੋਸ਼ੀਆਂ ਦੀ ਭਾਲ ਬਾਰੇ ਜਾਂਚ ਖੋਲ੍ਹੀ ਹੋਈ ਹੈ, ਜਿਸ ਦੌਰਾਨ ਇਹ ਪੁੱਛਿਆ ਗਿਆ ਸੀ ਕਿ ਕੀ ਹਿੰਸਾ ਫੈਲਾਉਣ ਪਿੱਛੇ ਡੇਰੇ ਦਾ ਹੱਥ ਸੀ ਜਾਂ ਨਹੀਂ?

ਉਧਰ, ਪੰਜਾਬ ਅਤੇ ਹਰਿਆਣਾ ਹਾਈ ਕੋਰਟ ਈ.ਡੀ. ਵੱਲੋਂ ਡੇਰਾ ਸਿਰਸਾ ਦੇ ਆਮਦਨ ਸਰੋਤਾਂ ਦੀ ਜਾਂਚ ਤੋਂ ਅਸੰਤੁਸ਼ਟ ਦਿਖਾਈ ਦਿੱਤਾ ਸੀ। ਪਿਛਲੀ ਸੁਣਵਾਈ ਉਤੇ ਬੈਂਚ ਨੇ ਕਿਹਾ ਸੀ ਕਿ ਡੇਰੇ ਦੀਆਂ ਕੰਪਨੀਆਂ ਦੀ ਜਾਂਚ ਕਿਉਂ ਨਾ ਸੀ.ਬੀ.ਆਈ. ਦੀ ਆਰਥਿਕ ਅਪਰਾਧ ਸ਼ਾਖਾ ਕੋਲੋਂ ਕਰਵਾਈ ਜਾਵੇ। ਦਰਅਸਲ, ਹਾਈ ਕੋਰਟ ਨੇ ਡੇਰੇ ਦੀ ਆਮਦਨ ਦੇ ਸਰੋਤਾਂ ਦੀ ਜਾਂਚ ਲਈ ਈ.ਡੀ. ਅਤੇ ਆਮਦਨ ਕਰ ਵਿਭਾਗ ਨੂੰ ਹਦਾਇਤ ਕੀਤੀ ਸੀ ਤੇ ਪਿਛਲੀ ਸੁਣਵਾਈ ਦੌਰਾਨ ਰਿਪੋਰਟ ਪੇਸ਼ ਕੀਤੀ ਪਰ ਹਾਈ ਕੋਰਟ ਇਸ ਰਿਪੋਰਟ ਤੋਂ ਸੰਤੁਸ਼ਟ ਨਹੀਂ ਸੀ। ਸੁਣਵਾਈ ਦੌਰਾਨ ਹਰਿਆਣਾ ਸਰਕਾਰ ਨੂੰ ਵੀ ਚੰਗੀ ਝਾੜ ਪਈ ਸੀ।

ਪੁਲਿਸ ਦੀ ਐਸ.ਆਈ.ਟੀ. ਦੀ ਕਾਰਗੁਜ਼ਾਰੀ ਉਤੇ ਹਾਈ ਕੋਰਟ ਨੇ ਪੁੱਛਿਆ ਕਿ ਆਖਰ ਅਜੇ ਤੱਕ ਅਦਿੱਤਿਆ ਇੰਸਾਂ ਕਿਉਂ ਨਹੀਂ ਫੜਿਆ ਗਿਆ? ਬੈਂਚ ਨੇ ਇਹ ਵੀ ਪੁੱਛਿਆ ਸੀ ਕਿ ਡੇਰੇ ਦੀ ਜਾਂਚ ਦੌਰਾਨ ਕੁਝ ਵੀ ਕਿਉਂ ਨਹੀਂ ਮਿਲ ਸਕਿਆ? ਹਾਈ ਕੋਰਟ ਨੇ ਕੋਰਟ ਕਮਿਸ਼ਨਰ ਨੂੰ ਵੀ ਹੋਰ ਰਿਪੋਰਟ ਪੇਸ਼ ਕਰਨ ਦੀ ਹਦਾਇਤ ਕੀਤੀ ਸੀ।

# ਹਵਾ ਪ੍ਰਦੂਸ਼ਣ ਨੇ ਜਕੜਿਆ ਪੰਜਾਬ

**ਪਟਿਆਲਾ:** ਹਵਾ ਪ੍ਰਦੂਸ਼ਣ ਬਾਰੇ ਪੰਜਾਬ ਵਿਚ ਹਾਲਾਤ ਦਿਨ ਬ ਦਿਨ ਮਾੜੇ ਹੁੰਦੇ ਜਾ ਰਹੇ ਹਨ, ਇਸ ਦੇ ਬਾਵਜੂਦ ਇਸ ਸਮੱਸਿਆ ਦੇ ਹੱਲ ਲਈ ਸਰਕਾਰ ਤੇ ਆਮ ਲੋਕ ਗੰਭੀਰ ਨਹੀਂ ਹਨ। ਰੁੱਖਾਂ ਦੀ ਕਟਾਈ ਇਸ ਦੀ ਸਭ ਤੋਂ ਵੱਡੀ ਮਿਸਾਲ



ਹੈ। ਪੰਜਾਬ ਦੀ ਧਰਤੀ ਉਤੇ ਜੰਗਲਾਤ ਖੇਤਰ 7 ਫੀਸਦੀ ਤੋਂ ਵੀ ਘਟ ਗਿਆ ਹੈ, ਜੋ ਇਸ ਵੇਲੇ ਸਭ ਤੋਂ ਵੱਧ ਚਿੰਤਾ ਦਾ ਵਿਸ਼ਾ ਹੈ। ਜੇਕਰ ਪ੍ਰਦੂਸ਼ਣ ਰੋਕਥਾਮ ਬੋਰਡ ਦੇ ਅੰਕੜਿਆਂ 'ਤੇ ਝਾਤੀ ਮਾਰੀ ਜਾਵੇ ਤਾਂ ਰਾਜ ਦਾ ਕੋਈ ਸ਼ਹਿਰ ਅਜਿਹਾ ਨਹੀਂ ਜਿਥੇ ਹਵਾ ਸ਼ੁੱਧ ਹੋਵੇ ਅਤੇ ਇਹ ਨਿਯਮਤ ਅੰਕੜੇ ਤੋਂ ਹੇਠਾਂ ਹੀ ਹੋਵੇ।

ਸਿਫਤੀ ਦੇ ਸ਼ਹਿਰ ਅੰਮ੍ਰਿਤਸਰ ਦੀ ਜੇ ਹਵਾ ਦਾ ਅੰਕੜਾ ਦੇਖਿਆ ਜਾਵੇ ਤਾਂ ਇਥੇ ਸਾਲ 2016 'ਚ ਪ੍ਰਦੂਸ਼ਣ 232 ਮਾਈਕਰੋ ਗਰਾਮ ਪ੍ਰਤੀ ਘਣ ਮੀਟਰ ਸੀ, ਜਦਕਿ ਸਾਲ 2017 'ਚ ਇਹ ਮਾਤਰਾ ਘਟ ਕੇ 189 ਮਾਈਕਰੋ ਗਰਾਮ ਪ੍ਰਤੀ ਘਣਮੀਟਰ ਉਤੇ ਪਹੁੰਚੀ ਹੈ, ਪਰ ਨਿਰਧਾਰਤ ਅੰਕੜੇ ਤੋਂ ਫਿਰ ਵੀ ਉਪਰ ਹੈ, ਜਿਸ ਨੂੰ ਦੂਸ਼ਿਤ ਦਾ ਦਰਜਾ ਦਿੱਤਾ ਗਿਆ ਹੈ। ਅੰਮ੍ਰਿਤਸਰ ਦੀ ਹਵਾ ਦਾ ਇਹ ਅੰਕੜਾ ਰਾਜ ਦੇ ਸ਼ਹਿਰਾਂ ਦਾ ਸਭ ਤੋਂ ਉਪਰਾਲਾ ਅੰਕੜਾ ਹੈ।

ਪਟਿਆਲਾ ਦਾ ਅੰਕੜਾ ਵੀ 107 ਤੋਂ ਘਟ ਕੇ 101 'ਤੇ ਆ ਤਾਂ ਗਿਆ ਹੈ, ਪਰ ਨਿਯਮਤ ਅੰਕੜੇ ਤੋਂ ਫਿਰ ਵੀ ਵੱਧ ਹੈ। ਜੇਕਰ ਹੋਰਨਾਂ ਸ਼ਹਿਰਾਂ ਉਤੇ ਝਾਤ ਮਾਰੀ ਜਾਵੇ ਤਾਂ ਜਲੰਧਰ ਦਾ ਅੰਕੜਾ ਸਾਲ 2017 'ਚ 143 ਮਾਈਕਰੋ ਗਰਾਮ ਪ੍ਰਤੀ ਘਣਮੀਟਰ ਮਾਪਿਆ ਗਿਆ ਹੈ ਜਦਕਿ ਸਾਲ 2016 'ਚ ਇਹ 172 ਸੀ। ਇਸ ਤੋਂ ਇਲਾਵਾ ਦੋ ਸ਼ਹਿਰ ਅਜਿਹੇ ਹਨ, ਜਿਥੇ ਹਵਾ ਪ੍ਰਦੂਸ਼ਣ ਵਧਿਆ ਹੈ , ਉਨ੍ਹਾਂ 'ਚ ਡੇਰਾ ਬਾਬਾ ਨਾਨਕ ਵਿਚ ਅੰਕੜਾ 95 ਤੋਂ ਵਧ ਕੇ 100 ਅਤੇ ਖੰਨਾ ਸ਼ਹਿਰ ਦਾ ਅੰਕੜਾ ਵੀ 114 ਤੋਂ ਵਧ ਕੇ 121 ਮਾਈਕਰੋ ਗਰਾਮ ਪ੍ਰਤੀ ਘਣ ਮੀਟਰ ਹੋ ਗਿਆ ਹੈ।

ਅੰਮ੍ਰਿਤਸਰ ਸੂਬੇ ਦਾ ਉਹ ਸ਼ਹਿਰ ਹੈ ਜੋ ਜਿਥੇ ਵਿਸ਼ਵ ਭਰ ਤੋਂ ਲੱਖਾਂ ਦੀ ਗਿਣਤੀ 'ਚ ਸ਼ਰਧਾਲੂ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਣ ਆਉਂਦੇ ਹਨ। ਮੰਨਿਆ ਇਹ ਜਾ ਰਿਹਾ ਹੈ ਕਿ ਵਾਹਨਾਂ ਦੇ ਸ਼ਹਿਰ ਅੰਦਰ ਵੱਧ ਆਉਣ ਕਰ ਕੇ ਹੀ ਹਵਾ ਦੇ ਪ੍ਰਦੂਸ਼ਣ ਦਾ ਅੰਕੜਾ ਵਧਿਆ ਹੈ।

## ਭਾਰਤ 'ਚ 73% ਪੂੰਜੀ ਇਕ ਫੀਸਦੀ ਵਰਗ ਕੋਲ

**ਨਵੀਂ ਦਿੱਲੀ:** ਭਾਰਤ ਦੀ ਕੁੱਲ ਆਬਾਦੀ 1.3 ਅਰਬ ਹੈ ਤੇ ਇਨ੍ਹਾਂ ਵਿਚ ਅਮੀਰਾਂ ਦੀ ਗਿਣਤੀ ਮਹਿਜ਼ ਇਕ ਫੀਸਦੀ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਇਹ ਇਕ ਫੀਸਦੀ ਵਰਗ ਹੀ ਕੁੱਲ ਪੂੰਜੀ ਦਾ 73 ਫੀਸਦੀ ਸਾਂਭੀ ਬੈਠਾ ਹੈ। ਗਰੀਬ ਗੁਰਬੇ ਦੀ ਗੱਲ ਕਰੀਏ ਤਾਂ ਅੱਧੇ ਨਾਲੋਂ ਵੱਧ ਭਾਰਤੀ ਲਗਭਗ 67 ਕਰੋੜ ਲੋਕਾਂ ਦੀ ਪੂੰਜੀ ਵਿਚ ਮਹਿਜ਼ ਇਕ ਫੀਸਦੀ ਦਾ ਵਾਧਾ ਹੋਇਆ ਹੈ। ਇਹ ਦਾਅਵਾ ਓਕਸਫੈਮ ਨੇ ਇਕ ਰਿਪੋਰਟ ਵਿਚ ਕੀਤਾ ਹੈ।

ਓਕਸਫੈਮ ਇੰਡੀਆ ਦੀ ਸੀ.ਈ.ਓ. ਨਿਸ਼ਾ ਅਗਰਵਾਲ ਨੇ ਕਿਹਾ ਕਿ ਆਰਥਿਕ ਵਿਕਾਸ ਦਾ ਲਾਹਾ ਕੁਝ ਮੁੱਠੀ ਭਰ ਲੋਕਾਂ ਹੱਥ ਜਾਣਾ ਚਿੰਤਾਜਨਕ ਹੈ। ਅਰਬਪਤੀਆਂ ਦੀ ਪੂੰਜੀ ਦਾ ਲਗਾਤਾਰ ਉਤਾਂਹ ਚੜ੍ਹਨਾ ਸੰਪੰਨ ਅਰਥਚਾਰੇ ਦਾ ਨਹੀਂ, ਬਲਕਿ ਆਰਥਿਕ ਪ੍ਰਬੰਧ ਦੇ ਢਹਿੰਦੀਆਂ ਕਲਾ ਵਿਚ ਜਾਣ ਦਾ ਸੰਕੇਤ ਹੈ। ਅਮੀਰ ਤੇ ਗਰੀਬ 'ਚ ਵਧਦਾ ਪਾੜਾ ਜਿਥੇ ਜਮਹੂਰੀਅਤ ਨੂੰ ਛੁਟਿਆਉਂਦਾ ਹੈ, ਉਥੇ ਭ੍ਰਿਸ਼ਟਾਚਾਰ ਤੇ ਪੂੰਜੀਵਾਦ ਨੂੰ ਵਧਾਉਂਦਾ ਹੈ। ਰਿਪੋਰਟ 'ਚ ਅੱਗੇ ਕਿਹਾ ਗਿਆ ਹੈ ਕਿ ਪਿਛਲੇ ਇਕ ਸਾਲ ਵਿਚ ਅਰਬ ਪਤੀਆਂ ਦੀ ਸੂਚੀ ਵਿਚ 17 ਨਵੇਂ ਨਾਂ ਜੁੜਨ ਨਾਲ ਇਹ ਅੰਕੜਾ 101 ਨੂੰ ਪੁੱਜ ਗਿਆ ਹੈ।

## ਅਦਾਲਤਾਂ ਵਿਚ 'ਹਾਜ਼ਰ ਹੋ' ਦੇ ਹੋਕੇ ਵਾਲੀ ਰੀਤ ਹੋਵੇਗੀ ਖਤਮ

**ਫਰੀਦਕੋਟ:** ਅਦਾਲਤਾਂ ਦੇ ਬਾਹਰ ਆਪਣੇ ਕੇਸਾਂ ਦੀ ਸੁਣਵਾਈ ਲਈ ਆਈਆਂ ਪਾਰਟੀਆਂ ਨੂੰ ਬੁਲਾਉਣ ਲਈ ਹੁਣ ਅਰਦਲੀ ਵੱਲੋਂ 'ਹਾਜ਼ਰ ਹੋ' ਕਹਿ ਕੇ ਆਵਾਜ਼ ਮਾਰਨ ਦਾ ਚਲਨ ਖਤਮ ਹੋਣ ਜਾ ਰਿਹਾ ਹੈ। ਅਦਾਲਤਾਂ 'ਚ ਅਰਦਲੀਆਂ ਰਾਹੀਂ ਪਾਰਟੀਆਂ ਨੂੰ ਆਵਾਜ਼ਾਂ ਮਾਰਨ ਦੀ ਥਾਂ ਹੁਣ ਜੱਜ ਦੇ ਨਾਲ ਬੈਠਾ ਰੀਡਰ ਸਪੀਕਰ 'ਚ ਪਾਰਟੀਆਂ ਦੇ ਨਾਂ ਬੋਲੇਗਾ ਅਤੇ ਅਦਾਲਤ ਦੇ ਬਾਹਰ ਬੈਠੀਆਂ ਪਾਰਟੀਆਂ ਇਸੇ ਸੂਚਨਾ ਦੇ ਆਧਾਰ ਉਤੇ ਅਦਾਲਤ ਵਿਚ ਹਾਜ਼ਰ ਹੋਣਗੀਆਂ।

ਜ਼ਿਲ੍ਹਾ ਫਰੀਦਕੋਟ ਦੀਆਂ ਅਦਾਲਤਾਂ 'ਚ ਸਪੀਕਰ ਲਾਉਣ ਦਾ ਕੰਮ ਮੁਕੰਮਲ ਹੋ ਗਿਆ ਹੈ। ਸਦੀ ਪੁਰਾਣੀ ਬਣੀ ਜ਼ਿਲ੍ਹਾ ਅਦਾਲਤਾਂ ਦੀ ਇਸ ਇਮਾਰਤ 'ਚ ਵੀ ਸਪੀਕਰ ਲਾਏ ਗਏ ਹਨ। ਹਰੇਕ ਰੀਡਰ ਨੂੰ ਇਕ ਵਿਸ਼ੇਸ਼ ਮਾਈਕ ਮੁਹੱਈਆ ਕਰਵਾਇਆ ਗਿਆ ਹੈ। ਪੰਜਾਬ ਤੇ ਹਰਿਆਣਾ ਹਾਈ ਕੋਰਟ ਦੀ ਨਿਗਰਾਨੀ ਹੇਠ ਪੰਜਾਬ ਭਰ ਦੇ ਸਾਰੇ ਜ਼ਿਲ੍ਹਿਆਂ ਵਿਚ 'ਪਬਲਿਕ ਅਡਰੈਸ ਸਿਸਟਮ' ਅਧੀਨ ਇਹ ਸਪੀਕਰ ਅਤੇ ਮਾਈਕ ਲਗਾਏ ਜਾ ਰਹੇ ਹਨ।

## ਜਬਰ ਜਨਾਹ ਦੇ ਦੋਸ਼ੀਆਂ ਨੂੰ 28 ਸਾਲ ਕੈਦ

**ਸ੍ਰੀ ਮੁਕਤਸਰ ਸਾਹਿਬ:** ਅਦਾਲਤ ਨੇ ਨਾਬਾਲਗ ਨਾਲ ਸਮੂਹਿਕ ਜਬਰ ਜਨਾਹ ਦੇ ਮਾਮਲੇ ਵਿਚ ਦੋ ਦੋਸ਼ੀਆਂ ਨੂੰ ਵੱਖ-ਵੱਖ ਜੁਰਮਾਂ ਅਧੀਨ 28-28 ਸਾਲ ਕੈਦ ਅਤੇ ਢਾਈ-ਢਾਈ ਲੱਖ ਰੁਪਏ ਜੁਰਮਾਨਾ ਕੀਤਾ ਹੈ।

ਪਿੰਡ ਗੁਰੂਸਰ ਜੋਧਾ ਦੇ ਮੁੱਖਪਾਲ ਨਾਮ ਦੇ ਲੜਕੇ ਨੇ ਨਾਬਾਲਗ ਲੜਕੀ ਨਾਲ ਉਸ ਦੇ ਘਰ ਵਿਚ ਦਾਖਲ ਹੋ ਕੇ ਜਬਰ ਜਨਾਹ ਕੀਤਾ ਅਤੇ ਜਾਨੋਂ ਮਾਰਨ ਦੀ ਧਮਕੀ ਵੀ ਦਿੱਤੀ। ਅਗਲੇ ਦਿਨ ਫੇਰ ਮੁੱਖਪਾਲ ਸਿੰਘ ਆਪਣੇ ਸਾਥੀ ਕੇਵਲ ਚੌਹਾਨ ਨਾਲ ਮੁੜ ਲੜਕੀ ਦੇ ਘਰ ਗਿਆ ਅਤੇ ਦੋਹਾਂ ਨੇ ਲੜਕੀ ਨਾਲ ਜਬਰ ਜਨਾਹ ਕੀਤਾ। ਬਾਅਦ ਵਿਚ ਇਹ ਮਾਮਲਾ ਪੁਲਿਸ ਦੇ ਧਿਆਨ ਵਿਚ ਆਇਆ ਤੇ ਕੇਸ ਦਰਜ ਕਰ ਲਿਆ। ਅਦਾਲਤ ਨੇ ਮੁੱਖਪਾਲ ਸਿੰਘ ਅਤੇ ਕੇਵਲ ਨੂੰ ਦੋਸ਼ੀ ਕਰਾਰ ਦਿੰਦਿਆਂ ਸਜ਼ਾ ਸੁਣਾਈ।

## ਮਾਂ ਵੱਲੋਂ 14 ਸਾਲਾ ਪੁੱਤ ਦੀ ਹੱਤਿਆ

**ਕੋਲਮ (ਕੇਰਲ):** ਕੇਰਲ ਵਿਚ ਮਾਂ ਨੇ ਆਪਣੇ 14 ਸਾਲਾ ਪੁੱਤ ਦੀ ਗਲਾ ਘੁੱਟ ਕੇ ਹੱਤਿਆ ਕਰ ਦਿੱਤੀ ਅਤੇ ਲਾਸ਼ ਨੂੰ ਅੱਗ ਲਾ ਦਿੱਤੀ। ਬਾਅਦ ਔਰਤ ਨੇ ਬੇਟੇ ਦੀ ਲਾਸ਼ ਨੂੰ ਘਰ ਦੇ ਪਿਛਲੇ ਪਾਸੇ ਸੁੱਟ ਦਿੱਤਾ।

ਇਹ ਮਾਮਲਾ ਰਾਜਧਾਨੀ ਤਿਰੂਵਨੰਤਪੁਰਮ ਤੋਂ ਤਕਰੀਬਨ 60 ਕਿਲੋਮੀਟਰ ਦੂਰ ਕੋਲਾਮ ਦਾ ਹੈ। ਅਗਲੇ ਦਿਨ ਔਰਤ ਆਪਣੇ ਪਤੀ ਨਾਲ ਪੁਲਿਸ ਥਾਣੇ ਗਈ ਅਤੇ ਬੇਟੇ ਦੇ ਲਾਪਤਾ ਹੋਣ ਦੀ ਰਿਪੋਰਟ ਦਰਜ ਕਰਵਾ ਦਿੱਤੀ। ਪੁਲਿਸ ਨੂੰ ਮਾਮਲੇ ਦੀ ਜਾਂਚ ਦੌਰਾਨ ਔਰਤ 'ਤੇ ਸ਼ੱਕ ਹੋ ਗਿਆ। ਔਰਤ ਤੋਂ ਪੁੱਛਿਆ ਗਿਆ ਕਿ ਉਸ ਦਾ ਹੱਥ ਕਿਵੇਂ ਸੜਿਆ ਤਾਂ ਉਹ ਕੋਈ ਜਵਾਬ ਨਾ ਦੇ ਸਕੀ। ਪੁਲਿਸ ਨੇ ਜਦੋਂ ਘਰ ਦੀ ਤਲਾਸ਼ੀ ਲਈ ਤਾਂ ਉਥੋਂ 200 ਮੀਟਰ ਦੂਰੀ 'ਤੇ ਲਾਸ਼ ਮਿਲ ਗਈ। ਔਰਤ ਨੇ ਆਪਣਾ ਅਪਰਾਧ ਕਬੂਲ ਲਿਆ। ਦੋਸ਼ੀ ਜਯਾ ਨੇ ਦੱਸਿਆ ਕਿ ਜਦੋਂ ਉਸ ਦੇ ਬੇਟੇ ਜੀਤੂ ਨੇ ਕਿਸੇ ਗੱਲ 'ਤੇ ਉਸ ਨੂੰ ਖਿਝਾਇਆ ਤਾਂ ਉਸ ਨੇ ਗੁੱਸੇ 'ਚ ਆ ਕੇ ਉਸ ਦੀ ਹੱਤਿਆ ਕਰ ਦਿੱਤੀ।

# ਕੈਪਟਨ ਸਰਕਾਰ ਨੇ ਵੀ ਨਾ ਲਈ ਭਾਸ਼ਾ ਵਿਭਾਗ ਦੀ ਸਾਰ

**ਪਟਿਆਲਾ:** ਪੰਜਾਬ ਵਿਚ ਕਾਂਗਰਸ ਸਰਕਾਰ ਬਣੀ ਨੂੰ ਭਾਵੇਂ ਗਿਆਰਾਂ ਮਹੀਨੇ ਹੋ ਗਏ ਹਨ, ਪਰ ਹਾਲੇ ਤੱਕ ਵੀ ਭਾਸ਼ਾ ਵਿਭਾਗ ਦੀ ਸਾਰ ਲੈਣੀ ਮੁਨਾਸਬ ਨਹੀਂ ਸਮਝੀ ਗਈ। ਅਜਿਹੇ ਵਿਚ ਵਿਭਾਗ ਨੂੰ ਆਪਣੀਆਂ ਚਾਲੂ ਵਿੱਤੀ ਸਾਲ ਦੀਆਂ ਖੋਜਾਂ ਤੇ ਹੋਰ ਵਿਕਾਸ ਸਕੀਮਾਂ ਲਈ ਨਵੇਂ ਸਾਲ ਦੇ ਬਜਟ ਸੈਸ਼ਨ ਤੋਂ ਹੀ ਉਮੀਦ ਬਚੀ ਹੈ। ਵਿੱਤੀ ਤੋਟ ਕਾਰਨ ਭਾਸ਼ਾ ਵਿਭਾਗ ਪਿਛਲੇ ਤਿੰਨ ਸਾਲਾਂ ਤੋਂ ਸ਼੍ਰੋਮਣੀ ਪੁਰਸਕਾਰ ਵੀ ਨਹੀਂ ਐਲਾਨ ਸਕਿਆ।

ਦੱਸਣਯੋਗ ਹੈ ਕਿ ਭਾਸ਼ਾ ਵਿਭਾਗ ਪੰਜਾਬ ਦੇ ਮੋਢਿਆਂ ਉਤੇ ਰਾਜ ਭਾਸ਼ਾ ਪੰਜਾਬੀ ਦੀ ਪ੍ਰਫੁੱਲਤਾ, ਵਿਕਾਸ ਤੇ ਪ੍ਰਚਾਰ ਦਾ ਜ਼ਿੰਮਾ ਹੈ। ਮਾਂ ਬੋਲੀ ਲਈ ਪ੍ਰਣਾਇਆ ਸੂਬੇ ਦਾ ਇਹ ਵੱਕਾਰੀ ਅਦਾਰਾ ਪਿਛਲੇ ਲੰਮੇ ਸਮੇਂ ਤੋਂ ਸਰਕਾਰਾਂ ਦੀ ਅਣਦੇਖੀ ਦਾ ਸ਼ਿਕਾਰ ਹੈ। ਭਾਸ਼ਾ ਵਿਭਾਗ ਖੋਜੀਆਂ ਤੋਂ ਸੱਖਣਾ ਹੋ ਰਿਹਾ ਹੈ, ਜਿਸ ਨਾਲ ਇਹ ਆਪਣੇ ਮੁੱਖ ਮੰਤਵ ਭਾਸ਼ਾਵਾਂ ਦੀ ਖੋਜ ਦੇ ਕਾਰਜ ਤੋਂ ਥਿੜਕ ਰਿਹਾ ਹੈ।

ਵਿਭਾਗ ਦੇ ਕੌਮੀ ਪੱਧਰ ਦੇ ਕਵੀ ਦਰਬਾਰ ਸਮਾਗਮ ਬੰਦ ਹੋ ਗਏ ਹਨ। ਵਰ੍ਹਿਆਂ ਤੋਂ ਪੰਜਾਬ ਤੋਂ ਬਾਹਰਲੇ ਹੋਣ ਵਾਲੇ ਸਾਹਿਤਕ ਸਮਾਗਮ ਠੱਪ ਪਏ ਹਨ। ਸਾਹਿਤ ਸਭਾਵਾਂ ਤੇ ਲੇਖਕਾਂ ਨੂੰ ਵਿੱਤੀ ਮਦਦ ਵਜੋਂ ਗ੍ਰਾਂਟਾਂ ਦੇਣ ਦਾ ਸਿਲਸਿਲਾ ਅਧਵਾਟੇ ਲਟਕਣ ਲੱਗਿਆ ਹੈ। ਕਈ ਸਾਲਾਂ ਤੋਂ ਨਵੀਆਂ ਕਿਤਾਬਾਂ ਦੀ ਛਪਾਈ ਬੰਦ ਪਈ ਹੈ। ਪੁਸਤਕਾਂ ਉਤੇ ਦਿੱਤੇ ਜਾਣ ਵਾਲੇ ਸਰਵੋਤਮ ਪੁਰਸਕਾਰਾਂ ਦਾ ਵੀ ਕੁਝ ਪਤਾ ਨਹੀਂ। ਵਿਭਾਗੀ ਰਸਾਲਿਆਂ ਦੀ ਪ੍ਰਕਾਸ਼ਨਾ ਮੂਧੇ ਮੂੰਹ ਡਿੱਗੀ ਪਈ ਹੈ। ਭਾਸ਼ਾਈ ਤੇ ਸੱਭਿਅਕ ਸਰਵੇ ਸਕੀਮ ਵੀ ਦਮ ਤੋੜ ਗਈ ਹੈ, ਜਦੋਂਕਿ ਪੁਸਤਕ ਪ੍ਰਦਰਸ਼ਨੀ ਦੀ ਰੀਤ ਵੀ ਆਖਰੀ ਸਾਹਾਂ ਉਤੇ ਹੈ।

ਵਿਭਾਗ ਵੱਲੋਂ ਹਰ ਸਾਲ ਦਿੱਤੇ ਜਾਣ ਵਾਲੇ ਸਰਵੋਤਮ ਸ਼੍ਰੋਮਣੀ ਪੁਰਸਕਾਰਾਂ ਨੂੰ ਵੀ ਪਿਛਲੇ ਤਿੰਨ ਸਾਲਾਂ ਤੋਂ ਬ੍ਰੇਕ ਲੱਗੀ ਹੋਈ ਹੈ ਤੇ ਹੁਣ ਪਹਿਲੀ ਜਨਵਰੀ 2018 ਤੋਂ ਪੁਰਸਕਾਰਾਂ ਦੀ ਪੱਛੜੀ ਸੂਚੀ ਚੌਥੇ ਸਾਲ ਨੂੰ ਵੀ ਢੁੱਕ ਗਈ ਹੈ। ਹੋਰ ਤਾਂ ਹੋਰ ਸਰਕਾਰ ਅਦਾਰੇ ਨੂੰ ਲੋੜੀਂਦੀਆਂ ਅਸਾਮੀਆਂ ਦੇਣ ਤੋਂ ਵੀ ਹੱਥ ਖਿੱਚ ਰਹੀ ਹੈ। ਇਕੱਤਰ ਵੇਰਵਿਆਂ ਮੁਤਾਬਕ ਖੋਜ ਅਫਸਰਾਂ ਦੀਆਂ 40 ਅਸਾਮੀਆਂ ਵਿਚੋਂ ਸਿਰਫ 13 ਰਹਿ ਗਈਆਂ ਹਨ। ਖੋਜ ਸਹਾਇਕਾਂ ਦੀ ਗਿਣਤੀ ਬਹੁਤ ਘੱਟ ਗਈ ਹੈ। ਇਹ ਅਸਾਮੀਆਂ 60 ਵਿਚੋਂ ਸਿਰਫ ਚਾਰ ਬਚੀਆਂ ਹਨ।

ਸਹਾਇਕ ਡਾਇਰੈਕਟਰ ਕਮ ਜ਼ਿਲ੍ਹਾ ਭਾਸ਼ਾ ਅਫਸਰਾਂ ਦੀਆਂ 27 ਅਸਾਮੀਆਂ ਵਿਚੋਂ 12 ਹੀ ਕਾਰਜਸ਼ੀਲ ਹਨ। ਵਿੱਤੀ ਤੋਟ ਨੇ ਜਿੱਥੇ ਅਦਾਰੇ ਦਾ ਹੁਲੀਆ ਬੁਰੀ ਤਰ੍ਹਾਂ ਰੋਲਿਆ ਹੋਇਆ ਹੈ, ਉਥੇ ਅਸਾਮੀਆਂ ਦੀ ਥੁੜ ਨੇ ਅਦਾਰੇ ਦੀ ਸਮੁੱਚੀ ਕਾਰਜਕੁਸ਼ਲਤਾ ਨੂੰ ਮਧੋਲ ਕੇ ਰੱਖ ਦਿੱਤਾ ਹੈ। ਵਿਭਾਗੀ ਸੂਤਰਾਂ ਦਾ ਕਹਿਣਾ ਹੈ ਕਿ ਇੰਨੀਆਂ ਤੋਟਾਂ ਕਾਰਨ ਵਿਭਾਗ ਆਪਣੇ ਮੰਤਵ ਨੂੰ ਭੁੱਲ ਕੇ ਮਹਿਜ਼ ਰੁਟੀਨ ਦੇ ਦਫਤਰੀ ਕੰਮ-ਕਾਜ ਜੋਗਾ ਹੀ ਰਹਿ ਗਿਆ ਹੈ। ਭਾਸ਼ਾ ਵਿਭਾਗ ਦੀ ਡਾਇਰੈਕਟਰ ਗੁਰਸ਼ਰਨ ਕੌਰ ਨੇ ਮੰਨਿਆ ਕਿ ਮਿਸ਼ਨ ਸਕੀਮਾਂ ਲਈ ਫਿਲਹਾਲ ਸਰਕਾਰ ਵੱਲੋਂ ਕੋਈ ਵਿਸ਼ੇਸ਼ ਗ੍ਰਾਂਟ ਮੁਹੱਈਆ ਨਹੀਂ ਕਰਵਾਈ ਗਈ। ਕਈ ਮਿਸ਼ਨ ਸਕੀਮਾਂ ਦੇ ਕੇਸ ਉਚ ਅਥਾਰਟੀ ਨੂੰ ਭੇਜੇ ਹੋਏ ਹਨ ਤੇ ਸੰਭਾਵਨਾ ਹੈ ਕਿ ਸਰਕਾਰ ਹੁਣ ਵਿੱਤੀ ਸਾਲ 2018-19 ਦੇ ਬਜਟ ਸੈਸ਼ਨ ਦੌਰਾਨ ਭਾਸ਼ਾ ਵਿਭਾਗ ਦੀ ਹਾਲਤ ਉਤੇ ਉਚਿਤਤਾ ਨਾਲ ਗੌਰ ਕਰੇਗੀ।

## ਹਿਸਾਬ ਤੇ ਵਿਗਿਆਨ ਦਾ ਮਾਧਿਅਮ ਪੰਜਾਬੀ ਦੀ ਥਾਂ ਅੰਗਰੇਜ਼ੀ

**ਪਟਿਆਲਾ:** ਮੁੱਖ ਮੰਤਰੀ ਦੇ ਜ਼ਿਲ੍ਹਾ ਪਟਿਆਲਾ ਦੇ 130 ਪ੍ਰਾਇਮਰੀ ਸਕੂਲਾਂ ਵਿਚ ਅਗਲੇ ਵਿਦਿਅਕ ਸੈਸ਼ਨ ਦੌਰਾਨ ਹਿਸਾਬ ਤੇ ਵਿਗਿਆਨ ਦੀ ਪੜ੍ਹਾਈ ਦਾ ਮਾਧਿਅਮ ਪੰਜਾਬੀ ਦੀ ਬਜਾਏ ਅੰਗਰੇਜ਼ੀ ਹੋਵੇਗਾ। ਇਨ੍ਹਾਂ ਸਕੂਲਾਂ ਨੂੰ ਸਰਕਾਰ ਵੱਲੋਂ ਮਾਡਲ ਸਕੂਲ ਦਾ ਨਾਂ ਦਿੱਤਾ ਜਾ ਰਿਹਾ ਹੈ।

ਪੰਜਾਬ ਸਰਕਾਰ ਦੇ ਨਿਰਦੇਸ਼ਾਂ ਉਤੇ ਜ਼ਿਲ੍ਹੇ ਦੇ ਹਰ ਬਲਾਕ ਪੱਧਰ ਉਤੇ 10 ਮਾਡਲ ਸਕੂਲ ਬਣਾਏ ਜਾ ਰਹੇ ਹਨ। ਜ਼ਿਲ੍ਹੇ ਵਿਚ 13 ਵਿਦਿਅਕ ਬਲਾਕ ਹੋਣ ਕਰ ਕੇ ਪਹਿਲੇ ਪੜਾਅ ਵਿਚ 130 ਸਕੂਲਾਂ ਵਿਚ ਹਿਸਾਬ ਤੇ ਵਿਗਿਆਨ ਦੀ ਪੜ੍ਹਾਈ ਅੰਗਰੇਜ਼ੀ ਵਿਚ ਹੋਵੇਗੀ। ਪ੍ਰਸ਼ਾਸਨ ਨੇ ਹਦਾਇਤ ਕੀਤੀ ਹੈ ਕਿ ਹਰ ਬਲਾਕ ਪੱਧਰ ਉਤੇ 10 ਮਾਡਲ ਸਕੂਲ ਬਣਾਏ ਜਾਣ ਅਤੇ ਜਿਹੜੇ ਸਕੂਲਾਂ ਨੂੰ ਮਾਡਲ ਸਕੂਲ ਵਿਚ ਤਬਦੀਲ ਕਰਨਾ ਹੈ, ਉਨ੍ਹਾਂ ਦੀ ਸੂਚੀ 5 ਫਰਵਰੀ ਤੱਕ ਡਿਪਟੀ ਕਮਿਸ਼ਨਰ ਦਫਤਰ ਵਿਚ ਪਹੁੰਚਦੀ ਕੀਤੀ ਜਾਵੇ।

## ਭਾਜਪਾ ਮੰਤਰੀ ਵੱਲੋਂ ਡਾਰਵਿਨ ਦਾ ਸਿਧਾਂਤ ਗਲਤ ਕਰਾਰ

**ਔਰੰਗਾਬਾਦ:** ਕੇਂਦਰੀ ਕੈਬਨਿਟ ਮੰਤਰੀ ਨੇ ਚਾਰਲਸ ਡਾਰਵਿਨ ਦੇ ਸਿਧਾਂਤ ਨੂੰ ਗਲਤ ਦੱਸਦਿਆਂ ਇਸ ਨੂੰ ਸਕੂਲ ਸਿਲੇਬਸ ਵਿਚੋਂ ਕੱਢਣ ਉਤੇ ਜ਼ੋਰ ਦਿੱਤਾ ਹੈ।

ਮਨੁੱਖੀ ਸਾਧਨ ਵਿਕਾਸ ਮਾਮਲੇ ਦੇ ਰਾਜ ਮੰਤਰੀ ਸਤਿਆਪਾਲ ਸਿੰਘ ਨੇ ਦਾਅਵਾ ਕੀਤਾ ਕਿ ਚਾਰਲਸ ਡਾਰਵਿਨ ਦਾ ਮਨੁੱਖ ਦੀ ਉਤਪਤੀ ਦਾ ਸਿਧਾਂਤ 'ਵਿਗਿਆਨਕ ਤੌਰ ਉਤੇ ਗਲਤ' ਸੀ ਅਤੇ ਇਸ ਨੂੰ ਸਕੂਲ ਦੇ ਸਿਲੇਬਸ ਵਿਚੋਂ ਕੱਢਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਸਾਡੇ ਪੂਰਵਜਾਂ ਨੇ ਕਿਤੇ ਨਹੀਂ ਕਿਹਾ ਕਿ ਉਨ੍ਹਾਂ ਨੇ ਬਾਂਦਰਾ ਤੋਂ ਮਨੁੱਖ ਬਣਦੇ ਵੇਖੇ ਹਨ। ਆਈ.ਪੀ.ਐਸ. ਅਧਿਕਾਰੀ ਤੋਂ ਸਿਆਸਤਦਾਨ ਬਣੇ ਸਤਿਆਪਾਲ ਨੇ ਕਿਹਾ ਕਿ ਜਦੋਂ ਦਾ ਮਨੁੱਖ ਨੂੰ ਧਰਤੀ ਉਤੇ ਵੇਖਿਆ ਗਿਆ ਹੈ, ਉਹ ਹਮੇਸ਼ਾ ਮਨੁੱਖ ਹੀ ਰਿਹਾ ਹੈ।

ਡਾਰਵਿਨ ਦਾ ਜੀਵ ਦੀ ਉਤਪਤੀ ਦਾ ਸਿਧਾਂਤ ਦੱਸਦਾ ਹੈ ਕਿ ਸਮੁੱਚੇ ਜੀਵਾਂ ਦੀਆਂ ਪ੍ਰਜਾਤੀਆਂ ਨੇ ਕੁਦਰਤੀ ਪ੍ਰਕਿਰਿਆ ਰਾਹੀਂ ਜੱਦੋ-ਜਹਿਦ ਕਰਦਿਆਂ ਆਪਣੇ ਵੰਸ਼ ਨੂੰ ਅੱਗੇ ਵਧਾਇਆ ਹੈ।

# ਰਾਣਾ ਗੁਰਜੀਤ ਦੇ ਅਸਤੀਫੇ ਨਾਲ ਵੀ ਨਾ ਹੋਈ ਵਿਰੋਧੀ ਧਿਰ ਦੀ ਤਸੱਲੀ

**ਚੰਡੀਗੜ੍ਹ:** ਕੈਬਨਿਟ ਮੰਤਰੀ ਰਾਣਾ ਗੁਰਜੀਤ ਸਿੰਘ ਦੇ ਅਸਤੀਫੇ ਤੋਂ ਬਾਅਦ ਵੀ ਵਿਰੋਧੀ ਧਿਰਾਂ ਸੰਤੁਸ਼ਟ ਨਹੀਂ ਹਨ। ਵਿਰੋਧੀ ਧਿਰਾਂ ਇਸ ਨੂੰ ਸਿਆਸੀ ਡਰਾਮਾ ਦੱਸ ਰਹੀਆਂ ਹਨ।



'ਆਪ' ਆਗੂ ਤੇ ਸੰਸਦ ਮੈਂਬਰ ਭਗਵੰਤ ਮਾਨ ਨੇ ਦੋਸ਼ ਲਾਇਆ ਕਿ ਰਾਣਾ ਗੁਰਜੀਤ ਸਿੰਘ ਦਾ ਅਸਤੀਫਾ ਡਰਾਮੇ ਤੋਂ ਵੱਧ ਨਹੀਂ ਹੈ, ਕਿਉਂਕਿ ਕੈਪਟਨ ਅਮਰਿੰਦਰ ਪਹਿਲਾਂ ਹੀ ਰਾਣਾ ਗੁਰਜੀਤ ਸਿੰਘ ਨੂੰ ਨਾਰੰਗ ਕਮਿਸ਼ਨ ਤੋਂ ਕਲੀਨ ਚਿੱਟ ਦਿਵਾ ਚੁੱਕੇ ਹਨ।

ਸ਼੍ਰੋਮਣੀ ਅਕਾਲੀ ਦਲ ਨੇ ਅਸਤੀਫਾ ਪ੍ਰਵਾਨ ਕਰਨ ਨੂੰ ਦੇਰੀ ਨਾਲ ਚੁੱਕਿਆ ਛੋਟਾ ਕਦਮ ਕਰਾਰ ਦਿੱਤਾ। ਪਾਰਟੀ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਹੁਣ ਜਦੋਂ ਸਰਕਾਰ ਨੇ ਇਕ ਮੰਤਰੀ ਉਤੇ ਲੱਗੇ ਦੋਸ਼ਾਂ ਨੂੰ ਮੰਨ ਹੀ ਲਿਆ ਹੈ ਤਾਂ ਰਾਣਾ ਗੁਰਜੀਤ ਸਿੰਘ ਅਤੇ ਕਾਂਗਰਸ ਦੇ ਹੋਰ ਵਿਧਾਇਕਾਂ, ਜਿਨ੍ਹਾਂ ਦਾ ਨਾਮ ਰੇਤ ਘੁਟਾਲੇ ਵਿਚ ਸਾਹਮਣੇ ਆ ਚੁੱਕਿਆ ਹੈ, ਖਿਲਾਫ਼ ਕੇਸ ਦਰਜ ਹੋਣਾ ਚਾਹੀਦਾ ਹੈ। ਮੁੱਖ ਮੰਤਰੀ ਇਸ ਸਾਰੇ ਮਾਮਲੇ 'ਤੇ ਪਰਦਾ ਪਾਉਣ ਦੀਆਂ ਕੋਸ਼ਿਸ਼ਾਂ ਵਿਚ ਹੀ ਲੱਗੇ ਰਹੇ। ਤਾਜ਼ਾ ਘਟਨਾਕ੍ਰਮ ਤੋਂ ਇਹ ਵੀ ਸਾਬਤ ਹੋ ਗਿਆ ਹੈ ਕਿ ਜਸਟਿਸ ਨਾਰੰਗ ਕਮਿਸ਼ਨ ਵੀ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਉਣ ਲਈ ਹੀ ਕਾਇਮ ਕੀਤਾ ਸੀ। ਉਨ੍ਹਾਂ ਮੰਗ ਕੀਤੀ ਕਿ ਇਸ ਮਾਮਲੇ ਦੀ ਜਾਂਚ ਸੀ.ਬੀ.ਆਈ. ਹਵਾਲੇ ਕਰਨੀ ਚਾਹੀਦੀ ਹੈ।

### ਰਾਣਾ ਦੇ ਕੰਮਾਂ ਬਾਰੇ ਕੈਪਟਨ ਨੂੰ ਪਤਾ ਸੀ: ਬਾਦਲ

**ਚੰਡੀਗੜ੍ਹ:** ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਰਾਣਾ ਨੇ ਜੋ ਗਲਤ ਕੰਮ ਕੀਤੇ, ਉਨ੍ਹਾਂ ਬਾਰੇ ਕੈਪਟਨ ਅਮਰਿੰਦਰ ਸਿੰਘ ਨੂੰ ਵੀ ਪਤਾ ਸੀ ਅਤੇ ਰਾਣਾ ਕੈਪਟਨ ਦੀ ਸੱਜੀ ਬਾਂਹ ਹੈ। ਉਹਦੇ ਅਸਤੀਫੇ ਨੇ ਇਹ ਸਾਬਤ ਕਰ ਦਿੱਤਾ ਕਿ ਉਸ ਨੇ ਗਲਤ ਕੰਮ ਕੀਤੇ ਹਨ।




## 'ਬੇਟੀ ਬਚਾਉ' ਨਾਅਰੇ ਮਾਰਨ ਤੱਕ ਹੀ ਸੀਮਤ ਰਹੀ ਹਰਿਆਣਾ ਸਰਕਾਰ

**ਚੰਡੀਗੜ੍ਹ:** ਹਰਿਆਣਾ ਵਿਚ ਦੋ ਦਿਨਾਂ ਵਿਚ ਚਾਰ ਬਲਾਤਕਾਰ ਦੀਆਂ ਘਟਨਾਵਾਂ ਨੇ 'ਬੇਟੀ ਪੜ੍ਹਾਉ, ਬੇਟੀ ਬਚਾਉ ਦਾ ਨਾਅਰਾ ਲਾਉਣ ਵਾਲੀ ਭਾਜਪਾ ਸਰਕਾਰ ਲਈ ਵੱਡੀ ਨਮੋਸ਼ੀ ਖੜ੍ਹੀ ਕੀਤੀ ਹੈ। ਜੀਂਦ, ਫਰੀਦਾਬਾਦ, ਪਾਣੀਪਤ, ਪਿੰਜੌਰ, ਹਿਸਾਰ ਤੋਂ ਬਾਅਦ ਹੁਣ ਫਤਿਹਾਬਾਦ ਜ਼ਿਲ੍ਹੇ ਵਿਚ ਵੀ ਸਮੂਹਿਕ ਜਬਰ ਜਨਾਹ ਦੇ ਮਾਮਲੇ ਸਰਕਾਰ ਦੀ ਕਾਰਗੁਜ਼ਾਰੀ 'ਤੇ ਸਵਾਲ ਖੜ੍ਹੇ ਕਰ ਦਿੱਤੇ ਹਨ। ਇਥੋਂ ਦੇ ਇਕ ਪਿੰਡ 'ਚ 2 ਲੜਕਿਆਂ ਨੇ ਇਕ 20 ਸਾਲਾ ਲੜਕੀ ਨਾਲ ਉਸ ਦੇ ਘਰ ਵਿਚ ਜ਼ਬਰਦਸਤੀ ਦਾਖਲ ਹੋ ਕੇ ਸਮੂਹਿਕ ਜਬਰ ਜਨਾਹ ਕੀਤਾ। ਘਟਨਾ ਉਸ ਸਮੇਂ ਵਾਪਰੀ ਜਦੋਂ ਲੜਕੀ ਦਾ ਪਰਿਵਾਰ ਉਸ ਦੇ ਨਾਨਾ ਦੀ ਰਸਮ ਪੱਗੜੀ 'ਤੇ ਗਿਆ ਹੋਇਆ ਸੀ ਤੇ ਉਹ ਘਰ ਇਕੱਲੀ ਸੀ।

ਇਸੇ ਹਫਤੇ ਹਰਿਆਣਵੀ ਗਾਇਕਾ ਦੀ ਗਲਾ ਵੱਢ ਕੇ ਹੱਤਿਆ ਕਰ ਦਿੱਤੀ ਗਈ। ਉਸ ਦੀ ਲਾਸ਼ ਰੋਹਤਕ ਜ਼ਿਲ੍ਹੇ ਦੇ ਪਿੰਡ ਬਨਿਆਨੀ ਵਿਚ ਮਿਲੀ। ਕਲਾਨੌਰ (ਰੋਹਤਕ) ਵਾਸੀ ਮਮਤਾ ਹਰਿਆਣਵੀ ਰਾਗਨੀ ਅਤੇ ਜਾਗਰਣ ਦੇ ਪ੍ਰੋਗਰਾਮ ਕਰਦੀ ਸੀ। ਇਕ ਪ੍ਰੋਗਰਾਮ ਕਰਨ ਲਈ ਘਰ ਤੋਂ ਨਿਕਲੀ ਮਮਤਾ ਸ਼ੱਕੀ ਹਾਲਾਤਾਂ 'ਚ ਲਾਪਤਾ ਹੋ ਗਈ ਸੀ।

ਸਰਕਾਰੀ ਅੰਕੜੇ ਦੱਸਦੇ ਹਨ ਕਿ ਹਰਿਆਣਾ ਵਿਚ ਹਰ ਸਾਲ ਔਸਤਨ ਇਕ ਹਜ਼ਾਰ ਬਲਾਤਕਾਰ ਹੁੰਦੇ ਹਨ ਅਤੇ ਇਨ੍ਹਾਂ ਵਿਚੋਂ ਔਸਤ 200 ਸਮੂਹਿਕ ਬਲਾਤਕਾਰਾਂ ਦੀ ਸ਼੍ਰੇਣੀ ਵਿਚ ਆਉਂਦੇ ਹਨ। ਜਾਟ ਅੰਦੋਲਨ ਦੌਰਾਨ ਮੂਰਥਲ ਵਿਚ ਹੋਏ ਸਮੂਹਿਕ ਬਲਾਤਕਾਰਾਂ ਦੇ ਪੀੜਤਾਂ ਅਤੇ ਦੋਸ਼ੀਆਂ ਦੀ ਸ਼ਨਾਖਤ ਕਰਨ ਵਿਚ ਸਰਕਾਰ ਹੁਣ ਤੱਕ ਨਾਕਾਮ ਰਹੀ ਹੈ।


ਰੈਸਟੋਰੈਂਟ ਲਈ ਲੋੜ ਹੈ



ਮੈਡੀਸਨ, ਵਿਸਕਾਨਸਿਨ ਵਿਚ ਇੰਡੀਅਨ ਰੈਸਟੋਰੈਂਟ ਲਈ ਅਨੁਭਵੀ ਤੰਦੂਰੀਏ, ਹੈਲਪਰ, ਵੇਟਰ ਅਤੇ ਡਿਸ਼ ਵਾਸ਼ਰ ਦੀ ਲੋੜ ਹੈ

ਸੰਪਰਕ ਕਰੋ:

ਫੋਨ: 262-391-7666



ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

National Truck Driving School

1816 Main Ave., Secramento CA, 95838

ਸੈਕਰਾਮੈਂਟੋ, ਕੈਲੀਫੋਰਨੀਆ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ

*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ

*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ

*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

ਨੈਸ਼ਨਲ ਟਰਾਂਸਪੋਰਟ ਕੰਪਨੀ ਲਈ ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ

ਕੰਪਨੀ ਡਰਾਈਵਰ ਨੂੰ 42 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ



ਕੰਪਨੀ ਦੇ ਟਰੱਕ ਤੇ ਟਰੇਲਰ ਲੀਜ਼ 'ਤੇ ਲੈ ਸਕਦੇ ਹੋ

Call For Special Price

Kashmir S. Thandi


Office: (866) 933-3038

Balhar S. Ranu Cell:916-502-7733

# ਉਤਰੀ ਅਮਰੀਕੀ ਪੰਜਾਬੀ ਕਹਾਣੀ-ਸੰਗ੍ਰਿਹ 'ਪਰਵਾਸ ਤੋਂ ਆਵਾਸ ਵੱਲ'

## ਪੁਸਤਕ ਪੜਚੋਲ

ਪ੍ਰੋ. ਹਰਭਜਨ ਸਿੰਘ, ਸੁਰਿੰਦਰ ਸੋਹਲ ਅਤੇ ਹਰਜਿੰਦਰ ਪੰਧੇਰ ਵਲੋਂ ਸੰਪਾਦਿਤ ਕਹਾਣੀ-ਸੰਗ੍ਰਿਹ 'ਪਰਵਾਸ ਤੋਂ ਆਵਾਸ ਵੱਲ' ਉਨ੍ਹਾਂ ਲਿਖਾਰੀਆਂ ਦਾ ਪਰਾਗਾ ਏ ਜੋ ਪੰਜਾਬੋਂ ਬਾਹਰ ਵਸਦਿਆਂ ਵੀ ਆਪਣੀ ਮਾਂ ਬੋਲੀ ਪੰਜਾਬੀ ਵਿਚ ਆਪਣੀਆਂ ਅਤੇ ਆਪਣੇ ਆਲੇ-ਦੁਆਲੇ ਵਸਦੇ ਪੰਜਾਬੀਆਂ ਦੀਆਂ ਔਕੜਾਂ ਅਤੇ ਦੁੱਖਾਂ-ਸੁੱਖਾਂ ਨਾਲ ਰੰਗੀ ਹਯਾਤੀ ਬਾਰੇ ਸੋਹਣੇ ਅਤੇ ਸੁਚੱਜੇ ਢੰਗ ਨਾਲ ਲਿਖ ਕੇ ਜੱਗ ਨਾਲ ਸਾਂਝ ਵਧਾ ਰਹੇ ਨੇ।



**ਜਾਵੇਦ ਬੂਟਾ**

ਮੈਨੂੰ ਪਰਖ-ਪੜਚੋਲ ਬਾਰੇ ਕੋਈ ਖਾਸ ਤਜਰਬਾ ਨਹੀਂ, ਪਰ ਕਿਤਾਬ ਪੜ੍ਹਦਿਆਂ ਕਹਾਣੀਆਂ ਮੈਨੂੰ ਤੁੱਖਣਾ ਦਿੰਦੀਆਂ ਰਹੀਆਂ ਕਿ ਮੈਂ ਆਪਣੀ ਸੂਝ ਮੂਜਬ ਹੋਰਨਾਂ ਨਾਲ ਆਪਣੇ ਵਿਚਾਰ ਸਾਂਝੇ ਕਰਨ ਵਿਚ ਕੋਈ ਝਾਕਾ ਮਹਿਸੂਸ ਨਾ ਕਰਾਂ।

ਕਹਾਣੀਆਂ ਦੇ ਮੁੱਦਿਆਂ ਵੱਲ ਗੌਰ ਕਰੀਏ ਤਾਂ ਲਿਖਾਰੀਆਂ ਨੇ ਸੁਚੇਤ ਹੋ ਕੇ ਮੁੱਦਿਆਂ ਦੀ ਬਹੁਤ ਵਧੀਆ ਚੋਣ ਕੀਤੀ ਏ। ਹਰ ਮੁੱਦੇ ਉਤੇ ਲਿਖਾਰੀ ਦੀ ਪਕੜ ਬੜੀ ਪੀਡੀ ਅਤੇ ਉਚ-ਪੱਧਰੀ ਏ। ਮੁੱਦੇ ਬਾਰੇ ਡੂੰਘੀ ਜਾਣਕਾਰੀ, ਫੇਰ ਉਸ ਜਾਣਕਾਰੀ ਨੂੰ ਆਪਣੀ ਕਾਰੀਗਰੀ ਨਾਲ ਘੜ ਕੇ ਅਤੇ ਆਪਣੇ ਗੁਣਾਂ ਨਾਲ ਬਣਾ ਸੰਵਾਰ ਕੇ ਪਾਠਕ ਅੱਗੇ ਪੇਸ਼ ਕਰਨ ਲਈ ਵਧਾਈ ਉਨ੍ਹਾਂ ਦਾ ਹੱਕ ਬਣਦਾ ਹੈ। ਇਕੱਲੀ ਇਕੱਲੀ ਕਹਾਣੀ ਉਤੇ ਗੱਲ ਕਰਨਾ ਤਾਂ ਭੋਰਾ ਔਖਾ ਏ। ਇਸ ਲਈ ਪਰਾਗੇ ਦੀ ਸਭ ਤੋਂ ਪਹਿਲੀ ਕਹਾਣੀ ਤੋਂ ਹੀ ਗੱਲ ਛੋਹਨਾਂ।

ਸੁਰਿੰਦਰ ਸੋਹਲ ਦੀ ਕਹਾਣੀ 'ਸ਼ੀਸ਼ੇ 'ਤੇ ਜੰਮੀ ਬਰਫ' ਪੜ੍ਹਦਿਆਂ ਇੰਜ ਜਾਪਦਾ ਸੀ ਜਿਵੇਂ ਮੈਂ ਪੜ੍ਹ ਨਹੀਂ ਰਿਹਾ ਬਲਕਿ ਦੇਖ ਰਿਹਾਂ। ਕਦੇ ਲੱਗਦਾ ਸੀ ਮੈਂ ਡਰਾਈਵਰ ਦੀ ਸੀਟ ਉਤੇ ਬੈਠਾ ਗੱਡੀ ਚਲਾ ਰਿਹਾਂ। ਕਦੇ ਦਾਰੂ ਨਾਲ ਰੱਜੇ ਗੋਰੇ ਵਾਂਗ ਅੰਤਾਂ ਦੀ ਠੰਢ ਵਿਚ ਬਾਹਰ ਸੜਕ 'ਤੇ ਖਲੋਤਾ ਕੰਬ ਰਿਹਾਂ। ਕਦੇ ਆਪਣੇ ਅੰਦਰ ਉਘੜਨ ਵਾਲੀ ਬੇਵਿਸਾਹੀ ਨਾਲ ਹੱਥੋ-ਪਾਈ ਹੋ ਰਿਹਾਂ। ਇਹ ਕਹਾਣੀਕਾਰ ਦੇ ਗੁਣਾਂ ਦਾ ਕਮਾਲ ਏ। ਵਰਤੀ ਗਈ ਬੋਲੀ ਤੋਂ ਮੈਂ ਬਹੁਤਾ ਨਿਹਾਲ ਨਹੀਂ ਹੋਇਆ। ਇਸ ਕਹਾਣੀ ਨੂੰ ਉਤਰੀ ਅਮਰੀਕਾ ਦੇ ਮਾਹੌਲ ਵਿਚੋਂ ਕੱਢ ਕੇ ਜੱਗ ਵਿਚ ਕਿਸੇ ਵੀ ਮਾਹੌਲ ਵਿਚ ਰੱਖਿਆ ਜਾਵੇ ਤਾਂ ਇਹ ਕਹਾਣੀ ਉਥੋਂ ਦੀ ਹੋ ਜਾਏਗੀ।

ਹੋਰ ਵੀ ਕੁਝ ਕਹਾਣੀਆਂ ਜਿਵੇਂ 'ਬਸ ਹੋਰ ਨਹੀਂ', 'ਮੈਨੂੰ ਬੀਬਾ ਕਬੂਤਰ ਚਾਹੀਦਾ', 'ਮੇਰਾ ਟਰੰਕ', 'ਅਰਥ' ਵਗੈਰਾ ਵਧੀਆ ਹਨ। ਇਨ੍ਹਾਂ ਕਹਾਣੀਆਂ ਨੂੰ ਉਤਰੀ ਅਮਰੀਕਾ ਵਿਚੋਂ ਤੋੜ ਕੇ ਭਾਵੇਂ ਪਿੱਛੇ ਆਪਣੇ ਦੇਸ ਵਿਚ ਜਾ ਰੱਖੋ, ਇਨ੍ਹਾਂ ਦੀ ਦੱਖ ਨੂੰ ਉਥੇ ਕੋਈ ਘਾਟਾ ਨਹੀਂ ਪਵੇਗਾ, ਉਥੇ ਵੀ ਫੱਬਣਗੀਆਂ।

'ਸੱਪ ਤੇ ਨਿਓਲਾ' ਵਿਚ ਕੁਲਜੀਤ ਮਾਨ ਨੇ ਬੰਦੇ ਦੇ ਅੰਦਰਲੇ ਕੱਚ-ਪੱਕ, ਟੁੱਟ-ਭੱਜ, ਇਕਲਾਪੇ ਅਤੇ ਅਧੂਰੇ ਹੋਣ ਦੇ ਡਰ ਤੋਂ ਅੱਡ 'ਹਿਊਮੈਨ ਸੁਸਾਇਟੀ' ਦੇ ਬੰਦੇ ਨਾਲ ਬਲਦੀਪ ਦੀ ਗੱਲਬਾਤ ਬਹੁਤ ਵਧੀਆ ਤੇ ਮਨ-ਖਿੱਚਵੀਂ ਉਲੀਕੀ ਏ।




'ਵਿਆਹ' ਕਹਾਣੀ ਦਾ ਨਾਂ ਵਿਆਹ ਈ ਹੋਣਾ ਚਾਹੀਦਾ ਸੀ। ਮੈਂ 'ਵਿਆਹ' ਰੱਜ ਰੱਜ ਕੇ ਖਾਂਦਾ ਵੀ ਰਿਹਾਂ। ਮੁੱਦੇ ਦੀ ਥਾਂ ਵਿਆਹ ਦਾ ਖਿਲਾਰ ਭੋਰਾ ਬਹੁਤਾ ਈ ਹੋ ਗਿਆ ਜਾਪਦਾ ਏ। ਮੁੱਦਾ ਬਹੁਤ ਗੰਭੀਰ ਏ। ਦੋਹਾਂ ਪੱਖਾਂ ਦੇ ਟਾਕਰੇ ਦਾ ਖਿਲਾਰ ਪਸਾਰ ਅਤੇ ਖੇਤਰ, ਵਿਆਹ ਦੇ ਖਿਲਾਰ ਨਾਲੋਂ ਵਧੇਰਾ ਮੋਕਲਾ ਹੋਣਾ ਚਾਹੀਦਾ ਸੀ।

ਜੇ ਅਸੀਂ ਉਤਰੀ ਅਮਰੀਕੀ ਕਹਾਣੀ ਨੂੰ ਮੁੱਖ ਰੱਖੀਏ ਤਾਂ ਮੇਰੀ ਜਾਚੇ ਪ੍ਰੋ. ਹਰਭਜਨ ਸਿੰਘ ਦੀ ਕਹਾਣੀ 'ਰੂਹ 'ਤੇ ਉਕਰੇ ਚਿੱਤਰ' ਇਸ ਮੇਚੇ ਵਿਚ ਪੂਰੀ ਆਉਂਦੀ ਏ। ਇਸੇ ਤਰ੍ਹਾਂ ਹਰਮੋਹਿੰਦਰ ਚਹਿਲ ਦੀ ਕਹਾਣੀ 'ਕਰਜ਼', ਰਾਠੀ ਸੂਰਾਪੁਰੀ ਦੀ ਕਹਾਣੀ 'ਲੇਖਾ ਜੋਖਾ', ਮੁਮਤਾਜ਼ ਹੁਸੈਨ ਦੀ ਕਹਾਣੀ 'ਗਲੇ 'ਚ ਗੰਢ-ਕੰਨ ਵਿਚ ਤੇਲ' ਦੀ ਬੁਣਤਰ ਭਾਵੇਂ ਭੋਰਾ ਢਿੱਲੀ ਜਾਪਦੀ ਏ ਪਰ ਪੀੜ ਦੀ ਸਾਂਝ ਬੜੀ ਕਰੜੀ ਏ। ਇਨ੍ਹਾਂ ਕਹਾਣੀਆਂ ਨੂੰ ਉਤਰੀ ਅਮਰੀਕਾ ਦੇ ਪਿਛੋਕੜ ਚੋਂ ਕੱਢਣਾ ਤਾਂ ਇਕ ਪਾਸੇ ਰਿਹਾ, ਹਿਲਾਇਆ ਵੀ ਨਹੀਂ ਜਾ ਸਕਦਾ। ਇਨ੍ਹਾਂ ਕਹਾਣੀਆਂ ਦਾ ਮੁੱਦਾ ਅਤੇ ਥਾਂ ਈ ਉਤਰੀ ਅਮਰੀਕਾ ਏ।

ਮੇਰੇ ਵਿਚਾਰ ਮੂਜਬ ਉਤਰੀ ਅਮਰੀਕੀ ਪੰਜਾਬੀ ਕਹਾਣੀ ਇਕ ਗੁੱਤ ਵਾਂਗ ਹੋਣੀ ਚਾਹੀਦੀ ਏ। ਜਿਵੇਂ ਖਿਲਰੇ ਵਾਲਾਂ ਦੀਆਂ ਤਿੰਨ ਲਿਟਾਂ ਬਣਾ ਕੇ ਗੁੱਤ ਗੁੰਦੀ ਜਾਂਦੀ ਏ। ਮੈਂ ਸਮਝਨਾਂ ਏਸ ਗੁੱਤ ਦੀਆਂ ਤਿੰਨ ਲਿਟਾਂ ਵਿਚੋਂ ਇਕ ਲਿਟ ਸਾਡਾ ਪਿਛੋਕੜ ਏ, ਮਤਲਬ ਜਿਸ ਸਮਾਜ ਵਿਚੋਂ ਅਸੀਂ ਆਏ ਆਂ, ਜਿਨ੍ਹਾਂ ਰਸਮਾਂ-ਰੀਤਾਂ ਦਾ ਤਾਣਾ-ਪੇਟਾ ਸਾਡੇ ਅੰਦਰ ਉਣਿਆ ਹੋਇਆ ਏ, ਅੱਖਾਂ ਖੋਲ੍ਹਦਿਆਂ ਜਿਸ ਰਹਿਤਲ ਦੀ ਬਹਿਣੀ-ਖਲੋਣੀ ਅਸੀਂ ਦੇਖੀ। ਗੁੱਤ ਦੀ ਦੂਸਰੀ ਲਿਟ ਉਤਰੀ ਅਮਰੀਕਾ ਦੇ ਜਿਸ ਸਮਾਜ ਵਿਚ ਆ ਕੇ ਅਸਾਂ ਵਾਸਾ ਕੀਤਾ ਏ। ਇਥੋਂ ਦੀਆਂ ਰਸਮਾਂ-ਰੀਤਾਂ ਦਾ ਤਾਣਾ-ਪੇਟਾ ਤੇ ਰਹਿਤਲ, ਜਿਹਨੂੰ ਅਸੀਂ ਜੱਫਾ ਵੀ ਮਾਰਨੇ ਆਂ, ਉਹਦੇ ਤੋਂ ਪਰ੍ਹੇ ਵੀ ਦੌੜਨੇ ਆਂ। ਪਿਆਰ ਵੀ ਕਰਨੇ ਆਂ ਅਤੇ ਡਰਨੇ ਵੀ ਆਂ। ਤੀਸਰੀ ਲਿਟ ਅਸੀਂ ਆਪ। ਸਾਡਾ ਅੰਦਰ-ਬਾਹਰ, ਕੱਲ੍ਹ ਅਤੇ ਭਲਕ, ਜੋ ਇਨ੍ਹਾਂ ਦੋਹਾਂ ਵੱਖੋ-ਵੱਖਰੀਆਂ ਰਸਮਾਂ-ਰੀਤਾਂ, ਰਹਿਤਲਾਂ ਦੀ ਬਹਿਣੀ-ਖਲੋਣੀ ਦੇ ਤਾਣੇ-ਪੇਟੇ ਨਾਲ ਇਕ ਇਕ ਪਲ ਖਿੱਚ-ਧਰੂ ਕਰ ਰਿਹਾ ਏ।

ਇਨ੍ਹਾਂ ਤਿੰਨਾਂ ਲਿਟਾਂ ਨੂੰ ਗੁੰਦ ਕੇ ਜੋ ਕਹਾਣੀ ਲਿਖੀ ਜਾਏਗੀ, ਉਹ ਉਤਰੀ ਅਮਰੀਕੀ ਕਹਾਣੀ ਦੇ ਮੇਚੇ ਵਿਚ ਪੂਰੀ ਢੁਕਵੀਂ ਆਵੇਗੀ ਅਤੇ ਕਦੇ ਵੀ ਕੋਈ ਉਸ ਕਹਾਣੀ ਨੂੰ ਉਤਰੀ ਅਮਰੀਕੀ ਕਹਾਣੀ ਦੇ ਨਾਂ ਤੋਂ ਵਾਂਝਾ ਨਹੀਂ ਕਰ ਸਕਦਾ।

ਬੋਲੀ ਵੀ ਬਹੁਤ ਵਧੀਆ ਵਰਤੀ ਗਈ ਏ। ਕਈ ਥਾਂਵੇਂ ਤਾਂ ਬਹੁਤ ਸਵਾਦ ਆਇਆ ਏ। ਬੋਲੀ ਪਾਰੋਂ ਬਹੁਤਾ ਈ ਸੁਚੇਤ ਜਾਂ ਆਦਤ ਹੱਥੋਂ ਬੇਵੱਸ ਹੋ ਕੇ ਮੈਂ ਏਨਾ ਈ ਆਖਾਂਗਾ:

ਸਾਡੇ ਕੋਲ 'ਜ਼ਨਾਨੀ' ਹੈ, ਔਰਤ ਦੀ ਕੀ ਲੋੜ ਏ?

ਚਿਹਰਾ, 'ਮੁੱਖ' ਨਾਲੋਂ ਸੋਹਣਾ ਨਹੀਂ ਹੁੰਦਾ।

'ਪਾਰੋਂ', 'ਕਾਰਨ', 'ਸਦਕਾ', 'ਤਫੈਲ' ਨਾਲ ਸਾਡਾ ਭੰਡਾਰ ਭਰਿਆ ਪਿਆ ਏ। ਫੇਰ ਸਾਨੂੰ 'ਬਦੌਲਤ' ਲਈ ਮੰਗਤਿਆਂ ਵਾਂਗ ਝੋਲੀ ਅੱਡਣ ਦੀ ਕੀ ਲੋੜ ਏ?

# 'ਲੋਹੜੀ ਤੇ ਸਿੱਖ: ਵਿਚਾਰਨ ਵਾਲੀਆਂ ਕੁਝ ਗੱਲਾਂ'

## ਪ੍ਰਤੀਕਰਮ

ਪੰਜਾਬ ਟਾਈਮਜ਼ ਦੇ 13 ਜਨਵਰੀ 2018 ਦੇ ਅੰਕ ਵਿਚ ਬੀਬੀ ਗੁਰਜੀਤ ਕੌਰ ਦਾ ਲੇਖ 'ਲੋਹੜੀ ਤੇ ਸਿੱਖ: ਵਿਚਾਰਨ ਵਾਲੀਆਂ ਕੁਝ ਗੱਲਾਂ' ਪੜ੍ਹਿਆ। ਬੜਾ ਚੰਗਾ ਲੱਗਿਆ। ਉਨ੍ਹਾਂ ਇਸ ਲੇਖ ਵਿਚ ਬਹੁਤ ਹੀ ਅਹਿਮ ਗੱਲਾਂ ਵਲ ਧਿਆਨ ਦੁਆਇਆ ਹੈ। ਲੋਹੜੀ ਦੇ ਤਿਉਹਾਰ ਨੂੰ ਮੁੱਦਾ ਬਣਾ ਕੇ ਉਨ੍ਹਾਂ ਨੇ ਹਰ ਮਨੁੱਖ ਨੂੰ ਤਰਕਪੂਰਣ ਢੰਗ ਨਾਲ ਜਿਉਣ ਦਾ ਸੰਦੇਸ਼ ਦਿੱਤਾ ਹੈ। ਜਿੱਥੇ ਉਨ੍ਹਾਂ ਨੇ ਲੋਹੜੀ ਨਾਲ ਜੁੜੀਆਂ ਪੌਰਾਣਿਕ ਕਥਾਵਾਂ ਤੇ ਪਰੰਪਰਾਗਤ ਮਿਥਿਹਾਸਕ ਕਹਾਣੀਆਂ ਨੂੰ ਬੇਪਰਦ ਕੀਤਾ ਹੈ, ਉਥੇ ਗਲੋਬਲ ਵਾਰਮਿੰਗ ਤੇ ਵਾਤਾਵਰਣ ਸ਼ੁੱਧਤਾ ਜਿਹੇ ਭਖਦੇ ਮਸਲਿਆਂ ਪ੍ਰਤੀ ਰੂਬਰੂ ਹੋ ਕੇ ਕਈ ਪੁਰਾਣੀਆਂ ਤੇ ਹਰਜਾਈ ਰਹੁ ਰੀਤਾਂ ਨੂੰ ਮੁੜ ਵਿਚਾਰਨ ਦਾ ਸੱਦਾ ਵੀ ਦਿੱਤਾ ਹੈ।

ਬੀਬੀ ਗੁਰਜੀਤ ਕੌਰ ਨੇ ਠੀਕ ਕਿਹਾ ਹੈ ਕਿ ਅੱਜ ਦੇ ਸਿੱਖ ਸਮਾਜ ਵਿਚ ਕਹਿਣੀ ਤੇ ਕਥਨੀ ਵਿਚ ਬੜਾ ਫਰਕ ਆ ਗਿਆ ਹੈ ਤੇ ਇਹ ਵਧਦਾ ਹੀ ਜਾ ਰਿਹਾ ਹੈ। ਗੁਰੂ ਸਾਹਿਬਾਨ ਦੀ ਸਿੱਧੀ ਤੇ ਸਾਦਗੀ ਵਾਲੀ ਸਿੱਖਿਆ ਨੂੰ ਛੱਡ ਕੇ ਸਿੱਖ ਪਖੰਡ ਦੇ ਰਾਹ ਪੈ ਰਹੇ ਹਨ। ਉਨ੍ਹਾਂ ਦੇ ਕਿਰਦਾਰ ਵਿਚ ਦਵੰਧ ਆ ਗਿਆ ਹੈ। ਇਕ ਪਾਸੇ ਉਹ ਸਿੱਖੀ ਦਾ ਦਮ ਭਰਦੇ ਹਨ ਤੇ ਦੂਜੇ ਪਾਸੇ ਸਭਿਆਚਾਰ ਤੇ ਜਸ਼ਨਾਂ ਦੀ ਆੜ ਵਿਚ ਅੰਧਵਿਸ਼ਵਾਸੀ ਕਾਰੇ ਕਰਦੇ ਹਨ। ਉਨ੍ਹਾਂ ਨੇ ਗੁਰਬਾਣੀ 'ਚੋਂ ਹਵਾਲੇ ਦੇ ਕੇ ਚੰਗੀ ਤਰ੍ਹਾਂ ਸਪਸ਼ਟ ਕੀਤਾ ਹੈ ਕਿ ਸਿੱਧਾ ਤੇ ਵਿਗਿਆਨਕ ਰਸਤਾ ਕੀ ਹੈ ਤੇ ਜੋ ਕੁਝ ਇਹ ਅਜੋਕੇ ਸਿੱਖ ਕਰ ਰਹੇ ਹਨ, ਉਹ ਕੀ ਹੈ? ਉਨ੍ਹਾਂ ਨੇ ਸਮਕਾਲੀ ਮਨੁੱਖ ਨੂੰ ਸਮੇਂ ਦਾ ਹਾਣੀ ਹੋ ਕੇ ਵਿਗਿਆਨਕ ਸੋਚ ਨਾਲ ਜਿਉਣ ਦੀ ਸੇਧ ਦਿੱਤੀ ਹੈ ਜੋ ਸਰਾਹੁਣਯੋਗ ਹੈ।

ਪਰ ਇਸ ਦੇ ਨਾਲ ਹੀ ਇਹ ਕਹਿਣ ਤੋਂ ਵੀ ਗੁਰੇਜ਼ ਨਹੀਂ ਕੀਤਾ ਜਾ ਸਕਦਾ ਕਿ ਬੀਬੀ ਜੀ ਦਾ ਇਤਿਹਾਸ ਬਾਰੇ ਕੀਤਾ ਕਿੰਤੂ-ਪ੍ਰੰਤੂ ਵਧੇਰੇ ਜਾਇਜ਼ ਨਹੀਂ ਹੈ। ਇਤਿਹਾਸ ਬੀਤੇ ਸਮੇਂ ਦਾ ਸੱਚ ਹੁੰਦਾ ਹੈ ਜੋ ਸ਼ੀਸ਼ੇ ਵਿਚ ਜੜੀ ਤਸਵੀਰ ਵਾਂਗ ਅਤੀਤ ਦੀ ਦੀਵਾਰ 'ਤੇ ਲਟਕ ਰਿਹਾ ਹੁੰਦਾ ਹੈ। ਇਸ ਨੂੰ ਬਦਲਿਆ ਨਹੀਂ ਜਾ ਸਕਦਾ, ਸੁਧਾਰਿਆ ਨਹੀਂ ਜਾ ਸਕਦਾ ਤੇ ਇਸ 'ਤੇ ਟਿੱਪਣੀ ਨਹੀਂ ਕੀਤੀ ਜਾ ਸਕਦੀ। ਇਹ ਤਾਂ ਇਕ ਝੀਲ, ਇਕ ਪਹਾੜ ਤੇ ਇਕ ਦਰਿਆ ਵਾਂਗ ਇਕ ਤੱਥ ਬਣ ਚੁਕਾ ਹੁੰਦਾ ਹੈ, ਜਿਸ ਨੂੰ ਬਿਨਾ ਮਨ-ਮੁਟਾਵ ਤੇ ਬਿਨਾ ਛੇੜ ਛਾੜ ਦੇ ਸਵੀਕਾਰ ਕਰਨਾ ਹੀ ਬਣਦਾ ਹੈ। ਹਾਂ, ਇਸ ਦੀਆਂ ਵਾਪਰੀਆਂ ਘਟਨਾਵਾਂ ਦਾ ਅਧਿਐਨ ਕਰ ਕੇ ਅਗਾਹਾਂ ਲਈ ਸਿੱਖਿਆ ਜਰੂਰ ਲਈ ਜਾ ਸਕਦੀ ਹੈ। ਪਰ ਬੀਬੀ ਗੁਰਜੀਤ ਕੌਰ ਦੇ ਲੇਖ 'ਚੋਂ ਇਸ ਤਰ੍ਹਾਂ ਦੇ ਭਾਵ ਉਮੜਦੇ ਹਨ ਜਿਵੇਂ ਸਿੰਧ ਘਾਟੀ ਦੇ ਲੋਕ ਕੁਦਰਤ ਨਾਲ ਵਧੇਰੇ ਜੁੜੇ ਹੋਣ ਤੇ ਆਰੀਆ ਲੋਕ ਵਿਨਾਸ਼ਕਾਰੀ ਹੋਣ। ਉਹ ਕਹਿੰਦੇ ਨਹੀਂ ਪਰ ਕਹਿ ਰਹੇ ਜਾਪਦੇ ਹਨ ਕਿ ਆਰੀਆ ਲੋਕਾਂ ਨੂੰ ਸਿੰਧ ਘਾਟੀ ਦੀ ਸਭਿਅਤਾ ਉਜਾੜਨੀ ਨਹੀਂ ਸੀ ਚਾਹੀਦੀ; ਆਰੀਆ ਲੋਕ ਅੰਧਵਿਸ਼ਵਾਸੀ ਸਨ, ਇਸ ਲਈ ਉਹ ਦੇਵੀ-ਦੇਵਤਿਆਂ ਦੀ ਪੂਜਾ ਕਰਦੇ ਸਨ ਤੇ ਆਰੀਆ ਲੋਕਾਂ ਦੀਆਂ ਚਲਾਈਆਂ ਗਲਤ ਰਹੁ ਰੀਤਾਂ ਕਰਕੇ ਮੌਜੂਦਾ ਸਮਾਜ ਤਰਕਹੀਣ ਹੋ ਗਿਆ। ਜੇ ਇਸ ਸੋਚ ਨੂੰ ਇਸੇ ਤਰ੍ਹਾਂ ਅੱਗੇ ਚਲਣ ਦਿੱਤਾ ਜਾਵੇ ਤਾਂ ਇਹ ਕੁਝ ਇਸ ਤਰ੍ਹਾਂ ਦੀ ਬਣ ਜਾਵੇਗੀ: ਸਿੰਧ ਘਾਟੀ ਦੀ ਸਭਿਅਤਾ ਭਾਰਤ ਦੀ ਆਦਿ ਸਭਿਅਤਾ ਹੈ, ਇਸ ਨੂੰ ਮੁੜ-ਸੁਰਜੀਤ ਕੀਤਾ ਜਾਵੇ, ਇਸ ਦੇ ਥਾਂ ਥਾਂ ਸਮਾਰਕ ਬਣਾਏ ਜਾਣ, ਇਸ ਘਾਟੀ ਦੇ ਦਰਾਵੜ ਲੋਕਾਂ ਦੀ ਬੋਲੀ ਤੇ ਲਿਪੀ ਬਾਰੇ ਖੋਜ ਕੀਤੀ ਜਾਵੇ, ਇਸ ਬੋਲੀ ਨੂੰ ਸਿੱਖਿਆ ਦਾ ਮਾਧਿਅਮ ਬਣਾਇਆ ਜਾਵੇ, ਸਾਰੇ ਮੀਲ ਪੱਥਰ ਤੇ ਬੋਰਡ ਇਸ ਬੋਲੀ ਵਿਚ ਲਗਵਾਏ ਜਾਣ, ਇਹ ਦੇਸ਼ ਸਿੰਧ ਘਾਟੀ ਦੇ ਲੋਕਾਂ ਦਾ ਹੈ, ਆਰੀਆ ਲੋਕਾਂ ਨੂੰ ਭਾਰਤ ਵਿਚੋਂ ਵਾਪਸ ਜਾਣ ਲਈ ਮਜ਼ਬੂਰ ਕੀਤਾ ਜਾਵੇ, ਉਨ੍ਹਾਂ ਦੇ ਪੁਤਲੇ ਸਾੜੇ ਜਾਣ, ਹਰ ਸ਼ਹਿਰ ਦੀ ਖੁਦਾਈ ਕਰਵਾ ਕੇ ਇਸ ਹੇਠੋਂ ਨਿਕਲੇ ਖੰਡਰਾਂ ਨੂੰ ਬਹਾਲ ਕੀਤਾ ਜਾਵੇ ਅਤੇ ਤਖਸ਼ਿਲਾ ਯੂਨੀਵਰਸਿਟੀ ਸਮੇਤ ਹੁਣ ਦੇ ਸਭ ਪੁਰਾਤਨ ਸ਼ਹਿਰਾਂ ਦੇ ਨਾਂ ਬਦਲ ਕੇ ਸਿੰਧ ਘਾਟੀ ਅਨੁਸਾਰ ਰੱਖੇ ਜਾਣ।

ਇਸ ਤਰ੍ਹਾਂ ਦੀ ਤਰਕਹੀਣ ਸੋਚ ਅੱਜ ਦੇ ਭਾਰਤ ਵਿਚ ਪਹਿਲਾਂ ਹੀ ਬਹੁਤ ਗਰਮਾਈ ਹੋਈ ਹੈ ਜਿਸ ਦੀ ਹਾਲ ਹੀ ਵਿਚ ਬਹੁਤ ਭੰਡੀ ਹੋਈ ਹੈ। ਬੰਬਈ ਨੂੰ ਮੁੰਬਈ ਤੇ ਤਾਜ ਮਹਿਲ ਨੂੰ ਤਾਜੋਮਹਿਲ ਕਹਿਣ ਨਾਲ ਇਤਿਹਾਸਕ ਤੱਤ ਬਦਲ ਨਹੀਂ ਜਾਂਦੇ ਸਗੋਂ ਕਹਿਣ ਵਾਲਿਆਂ ਦੀ ਅਵਿਗਿਆਨਕ ਪਹੁੰਚ ਪਛਾਣੀ ਜਾਂਦੀ ਹੈ।

ਇਤਿਹਾਸਕ ਕਾਲ ਵਿਚ ਉਦੋਂ ਦੇ ਲੋਕਾਂ ਨੇ ਜੋ ਕੁਝ ਕੀਤਾ, ਉਹ ਸੋਚ-ਸਮਝ ਕੇ ਕੀਤਾ। ਜੇ ਉਹ ਕੁਝ ਵੱਖਰਾ ਤੇ ਵਧੀਆ ਕਰ ਸਕਦੇ ਹੁੰਦੇ ਤਾਂ ਜਰੂਰ ਕਰਦੇ। ਜੇ ਨਹੀਂ ਕਰ ਸਕੇ ਤਾਂ ਜਰੂਰ ਉਨ੍ਹਾਂ ਦੀ ਕੋਈ ਸੀਮਾ ਜਾਂ ਮਜ਼ਬੂਰੀ ਹੋਵੇਗੀ।

ਅੱਜ ਦਾ ਮਨੁੱਖ ਵੀ ਉਦੋਂ ਹੁੰਦਾ ਤਾਂ ਉਹੋ ਕਰਦਾ ਜੋ ਉਨ੍ਹਾਂ ਨੇ ਕੀਤਾ। ਜੋ ਉਹ ਅੱਜ ਸੋਚਦਾ ਹੈ, ਉਸ ਵਿਚ ਉਦੋਂ ਤੋਂ ਹੁਣ ਤੀਕਰ ਦਾ ਅਨੁਭਵ ਜੁੜਿਆ ਹੋਇਆ ਹੈ। ਜੇ ਹੁਣ ਦਾ ਮਨੁੱਖ ਇਤਿਹਾਸ ਵਿਚ ਉਤਰ ਕੇ ਨੌਟੰਕੀ ਕਰਨ ਦੀ ਸੋਚਦਾ ਹੋਵੇ ਤਾਂ ਕਰੇ। ਪਰ ਉਸ ਨੂੰ ਇਥੋਂ ਦੀ ਸੋਚ ਤੇ ਹੁਣ ਦਾ ਅਨੁਭਵ ਇੱਥੇ ਹੀ ਛੱਡ ਕੇ ਜਾਣਾ ਪਵੇਗਾ। ਉਥੇ ਪਹੁੰਚ ਕੇ ਉਸ ਨੂੰ ਉਥੋਂ ਦੀ ਸੋਚ ਅਪਨਾਉਣੀ ਪਵੇਗੀ ਤੇ ਉਦੋਂ ਦਾ ਪਹਿਰਾਵਾ ਪਹਿਨਣਾ ਪਵੇਗਾ।

ਮਿਸਾਲ ਵਜੋਂ ਅੱਜ ਕੱਲ ਹਜ਼ਾਰਾਂ ਸਿੱਖ ਅਜਿਹੇ ਹਨ ਜੋ ਕਹਿੰਦੇ ਹਨ ਕਿ ਆਜ਼ਾਦੀ ਤੋਂ ਪਹਿਲਾਂ ਦੀ ਸਿੱਖ ਲੀਡਰਸ਼ਿਪ ਜੇ ਅੜ ਜਾਂਦੀ ਤਾਂ ਸਿੱਖਾਂ ਲਈ ਵੱਖਰਾ ਰਾਜ ਲੈ ਸਕਦੀ ਸੀ। ਉਹੀ ਲੋਕ ਜੋ ਇੰਦਾਂ ਕਹਿੰਦੇ ਹਨ, ਅੱਜ ਆਪ ਸਿੱਖ ਰਾਜ ਲਈ ਲੜ ਰਹੇ ਹਨ। ਕੀ ਉਨ੍ਹਾਂ ਨੇ ਲੈ ਲਿਆ? ਪੁਰਾਣੇ ਲੀਡਰ ਆਪਣੀਆਂ ਮੰਗਾਂ ਤੇ ਮਜ਼ਬੂਰੀਆਂ ਜਾਣਦੇ ਸਨ ਤੇ ਅਜੋਕੇ ਸਿੱਖ ਆਪਣੀਆਂ ਜਾਣਦੇ ਹਨ। ਇਸ ਗੱਲ ਨੂੰ ਭੁਲਾ ਕੇ ਜੇ ਨਵੇਂ ਪੁਰਾਣਿਆਂ ਦੀ ਨੁਕਤਾਚੀਨੀ ਕਰਨਗੇ ਤਾਂ ਉਹ ਇਹ ਵੀ ਨਾ ਭੁਲਣ ਕਿ ਆਉਣ ਵਾਲੀਆਂ ਪੀੜ੍ਹੀਆਂ ਉਨ੍ਹਾਂ ਦਾ ਵੀ ਇਵੇਂ ਹੀ ਦੋਸ਼ ਕੱਢਣਗੀਆਂ। ਕਈ ਕਹਿੰਦੇ ਹਨ ਕਿ ਜੇ ਮਹਾਰਾਜਾ ਰਣਜੀਤ ਸਿੰਘ ਅੰਗਰੇਜਾਂ ਨਾਲ ਲੜ ਕੇ ਉਨ੍ਹਾਂ ਨੂੰ ਭਜਾ ਦਿੰਦਾ ਤਾਂ ਸਿੱਖ ਰਾਜ ਸਥਾਪਤ ਹੋ ਜਾਣਾ ਸੀ। ਦੂਜੇ ਪਾਸੇ ਇਹੀ ਲੋਕ ਇਹ ਕਹਿੰਦੇ ਨਹੀਂ ਥੱਕਦੇ ਕਿ ਉਹ ਬੜਾ ਧਰਮ ਨਿਰਪੱਖ ਸੀ। ਜੇ ਉਹ ਧਰਮ ਨਿਰਪੱਖ ਸੀ ਤਾਂ ਸਿੱਖ ਰਾਜ ਸਥਾਪਤ ਕਰਨ ਦੀ ਕਿਵੇਂ ਸੋਚਦਾ? ਭਾਵ ਜੇ ਉਸ ਵੇਲੇ ਸੰਪਰਦਾਇਕ ਰਾਜਨੀਤੀ ਦੀ ਪਰੰਪਰਾ ਹੀ ਨਹੀਂ ਸੀ ਤਾਂ ਉਹ ਅਜਿਹੀ ਭਾਵਨਾ ਨਾਲ ਕਿਵੇਂ ਸੋਚਦਾ? ਇਸ ਲਈ ਜੋ ਇਨ੍ਹਾਂ ਅਜੋਕੇ ਸਿੰਘਾਂ ਦੇ ਏਜੰਡੇ 'ਤੇ ਹੈ, ਉਹ ਉਨੀਵੀਂ ਸਦੀ ਦੇ ਸਿੱਖਾਂ ਦੇ ਏਜੰਡੇ 'ਤੇ ਨਹੀਂ ਸੀ।

ਇਤਿਹਾਸ ਦੀ ਆਪਣੀ ਸਥਿਤੀ ਤੇ ਆਪਣਾ ਮਾਹੌਲ ਹੁੰਦਾ ਹੈ। ਇਸ ਨੂੰ ਸਮਝਣ ਲਈ ਕੇਵਲ ਇਸ ਦੀ ਜਾਣਕਾਰੀ ਹੀ ਜਰੂਰੀ ਨਹੀਂ ਸਗੋਂ ਇਤਿਹਾਸਕਾਰੀ ਦਾ ਓਢਣ ਵੀ ਜਰੂਰੀ ਹੈ। ਜਿਵੇਂ ਇਕ ਡਾਕਟਰ ਮਰੀਜ਼ ਦੀ ਪਰਖ ਤੋਂ ਪਹਿਲਾਂ ਦਸਤਾਨੇ ਪਾ ਲੈਂਦਾ ਹੈ, ਇਵੇਂ ਹੀ ਇਤਿਹਾਸ ਨੂੰ ਵਾਚਣ ਤੋਂ ਪਹਿਲਾਂ ਵਿਦਵਾਨ ਨੂੰ ਨਿਰਪੱਖਤਾ ਤੇ ਪਾਰਦਰਸ਼ਤਾ ਦਾ ਲਿਬਾਸ ਪਾ ਲੈਣਾ ਚਾਹੀਦਾ ਹੈ।

ਆਸ ਹੈ, ਬੀਬੀ ਜੀ ਇਤਿਹਾਸ ਦੀਆਂ ਅਜਿਹੀਆਂ ਗੁੰਝਲਾਂ ਨੂੰ ਧਿਆਨ ਵਿਚ ਰੱਖਦਿਆਂ ਵਿਗਿਆਨਕ ਸੱਚਾਈਆਂ ਨੂੰ ਹੋਰ ਅਸਰਦਾਰ ਢੰਗ ਨਾਲ ਪਾਠਕਾਂ ਤੀਕਰ ਪਹੁੰਚਾਉਂਦੇ ਰਹਿਣਗੇ।

*-ਡਾ. ਗੋਬਿੰਦਰ ਸਿੰਘ ਸਮਰਾਓ*
*ਫੋਨ: 408-634-2310*

# 'ਸ਼ਾਰਟ ਕੱਟ ਵਾਇਆ ਲੌਂਗ ਰੂਟ' ਦੀ ਆਖਰੀ ਉਡਾਣ

## ਸੰਪਾਦਕ ਦੀ ਡਾਕ

ਇਕ ਟੀ.ਵੀ. ਸੀਰੀਅਲ ਦੇਖਿਆ ਸੀ, ਜਿਸ ਦਾ ਮਕਸਦ ਸੀ, "ਅਕੀਦਾ ਪੱਕਾ ਹੋਵੇ ਤਾਂ ਮੰਜ਼ਿਲ ਵੀ ਯਕੀਨਨ ਪੱਕੀ ਹੋ ਜਾਂਦੀ ਹੈ।" 'ਪੰਜਾਬ ਟਾਈਮਜ਼' ਵਲੋਂ ਛਾਪੀ, ਸਪੇਨ ਰਹਿੰਦੇ ਨੌਜਵਾਨ ਅਮਰੀਕ ਸਿੰਘ ਬੱਲ ਦੀ ਰਚਨਾ 'ਸ਼ਾਰਟ ਕੱਟ ਵਾਇਆ ਲੌਂਗ ਰੂਟ' ਦੀ ਆਖਰੀ ਕਿਸ਼ਤ 'ਆਖਰੀ ਉਡਾਣ' (6 ਜਨਵਰੀ 2018 ਵਾਲਾ ਅੰਕ) ਲੇਖਕ ਲਈ 'ਮੰਜ਼ਲੇ-ਮਕਸੂਦ' ਹੋ ਨਿਬੜੀ। ਇਸ ਲਿਖਤ ਨੂੰ ਉਤਸ਼ਾਹਿਤ ਕਰਨ ਲਈ ਮੈਂ 'ਪੰਜਾਬ ਟਾਈਮਜ਼' ਅਦਾਰੇ ਦਾ ਸਦਾ ਰਿਣੀ ਰਹਾਂਗਾ। ਆਖਰੀ ਕਿਸ਼ਤ ਵਿਚੋਂ ਕੁਝ ਸਤਰਾਂ ਪਾਠਕਾਂ ਨਾਲ ਸਾਂਝੀਆਂ ਕਰਨਾ ਚਾਹੁੰਦਾ ਹਾਂ:

...ਜਦੋਂ ਮੈਂ ਖਾਨੇ 'ਚ ਬੰਦ ਹੋ ਗਿਆ ਸਾਂ, ਉਦੋਂ ਤੋਂ ਹੀ ਅੰਤਰ-ਪ੍ਰੇਰਨਾ ਸਦਕਾ ਬਦੋਬਦੀ ਮੂੰਹੋਂ ਸਤਿਨਾਮ-ਵਾਹਿਗੁਰੂ ਨਿਕਲਣ ਲੱਗ ਪਿਆ ਸੀ। ਫਿਰ ਇਹ ਲੈਅ ਇਕ ਛਿਣ ਲਈ ਵੀ ਟੁੱਟੀ ਨਹੀਂ। ਅਹਿਸਾਸ ਹੋ ਰਿਹਾ ਸੀ ਕਿ ਇਸ ਬਹੁਤ ਤੰਗ ਜਗ੍ਹਾ 'ਚ ਵੀ ਕੋਈ ਮੇਰੇ ਨਾਲ ਹੈ!...ਦੰਦ ਤੇ ਜਬਾੜਾ ਇੰਜ ਜ਼ੋਰ ਨਾਲ ਘੁੱਟੇ ਗਏ, ਜਿਵੇਂ ਪਰਲੋ ਆਸ-ਪਾਸ ਮੈਨੂੰ ਹੀ ਲੱਭਦੀ ਫਿਰ ਰਹੀ ਹੋਵੇ। ਲੱਗਾ, ਜਿਵੇਂ ਲਹੂ ਨੇ ਵੀ ਨਾੜਾਂ 'ਚ ਗਰਦਿਸ਼ ਕਰਨੀ ਬੰਦ ਕਰ ਦਿੱਤੀ ਹੋਵੇ। ਦਿਲ ਦੀ ਧੜਕਣ ਸੀਨਾ ਪਾੜਨ ਤਕ ਜਾ ਰਹੀ ਸੀ। ਪੱਥਰ ਦੀ ਸਿੱਲ ਵਾਂਗ ਬੇਜਾਨ, ਅਹਿਲ ਜਿਸਮ ਅੰਦਰ ਸੈਂਕੜੇ ਤੂਫਾਨ ਗਰਜ ਰਹੇ ਸਨ।...ਡੈਸ਼ਬੋਰਡ ਦੇ ਪੇਚ ਢਿੱਲੇ ਹੋਣ ਲੱਗੇ। ਮਨ 'ਚ ਸ਼ੱਕ ਉਠਿਆ, ਕਿਤੇ ਦਵਿੰਦਰ ਵਾਂਗ ਵਾਪਸ ਤਾਂ ਨਹੀਂ ਪਰਤ ਆਏ, ਡੌਂਕੀ ਅਸਫਲ ਤਾਂ ਨਹੀਂ ਹੋ ਗਈ? ਢੱਕਣ ਖੁੱਲ੍ਹਿਆ, ਬੜੀ ਮੁਸ਼ਕਿਲ ਨਾਲ ਮੈਨੂੰ ਬਾਹਰ ਕੱਢਿਆ। ਅੰਗ-ਪੈਰ ਸੁੱਤੇ ਮਹਿਸੂਸ ਹੋਏ। ਮੈਂ ਆਲਾ-ਦੁਆਲਾ ਦੇਖਿਆ, ਦਿਲ ਨੇ ਗੋਤਾ ਜਿਹਾ ਖਾਧਾ। ਸਾਹਮਣੇ ਪਰ੍ਹੇ ਉਹੀ ਪਹਾੜੀਆਂ, ਉਹੋ ਜਿਹੇ ਹੀ ਮੰਜ਼ਰ! ਇਕ ਪਾਸੇ ਉਹੋ ਜਿਹੇ ਹੀ ਘਰ। ਮੈਂ ਤੜਫਾਹਟ ਨਾਲ ਡੌਂਕਰ ਨੂੰ ਪੁੱਛਿਆ, "ਮੋਰੱਕੋ?...ਇਸਪਾਨੀਆ?" ਡੌਂਕਰ ਨੇ ਹੱਸ ਕੇ ਕਿਹਾ, "ਇਸਪਾਨੀਆ।"

ਮੈਨੂੰ ਲੱਗਾ ਦਿਲ ਨੇ ਪਲ ਭਰ ਲਈ ਧੜਕਣਾ ਬੰਦ ਕਰ ਦਿੱਤਾ। ਇਸ ਅਦੁਤੀ ਅਹਿਸਾਸ ਨਾਲ ਜਿਵੇਂ ਮੇਰਾ ਸਰੀਰ ਜ਼ੋਰ ਨਾਲ ਕੰਬਿਆ ਤੇ ਮੈਂ ਗੋਡਿਆਂ ਭਾਰ ਜਾ ਡਿੱਗਾ। ਨੇਤਰ ਮੁੰਦੇ ਗਏ, ਮੂੰਹ ਵਿਚੋਂ 'ਵਾਹਿਗੁਰੂ' ਨਿਕਲਿਆ ਤੇ ਅੰਦਰੋਂ ਜਿਵੇਂ ਦਰਦਾਂ-ਮਾਰੀ ਖੁਸ਼ੀ ਬਾਹਰ ਉਬਲ ਪਈ। ਮੇਰਾ ਭੁੱਬੀਂ ਰੋਣਾ ਨਿਕਲ ਗਿਆ।... ਉਸ ਵਕਤ ਜਿਹੜੀ ਖੁਸ਼ੀ, ਜਿਹੜਾ ਅਨੰਦ, ਜਿਹੜਾ ਸਕੂਨ ਮੈਨੂੰ ਹਾਸਲ ਹੋਇਆ, ਉਸ ਦਾ ਅਹਿਸਾਸ ਸਾਰੀ ਜ਼ਿੰਦਗੀ ਨਹੀਂ ਸੀ ਹੋਇਆ। ਕੀ ਇਸ ਹੱਦ ਤਕ ਵੀ ਖੁਸ਼ੀ ਜਾ ਸਕਦੀ ਹੈ? ਯੂਰਪ, ਸਪੇਨ ਪਹੁੰਚਣ ਦੀ ਖੁਸ਼ੀ ਸ਼ਾਇਦ ਓਨੀ ਨਹੀਂ ਸੀ, ਜਿੰਨੀ ਮੋਰੱਕੋ 'ਚੋਂ ਨਿਕਲ ਆਉਣ ਦੀ ਸੀ।...ਮੈਂ ਖੁਸ਼ੀ ਨਾਲ ਥਰਥਰਾਉਂਦੇ ਹੱਥਾਂ ਨਾਲ ਅੱਥਰੂਆਂ ਭਰਿਆ ਚਿਹਰਾ ਪੂੰਝਿਆ ਤੇ ਬੜੇ ਮਜ਼ਬੂਤ ਕਦਮਾਂ ਨਾਲ ਉਸ ਦਿਸ਼ਾ ਵੱਲ ਵਧਿਆ ਜਿਧਰ ਡੌਂਕਰ ਜਾ ਰਿਹਾ ਸੀ...।

*-ਮਨਮੋਹਨ ਸਿੰਘ, ਮਿਸ਼ੀਗਨ*
*ਫੋਨ: 734-437-9273*


---

ਮੈਂ ਪੰਜਾਬ ਟਾਈਮਜ਼ ਵਿਚ ਅਮਰੀਕ ਸਿੰਘ ਬੱਲ ਦੀ ਲੜੀਵਾਰ ਛਪੀ ਪੁਸਤਕ 'ਲੌਂਗ ਰੂਟ ਵਾਇਆ ਸ਼ੌਰਟ ਕੱਟ' ਸਾਰੀ ਦੀ ਸਾਰੀ ਪੜ੍ਹੀ ਹੈ। ਉਨ੍ਹਾਂ ਆਪਣੀ ਗਾਥਾ ਰਾਹੀਂ ਪੰਜਾਬ ਤੋਂ ਕਿਸੇ ਵੀ ਤਰ੍ਹਾਂ ਬਾਹਰਲੇ ਮੁਲਕਾਂ ਵਿਚ ਪਹੁੰਚਣ ਦੇ ਚਾਹਵਾਨ ਨੌਜਵਾਨਾਂ ਦੀ ਕਥਾ ਬਹੁਤ ਹੀ ਮਾਰਮਿਕ ਢੰਗ ਨਾਲ ਬਿਆਨੀ ਹੈ ਕਿ ਕਿਵੇਂ ਉਨ੍ਹਾਂ ਨੂੰ ਆਪਣੀ ਜਾਨ ਜੋਖਮ ਵਿਚ ਪਾਉਣੀ ਪੈਂਦੀ ਹੈ। ਇਹ ਕਹਾਣੀ ਇਕੱਲੇ ਅਮਰੀਕ ਸਿੰਘ ਬੱਲ ਦੀ ਨਹੀਂ ਸਗੋਂ ਉਨ੍ਹਾਂ ਵਰਗੇ ਹੋਰ ਅਨੇਕਾਂ ਨੌਜਵਾਨਾਂ ਦੀ ਹੈ ਜਿਨ੍ਹਾਂ ਵਿਚੋਂ ਕਈ ਤਾਂ ਅਮਰੀਕਾ, ਕੈਨੇਡਾ ਜਾਂ ਯੂਰਪ ਦੇ ਦੇਸ਼ਾਂ ਤੱਕ ਪਹੁੰਚਣ ਤੋਂ ਪਹਿਲਾਂ ਹੀ ਜਾਂ ਤਾਂ ਜੇਲ੍ਹਾਂ ਦੇ ਕੈਦੀ ਬਣ ਜਾਂਦੇ ਹਨ ਤੇ ਕਈ ਮੌਤ ਦੇ ਮੂੰਹ ਚਲੇ ਜਾਂਦੇ ਹਨ। ਫਿਰ ਵੀ ਪਤਾ ਨਹੀਂ ਕਿਉਂ, ਲੱਖਾਂ ਰੁਪਏ ਖਰਚ ਕੇ ਉਹ ਇਸ ਰਾਹ ਪੈਂਦੇ ਹਨ?

*-ਜਗਮੀਤ ਸਿੰਘ, ਨਿਊ ਯਾਰਕ*

# ਦਿੱਲੀ ਤੇ ਪੰਜਾਬ: ਸਿਆਸੀ ਝਟਕਿਆਂ ਦੇ ਵੰਨ-ਸੁਵੰਨੇ ਪੱਖ

**ਸਿਆਸਤ ਦਾ ਪਿੜ**



ਜਤਿੰਦਰ ਪਨੂੰ
ਫੋਨ: 91-98140-68455

ਇਹ ਹਫਤਾ ਦੋ ਪ੍ਰਮੁੱਖ ਸਰਕਾਰਾਂ ਲਈ ਸਿਆਸੀ ਝਟਕਿਆਂ ਵਾਲਾ ਸਾਬਤ ਹੋਇਆ ਹੈ। ਇੱਕ ਸਰਕਾਰ ਪੰਜਾਬ ਵਿਚ ਕਾਂਗਰਸ ਪਾਰਟੀ ਵੱਲੋਂ ਚਲਾਈ ਜਾਂਦੀ ਹੈ ਤੇ ਚੱਲਣ ਤੋਂ ਵੱਧ ਕੇਂਦਰ ਦੀ ਸਰਕਾਰ ਚਲਾ ਰਹੇ ਸਿਆਸੀ ਗੱਠਜੋੜ ਦੇ ਲੀਡਰਾਂ ਨੂੰ ਰੜਕਦੀ ਹੈ। ਕੇਂਦਰ ਦੇ ਕੁਝ ਮੰਤਰੀ ਤਾਂ ਇਸ ਦਾ ਕਿਸੇ ਵੀ ਵਕਤ ਭੋਗ ਪਿਆ ਉਡੀਕਦੇ ਹਨ। ਦੂਸਰੇ ਪਾਸੇ ਦਿੱਲੀ ਦੀ ਸਰਕਾਰ ਹੈ, ਜੋ ਕੇਂਦਰ ਵਿਚ ਰਾਜ ਕਰਦੀ ਭਾਰਤੀ ਜਨਤਾ ਪਾਰਟੀ (ਭਾਜਪਾ) ਵਾਲਿਆਂ ਨੂੰ ਜਿੰਨਾ ਰੜਕਦੀ ਹੈ, ਉਸ ਤੋਂ ਵੱਧ ਭਾਜਪਾ ਕੋਲੋਂ ਰੋਜ਼ ਸਵੇਰੇ ਉਠ ਕੇ ਖੜਕੰਤੀ ਕਰਵਾਉਣ ਵਾਲੇ ਕਾਂਗਰਸੀ ਆਗੂਆਂ ਨੂੰ ਰੜਕਦੀ ਹੈ।

ਰਾਜਸੀ ਪੱਖ ਤੋਂ ਹਰ ਹੱਦ ਟੱਪ ਜਾਣ ਤੱਕ ਜਾਂਦੀਆਂ ਦੋਵੇਂ ਮੁੱਖ ਪਾਰਟੀਆਂ ਦਿੱਲੀ ਵਾਲੀ ਦਾਲ ਵਿਚ ਕੋਕੜੂ ਪਿਆ ਕਿਸੇ ਵੀ ਢੰਗ ਨਾਲ ਚੁਗਣ ਤੇ ਡਸਟ-ਬਿਨ ਵਿਚ ਸੁੱਟਣ ਲਈ ਆਪੋ ਵਿਚ ਅੱਖ ਮਿਲਾ ਲੈਂਦੀਆਂ ਹਨ। ਕਿਉਂਕਿ ਇਸ ਵਾਰੀ ਪੰਜਾਬ ਅਤੇ ਦਿੱਲੀ-ਦੋਵਾਂ ਸਰਕਾਰਾਂ ਨੂੰ ਝਟਕੇ ਲੱਗੇ ਹਨ, ਇਸ ਲਈ ਅਕਾਲੀ-ਭਾਜਪਾ ਗੱਠਜੋੜ ਦੀ ਲੀਡਰਸ਼ਿਪ ਕੱਛਾਂ ਵਜਾ ਸਕਦੀ ਹੈ।

ਪੰਜਾਬ ਵਿਚ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੂੰ ਦੋ ਵੱਡੇ ਝਟਕੇ ਲੱਗੇ ਹਨ। ਪਹਿਲਾ ਝਟਕਾ ਹਾਈ ਕੋਰਟ ਵੱਲੋਂ ਚੀਫ ਪ੍ਰਿੰਸੀਪਲ ਸੈਕਟਰੀ ਸੁਰੇਸ਼ ਕੁਮਾਰ ਦੀ ਨਿਯੁਕਤੀ ਰੱਦ ਕਰ ਦੇਣ ਨਾਲ ਲੱਗਾ ਹੈ। ਸਾਰੀ ਉਮਰ ਦੇ ਸਾਫ ਅਕਸ ਵਾਲੇ ਉਸ ਅਫਸਰ ਨਾਲ ਚੰਗੀ ਨਹੀਂ ਹੋਈ। ਉਸ ਨੇ ਨਿਯੁਕਤੀ ਮੰਗੀ ਨਹੀਂ ਸੀ, ਉਸ ਨੂੰ ਦਿੱਤੀ ਗਈ ਸੀ। ਹਾਈ ਕੋਰਟ ਵਿਚ ਪਿਛਲੇ ਸਾਲ ਉਸ ਦੀ ਨਿਯੁਕਤੀ ਨੂੰ ਚੁਣੌਤੀ ਦਿੱਤੇ ਜਾਣ ਸਮੇਂ ਉਸ ਨੇ ਅਸਤੀਫਾ ਦੇ ਦਿੱਤਾ ਤੇ ਕੰਮ ਛੱਡ ਕੇ ਘਰ ਬੈਠਣਾ ਠੀਕ ਸਮਝਿਆ ਸੀ। ਉਦੋਂ ਉਸ ਨੂੰ ਮਨਾਉਣ ਲਈ ਮੁੱਖ ਮੰਤਰੀ ਤੇ ਮੰਤਰੀਆਂ ਨਾਲ ਉਹ ਅਫਸਰ ਵੀ ਗਏ ਸਨ, ਜੋ ਅੰਦਰਖਾਤੇ ਸੁਰੇਸ਼ ਕੁਮਾਰ ਦੇ ਖਿਲਾਫ ਪਟੀਸ਼ਨ ਕਰਾਉਣ ਵਾਲੇ ਦੱਸੇ ਜਾਂਦੇ ਸਨ।

ਗੱਲ ਅਸਲ ਵਿਚ ਇਹ ਸੀ ਕਿ ਜੋ ਲੋਕ ਇਹ ਸਮਝਦੇ ਸਨ ਕਿ ਪੰਜਾਬ ਦੇ ਚੀਫ ਸੈਕਟਰੀ ਦੀ ਹਕੂਮਤੀ ਕੁਰਸੀ ਅੱਜ ਨਹੀਂ ਤਾਂ ਭਲਕੇ, ਸਾਡੇ ਥੱਲੇ ਆ ਸਕਦੀ ਹੈ, ਜਦੋਂ ਸੁਰੇਸ਼ ਕੁਮਾਰ ਨੂੰ ਚੀਫ ਪ੍ਰਿੰਸੀਪਲ ਸੈਕਟਰੀ ਬਣਿਆ ਵੇਖਿਆ ਤਾਂ ਉਨ੍ਹਾਂ ਨੂੰ ਕੌੜ ਹੋਈ ਸੀ ਕਿ ਇਸ ਨੇ ਸਾਡਾ ਰਾਹ ਰੋਕ ਲਿਆ ਹੈ, ਹੁਣ ਸਾਨੂੰ ਮੌਕਾ ਨਹੀਂ ਮਿਲਣਾ। ਸਾਰੀ ਸਾਜ਼ਿਸ਼ ਰਾਜ ਦਰਬਾਰ ਅੰਦਰੋਂ ਹੋਈ। ਅਸੀਂ ਸੁਰੇਸ਼ ਕੁਮਾਰ ਨੂੰ ਉਦੋਂ ਤੋਂ ਜਾਣਦੇ ਹਾਂ, ਜਦੋਂ ਉਹ ਉਭਰਦੀ ਉਮਰ ਦਾ ਨੌਜਵਾਨ ਆਈ. ਏ.



ਸੁਰੇਸ਼ ਕੁਮਾਰ

ਐਸ. ਅਫਸਰ ਪੰਜਾਬ ਕਾਡਰ ਵਿਚ ਅੰਮ੍ਰਿਤਸਰ ਭੇਜਿਆ ਗਿਆ ਸੀ। ਈਮਾਨਦਾਰ ਵੀ ਸੀ ਅਤੇ ਸਖਤ ਮਿਹਨਤ ਕਰਨ ਵਾਲਾ ਵੀ। ਇਹ ਹੀ ਕਾਰਨ ਸੀ ਕਿ ਸਰਕਾਰ ਅਕਾਲੀ-ਭਾਜਪਾ ਦੀ ਹੁੰਦੀ ਜਾਂ ਕਾਂਗਰਸ ਦੀ, ਜਿਹੜੇ ਕੰਮ ਨੱਕ ਬਚਾਉਣ ਨੂੰ ਕਰਨੇ ਜ਼ਰੂਰੀ ਸਨ, ਉਨ੍ਹਾਂ ਲਈ ਗੁਣਾ ਦੋਵੇਂ ਸਰਕਾਰਾਂ ਸੁਰੇਸ਼ ਕੁਮਾਰ ਦਾ ਪਾ ਦਿੰਦੀਆਂ ਸਨ। ਪੰਜਾਬ ਵਿਚ ਸੁਰੇਸ਼ ਕੁਮਾਰ, ਕ੍ਰਿਸ਼ਨ ਕੁਮਾਰ ਤੇ ਕਾਹਨ ਸਿੰਘ ਪੰਨੂ ਵਰਗੇ ਅਫਸਰਾਂ ਨੂੰ ਛਕਣ-ਛਕਾਉਣ ਵਾਲੇ ਬੰਦੇ ਪਸੰਦ ਨਹੀਂ ਕਰਦੇ ਤੇ ਸਾਰੀ ਖੇਡ ਦੀ ਜੜ੍ਹ ਇਹ ਹੀ ਹੈ। ਸੁਰੇਸ਼ ਕੁਮਾਰ ਦੀ ਨਿਯੁਕਤੀ ਗਲਤ ਸੀ ਤਾਂ ਸਰਕਾਰ ਨੇ ਕੀਤੀ ਸੀ, ਸੁਰੇਸ਼ ਕੁਮਾਰ ਨੇ ਨਹੀਂ ਸੀ ਮੰਗੀ, ਪਰ ਉਮਰ ਭਰ ਸੁਥਰੀ ਦਿੱਖ ਰੱਖਣ ਵਾਲੇ ਅਫਸਰ ਨੂੰ ਸੇਵਾ ਮੁਕਤੀ ਪਿੱਛੋਂ ਅਣਸੁਖਾਵੀਂ ਸਥਿਤੀ ਦਾ ਸਾਹਮਣਾ ਕਰਨਾ ਪੈ ਗਿਆ ਹੈ।

ਅਕਾਲੀ ਆਗੂਆਂ ਨੇ ਇਸ ਗੱਲ ਲਈ ਮਿਹਣਾ ਦਿੱਤਾ ਤੇ ਠੀਕ ਦਿੱਤਾ ਹੈ, ਪਰ ਇੱਕ ਗੱਲ ਉਹ ਭੁੱਲ ਜਾਂਦੇ ਹਨ ਕਿ ਉਨ੍ਹਾਂ ਦੇ ਵਕਤ ਏਦੂੰ ਵੀ ਵੱਧ ਗਲਤ ਹੋਇਆ ਸੀ। ਪੱਛਮੀ ਬੰਗਾਲ ਦਾ ਇੱਕ ਆਈ. ਏ. ਐਸ. ਅਫਸਰ ਪੰਜਾਬ ਲਿਆ ਕੇ ਇਥੋਂ ਦੇ ਅਫਸਰਾਂ ਤੋਂ ਜੂਨੀਅਰ ਹੋਣ ਦੇ ਬਾਵਜੂਦ ਸਾਰੇ ਪ੍ਰਸ਼ਾਸਨ ਦੀ ਅਸਲੀ ਨੱਥ ਉਸ ਦੇ ਹੱਥ ਦੇ ਰੱਖੀ ਅਤੇ ਦਸ ਸਾਲਾ ਅਕਾਲੀ-ਭਾਜਪਾ ਰਾਜ ਦੌਰਾਨ ਉਸ ਦੀ ਬੰਗਾਲ ਤੋਂ ਪੰਜਾਬ ਆਉਣ ਦੀ ਫਾਈਲ ਨਾ ਕਦੇ ਬੰਗਾਲ ਸਰਕਾਰ ਨੇ ਪਾਸ ਕੀਤੀ ਸੀ, ਨਾ ਕੇਂਦਰ ਸਰਕਾਰ ਨੇ ਅਤੇ ਨਾ ਉਸ ਦੀ ਤਨਖਾਹ ਦਾ ਖਾਤਾ ਸਪੱਸ਼ਟ ਹੋ ਸਕਿਆ ਸੀ। ਪੰਜਾਬ ਦੀ ਨਵੀਂ ਸਰਕਾਰ ਨੇ ਆਉਂਦੇ ਸਾਰ ਉਸ ਨੂੰ ਵਿਹਲਾ ਕਰ ਦਿੱਤਾ ਤਾਂ ਪੰਜਾਬ ਵਿਚ ਉਸ ਦੀ ਨਿਯੁਕਤੀ ਦੀਆਂ ਫਾਈਲਾਂ ਲੱਭਣੀਆਂ ਔਖੀਆਂ ਹੋ ਗਈਆਂ ਸਨ। ਸਾਰੇ ਦੇਸ਼ ਵਿਚ ਲਾਗੂ ਹੁੰਦੇ ਅਫਸਰੀ ਨਿਯੁਕਤੀਆਂ ਦੇ ਨਿਯਮ-ਕਾਨੂੰਨ ਰੱਦੀ ਦੇ ਟੋਕਰੇ ਵਿਚ ਸੁੱਟ ਕੇ ਜਿਨ੍ਹਾਂ ਨੇ ਇਹੋ ਜਿਹਾ ਰਾਜ ਦਸ ਸਾਲ ਚਲਾਇਆ ਸੀ, ਉਨ੍ਹਾਂ ਵੱਲੋਂ ਮਿਹਣਾ ਸੁਣ ਕੇ ਹਾਸਾ ਆਉਂਦਾ ਹੈ।

ਅਮਰਿੰਦਰ ਸਿੰਘ ਦੀ ਸਰਕਾਰ ਨੂੰ ਦੂਸਰਾ ਝਟਕਾ ਮੰਤਰੀ ਮੰਡਲ ਵਿਚੋਂ ਰਾਣਾ ਗੁਰਜੀਤ ਸਿੰਘ ਦੇ ਅਸਤੀਫਾ ਦੇਣ ਨਾਲ ਲੱਗਾ ਹੈ। ਇਹ ਅਸਤੀਫਾ ਕਾਫੀ ਪਹਿਲਾਂ ਦਿੱਤਾ ਹੁੰਦਾ ਤਾਂ ਜ਼ਿਆਦਾ ਠੀਕ ਹੋਣਾ ਸੀ। ਜਿੱਦਾਂ ਦੇ ਦੋਸ਼ ਲਾਏ ਗਏ ਸਨ, ਜਿੱਦਾਂ ਦੀ ਚਰਚਾ ਚੱਲ ਰਹੀ ਸੀ, ਉਸ ਦਾ ਠੀਕ ਹੱਲ ਇਹੋ ਹੋਣਾ ਸੀ। ਨਹੀਂ ਕੀਤਾ ਤਾਂ ਕਰਨਾ ਪੈ ਗਿਆ ਹੈ। ਜਿਹੜਾ ਜਾਂਚ ਕਮਿਸ਼ਨ ਪੰਜਾਬ ਸਰਕਾਰ ਨੇ ਬਣਾਇਆ ਸੀ, ਉਸ ਦੀ ਰਿਪੋਰਟ ਨੇ ਵੀ ਢੱਕਣ ਨਹੀਂ ਢੱਕਿਆ। ਪੰਜਾਬ ਵਿਧਾਨ ਸਭਾ ਦਾ ਬਜਟ ਸੈਸ਼ਨ ਵੀ ਅਗਲੇ ਦਿਨੀਂ ਹੋਣ ਵਾਲਾ ਹੈ ਤੇ ਵਿਰੋਧੀ ਧਿਰ ਇਹ ਮਸਲਾ ਉਦੋਂ ਚੁੱਕੇਗੀ। ਉਸ ਮੌਕੇ ਸਰਕਾਰ ਦੇ ਮੁਖੀ ਨੂੰ ਅਣਸੁਖਾਵੀਂ ਸਥਿਤੀ ਦਾ ਸਾਹਮਣਾ ਕਰਨਾ ਪੈਣਾ ਹੈ। ਸਰਕਾਰ ਵਿਚ ਬੈਠੇ ਕੁਝ ਲੋਕ ਇਸ ਮੌਕੇ ਹੱਥ ਭਾਵੇਂ ਮੁੱਖ ਮੰਤਰੀ ਦੇ ਨਾਲ ਖੜ੍ਹਾ ਕਰਨਗੇ, ਅਸਲ ਵਿਚ ਉਹ ਲੋਕ ਇਸ ਹਾਲਤ ਦਾ ਅਨੰਦ ਲੈਣਗੇ। ਇਹੋ ਜਿਹੇ ਹਾਲਾਤ ਵਿਚ ਵਿਰੋਧੀ ਧਿਰ ਦੀ ਮੁੱਖ ਪਾਰਟੀ ਧਮੱਚੜ ਪਾ ਸਕਦੀ ਸੀ, ਪਰ ਉਹ ਹੁਣ ਦਿੱਲੀ ਦੀ ਦਲਦਲ ਵਿਚ ਖੁਦ ਹੀ ਫਸੀ ਫਿਰਦੀ ਹੈ।

ਦਿੱਲੀ ਦੀ ਦਲਦਲ ਵਿਚ ਫਸੇ ਹੋਏ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਵੱਡਾ ਝਟਕਾ ਚੋਣ ਕਮਿਸ਼ਨ ਦੇ ਉਸ ਫੈਸਲੇ ਨਾਲ ਲੱਗਾ ਹੈ, ਜਿਸ ਨੇ ਆਮ ਆਦਮੀ ਪਾਰਟੀ (ਆਪ) ਦੇ ਇੱਕੀ ਵਿਧਾਇਕਾਂ ਨੂੰ ਪਾਰਲੀਮੈਂਟਰੀ ਸੈਕਟਰੀ ਬਣਾਏ ਜਾਣ ਨੂੰ ਗਲਤ ਕਰਾਰ ਦੇ ਕੇ ਮੈਂਬਰੀ ਦੇ ਅਯੋਗ ਕਰਾਰ ਦੇ ਦਿੱਤਾ ਹੈ। ਇਹ ਕੇਜਰੀਵਾਲ ਦੀ ਗਲਤੀ ਦਾ ਨਤੀਜਾ ਹੈ। ਦਿੱਲੀ ਵਿਚ ਨਿਯਮਾਂ ਅਨੁਸਾਰ, ਜਿੰਨੀ ਕੁ ਸਾਨੂੰ ਜਾਣਕਾਰੀ ਹੈ, ਸਿਰਫ ਇੱਕ ਪਾਰਲੀਮੈਂਟਰੀ ਸੈਕਟਰੀ ਬਣ ਸਕਦਾ ਹੈ ਤੇ ਉਹ ਵੀ ਮੁੱਖ ਮੰਤਰੀ ਨਾਲ ਅਟੈਚ ਹੋਣਾ ਹੁੰਦਾ ਹੈ। ਕੇਜਰੀਵਾਲ ਨੇ ਇਕੱਠੇ ਇੱਕੀ ਵਿਧਾਇਕਾਂ ਨੂੰ ਇਹ ਕਲਗੀ ਲਾ ਦਿੱਤੀ।

ਇਸ ਪਾਰਟੀ ਦੇ ਲੀਡਰਾਂ ਦਾ ਕਹਿਣਾ ਹੈ ਕਿ ਸਾਡੇ ਵਿਧਾਇਕ ਕੋਈ ਵਾਧੂ ਤਨਖਾਹ ਜਾਂ ਭੱਤਾ ਨਹੀਂ ਸਨ ਲੈਂਦੇ, ਕਾਰ ਜਾਂ ਦਫਤਰ ਵਗੈਰਾ ਦੀ ਸਹੂਲਤ ਵੀ ਨਹੀਂ ਸੀ ਦਿੱਤੀ ਅਤੇ ਮੁਫਤ ਦੇ ਸੇਵਾਦਾਰ ਸਨ। ਕਹਿਣ ਨੂੰ ਇਹ ਗੱਲਾਂ ਭਾਵੇਂ ਠੀਕ ਲੱਗਣ, ਅਮਲ ਵਿਚ ਇਨ੍ਹਾਂ ਨੂੰ ਮੰਨ ਲੈਣਾ ਏਨਾ ਸੌਖਾ ਨਹੀਂ ਹੁੰਦਾ। ਜਦੋਂ ਉਹ ਵਿਧਾਇਕ ਸਬੰਧਤ ਵਿਭਾਗ ਨੂੰ ਚੈਕ ਕਰਨ ਲਈ ਸਭ ਅਧਿਕਾਰਾਂ ਨਾਲ ਲੈਸ ਕੀਤੇ ਗਏ ਸਨ, ਉਨ੍ਹਾਂ ਨੂੰ ਇਸ ਤੋਂ ਲਾਭ ਦਾ ਮੌਕਾ ਮਿਲ ਸਕਦਾ ਸੀ। ਮਿਸਾਲ ਵਜੋਂ ਸੜਕਾਂ ਬਣਾਉਣ ਦੇ ਕੰਮ ਦੀ ਨਿਗਰਾਨੀ ਕਰਨ ਵਾਲਾ ਪਾਰਲੀਮੈਂਟਰੀ ਸੈਕਟਰੀ ਕਿਸੇ ਨਵੀਂ ਬਣਾਈ ਸੜਕ ਨੂੰ ਵੇਖਣ ਜਾਂਦਾ ਤੇ ਸਿਰ ਹਿਲਾ ਕੇ ਏਨਾ ਕਹਿ ਛੱਡਦਾ ਕਿ ਕੰਮ ਠੀਕ ਨਹੀਂ ਕੀਤਾ ਤਾਂ ਏਨੇ ਨਾਲ ਸੜਕ ਦੇ ਠੇਕੇਦਾਰ ਤੇ ਅਫਸਰ ਘਾਬਰ ਜਾਣੇ ਸਨ ਤੇ ਅੱਧੀ ਰਾਤ ਨੂੰ ਲੋਕਾਂ ਤੋਂ ਅੱਖ ਬਚਾ ਕੇ ਉਸ ਪਾਰਲੀਮੈਂਟਰੀ ਸੈਕਟਰੀ ਨੂੰ ਮਿਲਣ ਦਾ ਰਾਹ ਉਨ੍ਹਾਂ ਨੇ ਆਪ ਹੀ ਲੱਭ ਲੈਣਾ ਸੀ। ਦਿੱਲੀ ਵਿਚੋਂ ਆਉਂਦੀਆਂ ਕਨਸੋਆਂ ਦੱਸਦੀਆਂ ਸਨ ਕਿ ਅਜਿਹੇ ਪਾਰਲੀਮੈਂਟਰੀ ਸੈਕਟਰੀ ਬਣੇ ਵਿਧਾਇਕਾਂ ਨੇ ਆਪਣੇ ਨਾਲ ਕੋਈ ਨਾ ਕੋਈ ਰਿਸ਼ਤੇਦਾਰ ਜੋੜਿਆ ਹੁੰਦਾ ਸੀ, ਜਿਹੜਾ ਕੁਝ ਵੀ ਕਰ ਸਕਦਾ ਸੀ, ਕੁਝ ਵੀ।

ਮਾੜੀ ਗੱਲ ਇਸ ਵਿਚ ਇਹ ਹੋਈ ਹੈ ਕਿ ਮੁੱਖ ਚੋਣ ਕਮਿਸ਼ਨਰ ਨੇ ਆਪਣੀ ਸੇਵਾ ਮੁਕਤੀ ਤੋਂ ਸਿਰਫ ਤਿੰਨ ਦਿਨ ਪਹਿਲਾਂ ਆਮ ਆਦਮੀ ਪਾਰਟੀ ਨੂੰ ਏਦਾਂ ਦੀ ਸੱਟ ਮਾਰੀ ਹੈ, ਜਿਸ ਵਿਚੋਂ ਨਿਰਪੱਖਤਾ ਨਜ਼ਰ ਨਹੀਂ ਆਈ। ਜਦੋਂ ਹੋਰ ਰਾਜਾਂ ਵਿਚ ਇਹੋ ਕੁਝ ਹੁੰਦਾ ਗੈਰ-ਸੰਵਿਧਾਨਕ ਮੰਨਿਆ ਗਿਆ ਸੀ ਤਾਂ ਨਾ ਅਕਾਲੀ-ਭਾਜਪਾ ਦੇ ਪਾਰਲੀਮੈਂਟਰੀ ਸੈਕਟਰੀ ਬਣਾਏ ਗਏ ਵਿਧਾਇਕਾਂ ਨੂੰ ਅਯੋਗ ਕਰਾਰ ਦਿੱਤਾ ਗਿਆ, ਨਾ ਹਿਮਾਚਲ ਪ੍ਰਦੇਸ਼ ਤੇ ਹਰਿਆਣਾ ਜਾਂ ਹੋਰ ਰਾਜਾਂ ਵਾਲਿਆਂ ਨੂੰ; ਏਦਾਂ ਹੀ ਦਿੱਲੀ ਵਾਲਿਆਂ ਨੂੰ ਅਯੋਗ ਕਰਾਰ ਦੇਣ ਦੀ ਥਾਂ ਝਾੜ ਪਾ ਕੇ ਛੱਡਿਆ ਜਾ ਸਕਦਾ ਸੀ।

ਮੁੱਖ ਚੋਣ ਕਮਿਸ਼ਨਰ ਦੇ ਇਸ ਫੈਸਲੇ ਵਿਚੋਂ ਓਨਾ ਸੰਵਿਧਾਨਕ ਪੱਖ ਨਹੀਂ ਝਲਕਿਆ, ਜਿੰਨਾ ਇਹ ਝਲਕਦਾ ਹੈ ਕਿ ਸੇਵਾ ਮੁਕਤੀ ਪਿੱਛੋਂ ਸਿਰਫ ਪੈਨਸ਼ਨ ਹੀ ਕਾਫੀ ਨਹੀਂ, ਕਿਸੇ ਤਰ੍ਹਾਂ ਦਾ ਅਹੁਦਾ ਮਿਲਦਾ ਹੋਵੇ ਤਾਂ ਛੱਡਣਾ ਨਹੀਂ ਚਾਹੀਦਾ। ਬਹੁਤ ਸਾਰੇ ਲੋਕਾਂ ਨੇ ਪਹਿਲਾਂ ਵੀ ਏਦਾਂ ਕੀਤਾ ਹੋਇਆ ਹੈ, ਇੱਕ ਜਣਾ ਹੋਰ ਏਦਾਂ ਕਰ ਲਵੇ ਤਾਂ ਹੈਰਾਨੀ ਨਹੀਂ ਹੋਣੀ ਚਾਹੀਦੀ।

# ਹੂਕੜਾਂ ਭਰਾਵਾਂ ਦਾ ਜਾਗ੍ਰਿਤੀ ਮੰਥਨ

**ਨਿੱਕ ਸੁੱਕ**



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਪਿਛਲੇ ਦਿਨਾਂ ਵਿਚ ਮੈਨੂੰ 'ਹੂਕੜਾਂ ਬ੍ਰਦਰਜ਼ ਦੇ ਐਵੇਰਨੈਸ ਮਿਸ਼ਨ' ਦੀ ਝਲਕ ਵੇਖਣ ਨੂੰ ਮਿਲੀ। ਮੈਂ ਇਸ ਮਿਸ਼ਨ ਨੂੰ ਉਪਰ ਲਿਖਿਆ ਪੰਜਾਬੀ ਨਾਂ ਦਿੱਤਾ ਹੈ। ਨਾਂ ਵਿਚ ਕੀ ਪਿਆ ਏ? ਆਪਾਂ ਤਿੰਨਾਂ ਭਾਈਆਂ ਦੇ ਉਪਕਾਰ ਕਾਰਜਾਂ ਦੀ ਗੱਲ ਕਰੀਏ।

ਤਹਿਸੀਲ ਤੇ ਜ਼ਿਲਾ ਹੁਸ਼ਿਆਰਪੁਰ ਵਿਚ 172 ਹੈਕਟੇਅਰ ਰਕਬੇ ਤੇ 909 ਜੀਆਂ ਦੀ ਅਬਾਦੀ ਵਾਲਾ ਇੱਕ ਛੋਟਾ ਜਿਹਾ ਪਿੰਡ ਹੈ, ਹੁਸ਼ਿਆਰਪੁਰ-ਫਗਵਾੜਾ ਮਾਰਗ ਉਤੇ, ਹੂਕੜਾਂ। ਇਸ ਪਿੰਡ ਦੇ ਤਿੰਨ ਭਰਾਵਾਂ ਨੇ ਰਲ ਕੇ ਉਪਰੋਕਤ ਸਮਾਜ ਸੇਵੀ ਸੰਸਥਾ ਬਣਾ ਰਖੀ ਹੈ ਜਿਸ ਦਾ ਮੂਲ ਮੰਤਵ ਪਛੜੇ ਵਰਗ ਦੇ ਛੋਟੇ ਬੱਚਿਆਂ ਨੂੰ ਵਾਤਾਵਰਣ ਸਿਖਿਆ, ਇਸਤਰੀ ਸ਼ਕਤੀ, ਦੇਸ਼ ਪਿਆਰ ਤੇ ਆਮ ਜਾਗ੍ਰਿਤੀ ਪ੍ਰਦਾਨ ਕਰਨਾ ਹੈ। ਵਸੀਲੇ ਜੁਟਾਉਣ ਵਾਲੇ ਤਾਂ ਮੋਹਨ ਲਾਲ ਤੇ ਰਾਮ ਜੀਤ ਹਨ ਪਰ ਭਜ ਨੱਠ ਕਰਨ ਦਾ ਜ਼ਿੰਮਾ ਰਾਮ ਦਿਆਲ ਦਾ ਹੈ। ਪਹਿਲਾ ਭਰਾ 2017 ਵਿਚ ਬਾਰਡਰ ਸਕਿਊਰਿਟੀ ਫੋਰਸ ਵਿਚ ਡੀ. ਆਈ. ਜੀ. ਸੀ, ਦੂਜਾ ਨਵੋਦਿਆ ਪ੍ਰਣਾਲੀ 'ਚ ਅਸਿਸਟੈਂਟ ਕਮਿਸ਼ਨਰ ਹੈ ਤੇ ਖੁਦ ਰਾਮ ਦਿਆਲ ਚੰਡੀਗੜ੍ਹ ਪੁਲਿਸ ਵਿਚ ਲੋਕ ਸੰਪਰਕ ਅਫਸਰ ਹੈ।

ਪਿਛਲੇ ਦਿਨਾਂ ਵਿਚ ਰਾਮ ਦਿਆਲ ਹੁਸ਼ਿਆਰਪੁਰ ਜ਼ਿਲੇ ਦੇ ਬਸੀ ਕਲਾਂ, ਬੋਹੜ, ਜਿਆਣ ਚੱਬੇਵਾਲ, ਪਹਿਲਾਂਵਾਲੀ ਤੇ ਨਸਰਾਲਾ ਦੇ ਸਰਕਾਰੀ ਸਕੂਲਾਂ ਦੇ 500 ਮੁੰਡਿਆਂ ਨੂੰ ਦੌਰੇ 'ਤੇ ਲੈ ਕੇ ਚੰਡੀਗੜ੍ਹ ਆਇਆ। ਉਨ੍ਹਾਂ ਹਾਈਕੋਰਟ ਤੇ ਸੈਕਟਰੀਏਟ ਅਤੇ ਪੰਜਾਬ ਯੂਨੀਵਰਸਿਟੀ ਕੈਂਪਸ ਹੀ ਨਹੀਂ ਵੇਖੇ-ਜਾਣੇ, ਨੇਕ ਚੰਦ ਦਾ ਰਾਕ ਗਾਰਡਨ, ਸੁਖਨਾ ਝੀਲ ਤੇ ਟ੍ਰਿਬਿਊਨ ਸੰਸਥਾ ਦਾ ਰੰਗ-ਢੰਗ ਵੀ। ਰਿਹਾਇਸ਼ ਦਾ ਪ੍ਰਬੰਧ ਸੈਕਟਰ 44 ਦੇ ਗੁਰਦੁਆਰਾ ਸਾਹਿਬ ਵਿਚ ਸੀ ਜਿੱਥੇ ਦਾਸ ਨੂੰ ਉਨ੍ਹਾਂ ਨਾਲ ਗੱਲਾਂ ਕਰਨ ਦਾ ਮੌਕਾ ਮਿਲਿਆ। ਸ਼ਿਰਕਤ ਕਰਨ ਵਾਲੇ ਪਾੜ੍ਹੇ ਸੀਨੀਅਰ ਸੈਕੰਡਰੀ ਸਕੂਲਾਂ ਤੋਂ ਆਏ ਸਨ ਅਤੇ ਉਨ੍ਹਾਂ ਦੇ ਅਧਿਆਪਕ ਤੇ ਦੂਜੇ ਸਹਾਇਕ ਉਨ੍ਹਾਂ ਦੇ ਹਾਣੀ ਹੋ ਕੇ ਵਿਚਰ ਰਹੇ ਸਨ। ਮੁੰਡਿਆਂ ਦਾ ਕਹਿਣਾ ਸੀ ਕਿ ਉਹ ਇਸ ਦੌਰੇ ਰਾਹੀਂ ਆਪਣੇ ਤੋਂ ਵੱਖਰੇ ਸਕੂਲਾਂ ਦੇ ਅਜਿਹੇ ਸਾਥੀ ਬਣ ਗਏ ਹਨ ਜਿਨ੍ਹਾਂ ਦਾ ਸਾਥ ਜੀਵਨ ਭਰ ਨਿਭ ਸਕਦਾ ਹੈ।

16 ਤੋਂ 19 ਸਾਲ ਦੇ ਇਨ੍ਹਾਂ ਪਾੜ੍ਹਿਆਂ ਨੇ ਅਗਲੇ ਦਿਨ ਫਤਿਹਗੜ੍ਹ ਸਾਹਿਬ, ਚਮਕੌਰ ਸਾਹਿਬ ਤੇ ਮਾਛੀਵਾੜਾ ਸਾਹਿਬ ਦੇ ਇਤਿਹਾਸਕ ਗੁਰਦੁਆਰੇ ਵੇਖਣੇ ਸਨ। ਇਨ੍ਹਾਂ ਦੋ ਦਿਨਾਂ ਵਿਚ ਉਨ੍ਹਾਂ ਵਲੋਂ ਵੇਖੀਆਂ ਜਾਣ ਵਾਲੀਆਂ ਇਤਿਹਾਸਕ ਤੇ ਗੈਰ ਇਤਿਹਾਸਕ ਥਾਂਵਾਂ ਬਾਰੇ ਜਾਣਕਾਰੀ ਦੇਣ ਲਈ ਬੁਲਾਰੇ ਨਿਸ਼ਚਿਤ ਸਨ-ਲੋੜ ਅਨੁਸਾਰ ਵਕੀਲ, ਅਧਿਆਪਕ ਤੇ ਲੇਖਕ। ਪੰਜਾਬ ਯੂਨੀਵਰਸਿਟੀ ਵਾਲੇ ਇਕੱਠ ਨੂੰ ਲੋੜੀਂਦੀ ਜਾਣਕਾਰੀ ਦੇਣ ਵਾਲੇ ਪੰਜਾਬੀ ਲੇਖਕ ਮਨਮੋਹਨ ਸਿੰਘ ਦਾਊਂ ਤੇ ਉਨ੍ਹਾਂ ਦੀ ਪਤਨੀ ਦਲਜੀਤ ਕੌਰ ਸਨ ਜਿਹੜੇ ਬਾਲ ਸਾਹਿਤ ਰਚਨਾਵਾਂ ਲਈ ਜਾਣੇ ਜਾਂਦੇ ਹਨ। ਕਿਹੜੀ ਥਾਂ 'ਤੇ ਕਿੰਨੇ ਵਜੇ ਪਹੁੰਚਣਾ ਹੈ, ਸਭ ਨਿਸ਼ਚਿਤ ਸੀ। ਸ਼ਿਰਕਤ ਕਰਨ ਵਾਲਿਆਂ ਦਾ ਦੋ ਦਿਨ ਲਈ ਬੀਮਾ ਕਰਵਾਇਆ ਗਿਆ ਸੀ ਤਾਂ ਕਿ ਰੱਬ ਸਬੱਬੀਂ ਵਾਪਰੀ ਦੁਰਘਟਨਾ ਨਾਲ ਨਿਪਟਿਆ ਜਾ ਸਕੇ। ਉਦਮ ਤੇ ਵਿਉਂਤਬੰਦੀ ਕਮਾਲ ਸੀ।

ਚੇਤੇ ਰਹੇ, ਭਾਸ਼ਾ ਵਿਭਾਗ ਪੰਜਾਬ ਵਲੋਂ ਸਾਹਿਤ ਸ਼੍ਰੋਮਣੀ ਪੁਰਸਕਾਰ ਨਾਲ ਸਨਮਾਨਤ ਪੰਜਾਬੀ ਕਵੀ ਤਾਰਾ ਸਿੰਘ ਕਾਮਲ ਦਾ ਜੱਦੀ ਪਿੰਡ ਵੀ ਹੂਕੜਾਂ ਸੀ। ਦਿੱਲੀ ਵਿਚ 1984 ਦੇ ਦੰਗਿਆਂ ਦਾ ਸ਼ਿਕਾਰ ਹੋਏ ਪਰਿਵਾਰ ਜਾਣਦੇ ਹਨ ਕਿ ਤਾਰਾ ਸਿੰਘ ਨੇ ਉਨ੍ਹਾਂ ਦੇ ਧਰਵਾਸ ਲਈ ਹੇਠ ਲਿਖੇ ਬੋਲ ਲਿਖੇ ਸਨ, ਜਿਹੜੇ ਆਕਾਸ਼ਵਾਣੀ ਵਾਲਿਆਂ ਨੇ ਖੂਬ ਦੁਹਰਾਏ ਸਨ:

ਕਾਹਨੂੰ ਬਾਲਦੈਂ ਬਨੇਰਿਆਂ 'ਤੇ ਮੋਮਬੱਤੀਆਂ
ਲੰਘ ਜਾਣ ਦੇ ਬਜ਼ਾਰਾਂ 'ਚੋਂ ਹਵਾਵਾਂ ਤੱਤੀਆਂ।

ਹੂਕੜਾਂ ਦੀ ਮਿੱਟੀ ਵਿਚ ਹੀ ਸਹਿਜ ਤੇ ਸੇਵਾ ਹੈ। ਪਿੰਡ ਹੂਕੜਾਂ ਤੇ ਹੂਕੜਾਂ ਨਿਵਾਸੀ ਜ਼ਿੰਦਾਬਾਦ!

**ਮੋਗੇ ਵਾਲੇ ਰਣਜੀਤ ਧੀਰ ਦੀਆਂ ਵਲਾਇਤੀ ਮੱਲਾਂ:** ਮਾਘੀ ਮੇਲੇ ਦੇ ਦਿਨਾਂ ਵਿਚ ਵੱਡੀ ਖਬਰ ਇਹ ਵੀ ਆਈ ਕਿ ਮੋਗੇ ਦੀ ਧਰਤੀ ਦਾ ਜੰਮਪਲ ਅਤੇ ਮੁਕਤਸਰ ਤੋਂ ਅੰਗਰੇਜ਼ੀ ਐਮ.



ਰਣਜੀਤ ਧੀਰ

ਏ. ਪਾਸ ਰਣਜੀਤ ਧੀਰ ਇੰਗਲੈਂਡ ਜਾ ਕੇ ਅਨੇਕਾਂ ਮੱਲਾਂ ਮਾਰਦਾ ਹੁਣ ਮੈਂਬਰ ਆਫ ਦੀ ਬ੍ਰਿਟਿਸ਼ ਐਮਪਾਇਰ ਬਣ ਗਿਆ ਹੈ। ਸੋਹਣ ਸਿੰਘ ਜੋਸ਼, ਸੰਤ ਸਿੰਘ ਸੇਖੋਂ, ਜਸਵੰਤ ਸਿੰਘ ਕੰਵਲ, ਹਰਿਭਜਨ ਸਿੰਘ ਤੇ ਦਲੀਪ ਕੌਰ ਟਿਵਾਣਾ ਵਰਗੇ 1980 ਵਿਚ ਪਹਿਲੀ ਵਾਰ ਵਲਾਇਤ ਜਾਣ ਵਾਲੇ ਪੰਜਾਬੀ ਮਹਾਂਰਥੀਏ ਉਹਦੇ ਵਲੋਂ ਇੰਗਲੈਂਡ ਵਿਚ ਰਚਾਈ ਵਿਸ਼ਵ ਪੰਜਾਬੀ ਕਾਨਫਰੰਸ ਨੂੰ ਕਦੀ ਨਹੀਂ ਭੁੱਲੇ।

1980 ਦੇ ਜੂਨ ਮਹੀਨੇ ਦੋ ਹਫਤੇ ਚੱਲੀ ਇਸ ਕਾਨਫਰੰਸ ਦੇ ਪ੍ਰਬੰਧਕ ਦੁਨੀਆਂ ਭਰ ਤੋਂ ਪਹੁੰਚੇ, ਪੰਜਾਬ ਤੋਂ ਵਧ ਪੰਜਾਬੀ ਰਸੀਆਂ ਨੂੰ ਬਰਤਾਨੀਆ ਦੇ ਵਖ ਵਖ ਸ਼ਹਿਰਾਂ ਵਿਚ ਸੈਮੀਨਾਰ, ਵਰਕਸ਼ਾਪਾਂ ਤੇ ਕਵੀ ਦਰਬਾਰ ਰਚਾ ਕੇ ਉਸ ਧਰਤੀ ਦੇ ਧਾਰਮਿਕ, ਇਤਿਹਾਸਕ ਤੇ ਸਾਹਿਤਕ ਸਥਾਨ ਦਿਖਾਉਂਦੇ ਰਹੇ। ਨੋਟ ਕਰਨ ਵਾਲੀ ਗੱਲ ਇਹ ਕਿ ਉਸ ਕਾਨਫਰੰਸ ਵਿਚ ਬਰਤਾਨੀਆ ਦੇ ਦੋ ਸੌ ਤੋਂ ਵੱਧ ਗੁਰਦੁਆਰਿਆਂ ਨੇ ਆਪਣੇ ਸਾਰੇ ਵਸੀਲੇ ਪ੍ਰਬੰਧਕਾਂ ਦੇ ਹਵਾਲੇ ਕਰ ਰੱਖੇ ਸਨ। ਮੈਂ ਰਣਜੀਤ ਧੀਰ ਤੇ ਸੁਰਜੀਤ ਹਾਂਸ ਨੂੰ ਪਹਿਲੀ ਵਾਰ ਉਥੇ ਹੀ ਮਿਲਿਆ ਸਾਂ। ਧੀਰ ਕਾਨਫਰੰਸ ਦਾ ਪ੍ਰਮੁੱਖ ਕਰਤਾ ਧਰਤਾ ਸੀ ਤੇ ਹਾਂਸ ਨਿਜੀ ਮਹਿਫਿਲਾਂ ਦੀ ਜਿੰਦ ਜਾਨ। ਇਹ ਗੱਲ ਵੱਖਰੀ ਹੈ ਕਿ ਹਾਂਸ ਉਥੋਂ ਦੀ ਬਹੁਤੇ ਪੈਸਿਆਂ ਵਾਲੀ ਨੌਕਰੀ ਛੱਡ ਕੇ ਏਧਰ ਪ੍ਰੋਫੈਸਰੀ ਕਰਨ ਆ ਗਿਆ ਸੀ ਤੇ ਧੀਰ ਏਧਰੋਂ ਦੀ ਪ੍ਰੋਫੈਸਰੀ ਛੱਡ ਕੇ ਸਦਾ ਲਈ ਉਧਰ ਦਾ ਹੋ ਚੁਕਾ ਹੈ।

ਰਣਜੀਤ ਧੀਰ ਨੇ ਇੰਗਲੈਂਡ ਜਾ ਕੇ ਬਰਿਸਟਲ ਤੇ ਲੰਡਨ ਯੂਨੀਵਰਸਟੀਆਂ ਤੋਂ ਉਧਰ ਦੀ ਪੜ੍ਹਾਈ ਕੀਤੀ ਅਤੇ ਸਿੱਖਿਆ ਮਹਿਕਮੇ ਵਿਚ ਡਿਪਟੀ ਡਾਇਰੈਕਟਰ ਦੀ ਪਦਵੀ ਤੱਕ ਪਹੁੰਚਿਆ। ਇਸ ਤੋਂ ਪਿੱਛੋਂ ਉਹ ਬਕਿੰਘਮਸ਼ਾਇਰ ਕਾਊਂਟੀ ਵਿਚ ਨਸਲੀ ਵਿਤਕਰਿਆਂ ਦੀ ਸਪੈਸ਼ਲ ਕੌਂਸਲ ਦਾ ਡਾਇਰੈਕਟਰ ਵੀ ਰਿਹਾ। ਇਸ ਦੇ ਨਾਲ ਉਹ ਜਸਟਿਸ ਆਫ ਪੀਸ (ਮੈਜਿਸਟ੍ਰੇਟ) ਅਤੇ ਇੰਪਲਾਇਮੈਂਟ ਟ੍ਰਿਬਿਊਨਲ ਦਾ ਜੱਜ ਮੈਂਬਰ ਵੀ ਰਿਹਾ। ਇਥੇ ਹੀ ਬਸ ਨਹੀਂ, ਉਥੋਂ ਦੀ ਰਾਜਨੀਤੀ ਵਿਚ ਵੀ ਝੰਡਾ ਜਾ ਬਣਾਇਆ। 1983 ਵਿਚ ਕੌਂਸਲਰ ਚੁਣੇ ਜਾਣ ਉਪਰੰਤ ਲੰਦਨ ਦੀ ਈਲਿੰਗ ਕੌਂਸਲ ਦਾ ਡਿਪਟੀ ਮੇਅਰ (1999) ਤੇ ਮੇਅਰ (2001) ਬਣਿਆ। ਇਸ ਤੋਂ ਬਿਨਾ ਉਸ ਨੇ ਕਈ ਕਮੇਟੀਆਂ ਤੇ ਸਕੂਲ ਬੋਰਡਾਂ ਦੇ ਚੇਅਰਮੈਨ ਅਤੇ ਕੈਬਿਨਟ ਮੈਂਬਰ ਦੀ ਜ਼ਿੰਮੇਵਾਰੀ ਨਿਭਾਈ। 2005 ਤੋਂ ਈਲਿੰਗ ਕੌਂਸਲ ਦਾ ਡਿਪਟੀ ਲੀਡਰ ਚਲਿਆ ਆ ਰਿਹਾ ਸੀ ਕਿ ਹੁਣ ਮੈਂਬਰ ਆਫ ਦੀ ਬ੍ਰਿਟਿਸ਼ ਐਮਪਾਇਰ ਦੀ ਪਦਵੀ ਉਤੇ ਪਹੁੰਚ ਗਿਆ ਹੈ।

ਇਹ ਸਾਰਾ ਸਮਾਂ ਉਸ ਨੇ ਆਪਣੀ ਸਾਹਿਤਕ ਮੱਸ ਦਾ ਪੱਲਾ ਨਹੀਂ ਛੱਡਿਆ। ਸਮੇਂ ਸਮੇਂ ਪ੍ਰਕਾਸ਼ਿਤ ਹੋਈਆਂ ਤਿੰਨ ਪੁਸਤਕਾਂ-ਵਤਨੋਂ ਦੂਰ, ਪਰਦੇਸਨਾਮਾ ਅਤੇ ਸਾਊਥਾਲ ਦਾ ਸੂਰਜ, ਪੱਛਮੀ ਦੇਸ਼ਾਂ ਵਿਚ ਭਾਰਤੀ ਪਰਵਾਸੀਆਂ ਦੀ ਬਾਤ ਪਾਉਂਦੀਆਂ ਹਨ। ਉਹ ਹੁਣ ਤੱਕ 65 ਦੇਸ਼ਾਂ ਦਾ ਦੌਰਾ ਕਰਕੇ ਉਥੋਂ ਦੇ ਭਾਰਤੀ ਵਸਨੀਕਾਂ ਬਾਰੇ ਜਾਣਕਾਰੀ ਲੈ ਚੁਕਾ ਹੈ। ਪਰ ਉਸ ਨੂੰ ਬੜਾ ਦੁੱਖ ਹੈ ਕਿ ਸਮੇਂ ਸਮੇਂ ਪੈਦਾ ਹੁੰਦੀ ਰਹੀ ਭਾਰਤ-ਪਾਕਿ ਖਿੱਚੋਤਾਣ ਕਾਰਨ ਉਹ ਹਾਲੀ ਤੱਕ ਲਾਹੌਰ ਨਹੀਂ ਵੇਖ ਸਕਿਆ। ਇਹ ਸਬੱਬ ਹੈ ਕਿ ਉਸ ਦੀ ਜੀਵਨ ਸਾਥਣ ਹਰਭਜਨ ਕੌਰ ਵੀ ਉਥੋਂ ਦੀ ਰਾਜਨੀਤੀ ਵਿਚ ਉਹਦੇ ਵਰਗਾ ਹੀ ਸਥਾਨ ਬਣਾ ਚੁਕੀ ਹੈ। ਅਸੀਂ ਕਹਿ ਸਕਦੇ ਹਾਂ ਕਿ ਦੋਨਾਂ ਨੂੰ ਮਾਂ ਮਿੱਟੀ ਤੋਂ ਓਨਾ ਕੁਝ ਨਹੀਂ ਮਿਲਿਆ ਜਿੰਨਾ ਮਤਰੇਈ ਮਿੱਟੀ ਨੇ ਦਿੱਤਾ ਹੈ।

ਧੀਰ ਅਤੇ ਧੀਰ ਵਰਗੇ ਸਾਰੇ ਪੰਜਾਬੀਆਂ ਨੂੰ ਮਤਰੇਈ ਮਾਂ ਮੁਬਾਰਕ।

ਪੰਜਾਬ ਟਾਈਮਜ਼

*ਸਨਿਚਰਵਾਰ, 27 ਜਨਵਰੀ 2018*

## ਸਰਕਾਰ ਤੇ ਸੰਸਥਾਵਾਂ ਦੀ ਧੱਕੇਸ਼ਾਹੀ

ਭਾਰਤ ਦੇ ਚੋਣ ਕਮਿਸ਼ਨ ਵੱਲੋਂ ਦਿੱਲੀ ਵਿਧਾਨ ਸਭਾ ਵਿਚ ਆਮ ਆਦਮੀ ਪਾਰਟੀ (ਆਪ) ਦੇ 20 ਵਿਧਾਇਕਾਂ ਨੂੰ ਅਯੋਗ ਠਹਿਰਾਏ ਜਾਣ ਤੋਂ ਬਾਅਦ 'ਆਪ' ਅਤੇ ਕੇਂਦਰ ਸਰਕਾਰ ਇਕ ਵਾਰ ਫਿਰ ਆਹਮੋ-ਸਾਹਮਣੇ ਹਨ। ਕੇਂਦਰ ਵਿਚਲੀ ਮੋਦੀ ਸਰਕਾਰ ਨੇ ਭਾਵੇਂ ਇਸ ਨੂੰ ਚੋਣ ਕਮਿਸ਼ਨ ਦਾ ਨਿਰਪੱਖ ਫੈਸਲਾ ਕਰਾਰ ਦਿੱਤਾ ਹੈ, ਪਰ ਜਿਸ ਢੰਗ ਨਾਲ ਇਹ ਫੈਸਲਾ ਸਾਹਮਣੇ ਆਇਆ ਹੈ, ਉਸ ਤੋਂ ਸਾਫ ਝਲਕ ਰਿਹਾ ਹੈ ਕਿ ਮੋਦੀ ਸਰਕਾਰ ਦਾ ਇਸ ਨਾਲ ਸਿੱਧਾ-ਅਸਿੱਧਾ ਲੈਣਾ-ਦੇਣਾ ਤਾਂ ਜਾਪਦਾ ਹੀ ਹੈ। ਇਹੀ ਨਹੀਂ, ਰਾਸ਼ਟਰਪਤੀ ਨੇ ਵੀ ਜਿਸ ਢੰਗ ਨਾਲ ਚੋਣ ਕਮਿਸ਼ਨ ਵੱਲੋਂ ਭੇਜੇ ਸੁਝਾਅ ਨੂੰ ਤੁਰੰਤ ਮੰਨ ਕੇ ਪ੍ਰਵਾਨਗੀ ਦੀ ਮੋਹਰ ਲਾ ਦਿੱਤੀ ਅਤੇ ਫਿਰ ਨਾਲ ਹੀ ਸਰਕਾਰ ਵੱਲੋਂ ਇਸ ਸਬੰਧੀ ਨੋਟੀਫਿਕੇਸ਼ਨ ਵੀ ਜਾਰੀ ਕਰ ਦਿੱਤਾ ਗਿਆ, ਇਸ ਤੋਂ 'ਆਪ' ਆਗੂਆਂ ਵੱਲੋਂ ਲਾਏ ਜਾ ਰਹੇ ਵਧੀਕੀ ਦੇ ਦੋਸ਼ਾਂ ਵਾਲੇ ਬਿਆਨ ਵਿਚ ਵਜ਼ਨ ਜਾਪਦਾ ਹੈ। ਨਾਲੇ ਮੁੱਖ ਚੋਣ ਕਮਿਸ਼ਨਰ ਏ.ਕੇ. ਜੋਤੀ ਵੱਲੋਂ ਆਪਣੀ ਸੇਵਾ ਮੁਕਤੀ ਤੋਂ ਐਨ ਦੋ ਦਿਨ ਪਹਿਲਾਂ ਇਹ ਫੈਸਲਾ ਸੁਣਾ ਕੇ ਸ਼ੱਕ ਨੂੰ ਹਵਾ ਹੀ ਦਿੱਤੀ ਹੈ। ਕਮਿਸ਼ਨ ਨੇ ਜਿਸ ਢੰਗ ਨਾਲ ਅਤੇ ਜਿਸ ਸਮੇਂ ਇਹ ਫੈਸਲਾ ਕੀਤਾ ਹੈ, ਉਸ ਨਾਲ ਵਿਵਾਦ ਸ਼ੁਰੂ ਹੋਣਾ ਹੀ ਸੀ। ਪਿਛਲੇ ਸਾਲ ਜਦੋਂ ਚੋਣ ਕਮਿਸ਼ਨ ਕੋਲ ਇਹ ਮਾਮਲਾ ਆਇਆ ਸੀ ਤਾਂ ਉਦੋਂ ਇਸ ਨੇ ਬਾਕਾਇਦਾ ਲਿਖਤੀ ਰੂਪ ਵਿਚ ਕਿਹਾ ਸੀ ਕਿ ਇਸ ਮਾਮਲੇ ਵਿਚ ਵਿਧਾਇਕਾਂ ਦਾ ਪੱਖ ਸੁਣਿਆ ਜਾਵੇਗਾ, ਪਰ ਇੰਨੇ ਮਹੀਨੇ ਲੰਘ ਜਾਣ ਦੇ ਬਾਵਜੂਦ ਅਜਿਹਾ ਕੀਤਾ ਨਹੀਂ ਗਿਆ ਅਤੇ ਹੁਣ ਅਚਾਨਕ, ਜਦੋਂ ਮੁੱਖ ਚੋਣ ਕਮਿਸ਼ਨਰ ਸੇਵਾ ਮੁਕਤ ਹੋ ਰਹੇ ਸਨ ਤਾਂ ਸਿੱਧਾ ਫੈਸਲਾ ਹੀ ਸੁਣਾ ਦਿੱਤਾ ਗਿਆ। ਕਿਸੇ ਵੀ ਸੰਸਥਾ ਦਾ ਮਿਆਰ ਉਸ ਅੰਦਰ ਤਾਇਨਾਤ ਵਿਅਕਤੀਆਂ ਉਤੇ ਨਿਰਭਰ ਕਰਦਾ ਹੈ। ਸੇਵਾ ਮੁਕਤ ਹੋਏ ਏ.ਕੇ. ਜੋਤੀ ਮੁੱਖ ਚੋਣ ਕਮਿਸ਼ਨਰ ਵਜੋਂ ਆਪਣੇ ਕਾਰਜਕਾਲ ਦੌਰਾਨ ਪਹਿਲਾਂ ਵੀ ਪੱਖਪਾਤੀ ਫੈਸਲਿਆਂ ਕਾਰਨ ਚਰਚਾ ਵਿਚ ਰਹੇ ਹਨ। ਉਨ੍ਹਾਂ ਦੇ ਕਾਰਜਕਾਲ ਦੌਰਾਨ ਜਿਹੜੇ ਵੀ ਫੈਸਲੇ ਹੋਏ, ਉਨ੍ਹਾਂ ਵਿਚੋਂ ਕਈਆਂ ਤੋਂ ਇਹੀ ਪ੍ਰਭਾਵ ਬਣਿਆ ਕਿ ਉਹ ਭਾਰਤੀ ਜਨਤਾ ਪਾਰਟੀ ਦੇ ਪੱਖ ਵਿਚ ਫੈਸਲੇ ਦਿੰਦੇ ਰਹੇ ਹਨ। ਅਜਿਹੇ ਫੈਸਲਿਆਂ ਵਿਚ ਗੁਜਰਾਤ ਵਿਧਾਨ ਸਭਾ ਚੋਣਾਂ ਲਈ ਤਰੀਕਾਂ ਦਾ ਐਲਾਨ ਪਛੜ ਕੇ ਕਰਨਾ ਸ਼ਾਮਲ ਸੀ। ਉਸ ਵਕਤ ਵੀ ਅਤੇ ਹੁਣ ਵੀ ਭਾਰਤੀ ਜਨਤਾ ਪਾਰਟੀ ਨੇ ਚੋਣ ਕਮਿਸ਼ਨ ਉਤੇ ਕਿਸੇ ਕਿਸਮ ਦਾ ਦਬਾਅ ਪਾਏ ਜਾਣ ਦੇ ਦੋਸ਼ਾਂ ਤੋਂ ਭਾਵੇਂ ਇਨਕਾਰ ਕੀਤਾ ਹੈ, ਪਰ ਹਾਲਾਤ ਦੱਸਦੇ ਹਨ ਕਿ ਕੇਂਦਰ ਸਰਕਾਰ ਦੇ ਕਰਤਿਆਂ-ਧਰਤਿਆਂ ਲਈ ਇਹ ਕੋਈ ਨਵੀਂ ਗੱਲ ਨਹੀਂ। ਬਥੇਰੀਆਂ ਮਿਸਾਲਾਂ ਮੌਜੂਦ ਹਨ ਜਿਨ੍ਹਾਂ ਤੋਂ ਇਹ ਸਾਬਤ ਹੁੰਦਾ ਹੈ ਕਿ ਮੋਦੀ ਸਰਕਾਰ ਇਨ੍ਹਾਂ ਸੰਸਥਾਵਾਂ ਰਾਹੀਂ ਵਿਰੋਧੀ ਧਿਰ ਦੀ ਆਵਾਜ਼ ਦੱਬਣ ਦੀ ਕੋਸ਼ਿਸ਼ ਲਗਾਤਾਰ ਕਰ ਰਹੀ ਹੈ। ਇਸ ਲਈ ਚੋਣ ਕਮਿਸ਼ਨ ਦੇ ਹੁਣ ਵਾਲੇ ਫੈਸਲੇ ਨੇ ਵੀ ਇਸ ਦੇ ਨਿਰਪੱਖਤਾ ਵਾਲੇ ਅਕਸ ਨੂੰ ਢਾਹ ਹੀ ਲਾਈ ਹੈ।

ਉਂਜ, ਇਸ ਮਾਮਲੇ ਵਿਚ 'ਆਪ' ਵੀ ਦੁੱਧ ਧੋਤੀ ਨਹੀਂ ਹੈ। ਹਾਈ ਕੋਰਟਾਂ ਵੱਲੋਂ ਸੰਸਦੀ ਸਕੱਤਰਾਂ ਦੇ ਅਹੁਦੇ ਨੂੰ ਗੈਰ ਸੰਵਿਧਾਨਕ ਕਰਾਰ ਦਿੱਤਾ ਜਾ ਚੁੱਕਾ ਹੈ। ਇਸ ਦੇ ਬਾਵਜੂਦ ਵੱਖ ਵੱਖ ਰਾਜਾਂ ਵਿਚ ਹਾਕਮ ਧਿਰਾਂ ਵੱਲੋਂ ਵਿਧਾਇਕਾਂ ਨੂੰ ਅਜਿਹੇ ਅਹੁਦੇ ਦਿੱਤੇ ਜਾ ਰਹੇ ਹਨ। ਦਿੱਲੀ ਵਿਚ ਵੀ 'ਆਪ' ਨੇ ਅਜਿਹਾ ਹੀ ਕੀਤਾ ਹੈ। ਇਹ ਪਾਰਟੀ ਸਿਆਸਤ ਵਿਚ ਵੱਡੀ ਤਬਦੀਲੀ ਕਰਨ ਦਾ ਦਾਈਆ ਬੰਨ੍ਹ ਕੇ ਚੋਣ ਪਿੜ ਵਿਚ ਕੁੱਦੀ ਸੀ। ਸੱਤਾ ਵਿਚ ਆਉਣ ਤੋਂ ਬਾਅਦ ਇਸ ਨੇ ਕੁਝ ਫੈਸਲੇ ਲੀਹ ਤੋਂ ਹਟ ਕੇ ਕੀਤੇ ਜਿਨ੍ਹਾਂ ਨੂੰ ਲੋਕਾਂ ਨੇ ਭਰਪੂਰ ਹੁੰਗਾਰਾ ਭਰਿਆ, ਪਰ ਕੁਝ ਮਾਮਲਿਆਂ ਵਿਚ ਇਸ ਦਾ ਵਿਹਾਰ ਹੋਰ ਸਿਆਸੀ ਪਾਰਟੀਆਂ ਨਾਲੋਂ ਰੱਤੀ ਭਰ ਵੀ ਵੱਖਰਾ ਨਹੀਂ ਸੀ। ਹੋਰ ਪਾਰਟੀਆਂ ਦੀ ਤਰਜ਼ ਉਤੇ ਹੀ ਇਸ ਨੇ ਵਿਧਾਇਕਾਂ ਨੂੰ ਸੰਸਦੀ ਸਕੱਤਰਾਂ ਦੇ ਅਹੁਦੇ ਵੰਡੇ। 'ਆਪ' ਨੇ ਇਸ ਸਬੰਧੀ ਸਫਾਈ ਦਿੱਤੀ ਹੈ ਕਿ ਦਿੱਲੀ ਵਿਚਲੇ ਸੰਸਦੀ ਸਕੱਤਰਾਂ ਦਾ ਰੁਤਬਾ ਰਾਜ ਮੰਤਰੀ ਵਾਲਾ ਨਹੀਂ ਸੀ ਅਤੇ ਨਾ ਹੀ ਉਨ੍ਹਾਂ ਨੂੰ ਰਾਜ ਮੰਤਰੀ ਵਾਲੀਆਂ ਸਹੂਲਤਾਂ ਮਿਲ ਰਹੀਆਂ ਸਨ। ਸਵਾਲ ਹੈ ਕਿ ਜੇ ਇਨ੍ਹਾਂ ਵਿਧਾਇਕਾਂ ਨੂੰ ਇਹ ਰੁਤਬਾ ਜਾਂ ਸਹੂਲਤਾਂ ਨਹੀਂ ਦਿੱਤੇ ਤਾਂ ਇਨ੍ਹਾਂ ਵਿਧਾਇਕਾਂ ਨੂੰ ਸੰਸਦੀ ਸਕੱਤਰ ਬਣਾਉਣ ਦੀ ਕੀ ਤੁਕ ਸੀ? ਯਾਦ ਰਹੇ, ਅਜਿਹੇ ਮਾਮਲੇ ਸਾਹਮਣੇ ਆਉਣ ਉਤੇ ਹਿਮਾਚਲ ਪ੍ਰਦੇਸ਼, ਗੋਆ, ਪੱਛਮੀ ਬੰਗਾਲ ਅਤੇ ਤਿਲੰਗਾਨਾ ਵਿਚ ਵੱਖ ਵੱਖ ਸਾਲਾਂ ਦੌਰਾਨ ਸੰਸਦੀ ਸਕੱਤਰਾਂ ਦੀਆਂ ਨਿਯੁਕਤੀਆਂ ਰੱਦ ਕੀਤੀਆਂ ਜਾ ਚੁੱਕੀਆਂ ਹਨ। ਉਂਜ, ਇਸ ਸਬੰਧੀ ਇਕ ਹੋਰ, ਵੱਖਰਾ ਨੁਕਤਾ ਵੀ ਹੈ। ਬਹੁਤੇ ਰਾਜਾਂ ਵਿਚ ਸਰਕਾਰਾਂ ਨੇ ਹਿਮਾਚਲ ਹਾਈ ਕੋਰਟ ਦੇ ਫੈਸਲੇ ਨੂੰ ਧਿਆਨ ਵਿਚ ਰੱਖ ਕੇ ਕਾਨੂੰਨ ਵਿਚ ਸੋਧ ਕਰ ਲਈ ਅਤੇ ਸੰਸਦੀ ਸਕੱਤਰਾਂ ਦੇ ਅਹੁਦੇ ਨੂੰ ਗ਼ੈਰ ਮੁਨਾਫੇ ਵਾਲਾ ਬਣਾ ਲਿਆ। ਦਿੱਲੀ ਵਿਚ 'ਆਪ' ਆਗੂਆਂ ਨੇ ਵੀ ਇਸ ਤਰ੍ਹਾਂ ਕਰਨ ਦੀ ਕੋਸ਼ਿਸ਼ ਕੀਤੀ, ਪਰ ਉਦੋਂ ਤੱਕ ਦੇਰ ਹੋ ਚੁੱਕੀ ਸੀ। ਅਸਲ ਵਿਚ, ਇਸ ਨੇ ਵਿਧਾਇਕਾਂ ਨੂੰ ਪਹਿਲਾਂ ਸੰਸਦੀ ਸਕੱਤਰ ਥਾਪ ਦਿੱਤਾ, ਫਿਰ ਕਾਨੂੰਨੀ ਧਾਰਾਵਾਂ ਮੁਕੰਮਲ ਕਰਨ ਲਈ ਇਨ੍ਹਾਂ ਨੂੰ ਮੁਨਾਫੇ ਵਾਲੇ ਅਹੁਦੇ ਵਾਲੀਆਂ ਸ਼ਰਤਾਂ ਤੋਂ ਛੋਟ ਦਿਵਾਉਣੀ ਚਾਹੀ। ਇਸ ਸਬੰਧੀ ਬਿੱਲ ਵੀ ਪਾਸ ਕਰ ਲਿਆ, ਪਰ ਰਾਸ਼ਟਰਪਤੀ ਨੇ ਮਨਜ਼ੂਰੀ ਨਹੀਂ ਦਿੱਤੀ। ਜ਼ਾਹਰ ਹੈ ਕਿ ਮੌਕਾ ਸਾਂਭਿਆ ਜਾ ਸਕਦਾ ਸੀ, ਪਰ 'ਆਪ' ਆਗੂ ਇਸ ਮਾਮਲੇ ਵਿਚ ਪਛੜ ਗਏ ਅਤੇ ਨਤੀਜਾ ਸਭ ਦੇ ਸਾਹਮਣੇ ਹੈ। ਉਂਜ, 'ਆਪ' ਵਿਧਾਇਕਾਂ ਦੀ ਮੈਂਬਰੀ ਖਤਮ ਹੋਣ ਦੇ ਬਾਵਜੂਦ, ਦਿੱਲੀ ਦੀ 'ਆਪ' ਸਰਕਾਰ ਨੂੰ ਕੋਈ ਖ਼ਤਰਾ ਨਹੀਂ। ਇਸ ਨੇ ਅਦਾਲਤ ਦਾ ਦਰ ਵੀ ਖੜਕਾਇਆ ਹੈ। ਫਿਰ ਵੀ ਇਹ ਸਵਾਲ ਤਾਂ ਹੈ ਹੀ ਕਿ ਸਿਆਸਤ ਵਿਚ ਸੁਧਾਰਾਂ ਦਾ ਦਾਅਵਾ ਕਰਨ ਵਾਲੀ ਪਾਰਟੀ ਅਜਿਹੇ ਮਾਮਲਿਆਂ ਵਿਚ ਆਪਣਾ ਵੱਕਾਰ ਦਾਅ ਉਤੇ ਕਿਉਂ ਲਾ ਰਹੀ ਹੈ ਅਤੇ ਵਿਰੋਧੀਆਂ ਨੂੰ ਵਾਰ ਵਾਰ ਮੌਕਾ ਕਿਉਂ ਦੇ ਰਹੀ ਹੈ? 'ਆਪ' ਆਗੂਆਂ ਨੂੰ ਆਪਣੀ ਲੜਾਈ ਦੇ ਨਾਲ ਨਾਲ ਅਜਿਹੇ ਸਵਾਲਾਂ ਨਾਲ ਵੀ ਦੋ-ਚਾਰ ਹੋਣਾ ਚਾਹੀਦਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਫੁੱਲ ਅਤੇ ਪਿੱਪਲ!*

ਜਦ ਵੀ ਹਾਕਮ ਨੂੰ ਕੁਰਸੀ ਦਾ ਨਸ਼ਾ ਚੜ੍ਹਦੈ, ਔਰੰਗਜ਼ੇਬ ਬਣ ਹੁਕਮ ਚਲਾਂਵਦਾ ਏ।
'ਸਰਬ-ਉਚ' ਵੀ ਮੰਨਦੈ ਝੱਟ ਉਸ ਦੀ, ਬਿਨ ਪੜ੍ਹਿਆਂ ਹੀ ਫਾਈਲਾਂ 'ਨਿਪਟਾਂਵਦਾ' ਏ।
ਤਕੜਾ ਜਦੋਂ ਵੀ ਮਾੜੇ 'ਤੇ ਰੋਹਬ ਪਾਵੇ, 'ਸੱਤੀਂ ਵੀਹੀਂ ਸੌ' ਝੱਟ ਬਣਾਂਵਦਾ ਏ।
ਲੇਲਾ ਖਾਣ ਲਈ ਭੁੱਖਾ ਬਘਿਆੜ ਖੂਨੀ, ਪੁੱਠੇ ਪਾਸੇ ਵੱਲ ਪਾਣੀ ਵਗਾਂਵਦਾ ਏ।
ਭ੍ਰਿਸ਼ਟਾਚਾਰ ਦੇ 'ਬਾਗ' ਵਿਚ ਦੇਖ ਲੌ ਜੀ, ਬੂਟਾ ਸੱਚ ਦਾ ਕਿਵੇਂ ਮੁਰਝਾਂਵਦਾ ਏ।
ਪਿੱਪਲ ਹਿੱਕ 'ਤੇ ਉਗਿਆ 'ਆਪ' ਦਾ ਜੋ, 'ਭਗਵੇਂ ਫੁੱਲ' ਨੂੰ ਮੂਲੋਂ ਨਾ ਭਾਂਵਦਾ ਏ!

# ਗੁਰਦੁਆਰੇ, ਸਰਕਾਰੀ ਨੁਮਾਇੰਦੇ ਅਤੇ ਬੋਲਣ 'ਤੇ ਪਾਬੰਦੀ

***ਇੰਗਲੈਂਡ, ਅਮਰੀਕਾ ਅਤੇ ਕੈਨੇਡਾ ਦੇ ਕੁਝ ਗੁਰਦੁਆਰਿਆਂ ਦੇ ਪ੍ਰਬੰਧਕਾਂ ਵੱਲੋਂ ਪਿੱਛੇ ਜਿਹੇ ਸਰਕਾਰੀ ਨੁਮਾਇੰਦਿਆਂ ਦੇ ਬੋਲਣ 'ਤੇ ਲਾਈ ਪਾਬੰਦੀ ਨੇ ਕਈ ਸਵਾਲ ਖੜ੍ਹੇ ਕਰ ਦਿੱਤੇ ਹਨ। ਇਸ ਸਮੁੱਚੇ ਹਾਲਾਤ ਬਾਰੇ ਸਾਰਥਕ ਟਿੱਪਣੀ ਕੈਨੇਡਾ ਵੱਸਦੇ ਪੱਤਰਕਾਰ ਗੁਰਪ੍ਰੀਤ ਸਿੰਘ ਨੇ ਕੀਤੀ ਹੈ। ਲੇਖਕ 'ਰੈਡੀਕਲ ਦੇਸੀ' ਪਰਚੇ ਦੇ ਕਰਤਾ-ਧਰਤਾ ਹਨ ਅਤੇ ਅਹਿਮ ਮਸਲਿਆਂ ਬਾਰੇ ਉਹ ਪਹਿਲਾਂ ਵੀ ਬੇਬਾਕ ਟਿੱਪਣੀਆਂ ਕਰਦੇ ਰਹੇ ਹਨ। ਇਸ ਲੇਖ ਵਿਚ ਵੀ ਉਨ੍ਹਾਂ ਅਜਿਹੀਆਂ ਹੀ ਟਿੱਪਣੀਆਂ ਕੀਤੀਆਂ ਹਨ। ਇਸ ਲੇਖ ਦਾ ਤਰਜਮਾ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ। -ਸੰਪਾਦਕ***

ਉਤਰੀ ਅਮਰੀਕਾ ਦੇ ਕਈ ਗੁਰਦੁਆਰਿਆਂ ਵਲੋਂ ਭਾਰਤ ਦੇ ਸਰਕਾਰੀ ਨੁਮਾਇੰਦਿਆਂ ਦੇ ਬੋਲਣ 'ਤੇ ਪਾਬੰਦੀ ਲਾਏ ਜਾਣ ਦੇ ਫੈਸਲੇ ਨਾਲ ਨਾ ਕੇਵਲ ਭਾਰਤ ਦੀ ਸਥਾਪਤੀ, ਸਗੋਂ ਇਸ ਦੇ ਸਥਾਨਕ ਹਮਾਇਤੀ ਵੀ ਕਾਫੀ ਔਖੇ ਹਨ। ਅਮਰੀਕਾ ਦੇ 96 ਅਤੇ ਕੈਨੇਡਾ ਦੇ 16 ਗੁਰਦੁਆਰਿਆਂ ਨੇ ਭਾਰਤੀ ਨੁਮਾਇੰਦਿਆਂ ਦੇ ਆਪਣੀ ਹਦੂਦ ਵਿਚ ਜੁੜਨ ਵਾਲੀ ਸੰਗਤ ਨੂੰ ਸੰਬੋਧਨ ਕਰਨ 'ਤੇ ਪਾਬੰਦੀ ਲਾ ਦਿੱਤੀ ਹੈ। ਇਹ ਫੈਸਲਾ ਪੰਜਾਬ ਵਿਚ ਸਿੱਖ ਕਾਰਕੁਨਾਂ ਨੂੰ ਪੁਲਿਸ ਵਲੋਂ ਤੰਗ-ਪ੍ਰੇਸ਼ਾਨ ਕੀਤੇ ਜਾਣ ਅਤੇ ਸੱਜੇ ਪੱਖੀ ਰਾਸ਼ਟਰਵਾਦੀ ਜਥੇਬੰਦੀ-ਭਾਰਤੀ ਜਨਤਾ ਪਾਰਟੀ ਦੇ ਰਾਜ ਹੇਠ ਭਾਰਤ ਵਿਚ ਧਾਰਮਿਕ ਘੱਟ ਗਿਣਤੀਆਂ 'ਤੇ ਲਗਾਤਾਰ ਹੋ ਰਹੇ ਹਮਲਿਆਂ ਦੇ ਨਤੀਜੇ ਵਜੋਂ ਲਿਆ ਗਿਆ ਹੈ।

**ਗੁਰਪ੍ਰੀਤ ਸਿੰਘ**
ਅਨੁਵਾਦ: ਬੂਟਾ ਸਿੰਘ

ਇਨ੍ਹਾਂ ਗੁਰਦੁਆਰਿਆਂ ਦੇ ਪ੍ਰਬੰਧਕਾਂ ਨੇ ਸਾਫ ਐਲਾਨ ਕਰ ਦਿੱਤਾ ਹੈ ਕਿ ਸ਼ਰਧਾਲੂ ਦੇ ਤੌਰ 'ਤੇ ਕੋਈ ਵੀ ਗੁਰਦੁਆਰੇ ਵਿਚ ਆ ਸਕਦਾ ਹੈ, ਪਰ ਭਾਰਤੀ ਅਧਿਕਾਰੀਆਂ, ਕੂਟਨੀਤਕਾਂ ਅਤੇ ਚੁਣੇ ਹੋਏ ਸਿਆਸਤਦਾਨਾਂ ਨਾਲ ਖ਼ਾਸ ਸਲੂਕ ਨਹੀਂ ਕੀਤਾ ਜਾਵੇਗਾ। ਫਿਰ ਵੀ ਮੀਡੀਆ ਦੇ ਇਕ ਹਿੱਸੇ ਤੋਂ ਬਿਨਾ ਭਾਰਤ ਦੇ ਸੱਜੇ ਪੱਖੀ ਅਤੇ ਚਲਾਕ ਸਿਆਸਤਦਾਨ ਇਸ ਐਲਾਨ ਨੂੰ ਗਰਮਖ਼ਿਆਲੀਆਂ ਦਾ ਕਦਮ ਦੱਸ ਕੇ ਤੋੜ-ਮਰੋੜ ਕੇ ਪੇਸ਼ ਕਰ ਰਹੇ ਹਨ, ਜੋ ਉਨ੍ਹਾਂ ਅਨੁਸਾਰ ਸਿੱਖ ਅਕੀਦੇ ਤੋਂ ਉਲਟ ਹੈ ਜਿਸ ਦੇ ਦਰ ਹਰ ਕਿਸੇ ਲਈ ਖੁੱਲ੍ਹੇ ਹਨ।

ਜਿਹੜੀ ਗੱਲ ਇਨ੍ਹਾਂ ਟਿੱਪਣੀਕਾਰਾਂ ਨੇ ਸਹਿਜੇ ਹੀ ਵਿਸਾਰ ਦਿੱਤੀ ਹੈ, ਉਹ ਇਹ ਹੈ ਕਿ ਗੁਰਦੁਆਰੇ ਦੇ ਪ੍ਰਬੰਧਕਾਂ ਨੇ ਗੁਰਦੁਆਰਿਆਂ ਵਿਚ ਕਿਸੇ ਦੇ ਦਾਖ਼ਲ ਹੋਣ 'ਤੇ ਪਾਬੰਦੀ ਨਹੀਂ ਲਗਾਈ। ਉਨ੍ਹਾਂ ਦੇ ਵਿਰੋਧ ਨੂੰ ਜਾਣ-ਬੁੱਝ ਕੇ ਸਿੱਖ ਵੱਖਵਾਦ ਦਾ ਝੂਠਾ ਡਰ ਪੈਦਾ ਕਰਨ ਦੀ ਮਨਸ਼ਾ ਨਾਲ ਗਲਤ ਪੇਸ਼ ਕੀਤਾ ਜਾ ਰਿਹਾ ਹੈ। ਭਾਜਪਾ ਤੇ ਅਖੌਤੀ ਧਰਮ ਨਿਰਪੱਖ ਵਿਰੋਧੀ ਧਿਰ ਕਾਂਗਰਸ ਪਾਰਟੀ ਨੇ ਗੁਰਦੁਆਰਾ ਪ੍ਰਬੰਧਕਾਂ ਦੀ ਆਲੋਚਨਾ ਕੀਤੀ ਹੈ।

ਇਸ ਤੱਥ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ ਕਿ ਜਦੋਂ ਤੋਂ (2014 ਵਿਚ) ਭਾਜਪਾ ਭਾਰਤ ਵਿਚ ਸੱਤਾ 'ਚ ਆਈ ਹੈ, ਧਾਰਮਿਕ ਘੱਟ ਗਿਣਤੀਆਂ 'ਤੇ ਹਮਲੇ ਵਧੇ ਹਨ। ਇਥੋਂ ਤਕ ਕਿ ਪੰਜਾਬ 'ਚ ਕਾਂਗਰਸ ਸਰਕਾਰ ਵੀ ਹਿੰਦੂ ਅਤਿਵਾਦ ਦਾ ਖਤਰਾ ਠੱਲ੍ਹਣ 'ਚ ਅਸਫਲ ਰਹੀ ਹੈ। ਉਲਟਾ, ਭਾਜਪਾ ਦੇ ਵੋਟ ਬੈਂਕ ਨੂੰ ਖੁਸ਼ ਕਰਨ ਲਈ ਇਹ ਸਿੱਧੇ ਇਲਜ਼ਾਮ ਲਾ ਰਹੀ ਹੈ ਕਿ ਸਿੱਖ ਅਤਿਵਾਦੀ ਪੰਜਾਬ ਸੂਬੇ ਵਿਚ ਗੜਗੜ ਪੈਦਾ ਕਰ ਰਹੇ ਹਨ। ਪਿੱਛੇ ਜਿਹੇ ਪੰਜਾਬ ਪੁਲਿਸ ਨੇ ਇੰਗਲੈਂਡ ਨਿਵਾਸੀ ਜਗਤਾਰ ਸਿੰਘ ਜੌਹਲ ਸਣੇ ਕੁਝ ਸਿੱਖ ਕਾਰਕੁਨਾਂ ਨੂੰ ਸੂਬੇ 'ਚ ਸੱਜੇ ਪੱਖੀ ਸਿਆਸੀ ਕਾਰਕੁਨਾਂ ਦੇ ਕਤਲਾਂ ਦੇ ਮਾਮਲੇ ਵਿਚ ਗ੍ਰਿਫਤਾਰ ਕੀਤਾ। ਜੌਹਲ ਦੇ ਪਰਿਵਾਰ ਅਤੇ ਉਸ ਦੇ ਹਮਾਇਤੀਆਂ ਦਾ ਇਲਜ਼ਾਮ ਹੈ ਕਿ ਉਸ ਤੋਂ ਝੂਠੇ ਇਕਬਾਲ ਕਰਾਉਣ ਲਈ ਉਸ ਨੂੰ ਤਸੀਹੇ ਦਿੱਤੇ ਜਾ ਰਹੇ ਹਨ। ਜੌਹਲ ਉਨ੍ਹਾਂ ਨੌਜਵਾਨਾਂ ਵਿਚੋਂ ਇਕ ਹੈ ਜੋ 1984 ਦੀਆਂ ਕਾਰਵਾਈਆਂ ਦੇ ਮਾਮਲੇ ਵਿਚ ਨਿਆਂ ਦੀ ਮੁਹਿੰਮ ਚਲਾ ਰਹੇ ਹਨ। ਇਹ ਉਦੋਂ ਦੀ ਗੱਲ ਹੈ ਜਦੋਂ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਉਸ ਦੇ ਹੀ ਸਿੱਖ ਅੰਗ ਰੱਖਿਅਕਾਂ ਵਲੋਂ ਹੱਤਿਆ ਕਰ ਦੇਣ ਤੋਂ ਬਾਅਦ ਤੱਤਕਾਲੀ ਕਾਂਗਰਸ ਸਰਕਾਰ ਵਲੋਂ ਸਿੱਖ ਵਿਰੋਧੀ ਕਤਲੇਆਮ ਕਰਵਾਇਆ ਗਿਆ ਸੀ। ਜੌਹਲ ਅਤੇ ਉਸ ਵਰਗੇ ਹੋਰ, ਭਾਜਪਾ ਦੀ ਘੱਟ ਗਿਣਤੀਆਂ ਖਿਲਾਫ ਜ਼ਹਿਰੀਲੀ ਬਿਆਨਬਾਜ਼ੀ ਦੇ ਵੀ ਆਲੋਚਕ ਹਨ।

ਹੁਣ ਭਾਰਤ ਅੰਦਰਲੀ ਹਾਲਤ ਨੂੰ ਲੈ ਕੇ ਦੱਖਣੀ ਏਸ਼ੀਆਈ ਪਰਵਾਸੀ ਭਾਈਚਾਰੇ ਵਿਚ ਹਾਹਾਕਾਰ ਮੱਚੀ ਹੋਈ ਹੈ। ਉਹ ਇਹ ਮਹਿਸੂਸ ਕਰ ਰਹੇ ਹਨ ਕਿ ਅਮਰੀਕਾ ਅਤੇ ਕੈਨੇਡਾ ਅੰਦਰ ਭਾਰਤੀ ਸਟੇਟ ਦੇ ਸੂਹੀਏ ਸਿਆਸੀ ਕਾਰਕੁਨਾਂ ਦੀ ਜਾਸੂਸੀ ਕਰ ਰਹੇ ਹਨ। ਅਸਹਿਮਤੀ ਦੀ ਕਿਸੇ ਵੀ ਆਵਾਜ਼ ਨੂੰ ਕੁਚਲਣ ਲਈ ਉਹ ਪਰਦੇਸ ਵਿਚ ਰਹਿ ਰਹੇ ਲੋਕਾਂ ਦੀਆਂ ਕਾਲੀਆਂ ਸੂਚੀਆਂ ਬਣਾਉਂਦੇ ਹਨ ਅਤੇ ਅਕਸਰ ਹੀ ਉਨ੍ਹਾਂ ਨੂੰ ਵੀਜ਼ਾ ਦੇਣ ਤੋਂ ਨਾਂਹ ਕਰ ਦਿੱਤੀ ਜਾਂਦੀ ਹੈ।

ਭਾਰਤੀ ਸਿਆਸਤਦਾਨਾਂ ਵਲੋਂ ਕਾਰਕੁਨਾਂ ਨੂੰ ਵੱਖਵਾਦੀ ਤੇ ਅਤਿਵਾਦੀ ਵਜੋਂ ਪੇਸ਼ ਕਰ ਕੇ ਉਨ੍ਹਾਂ ਖਿਲਾਫ ਦੁਸ਼ਟ ਪ੍ਰਚਾਰ ਕੀਤਾ ਜਾ ਰਿਹਾ ਹੈ। ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤਾਂ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਅਤੇ ਐਨ. ਡੀ. ਪੀ. ਦੇ ਆਗੂ ਜਗਮੀਤ ਸਿੰਘ ਦਾ ਅਕਸ ਵਿਗਾੜਨ ਦੀ ਹੱਦ ਤਕ ਚਲੇ ਗਏ। ਕੈਪਟਨ ਨੇ ਕੈਨੇਡਾ ਦੇ ਇਨ੍ਹਾਂ ਸਿਆਸਤਦਾਨਾਂ ਉਪਰ ਪੰਜਾਬ ਵਿਚ ਭੰਨਤੋੜ ਦੀਆਂ ਕਾਰਵਾਈਆਂ ਕਰਨ ਵਾਲੇ ਅਨਸਰਾਂ ਨੂੰ ਸ਼ਹਿ ਦੇਣ ਦਾ ਇਲਜ਼ਾਮ ਵੀ ਲਾਇਆ। ਸੱਜਣ ਦੇ ਪਿਤਾ ਸਿੱਖ ਕਾਰਕੁਨ ਰਹਿ ਚੁੱਕੇ ਸਨ ਜੋ ਵਰਲਡ ਸਿੱਖ ਆਰਗੇਨਾਈਜੇਸ਼ਨ ਨਾਲ ਜੁੜੇ ਹੋਏ ਸਨ। ਜਗਮੀਤ ਸਿੰਘ ਭਾਰਤ ਵਿਚ 1984 ਵਿਚ ਸਿੱਖ ਭਾਈਚਾਰੇ ਖਿਲਾਫ ਕੀਤੀ ਹਿੰਸਾ ਦਾ ਮੁੱਦਾ ਉਠਾ ਰਹੇ ਹਨ।

ਇਨ੍ਹਾਂ ਹਾਲਾਤ ਵਿਚ ਬਹੁਤ ਸਾਰੇ ਗੁਰਦੁਆਰਿਆਂ ਨੇ ਭਾਈਚਾਰੇ ਦੇ ਮਾਮਲਿਆਂ ਵਿਚ ਭਾਰਤੀ ਸਟੇਟ ਵਲੋਂ ਦਖ਼ਲਅੰਦਾਜ਼ੀ ਕਰਨ ਅਤੇ ਭਾਰਤ ਵਿਚ ਇਸ ਦੇ ਮਾਲਕਾਂ ਵਲੋਂ ਕੀਤੇ ਜਾ ਰਹੇ ਦੇ ਜ਼ੁਲਮਾਂ ਖ਼ਿਲਾਫ ਇਕੱਠੇ ਹੋ ਕੇ ਬਿਆਨ ਦਿੱਤਾ ਹੈ। ਪਹਿਲੀ ਗੱਲ, ਉਨ੍ਹਾਂ ਦੇ ਫੈਸਲੇ ਨੂੰ ਸਰਸਰੀ ਤੌਰ 'ਤੇ ਵੱਖਵਾਦੀ ਦਾ ਠੱਪਾ ਲਾ ਕੇ ਦਰਕਿਨਾਰ ਨਹੀਂ ਕੀਤਾ ਜਾ ਸਕਦਾ। ਜੇ ਉਹ ਵੱਖਵਾਦੀ ਹਨ ਵੀ, ਤਾਂ ਵੀ ਜਮਹੂਰੀ ਭਾਵਨਾ ਅਨੁਸਾਰ ਉਨ੍ਹਾਂ ਦਾ ਇਉਂ ਕਰਨਾ ਸਹੀ ਹੈ। ਇਹੀ ਤਾਂ ਭਾਈਚਾਰੇ ਦੇ ਪੁਰਖੇ ਬੀਤੇ ਅਰਸੇ ਵਿਚ ਵੈਨਕੂਵਰ ਵਿਚ ਬਰਤਾਨਵੀ ਸਲਤਨਤ ਖਿਲਾਫ ਕਰਦੇ ਰਹੇ, ਜਦੋਂ ਭਾਰਤ ਬਰਤਾਨੀਆ ਦੇ ਕਬਜ਼ੇ ਹੇਠ ਸੀ। ਉਨ੍ਹਾਂ ਨੇ ਕਿੰਗ ਜਾਰਜ ਪੰਜਵੇਂ ਦੀ ਫੇਰੀ ਦਾ ਵਿਰੋਧ ਕੀਤਾ। ਬਹੁਤ ਸਾਰੇ ਸਾਬਕਾ ਸਿੱਖ ਫੌਜੀਆਂ ਨੇ ਤਾਂ ਬਸਤੀਵਾਦ ਅਤੇ ਨਸਲਵਾਦ ਦਾ ਮੁਕਾਬਲਾ ਕਰਨ ਦਾ ਫੈਸਲਾ ਕਰਨ ਤੋਂ ਬਾਅਦ ਸਲਤਨਤ ਨਾਲੋਂ ਪੂਰੀ ਤਰ੍ਹਾਂ ਤੋੜ-ਵਿਛੋੜਾ ਕਰਦਿਆਂ ਗੁਰਦੁਆਰੇ ਦੇ ਅੰਦਰ ਹੀ ਆਪਣੇ ਤਮਗੇ ਅਤੇ ਸਰਟੀਫਿਕੇਟ ਵੀ ਫੂਕ ਦਿੱਤੇ ਸਨ। ਕੈਨੇਡੀਅਨ ਇਮੀਗ੍ਰੇਸ਼ਨ ਅਫਸਰ ਵਿਲੀਅਮ ਹਾਪਕਿਨਸਨ ਇਨ੍ਹਾਂ ਕਾਰਕੁਨਾਂ ਦੀ ਉਦੋਂ ਤਕ ਜਾਸੂਸੀ ਕਰਦਾ ਰਿਹਾ, ਜਦੋਂ ਤਕ ਭਾਈ ਮੇਵਾ ਸਿੰਘ ਨੇ ਉਸ ਨੂੰ ਫਸਤਾ ਨਹੀਂ ਵੱਢ ਦਿੱਤਾ। ਉਹ ਵੈਨਕੂਵਰ ਦੇ ਸਭ ਤੋਂ ਪੁਰਾਣੇ ਗੁਰਦੁਆਰੇ ਦੇ ਬਾਨੀਆਂ ਵਿਚੋਂ ਸਨ। ਦਰਅਸਲ, ਉਹ ਗੁਰਦੁਆਰਾ ਨਸਲਵਾਦ ਅਤੇ ਬਸਤੀਵਾਦ ਖਿਲਾਫ ਸਿਆਸੀ ਸਰਗਰਮੀਆਂ ਨੂੰ ਥਾਂ ਮੁਹੱਈਆ ਕਰਨ ਖ਼ਾਤਰ ਤਾਮੀਰ ਕੀਤਾ ਗਿਆ ਸੀ। ਲਿਹਾਜ਼ਾ, ਇਥੇ ਸਾਡੇ ਗੁਰਦੁਆਰਿਆਂ ਵਲੋਂ ਵਿਰੋਧ ਕੀਤੇ ਜਾਣ ਦਾ ਆਪਣਾ ਇਤਿਹਾਸ ਹੈ। ਹੋਰ ਦ੍ਰਿਸ਼ਟੀ ਤੋਂ ਦੇਖਿਆਂ ਵੀ, ਸਿੱਖ ਅਕੀਦੇ ਦੇ ਬਾਨੀ ਗੁਰੂ ਨਾਨਕ ਨੇ ਮੁਗਲ ਸਲਤਨਤ ਵਲੋਂ ਕੀਤੇ ਜਾ ਰਹੇ ਰਾਜਕੀ ਜ਼ੁਲਮਾਂ ਦੀ ਨਿੰਦਾ ਕੀਤੀ ਸੀ।

ਆਖ਼ਰੀ ਗੱਲ, ਜੋ ਲੋਕ ਇਸ ਫੈਸਲੇ ਦੀ ਆਲੋਚਨਾ ਕਰ ਰਹੇ ਹਨ, ਉਹ ਗੁਰਦੁਆਰਿਆਂ ਵਲੋਂ ਭਾਰਤੀ ਅਧਿਕਾਰੀਆਂ ਨਾਲ ਖਾਸ ਸਲੂਕ ਕੀਤੇ ਜਾਣ ਤੋਂ ਨਾਂਹ ਕਰਨ ਦੇ ਚੁਣਵੇਂ ਮਾਮਲਿਆਂ ਨੂੰ ਹੀ ਉਠਾ ਰਹੇ ਹਨ। ਪਿਛਲੇ ਸਾਲ, ਜਦੋਂ ਮਸ਼ਹੂਰ ਭਾਰਤੀ ਪੱਤਰਕਾਰ ਰਾਣਾ ਅਯੂਬ ਵੈਨਕੂਵਰ ਆਈ ਸੀ ਤਾਂ ਸਭ ਤੋਂ ਪੁਰਾਣੀ ਸਿੱਖ ਸੰਸਥਾ, ਜਿਸ ਨੂੰ ਭਾਰਤ ਪੱਖੀ ਨਰਮਪੰਥੀ ਸਿੱਖ ਆਗੂ ਚਲਾ ਰਹੇ ਹਨ, ਨੇ ਇਹ ਦਲੀਲ ਦੇ ਕੇ ਕਿ ਰਾਣਾ ਦਾ 'ਵਿਵਾਦਪੂਰਨ ਪਿਛੋਕੜ' ਹੈ, ਉਸ ਨੂੰ ਸੰਗਤ ਨੂੰ ਸੰਬੋਧਨ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਸੀ। ਆਪਣੀ ਬਹੁਤ ਹੀ ਮਕਬੂਲ ਕਿਤਾਬ 'ਗੁਜਰਾਤ ਫਾਈਲਜ਼' ਵਿਚ ਰਾਣਾ ਅਯੂਬ ਨੇ ਗੁਜਰਾਤ ਵਿਚ ਭਾਜਪਾ ਵਲੋਂ ਮੁਸਲਮਾਨਾਂ ਖਿਲਾਫ ਕੀਤੀ ਹਿੰਸਾ ਦਾ ਪਰਦਾਫਾਸ਼ ਕੀਤਾ ਹੈ। ਇਹ ਉਹੀ ਗੁਰਦੁਆਰਾ ਹੈ ਜਿਥੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ ਪਿਛੋਕੜ ਵਿਵਾਦਪੂਰਨ ਹੋਣ ਦੇ ਬਾਵਜੂਦ 2015 ਵਿਚ ਉਸ ਦਾ ਗੱਜ-ਵੱਜ ਕੇ ਸਵਾਗਤ ਕੀਤਾ ਗਿਆ। ਮੋਦੀ 2002 ਵਿਚ ਗੁਜਰਾਤ ਦਾ ਮੁੱਖ ਮੰਤਰੀ ਸੀ ਜਦੋਂ ਭਾਜਪਾ ਵਲੋਂ ਉਸ ਸੂਬੇ ਵਿਚ ਮੁਸਲਮਾਨਾਂ ਦਾ ਕਤਲੇਆਮ ਕਰਵਾਇਆ ਗਿਆ।

ਉਦੋਂ ਇਹ ਲੋਕ ਕਿਥੇ ਸਨ, ਜੋ ਹੁਣ ਇਹ ਪ੍ਰਚਾਰ ਰਹੇ ਹਨ ਕਿ ਗੁਰਦੁਆਰਿਆਂ ਵਿਚ ਭਾਰਤੀ ਅਧਿਕਾਰੀਆਂ ਨੂੰ ਵੜਨ ਨਾ ਦੇਣ ਦਾ ਮਤਾ ਸਿੱਖੀ ਸਿਧਾਂਤਾਂ ਦੇ ਖ਼ਿਲਾਫ ਹੈ? ਕੀ ਵੈਨਕੂਵਰ ਵਾਲੇ ਸਿੱਖ ਗੁਰਦੁਆਰੇ ਦੀ ਰਾਣਾ ਅਯੂਬ ਨੂੰ ਇਜਾਜ਼ਤ ਨਾ ਦੇਣ ਦੀ ਕਾਰਵਾਈ ਜਾਇਜ਼ ਸੀ? ਕੀ ਉਹ ਫੈਸਲਾ ਸਿੱਖ ਫਿਤਰਤ ਦੇ ਖ਼ਿਲਾਫ ਨਹੀਂ ਸੀ? ਇਸ ਖ਼ਾਸ ਗੁਰਦੁਆਰੇ ਦੇ ਅਧਿਕਾਰੀਆਂ ਨੇ ਕਿਉਂਕਿ, ਭਾਰਤ ਸਰਕਾਰ ਦਾ ਪੱਖ ਲੈਣ ਦਾ ਰਾਹ ਚੁਣਿਆ, ਇਸੇ ਲਈ ਅਯੂਬ ਨੂੰ ਸੰਬੋਧਨ ਕਰਨ ਤੋਂ ਰੋਕਣਾ ਭਾਈਚਾਰੇ ਦੇ ਇਨ੍ਹਾਂ ਤਮਾਮ ਆਪੇ ਸਜੇ ਰਾਖਿਆਂ ਨੂੰ ਸਵੀਕਾਰ ਹੋ ਗਿਆ?

ਇਥੇ ਇਹ ਜ਼ਿਕਰ ਕਰਨਾ ਜ਼ਰੂਰੀ ਹੈ ਕਿ ਇਕ ਨਰਮਪੰਥੀ ਸਿੱਖ ਆਗੂ ਨੇ ਇਕ ਵਾਰ ਟੀ ਵੀ ਉਪਰ ਐਲਾਨ ਕੀਤਾ ਸੀ ਕਿ ਵੈਨਕੂਵਰ ਤੋਂ ਸਿੱਖ ਧਨਾਢ ਰਿਪੁਦਮਨ ਸਿੰਘ ਮਲਿਕ ਅਤੇ ਕੈਮਲੂਪਸ ਤੋਂ ਮਿਲ ਵਰਕਰ ਅਜੈਬ ਸਿੰਘ ਬਾਗੜੀ, ਜਿਨ੍ਹਾਂ ਨੂੰ 2005 ਵਿਚ ਏਅਰ ਇੰਡੀਆ ਮਾਮਲੇ ਵਿਚੋਂ ਬਰੀ ਕਰ ਦਿੱਤਾ ਗਿਆ ਸੀ, ਦਾ ਇਨ੍ਹਾਂ ਗੁਰਦੁਆਰਿਆਂ ਵਿਚ ਸਵਾਗਤ ਨਹੀਂ ਕੀਤਾ ਜਾਵੇਗਾ। 1985 ਵਿਚ ਏਅਰ ਇੰਡੀਆ ਬੰਬ ਕਾਂਡ ਵਿਚ 331 ਲੋਕ ਮਾਰੇ ਗਏ ਸਨ। ਇਲਜ਼ਾਮ ਇਹ ਲਗਾਇਆ ਗਿਆ ਸੀ ਕਿ ਇਹ ਸਿੱਖ ਅਤਿਵਾਦੀਆਂ ਦੀ ਕਾਰਵਾਈ ਸੀ ਜੋ 1984 ਦੀਆਂ ਘਟਨਾਵਾਂ ਦਾ ਬਦਲਾ ਲੈਣਾ ਚਾਹੁੰਦੇ ਸਨ। ਜਿਹੜੇ ਲੋਕ ਹੁਣ ਇਨ੍ਹਾਂ ਗੁਰਦੁਆਰਿਆਂ ਵਲੋਂ ਭਾਰਤੀ ਸਟੇਟ ਖਿਲਾਫ ਕੀਤੇ ਫੈਸਲੇ ਵਿਰੁੱਧ ਬਹੁਤ ਹੋ-ਹੱਲਾ ਮਚਾ ਰਹੇ ਹਨ, ਉਨ੍ਹਾਂ ਨੂੰ ਦੂਜਿਆਂ ਉਪਰ ਚਿੱਕੜ ਸੁੱਟਣ ਤੋਂ ਪਹਿਲਾਂ ਆਪਣੇ ਅੰਦਰ ਝਾਤ ਜ਼ਰੂਰ ਮਾਰਨੀ ਚਾਹੀਦੀ ਹੈ।

ਹੁਣ ਵੇਲਾ ਹੈ ਕਿ ਭਾਰਤ ਵਿਚ ਕੀਤੇ ਜਾ ਰਹੇ ਰਾਜਕੀ ਜਬਰ ਖਿਲਾਫ ਆਵਾਜ਼ ਉਠਾਈ ਜਾਵੇ ਜਿਥੇ ਸੱਜੇ ਪੱਖੀ ਰਾਸ਼ਟਰਵਾਦੀ ਸਟੇਟ ਹੇਠ ਹਾਲਤ ਬਦ ਤੋਂ ਬਦਤਰ ਹੋ ਚੁੱਕੀ ਹੈ। ਸਾਨੂੰ ਫਤਵੇ ਸੁਣਾਉਣ ਦੀ ਬਜਾਏ ਇਨ੍ਹਾਂ ਗੁਰਦੁਆਰਿਆਂ ਦੇ ਫੈਸਲੇ ਨੂੰ ਉਸ ਦੇ ਸਹੀ ਪ੍ਰਸੰਗ ਵਿਚ ਰੱਖ ਕੇ ਦੇਖਣ ਦੀ ਲੋੜ ਹੈ। ਇਹ ਜ਼ਰੂਰੀ ਨਹੀਂ ਕਿ ਇਨ੍ਹਾਂ ਗੁਰਦੁਆਰਿਆਂ ਦੀ ਸਿਆਸਤ ਨਾਲ ਸਹਿਮਤ ਹੋਇਆ ਜਾਵੇ, ਲੇਕਿਨ ਉਨ੍ਹਾਂ ਦੀ ਕਾਰਵਾਈ ਨੂੰ ਉਸ ਦੇ ਖ਼ਿਲਾਫ ਆਲਮੀ ਰਾਇ ਲਾਮਬੰਦ ਕਰਨ ਦੇ ਮਹੱਤਵਪੂਰਨ ਕਦਮ ਵਜੋਂ ਦੇਖਿਆ ਜਾਣਾ ਚਾਹੀਦਾ ਹੈ ਜੋ ਦੁਨੀਆ ਦੀ ਸਭ ਤੋਂ ਵੱਡੀ ਜਮਹੂਰੀਅਤ ਦੇ ਅੰਦਰ ਵਾਪਰ ਰਿਹਾ ਹੈ।

ਸਾਨੂੰ ਤਾਂ ਸਗੋਂ ਇਨ੍ਹਾਂ ਗੁਰਦੁਆਰਿਆਂ ਤੋਂ ਇਹ ਉਮੀਦ ਕਰਨੀ ਚਾਹੀਦੀ ਹੈ ਕਿ ਇਹ ਇਕ ਕਦਮ ਹੋਰ ਅੱਗੇ ਤੁਰਨ। ਮੂਲਵਾਸੀ ਭਾਈਚਾਰਿਆਂ ਖਿਲਾਫ ਜੋ ਢਾਂਚਾਗਤ ਹਿੰਸਾ ਕੀਤੀ ਜਾ ਰਹੀ ਹੈ, ਇਜ਼ਰਾਈਲ ਵਲੋਂ ਫਲਸਤੀਨੀ ਸਰਜ਼ਮੀਨ ਉਪਰ ਕਬਜ਼ਾ ਬਣਾਈ ਰੱਖਣ ਪ੍ਰਤੀ ਇਨ੍ਹਾਂ ਦਾ ਜੋ ਨਰਮਗੋਸ਼ਾ ਹੈ ਅਤੇ ਉਤਰੀ ਅਮਰੀਕਾ ਵਿਚ ਗੋਰੀ ਨਸਲ ਦੇ ਸਰਵੋਤਮ ਹੋਣ ਦਾ ਜੋ ਰੁਝਾਨ ਜ਼ੋਰ ਫੜ ਰਿਹਾ ਹੈ, ਉਸ ਨੂੰ ਲੈ ਕੇ ਇਹ ਅਮਰੀਕਾ ਅਤੇ ਕੈਨੇਡਾ ਦੇ ਸਰਕਾਰੀ ਨੁਮਾਇੰਦਿਆਂ ਨੂੰ ਚੁਣੌਤੀ ਦੇਣਾ ਸ਼ੁਰੂ ਕਰਨ।

# ਗਣਤੰਤਰ ਦਿਵਸ, ਸੰਵਿਧਾਨ ਅਤੇ ਨਾਗਰਿਕ


ਸੱਤ ਦਹਾਕੇ ਤੋਂ 26 ਜਨਵਰੀ ਨੂੰ ਗਣਤੰਤਰ ਦਿਵਸ ਵਜੋਂ ਮਨਾਇਆ ਜਾਂਦਾ ਹੈ, ਕਿਉਂਕਿ ਇਸ ਦਿਨ ਭਾਰਤ ਮੁਲਕ ਦਾ ਆਪਣਾ ਸੰਵਿਧਾਨ ਲਾਗੂ ਹੋਇਆ ਸੀ। ਹਕੀਕਤ ਇਹ ਹੈ ਕਿ ਕਾਨੂੰਨ ਦੇ ਰਾਜ ਦੇ ਦਾਅਵੇ ਮਹਿਜ਼ ਕਾਗਜ਼ਾਂ ਦਾ ਸ਼ਿੰਗਾਰ ਹਨ। ਸੰਵਿਧਾਨ ਤਾਂ ਸੱਤਾਧਾਰੀ ਧਿਰ ਅਤੇ ਉਸ ਦੇ ਇਸ਼ਾਰਿਆਂ 'ਤੇ ਕੰਮ ਕਰਨ ਵਾਲੀ ਰਾਜ-ਮਸ਼ੀਨਰੀ ਦੀਆਂ ਮਨਮਾਨੀਆਂ ਲਈ ਓਹਲਾ ਹੈ, ਕਾਇਦੇ-ਕਾਨੂੰਨ ਦੀਆਂ ਸਭ ਤੋਂ ਵੱਧ ਧੱਜੀਆਂ ਖ਼ੁਦ ਹੁਕਮਰਾਨਾਂ ਅਤੇ ਕਾਨੂੰਨ ਦਾ ਰਾਜ ਲਾਗੂ ਕਰਨ ਲਈ ਬਣਾਈ ਰਾਜ-ਮਸ਼ੀਨਰੀ ਵਲੋਂ ਉਡਾਈਆਂ ਜਾਂਦੀਆਂ ਹਨ। ਪਿਛਲੇ ਮਹੀਨਿਆਂ ਵਿਚ ਆਰ.ਐਸ.ਐਸ. ਦੇ ਆਗੂਆਂ ਦੀਆਂ ਹੱਤਿਆਵਾਂ

ਬੂਟਾ ਸਿੰਘ
ਫੋਨ: 91-94634-74342

ਲਈ ਕਥਿਤ ਤੌਰ 'ਤੇ ਜ਼ਿੰਮੇਵਾਰ ਬਰਤਾਨਵੀ ਨਾਗਰਿਕ ਜੱਗੀ ਜੌਹਲ ਅਤੇ ਹੋਰਾਂ ਨੂੰ ਜਿਸ ਤਰੀਕੇ ਨਾਲ ਗ੍ਰਿਫਤਾਰ ਕਰ ਕੇ ਰਿਹਾਸਤ ਵਿਚ ਰੱਖਿਆ ਹੋਇਆ ਹੈ, ਉਹ ਪੁਲਿਸ ਦੀਆਂ ਮਨਮਾਨੀਆਂ ਦੀ ਤਾਜ਼ਾ ਮਿਸਾਲ ਹੈ। ਇਸੇ ਸਿਲਸਿਲੇ ਦੀ ਕੜੀ ਜੰਮੂ ਕਸ਼ਮੀਰ ਹੈ। ਹੁਕਮਰਾਨ ਕਹਿੰਦੇ ਹਨ ਕਿ ਜੰਮੂ ਕਸ਼ਮੀਰ ਮੁਲਕ ਦਾ 'ਅਟੁੱਟ ਅੰਗ' ਹੈ। ਇਸ ਦਾ ਮਤਲਬ ਹੈ ਕਿ ਸੰਵਿਧਾਨ ਕਸ਼ਮੀਰੀਆਂ ਲਈ ਵੀ ਹੈ, ਪਰ ਕਸ਼ਮੀਰੀਆਂ ਦੇ ਮਾਮਲੇ ਵਿਚ ਤਾਂ ਕਾਨੂੰਨ ਦੀ ਰਸਮੀ ਪਾਲਣਾ ਦੀ ਜ਼ਰੂਰਤ ਵੀ ਨਹੀਂ ਸਮਝੀ ਜਾਂਦੀ। ਜ਼ਿਆਦਾ ਸਾਲ ਨਹੀਂ ਹੋਏ ਜਦੋਂ 'ਰਾਸ਼ਟਰ ਦੀ ਸਮੂਹਿਕ ਆਤਮਾ ਦੀ ਤਸੱਲੀ ਲਈ' ਨਿਆਂ ਪ੍ਰਬੰਧ ਨੇ ਨਿਆਂ ਸ਼ਾਸਤਰ ਨੂੰ ਸਰੇਆਮ ਦਰਕਿਨਾਰ ਕਰ ਕੇ ਕਸ਼ਮੀਰੀ ਨੌਜਵਾਨ ਅਫਜ਼ਲ ਗੁਰੂ ਨੂੰ ਮੌਤ ਦੇ ਹਵਾਲੇ ਕਰ ਦਿੱਤਾ ਸੀ। ਹੁਣ 'ਗਣਤੰਤਰ ਦਿਵਸ' ਤੋਂ ਮਹਿਜ਼ ਦੋ ਹਫਤੇ ਪਹਿਲਾਂ ਪੁਲਿਸ ਦੀ ਟੀਮ ਨੇ ਇਕ ਹੋਰ ਕਸ਼ਮੀਰੀ ਨੂੰ ਅਚਾਨਕ ਹਵਾਈ ਅੱਡੇ ਉਪਰ ਜਾ ਦਬੋਚਿਆ।

10 ਜਨਵਰੀ ਨੂੰ ਗੁਜਰਾਤ ਦੇ ਦਹਿਸ਼ਤਵਾਦ ਵਿਰੋਧੀ ਦਸਤੇ ਅਤੇ ਦਿੱਲੀ ਪੁਲਿਸ ਦੇ ਵਿਸ਼ੇਸ਼ ਸੈੱਲ ਦੀ ਸਾਂਝੀ ਟੀਮ ਨੇ 37 ਸਾਲਾ ਕਸ਼ਮੀਰੀ ਬਿਲਾਲ ਅਹਿਮਦ ਕਵਾ ਨੂੰ ਦਿੱਲੀ ਹਵਾਈ ਅੱਡੇ ਉਪਰ ਉਤਰਨ ਤੋਂ ਤੁਰੰਤ ਬਾਅਦ ਗ੍ਰਿਫਤਾਰ ਕਰ ਲਿਆ। ਪੁਲਿਸ ਨੇ ਦਾਅਵਾ ਕੀਤਾ ਕਿ ਉਸ ਨੇ ਸੰਨ 2000 ਵਿਚ ਲਾਲ ਕਿਲ੍ਹੇ ਉਪਰ ਦਹਿਸ਼ਤਗਰਦ ਹਮਲੇ ਦੀ ਮਾਇਕ ਸਹਾਇਤਾ ਕੀਤੀ ਸੀ। ਉਹ ਭਗੌੜਾ ਸੀ ਅਤੇ ਪੁਲਿਸ ਨੂੰ ਉਸ ਦੀ ਤਲਾਸ਼ ਸੀ। 'ਮੁੱਖਧਾਰਾ' ਮੀਡੀਆ ਨੇ ਆਪਣੀ ਰਵਾਇਤ ਅਨੁਸਾਰ, ਵਿਸ਼ੇਸ਼ ਸੈੱਲ ਦੀ ਇਸ ਫਿਲਮੀ ਕਹਾਣੀ ਨੂੰ ਪੂਰੀ ਸ਼ਰਧਾ ਨਾਲ ਅੱਖਾਂ ਮੀਟ ਕੇ ਹੂ-ਬ-ਹੂ ਪ੍ਰਚਾਰਿਆ, ਪਰ ਉਹ ਸਵਾਲ ਉਠਾਉਣ ਦੀ ਜ਼ਰੂਰਤ ਨਹੀਂ ਸਮਝੀ ਜੋ ਇਸ ਗ੍ਰਿਫਤਾਰੀ ਵਿਚੋਂ ਉਪਜੇ ਹਨ। ਦੂਜੇ ਪਾਸੇ ਇਸ ਗ੍ਰਿਫਤਾਰੀ ਨੂੰ ਲੈ ਕੇ ਜੰਮੂ ਕਸ਼ਮੀਰ ਗੁੱਸੇ ਨਾਲ ਉਬਲ ਰਿਹਾ ਹੈ। ਸੜਕਾਂ ਉਪਰ ਮੁਜ਼ਾਹਰੇ ਹੋ ਰਹੇ ਹਨ ਅਤੇ ਜੰਮੂ ਕਸ਼ਮੀਰ ਵਿਧਾਨ ਸਭਾ ਵਿਚ ਵੀ ਉਸ ਦੀ ਗ੍ਰਿਫਤਾਰੀ ਨੂੰ ਲੈ ਕੇ ਹੰਗਾਮਾ ਹੋ ਰਿਹਾ ਹੈ। ਫਰਜ਼ੀ ਮਾਮਲੇ ਘੜਨ, ਫਰਜ਼ੀ ਮੁਕਾਬਲੇ ਬਣਾਉਣ ਦੇ ਮਾਮਲਿਆਂ ਵਿਚ ਇਨ੍ਹਾਂ ਦੋਨੋਂ ਪੁਲਿਸ ਏਜੰਸੀਆਂ ਨਹਾਇਤ ਬਦਨਾਮ ਹਨ। ਲਿਹਾਜ਼ਾ ਕਸ਼ਮੀਰੀ ਅਵਾਮ ਦਾ ਇਹ ਸਵਾਲ ਉਠਾਉਣਾ ਕਿਸੇ ਵੀ ਸੂਰਤ ਵਿਚ ਗ਼ੈਰ ਮੁਨਾਸਿਬ ਨਹੀਂ ਕਿ ਜੇ ਕਵਾ ਐਨਾ ਖ਼ਤਰਨਾਕ ਸਾਜ਼ਿਸ਼ੀ ਸੀ ਤਾਂ ਸਤਾਰਾਂ ਸਾਲਾਂ ਵਿਚ ਇਨ੍ਹਾਂ ਵਿਸ਼ੇਸ਼ ਏਜੰਸੀਆਂ ਨੇ ਇਸ 'ਭਗੌੜੇ' ਖ਼ਿਲਾਫ ਕੋਈ ਕਾਰਵਾਈ ਕਿਉਂ ਨਹੀਂ ਕੀਤੀ ?

ਪੁਲਿਸ ਦੀ ਕਹਾਣੀ ਕਹਿੰਦੀ ਹੈ ਕਿ ਕਵਾ ਉਪਰ ਮੁਕੱਦਮਾ ਦਰਜ ਸੀ। ਉਹ ਅਦਾਲਤ ਵਿਚ ਪੇਸ਼ ਨਹੀਂ ਹੋਇਆ ਸੀ। ਬਾਕੀ ਮੁਲਜ਼ਮਾਂ ਦਾ ਮੁਕੱਦਮਾ ਖ਼ਤਮ ਹੋ ਚੁੱਕਾ ਸੀ, ਪਰ ਉਹ ਭਗੌੜਾ ਸੀ। ਸੰਨ 2000 ਵਿਚ ਲਾਲ ਕਿਲ੍ਹਾ ਹਮਲੇ ਦੇ ਮਾਮਲੇ ਵਿਚ ਜੋ ਐਫ.ਆਈ. ਆਰ. ਦਰਜ ਕੀਤੀ ਗਈ ਸੀ, ਉਸ ਵਿਚ ਕਵਾ ਉਪਰ ਵੀ ਹੋਰ ਮੁਲਜ਼ਮਾਂ ਦੇ ਨਾਲ ਕਤਲ, ਇਰਾਦਾ ਕਤਲ, ਸਟੇਟ ਵਿਰੁਧ ਜੰਗ ਛੇੜਨ ਅਤੇ ਸਟੇਟ ਵਿਰੁਧ ਸਾਜ਼ਿਸ਼ ਰਚਣ ਦਾ ਇਲਜ਼ਾਮ ਸੀ। ਨਾਲ ਹੀ ਉਸ ਨੂੰ ਹਥਿਆਰ ਐਕਟ ਅਤੇ ਵਿਸਫੋਟਕ ਸਮੱਗਰੀ ਐਕਟ ਦੀਆਂ ਧਾਰਾਵਾਂ ਤਹਿਤ ਵੀ ਮੁਲਜ਼ਮ ਰੱਖਿਆ ਗਿਆ ਸੀ। ਇਸ ਮਾਮਲੇ ਵਿਚ ਉਸ ਦਾ ਸਾਲਾ ਅਤੇ ਸਹੁਰਾ ਬਰੀ ਹੋ ਗਏ ਸਨ। ਹੁਣ ਗੁਜਰਾਤ ਦੇ ਦਹਿਸ਼ਤਵਾਦ ਵਿਰੋਧੀ ਦਸਤੇ ਨੂੰ ਉਸ ਦੇ ਸ੍ਰੀਨਗਰ ਤੋਂ ਦਿੱਲੀ ਆਉਣ ਦੀ ਸੂਹ ਮਿਲੀ ਅਤੇ ਦਿੱਲੀ ਵਿਸ਼ੇਸ਼ ਸੈੱਲ ਨਾਲ ਮਿਲ ਕੇ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ। ਜਦ ਕਿ ਜੰਮੂ ਕਸ਼ਮੀਰ ਪੁਲਿਸ ਨੇ ਸ੍ਰੀਨਗਰ ਦੇ ਚੀਫ ਜੁਡੀਸ਼ੀਅਲ ਮੈਜਿਸਟਰੇਟ ਨੂੰ ਕੋਲ ਸਪਸ਼ਟ ਮੰਨਿਆ ਕਿ ਉਨ੍ਹਾਂ ਨੂੰ ਕਵਾ ਨੂੰ ਅਦਾਲਤ ਵਿਚ ਪੇਸ਼ ਕਰਾਉਣ ਲਈ ਕਦੇ ਵੀ ਕੋਈ ਸੰਮਨ ਜਾਂ ਨੋਟਿਸ ਨਹੀਂ ਮਿਲਿਆ। ਸਵਾਲ ਇਹ ਹੈ ਕਿ ਦਿੱਲੀ ਪੁਲਿਸ ਨੇ ਕਿਸ ਆਧਾਰ 'ਤੇ ਉਸ ਨੂੰ ਭਗੌੜਾ ਕਰਾਰ ਦਿੱਤਾ ਹੋਇਆ ਸੀ।




ਉਸ ਦੇ ਪਰਿਵਾਰ ਵਲੋਂ ਵਿਸ਼ੇਸ਼ ਏਜੰਸੀਆਂ ਦੇ ਇਸ ਦਾਅਵੇ ਨੂੰ ਖ਼ਾਰਜ ਕਰਨ ਲਈ ਜੋ ਦਲੀਲਾਂ ਪੇਸ਼ ਕੀਤੀਆਂ ਜਾ ਰਹੀਆਂ ਹਨ, ਉਹ ਗ਼ੌਰਤਲਬ ਹਨ। ਪਰਿਵਾਰ ਅਨੁਸਾਰ, ਕਵਾ ਚਮੜੇ ਦਾ ਕਾਰੋਬਾਰ ਕਰਦਾ ਹੈ ਅਤੇ ਹਰ ਸਾਲ ਕਾਰੋਬਾਰ ਦੇ ਸਿਲਸਿਲੇ ਵਿਚ ਦਿੱਲੀ ਜਾਂਦਾ ਰਹਿੰਦਾ ਸੀ। ਪਿਛਲੇ ਮਹੀਨਿਆਂ ਤੋਂ ਉਸ ਦੀ ਪਤਨੀ ਅਤੇ ਦੋਵੇਂ ਧੀਆਂ ਵੀ ਦਿੱਲੀ ਵਿਚ ਰਹਿ ਰਹੀਆਂ ਹਨ। ਉਸ ਨੇ ਦਿੱਲੀ ਦੇ ਸਦਰ ਬਜ਼ਾਰ ਇਲਾਕੇ ਵਿਚ ਬਾਕਾਇਦਾ ਘਰ ਖ਼ਰੀਦਿਆ ਹੋਇਆ ਹੈ। ਉਥੇ ਉਸ ਦਾ ਬਾਕਾਇਦਾ ਰਾਸ਼ਨ ਕਾਰਡ ਬਣਿਆ ਹੋਇਆ ਅਤੇ ਉਸ ਦੀਆਂ ਧੀਆਂ ਵੀ ਦਿੱਲੀ ਦੇ ਸਕੂਲ ਵਿਚ ਪੜ੍ਹ ਰਹੀਆਂ ਹਨ। ਹੁਣ ਵੀ ਉਹ ਕਸ਼ਮੀਰੀ ਸਬਜ਼ੀ 'ਹਾਖ' ਅਤੇ ਹੋਰ ਘਰੇਲੂ ਸਮਾਨ ਲੈ ਕੇ ਦਿੱਲੀ ਗਿਆ ਸੀ। ਜੇ ਉਹ ਭਗੌੜਾ ਸੀ ਤਾਂ ਆਪਣੇ ਆਧਾਰ ਕਾਰਡ ਉਪਰ ਆਪਣੀ ਅਸਲੀ ਸ਼ਨਾਖ਼ਤ ਦੱਸ ਕੇ ਹਵਾਈ ਸਫਰ ਕਿਉਂ ਕਰੇਗਾ?

## ਲਾਲ ਕਿਲ੍ਹਾ ਕਾਂਡ ਕੀ ਸੀ?

ਸੰਨ 2000 ਵਿਚ ਵੀ ਕੇਂਦਰ ਵਿਚ ਭਗਵਾ ਬ੍ਰਿਗੇਡ ਸੱਤਾਧਾਰੀ ਸੀ। ਕੇਂਦਰ ਸਰਕਾਰ ਨੇ ਜੰਮੂ ਕਸ਼ਮੀਰ ਵਿਚ ਇਕਤਰਫਾ ਗੋਲੀਬੰਦੀ ਦਾ ਐਲਾਨ ਕੀਤਾ ਸੀ, ਪਰ ਅਖੌਤੀ ਪਾਕਿਸਤਾਨ ਆਧਾਰਤ ਹਥਿਆਰਬੰਦ ਧੜੇ ਜਿਵੇਂ ਲਸ਼ਕਰ-ਏ-ਤੋਇਬਾ ਵਗੈਰਾ ਨੇ ਗੋਲੀਬੰਦੀ ਨਾਮਨਜ਼ੂਰ ਕਰ ਦਿੱਤੀ ਸੀ। ਮੀਡੀਆ ਰਿਪੋਰਟਾਂ ਅਨੁਸਾਰ, ਉਨ੍ਹਾਂ ਚਿਤਾਵਨੀ ਦਿੱਤੀ ਸੀ ਕਿ ਉਹ ਜੰਮੂ ਕਸ਼ਮੀਰ ਦੇ ਅੰਦਰ ਅਤੇ ਬਾਹਰ, ਹਿੰਦੁਸਤਾਨੀ ਸੁਰੱਖਿਆ ਤਾਕਤਾਂ ਉਪਰ ਹਮਲੇ ਜਾਰੀ ਰੱਖਣਗੀਆਂ। ਐਸੇ ਕਈ 'ਹਮਲੇ' ਹੁੰਦੇ ਰਹੇ।

ਉਸ ਸਾਲ ਇਕ ਹਮਲਾ 22 ਦਸੰਬਰ ਨੂੰ ਰਾਜਧਾਨੀ ਵਿਚ ਲਾਲ ਕਿਲ੍ਹੇ ਉਪਰ ਹੋਇਆ। ਪੁਲਿਸ ਅਨੁਸਾਰ, ਇਹ 'ਲਸ਼ਕਰ ਫਿਦਾਇਨ' ਦਾ ਹਮਲਾ ਸੀ ਜਿਸ ਨੂੰ ਪਾਕਿਸਤਾਨ ਵਿਚ ਬੈਠੇ ਹੈਂਡਲਰਾਂ ਦੀ ਹਦਾਇਤ ਸੀ ਕਿ ਕਸ਼ਮੀਰ ਮਸਲੇ ਨੂੰ ਚਰਚਾ ਵਿਚ ਲਿਆਉਣ ਲਈ ਇਸ ਹਮਲੇ ਨੂੰ ਅੰਜਾਮ ਦਿੱਤਾ ਜਾਵੇ। ਇਸ ਹਮਲੇ ਵਿਚ ਦੋ ਫੌਜੀ ਜਵਾਨਾਂ ਸਮੇਤ ਤਿੰਨ ਜਣੇ ਮਾਰੇ ਗਏ, ਪਰ 'ਫਿਦਾਇਨ' ਬਚ ਕੇ ਨਿਕਲ ਗਏ। ਰਾਤ ਦੇ 9 ਵਜੇ 'ਫਿਦਾਇਨਾਂ' ਨੇ ਲਾਲ ਕਿਲ੍ਹੇ ਦੀ ਸੁਰੱਖਿਆ ਲਈ ਤਾਇਨਾਤ 7ਵੀਂ ਰਾਜਪੂਤਾਨਾ ਰਾਈਫਲਜ਼ ਦੀ ਟੁਕੜੀ ਉਪਰ ਹਮਲਾ ਕੀਤਾ। ਦੋ ਫੌਜੀਆਂ ਅਤੇ ਇਕ ਸਿਵਲੀਅਨ ਪਹਿਰੇਦਾਰ ਨੂੰ ਮਾਰ ਦਿੱਤਾ, ਪਰ ਫੌਜੀ ਟੁਕੜੀ ਦੀ ਜਵਾਬੀ ਫਾਇਰਿੰਗ ਦੌਰਾਨ ਲਾਲ ਕਿਲ੍ਹੇ ਦੀਆਂ ਚਾਰਦੀਵਾਰੀ ਟੱਪ ਕੇ ਪਿਛਵਾੜੇ ਦੇ ਹਨੇਰੇ ਵਿਚ ਗ਼ਾਇਬ ਹੋ ਗਏ।

ਫਿਰ ਇਸ ਕਹਾਣੀ ਵਿਚ ਅਗਲਾ ਮੋੜ ਆਇਆ। ਇਸ ਤੋਂ ਚਾਰ ਦਿਨ ਬਾਅਦ, 26 ਦਸੰਬਰ ਨੂੰ ਸਵੇਰੇ ਪੰਜ ਵਜੇ ਦੱਖਣੀ ਦਿੱਲੀ ਵਿਚ ਜਾਮੀਆ ਮਿਲੀਆ ਇਸਲਾਮੀਆ ਨੇੜੇ ਮੁਕਾਬਲਾ ਹੋਇਆ। ਪੁਲਿਸ ਅਨੁਸਾਰ, ਇਸ ਮੁਕਾਬਲੇ ਵਿਚ ਜੋ ਦਹਿਸ਼ਤਗਰਦ ਮਾਰਿਆ ਗਿਆ, ਉਹ ਪਾਕਿਸਤਾਨੀ ਨਾਗਰਿਕ ਅਬੂ ਸ਼ਮਾਲ ਸੀ ਜੋ ਲਾਲ ਕਿਲ੍ਹਾ ਹਮਲੇ ਵਿਚ ਸ਼ਾਮਲ ਸੀ। ਦੋ ਹੋਰ ਦਹਿਸ਼ਤਗਰਦਾਂ ਅਸ਼ਫਾਕ ਅਹਿਮਦ ਅਤੇ ਉਸ ਦੀ ਪਤਨੀ ਰਹਿਮਾਨਾ ਨੂੰ ਗ੍ਰਿਫਤਾਰ ਕਰ ਲਿਆ ਗਿਆ (ਅਸ਼ਫਾਕ ਅਹਿਮਦ ਦੱਖਣੀ ਦਿੱਲੀ ਦੇ ਓਖਲਾ ਇਲਾਕੇ ਵਿਚ 'ਨਾਲਿਜ ਪਲੱਸ' ਨਾਂ ਦਾ ਕੰਪਿਊਟਰ ਸੈਂਟਰ ਦਾ ਮਾਲਕ ਸੀ। ਪੁਲਿਸ ਅਨੁਸਾਰ, ਉਹ ਪਾਕਿਸਤਾਨੀ ਨਾਗਰਿਕ ਸੀ। ਉਸ ਨੇ ਹਿੰਦੁਸਤਾਨੀ ਔਰਤ ਰਹਿਮਾਨਾ ਯੂਸਫ ਫਾਰੂਕੀ ਨਾਲ ਵਿਆਹ ਕਰਵਾਇਆ ਸੀ ਜੋ ਯਮੁਨਾ ਪਾਰ ਇਲਾਕੇ ਦੀ ਬਸਤੀ ਗਾਜ਼ੀਪੁਰ ਦੀ ਰਹਿਣ ਵਾਲੀ ਸੀ)। ਚਾਰ ਹੋਰ 'ਪਾਕਿਸਤਾਨੀ ਨਾਗਰਿਕ' ਅਬੂ ਸਾਦ, ਅਬੂ ਸ਼ਕਰ, ਭਗੌੜੇ ਕਰਾਰ ਦਿੱਤੇ ਗਏ।

ਉਸੇ ਦਿਨ ਤੱਤਕਾਲੀ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨੇ ਐਲਾਨ ਕੀਤਾ ਕਿ ਇਹ ਮਾਮਲਾ ਹੱਲ ਕਰ ਲਿਆ ਗਿਆ ਹੈ। ਪਾਕਿਸਤਾਨ ਵਿਚਲੇ ਕੁਝ ਅਨਸਰ ਇਥੇ ਸ਼ਾਂਤੀ ਨਹੀਂ ਚਾਹੁੰਦੇ। ਛੇਤੀ ਹੀ ਟੀਮ ਸ੍ਰੀਨਗਰ ਜਾਵੇਗੀ ਅਤੇ ਬਾਕੀ ਸਾਜ਼ਿਸ਼ਘਾੜਿਆਂ ਨੂੰ ਗ੍ਰਿਫਤਾਰ ਕਰ ਲਵੇਗੀ।

ਫਿਰ ਇਸ ਸਿਲਸਿਲੇ ਵਿਚ ਹੋਰ ਗ੍ਰਿਫਤਾਰੀਆਂ ਹੋਈਆਂ। ਛੇ ਜਣਿਆਂ ਉਪਰ ਮੁਕੱਦਮਾ ਚੱਲਿਆ। ਪੁਲਿਸ ਐਫ.ਆਈ.ਆਰ. ਅਨੁਸਾਰ, ਇਸ ਦਾ ਹਮਲੇ ਦਾ ਮੁੱਖ ਸਰਗਣਾ ਆਰਿਫ ਮੁਹੰਮਦ ਉਰਫ ਮੁਹੰਮਦ ਅਸ਼ਫਾਕ ਲਸ਼ਕਰ-ਏ-ਤੋਇਬਾ ਦਾ ਕਾਰਕੁਨ ਸੀ। 2005 ਵਿਚ ਹੇਠਲੀ ਅਦਾਲਤ ਨੇ ਆਰਿਫ ਮੁਹੰਮਦ ਅਤੇ ਅਬਰੁਦੀਨ ਉਰਫ ਅਲੀ ਸਮੇਤ ਛੇ ਜਣਿਆਂ ਨੂੰ ਇਸ ਮਾਮਲੇ ਵਿਚ ਦੋਸ਼ੀ ਕਰਾਰ ਦਿੱਤਾ। ਇਨ੍ਹਾਂ ਵਿਚ ਸ੍ਰੀਨਗਰ ਦੇ ਦੋ ਬਾਸ਼ਿੰਦੇ ਫਾਰੂਕ ਅਹਿਮ ਕਾਸਿਦ ਅਤੇ ਨਜ਼ੀਰ ਅਹਿਮਦ ਵੀ ਸਨ ਜੋ ਕ੍ਰਮਵਾਰ ਬਿਲਾਲ ਅਹਿਮਦ ਕਵਾ ਦੇ ਸਾਲਾ ਅਤੇ ਸਹੁਰਾ ਹਨ। ਆਰਿਫ ਮੁਹੰਮਦ ਨੂੰ ਮੌਤ ਦੀ ਸਜ਼ਾ ਦਿੱਤੀ ਗਈ, ਜਦਕਿ ਨਜ਼ੀਰ ਅਹਿਮਦ ਅਤੇ ਫਾਰੂਕ ਅਹਿਮਦ ਨੂੰ ਉਮਰ ਕੈਦ ਹੋਈ। ਬਾਅਦ ਵਿਚ ਦਿੱਲੀ ਹਾਈਕੋਰਟ ਨੇ ਸਾਰਿਆਂ ਨੂੰ ਇਸ ਆਧਾਰ 'ਤੇ ਬਰੀ ਕਰ ਦਿੱਤਾ ਕਿ ਉਨ੍ਹਾਂ ਦੇ ਖ਼ਿਲਾਫ ਇਸ ਹਮਲੇ ਵਿਚ ਸ਼ਾਮਲ ਹੋਣ ਦਾ ਕੋਈ ਸਬੂਤ ਪੇਸ਼ ਨਹੀਂ ਕੀਤਾ ਗਿਆ। ਰਹਿਮਾਨਾ ਯੂਸਫ ਫਾਰੂਕੀ ਅਤੇ ਤਿੰਨ ਹੋਰ ਮੁਲਜ਼ਮਾਂ ਨੂੰ ਵੀ ਸੱਤ ਸਾਲ ਦੀ ਕੈਦ ਹੋਈ। ਸਤੰਬਰ 2007 ਵਿਚ ਦਿੱਲੀ ਹਾਈਕੋਰਟ ਨੇ ਅਸ਼ਫਾਕ ਦੀ ਮੌਤ ਦੀ ਸਜ਼ਾ ਬਰਕਰਾਰ ਰੱਖੀ, ਪਰ ਉਸ ਦੀ ਪਤਨੀ ਰਹਿਮਾਨਾ ਸਮੇਤ ਬਾਕੀ ਛੇਆਂ ਨੂੰ ਲੋੜੀਂਦੇ ਸਬੂਤ ਨਾ ਹੋਣ ਕਾਰਨ ਬਰੀ ਕਰ ਦਿੱਤਾ ਗਿਆ। ਅਸ਼ਫਾਕ ਨੇ ਮੌਤ ਦੀ ਸਜ਼ਾ ਦਾ ਰੀਵਿਊ ਤਿੰਨ ਜੱਜਾਂ ਦੇ ਬੈਂਚ ਵਲੋਂ ਖੁੱਲ੍ਹੀ ਅਦਾਲਤ ਵਿਚ ਕੀਤੇ ਜਾਣ ਦੀ ਜੋ ਦਰਖ਼ਾਸਤ ਸੁਪਰੀਮ ਕੋਰਟ ਵਿਚ ਪਾਈ ਸੀ ਅਤੇ ਅਦਾਲਤ ਨੇ ਉਸ ਨੂੰ ਮਨਜ਼ੂਰ ਕਰ ਲਿਆ ਸੀ, ਉਸ ਉਪਰ ਅਜੇ ਸੁਣਵਾਈ ਨਹੀਂ ਹੋਈ।

ਇਹ ਮਾਮਲਾ ਹੈ ਜਿਸ ਵਿਚ ਪਹਿਲਾਂ ਹੀ ਐਨੇ ਮੁਲਜ਼ਿਮ ਬਰੀ ਹੋ ਚੁੱਕੇ ਹਨ, ਉਸ ਵਿਚ ਦਿੱਲੀ ਪੁਲਿਸ ਦਾ ਵਿਸ਼ੇਸ਼ ਸੈੱਲ ਹੁਣ 17 ਸਾਲ ਬਾਅਦ ਬਿਲਾਲ ਅਹਿਮਦ ਕਵਾ ਨੂੰ ਗ੍ਰਿਫਤਾਰ ਕਰ ਕੇ ਦਾਅਵਾ ਕਰ ਰਿਹਾ ਹੈ ਕਿ ਉਸ ਨੇ ਸਾਜ਼ਿਸ਼ ਵਿਚ ਮੁੱਖ ਭੂਮਿਕਾ ਨਿਭਾਈ ਸੀ; ਉਸ ਨੇ ਹਮਲੇ ਲਈ ਪਾਕਿਸਤਾਨ ਤੇ ਹੋਰ ਮੁਲਕਾਂ ਤੋਂ 29.5 ਲੱਖ ਰੁਪਏ ਹਵਾਲਾ ਜ਼ਰੀਏ ਹਾਸਲ ਕੀਤੇ ਸਨ; ਇਸ ਕਰ ਕੇ ਉਸ ਦੇ ਨਾਲ ਦੇ ਹੋਰ ਸਾਜ਼ਿਸ਼ੀਆਂ ਦਾ ਪਤਾ ਲਾਉਣ ਲਈ ਉਸ ਨੂੰ ਲੰਮਾ ਸਮਾਂ ਪੁਲਿਸ ਹਿਰਾਸਤ ਵਿਚ ਰੱਖ ਕੇ ਸਖ਼ਤ ਪੁੱਛਗਿੱਛ ਕਰਨੀ ਜ਼ਰੂਰੀ ਹੈ। ਚੀਫ ਜੁਡੀਸ਼ੀਅਲ ਮੈਜਿਸਟਰੇਟ ਵਲੋਂ ਵਿਸ਼ੇਸ਼ ਸੈੱਲ ਦੀ ਇਸ ਕਹਾਣੀ ਨੂੰ 'ਕਾਫੀ ਆਧਾਰ' ਮੰਨ ਕੇ 10 ਦਿਨ ਦਾ ਪੁਲਿਸ ਰਿਮਾਂਡ ਦੇ ਦਿੱਤਾ।

ਚਾਹੇ ਲਾਲ ਕਿਲ੍ਹਾ ਹਮਲਾ ਸੀ, ਜਾਂ ਪਾਰਲੀਮੈਂਟ ਉਪਰ, ਇਨ੍ਹਾਂ ਦੀ ਅਸਲ ਕਹਾਣੀ ਕਿਸੇ ਨਿਰਪੱਖ ਜਾਂਚ ਦੁਆਰਾ ਹੀ ਸਾਹਮਣੇ ਆ ਸਕਦੀ ਸੀ। ਐਸੀ ਜਾਂਚ ਦੀ ਅਣਹੋਂਦ ਵਿਚ ਇਹ ਮੁਸਲਮਾਨਾਂ ਅਤੇ ਕਸ਼ਮੀਰੀਆਂ ਨੂੰ ਮੁਕਾਬਲਿਆਂ ਵਿਚ ਮਾਰਨ ਜਾਂ ਜੇਲ੍ਹਾਂ ਵਿਚ ਸਾੜਨ ਦੇ ਸੰਤਾਪ ਦੀ ਕਹਾਣੀ ਹੈ। ਅਗਲੇ ਦਿਨਾਂ ਵਿਚ ਬਿਲਾਲ ਦੇ ਕਿਸੇ 'ਇਕਬਾਲੀਆ ਬਿਆਨ' ਦੇ ਆਧਾਰ ਉਤੇ ਹੋਰ ਗ੍ਰਿਫਤਾਰੀਆਂ ਵੀ ਹੋ ਸਕਦੀਆਂ ਹਨ। ਜਿਵੇਂ ਪਹਿਲਾਂ ਬਰੀ ਹੋਏ ਛੇ ਜਣਿਆਂ ਦੀ ਮਿਸਾਲ ਹੈ, ਇਹ ਵੀ ਸੰਭਵ ਹੈ, ਆਖ਼ਿਰਕਾਰ ਬਿਲਾਲ ਬਰੀ ਜਾਵੇ, ਪਰ ਇਸ ਅਨਿਸ਼ਚਿਤ ਸਮੇਂ ਦੌਰਾਨ ਉਸ ਨੂੰ ਜੇਲ੍ਹ ਵਿਚ ਸੜਨਾ ਪਵੇਗਾ। ਭਗਵੀਂ ਸਰਕਾਰ ਦੇ ਰਾਜ ਦੌਰਾਨ ਹੋਏ 'ਹਮਲੇ' ਦਾ ਸੱਚ ਕੀ ਹੈ, ਇਹ ਕਦੇ ਵੀ ਸਾਹਮਣੇ ਨਹੀਂ ਆਵੇਗਾ; ਲੇਕਿਨ ਸੰਵਿਧਾਨ ਦਿਵਸ ਹਰ ਸਾਲ ਧੂਮਧਾਮ ਨਾਲ ਮਨਾਇਆ ਜਾਂਦਾ ਰਹੇਗਾ। ਐਸੇ ਇਲਜ਼ਾਮਾਂ ਤਹਿਤ ਜੇਲ੍ਹਾਂ ਵਿਚ ਸੜਨ ਵਾਲਿਆਂ ਲਈ ਸੰਵਿਧਾਨ ਦਿਵਸ ਕੀ ਮਾਇਨੇ ਰੱਖਦਾ ਹੈ!

# ਕੈਪਟਨ ਦਾ ਹਰ ਨਿਸ਼ਾਨਾ ਖੁੰਝਿਆ

ਲੰਘਿਆ ਹਫ਼ਤਾ ਪੰਜਾਬ ਦੀ ਕਾਂਗਰਸ ਸਰਕਾਰ ਲਈ ਬੜਾ ਡਾਢਾ ਹੋ ਕੇ ਟੱਕਰਿਆ ਹੈ। ਇਸ ਹਫ਼ਤੇ ਦੋ ਵੱਡੀਆਂ ਤਬਦੀਲੀਆਂ ਹੋਈਆਂ- ਇਕ ਤਾਂ ਮੰਤਰੀ ਦੀ ਛੁੱਟੀ ਹੋ ਗਈ, ਤੇ ਦੂਜੇ, ਚੋਟੀ ਦੇ ਅਫ਼ਸਰ ਨੂੰ ਅਹੁਦੇ ਤੋਂ ਲਾਂਭੇ ਹੋਣ ਪਿਆ। ਇਸ ਘਟਨਾਕ੍ਰਮ ਤੋਂ ਕਿਸੇ ਨੂੰ ਕਿੰਨਾ ਚਾਅ ਚੜ੍ਹਿਆ ਜਾਂ ਕਿੰਨਾ ਕੁ ਫ਼ਿਕਰ ਹੋਇਆ, ਇਹ ਤਾਂ ਮਾਮਲੇ ਨੂੰ ਘੋਖਣ ਵਾਲੇ ਦੀ ਸੋਚ 'ਤੇ ਨਿਰਭਰ ਕਰਦਾ ਹੈ; ਪਰ ਇਸ ਘਟਨਾਕ੍ਰਮ ਨੇ ਕਈ ਕਿਆਸਆਰਾਈਆਂ ਨੂੰ ਜਨਮ ਦਿੱਤਾ ਹੈ; ਜਿਵੇਂ ਭ੍ਰਿਸ਼ਟਾਚਾਰ ਖ਼ਿਲਾਫ ਭਰੋਸੇਯੋਗਤਾ ਬਣੀ ਹੈ ਜਾਂ

ਕੁਲਜੀਤ ਬੈਂਸ

ਬਿਖਰੀ ਹੈ; ਸਰਕਾਰ ਦੀ ਕਾਰਗੁਜ਼ਾਰੀ ਹਲੂਣੀ ਗਈ ਹੈ; ਕੈਪਟਨ ਅਮਰਿੰਦਰ ਸਿੰਘ ਕਮਜ਼ੋਰ ਪੈ ਗਏ ਹਨ; ਹੁਣ ਅੰਦਰੂਨੀ ਲੜਾਈ ਹੋਰ ਤਿੱਖੀ ਹੋਵੇਗੀ।

ਕੁਝ ਕਿਆਸਆਰਾਈਆਂ ਤਾਂ ਕੁਝ ਹੱਦ ਤੱਕ ਜਾਇਜ਼ ਹੋ ਸਕਦੀਆਂ ਹਨ, ਪਰ ਸਾਰੀਆਂ ਬਾਰੇ ਅਜਿਹਾ ਕਹਿਣ ਦਾ ਕੋਈ ਹਕੀਕੀ ਆਧਾਰ ਨਹੀਂ ਹੈ। ਰਾਣਾ ਗੁਰਜੀਤ ਸਿੰਘ ਨੂੰ ਲਾਂਭੇ ਕਰਨ ਦਾ ਕੈਪਟਨ ਅਮਰਿੰਦਰ ਸਿੰਘ ਨੂੰ ਨਿੱਜੀ ਘਾਟਾ ਤਾਂ ਪਿਆ ਹੋ ਸਕਦਾ ਹੈ, ਪਰ ਮੰਤਰੀ ਦੇ ਜਾਣ ਨਾਲ ਅਜਿਹਾ ਕੋਈ ਘਾਟਾ ਨਹੀਂ ਪਿਆ, ਜਿਸ ਨੂੰ ਪੂਰਿਆ ਨਾ ਜਾ ਸਕੇ। ਸਿਆਸੀ ਤੌਰ 'ਤੇ ਜੋਖੀਏ ਤਾਂ ਉਹ ਬਹੁਤੇ ਮਕਬੂਲ ਆਗੂ ਨਹੀਂ ਹਨ। ਹਾਂ, ਪੈਸੇ-ਧੇਲੇ ਵਾਲੇ ਪੱਖ ਤੋਂ ਉਹ ਲੋਕਾਂ ਨਾਲ ਰਾਬਤਾ ਜ਼ਰੂਰ ਬਣਾ ਕੇ ਰੱਖਦੇ ਹਨ। ਪੈਂਦੀ ਸੱਟੇ ਸਰਕਾਰ ਉਤੇ ਜਿਹੜਾ ਦਬਾਅ ਪਿਆ ਹੈ, ਉਹ ਮੁੱਖ ਮੰਤਰੀ ਦੇ ਮੁੱਖ ਪ੍ਰਮੁੱਖ ਸਕੱਤਰ ਸੁਰੇਸ਼ ਕੁਮਾਰ ਨੂੰ ਹਟਾਉਣ ਦਾ ਹੈ, ਕਿਉਂਕਿ ਉਹ ਇਕ ਤਰ੍ਹਾਂ ਨਾਲ ਮੁੱਖ ਮੰਤਰੀ ਵਜੋਂ ਹੀ ਵਿਚਰ ਰਹੇ ਸਨ। ਫਿਰ ਵੀ, ਉਨ੍ਹਾਂ ਦੀ ਯੋਗਤਾ, ਨੈਤਿਕਤਾ ਅਤੇ ਇਮਾਨਦਾਰੀ ਦੇ ਬਾਵਜੂਦ, ਉਹ ਸਰਕਾਰੀ ਪੌੜੀ 'ਤੇ ਲੋੜੀਂਦੇ ਸੰਵਿਧਾਨਿਕ ਨੇਮਾਂ ਤੋਂ ਬਾਹਰ ਹੀ ਸਨ। ਤੇ ਸਰਕਾਰ ਚਲਾਉਣ ਲਈ ਸਦਾ ਕਾਨੂੰਨ ਮੁਤਾਬਕ ਤਾਂ ਚੱਲਣਾ ਹੀ ਪੈਂਦਾ ਹੈ। ਖ਼ੈਰ, ਜਦੋਂ ਮੁੱਖ ਮੰਤਰੀ ਆਪਣੇ ਅਹੁਦੇ 'ਤੇ ਹਨ ਤਾਂ ਉਨ੍ਹਾਂ ਦੀ ਅਗਵਾਈ ਹੇਠ ਸੂਬਾਈ ਰਾਜ ਪ੍ਰਬੰਧ ਵਿਚ ਕੋਈ ਅੜਿੱਕਾ ਨਹੀਂ ਆਉਣਾ ਚਾਹੀਦਾ।

ਉਂਜ, ਇਹ ਸਾਰਾ ਕੁਝ ਇਨ੍ਹਾਂ ਅਨੁਮਾਨਾਂ ਉਤੇ ਹੀ ਨਿਰਭਰ ਹੈ ਕਿ ਮੁੱਖ ਮੰਤਰੀ ਅਤੇ ਉਨ੍ਹਾਂ ਦੀ ਸਮੁੱਚੀ ਸਰਕਾਰ ਕਾਨੂੰਨ ਅਤੇ ਸੰਵਿਧਾਨ ਮੁਤਾਬਕ ਕੰਮ ਕਰਨਗੇ। ਹੁਣ ਤੱਕ ਦੀ ਪੁਣ-ਛਾਣ ਦੱਸਦੀ ਹੈ ਕਿ ਅਜਿਹਾ ਹੋ ਨਹੀਂ ਰਿਹਾ। ਮੰਡਲੀ-ਕਲਚਰ ਦਸਾਂ ਮਹੀਨਿਆਂ ਤੋਂ ਇਸ ਸਰਕਾਰ ਉਤੇ ਭਾਰੂ ਰਹੀ ਹੈ। ਏ.ਜੀ. ਦਫ਼ਤਰ, ਜਿਥੇ ਮੁੱਖ ਮੰਤਰੀ ਦੇ ਦੋਸਤਾਂ-ਮਿੱਤਰਾਂ, ਪਰਿਵਾਰ ਦੇ ਮੈਂਬਰਾਂ ਅਤੇ ਨੇਤਲਿਆਂ ਦੀਆਂ ਡਾਰਾਂ ਲੱਗੀਆਂ ਹੋਈਆਂ ਹਨ, ਮੁੱਖ ਮੰਤਰੀ ਦਫ਼ਤਰ ਦੇ ਬਰਾਬਰ ਹੀ ਵਿਚੋਲਿਆਂ ਦਾ ਅੱਡਾ ਬਣ ਗਿਆ ਹੈ।

ਦਰਬਾਰੀਆਂ ਅਤੇ ਵਿਸ਼ਵਾਸਪਾਤਰਾਂ ਦੀ ਪੂਰੀ ਜੁੰਡਲੀ ਵੀ ਸੰਵਿਧਾਨਿਕ ਪੁਜ਼ੀਸ਼ਨਾਂ ਮੱਲਣ ਲਈ ਤਿਆਰੀ ਕੱਸੀ ਬੈਠੀ ਹੈ। ਇਸ ਸਬੰਧ ਵਿਚ ਕਿਸੇ ਤਜਰਬੇ, ਯੋਗਤਾ ਜਾਂ ਮੈਰਿਟ ਦਾ ਕੋਈ ਹਿਸਾਬ-ਕਿਤਾਬ ਨਹੀਂ ਹੈ। ਸੂਚਨਾ ਕਮਿਸ਼ਨ ਨੂੰ ਹੀ ਲੈ ਲਓ: ਜਿਸ ਕਿਸੇ ਨੂੰ ਵੀ ਇਨਾਮ ਨਾਲ ਨਵਾਜਣਾ ਹੁੰਦਾ ਹੈ, ਉਸ ਨੂੰ ਇਥੇ ਪਹੁੰਚਾ ਦਿੱਤਾ ਜਾਂਦਾ ਹੈ। ਇਹ ਸਿਲਸਿਲਾ ਚਿਰਾਂ ਤੋਂ ਚੱਲ ਰਿਹਾ ਹੈ। ਇਸ ਦੀ ਅਹਿਮੀਅਤ ਰਾਜ ਪ੍ਰਬੰਧ ਵਿਚ ਪਾਰਦਰਸ਼ਤਾ ਲਿਆਉਣ ਨਾਲ ਜੁੜੀ ਹੋਈ ਹੈ, ਪਰ ਬਦਕਿਸਮਤੀ ਨੂੰ, ਇਸ ਕਮਿਸ਼ਨ ਨੂੰ ਕਦੀ ਵੀ ਗੰਭੀਰਤਾ ਨਾਲ ਲਿਆ ਹੀ ਨਹੀਂ ਗਿਆ। ਇਕ ਹੋਰ ਅਦਾਰਾ- ਪੰਜਾਬ ਲੋਕ ਸੇਵਾ ਕਮਿਸ਼ਨ (ਪੀ.ਪੀ.ਐਸ.ਸੀ.) ਹੈ, ਜਿਹੜਾ ਹਰ ਕਿਸੇ ਵੱਲੋਂ ਮਰਜ਼ੀ ਨਾਲ ਚਲਾਇਆ ਜਾਂਦਾ ਹੈ। ਇਥੇ ਵੀ ਜੇ ਜ਼ਿਆਦਾ ਝਟਕਾ ਦੇਣ ਵਾਲੀ ਨਹੀਂ ਤਾਂ ਹੈਰਾਨ ਕਰਨ ਵਾਲੀ ਕੋਈ ਨਿਯੁਕਤੀ ਹੋ ਸਕਦੀ ਹੈ। ਇਹ ਕੰਮ ਨੇਪਰੇ ਚੜ੍ਹਨ ਤੋਂ ਪਹਿਲਾਂ, ਕੈਪਟਨ ਅਮਰਿੰਦਰ ਸਿੰਘ ਨੂੰ ਆਪਣੀ ਪਹਿਲੀ ਸਰਕਾਰ ਦੌਰਾਨ ਕੀਤੇ ਕੰਮਾਂ 'ਤੇ ਨਿਗ੍ਹਾ ਮਾਰਨ ਨਾਲ ਕੋਈ ਫਾਇਦਾ ਹੋ ਸਕਦਾ ਹੈ ਕਿ ਉਨ੍ਹਾਂ ਕਮਿਸ਼ਨ ਦੇ ਕੰਮ ਨੂੰ ਕਿੰਨੀ ਕੁ ਗੰਭੀਰਤਾ ਨਾਲ ਲਿਆ ਹੈ, ਅਤੇ ਨੌਕਰੀਆਂ ਵੇਚਣੇ ਪੈਸੇ ਲੈਣ ਦੇ ਦੋਸ਼ ਵਿਚ ਇਸ ਦੇ ਚੇਅਰਮੈਨ (ਰਵੀ ਸਿੱਧੂ) ਨੂੰ ਜੇਲ੍ਹ ਭਿਜਵਾਇਆ ਹੈ।

ਮੰਡਲੀਆਂ ਜਾਂ ਜੁੰਡਲੀਆਂ ਕਿਸੇ ਨੂੰ ਸੁਰੱਖਿਆ ਤਾਂ ਮੁਹੱਈਆ ਕਰਵਾ ਸਕਦੀਆਂ ਹਨ, ਪਰ ਸੁੱਖ-ਆਰਾਮ ਵਾਲਾ ਰਾਹ ਧੋਖੇ ਵੱਲ ਵੀ ਤਾਂ ਖੁੱਲ੍ਹਦਾ ਹੈ। ਇਹ ਮਿਲਣ ਵਾਲਿਆਂ ਉਨ੍ਹਾਂ ਵੰਨ-ਸੁਵੰਨੀਆਂ ਰਾਵਾਂ ਅਤੇ ਸਲਾਹਾਂ ਨੂੰ ਵੀ ਨੱਕਾ ਮਾਰ ਲੈਂਦਾ ਹੈ ਜਿਹੜੀਆਂ ਅਗਾਂਹ, ਕੋਈ ਵੀ ਫ਼ੈਸਲਾ ਕਰਨ ਉਤੇ ਵੀ ਅਸਰ-ਅੰਦਾਜ਼ ਹੁੰਦੀਆਂ ਹਨ। ਇਸ ਲਈ ਸੂਚਨਾ ਲੈਣ-ਦੇਣ ਦੇ ਮੋਕਲੇ ਰਾਹ ਬੇਹੱਦ ਜ਼ਰੂਰੀ ਹਨ। ਕੈਬਨਿਟ ਸਿਸਟਮ ਇਹੀ ਰਾਹ ਹੀ ਤਾਂ ਖੋਲ੍ਹਦਾ ਹੈ, ਬਸ਼ਰਤੇ ਇਹ ਸਹੀ ਜਜ਼ਬਾਤ ਨਾਲ ਸਹੀ ਦਿਸ਼ਾ ਵੱਲ ਹੋਣ। ਸਭ ਵਜ਼ੀਰਾਂ ਨੂੰ ਆਪੋ-ਆਪਣੀ ਗੱਲ ਕਹਿਣ ਦਿਓ ਅਤੇ ਸਭ ਦੇ ਵਿਚਾਰਾਂ ਦੀ ਕਦਰ ਕਰੋ। ਇਸੇ ਤਰ੍ਹਾਂ ਮੁੱਖ ਸਕੱਤਰ ਦੇ ਮਾਰਗਦਰਸ਼ਨ ਤਹਿਤ ਵੱਖ ਵੱਖ ਵਿਭਾਗਾਂ ਦੀ ਅਗਵਾਈ ਕਰ ਰਹੇ ਸਭ ਅਫ਼ਸਰਾਂ ਨੂੰ ਖ਼ੁਦ ਸੋਚਣ-ਸਮਝਣ ਅਤੇ ਕੰਮ ਕਰਨ ਦਾ ਮੌਕਾ ਦਿਓ। ਇਉਂ ਕਿਸੇ ਇੱਕ ਦੇ ਹੱਥ ਹੀ ਸਾਰੀ ਤਾਕਤ ਨਹੀਂ ਲਗਦੀ।

ਕੈਪਟਨ ਅਮਰਿੰਦਰ ਸਿੰਘ, ਜਿਨ੍ਹਾਂ ਨੂੰ ਸਿਆਸੀ ਤੌਰ 'ਤੇ ਤਾਂ ਕੋਈ ਖ਼ਤਰਾ ਨਹੀਂ ਹੈ, ਨੂੰ ਹੁਣ ਇਕ ਹੋਰ ਮੌਕਾ ਮਿਲਿਆ ਹੈ ਕਿ ਉਹ ਸਰਕਾਰ ਵਿਚ ਕਾਂਗਰਸ ਦੀ ਚੋਟੀ ਦੀ ਲੀਡਰਸ਼ਿਪ ਦਾ ਨੁਕਤ ਬੰਨ੍ਹਣ, ਤੇ ਸਹੀ ਅਫ਼ਸਰਾਂ ਨੂੰ ਸ਼ਕਤੀਆਂ ਦੇਣ ਅਤੇ ਇਨ੍ਹਾਂ ਸਾਰਿਆਂ ਨੂੰ ਆਪੋ-ਆਪਣੇ ਕੰਮਾਂ-ਕਾਰਾਂ ਲਈ ਜ਼ਿੰਮੇਵਾਰ ਕਰਾਰ ਦੇਣ। ਇਸ ਨਾਲ ਉਨ੍ਹਾਂ ਕੋਲ ਖ਼ੁਦ ਲਈ ਵੀ ਸਮਾਂ ਨਿਕਲੇਗਾ ਅਤੇ ਉਹ ਵਡੇਰੀ ਸਿਆਸੀ ਪਾਰੀ ਲਈ ਕੰਮ ਕਰ ਸਕਣਗੇ ਅਤੇ ਨਾਲ ਹੀ ਯੋਜਨਾਵਾਂ ਵੀ ਤਿਆਰ ਕਰ ਸਕਣਗੇ। ਜੋ ਹੋਇਆ, ਸੋ ਹੋਇਆ। ਕਾਂਗਰਸ ਸਰਕਾਰ ਲਈ ਹੁਣ ਸਮਝੋ ਨਵਾਂ ਦਿਨ ਹੀ ਚੜ੍ਹਿਆ ਹੈ ਅਤੇ ਹੁਣ ਸਾਰਾ ਕੁਝ ਨਵੇਂ ਸਿਰਿਓਂ ਕੀਤਾ ਜਾ ਸਕਦਾ ਹੈ। ਆਖ਼ਿਰ, ਨਤੀਜੇ ਤਾਂ ਕੰਮਾਂ ਦੇ ਹਿਸਾਬ ਨਾਲ ਹੀ ਆਉਣੇ ਹੁੰਦੇ ਹਨ।

# ਕੈਪਟਨ ਸਰਕਾਰ ਨੇ ਪੰਜਾਬ ਸਕੱਤਰੇਤ ਕੀਤਾ 'ਬਾਬੂਆਂ' ਹਵਾਲੇ

## ਪ੍ਰਸ਼ਾਸਕੀ ਕੰਮ ਕਾਜ ਘਰੋਂ ਚਲਾਉਣ ਨੂੰ ਪਹਿਲ

**ਚੰਡੀਗੜ੍ਹ:** ਪੰਜਾਬ ਸਕੱਤਰੇਤ ਇਸ ਸਮੇਂ ਪੂਰੀ ਤਰ੍ਹਾਂ ਬਾਬੂਆਂ ਹਵਾਲੇ ਹੈ। ਪਿਛਲੇ ਵਰ੍ਹੇ 16 ਮਾਰਚ ਨੂੰ ਸੱਤਾ ਸੰਭਾਲਣ ਪਿੱਛੋਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਆਪਣੀਆਂ ਪ੍ਰਸ਼ਾਸਕੀ ਤੇ ਸਿਆਸੀ ਗਤੀਵਿਧੀਆਂ ਬਹੁਤ ਹੀ ਸੀਮਤ ਕਰ ਲਈਆਂ ਸਨ। ਉਹ ਅਕਸਰ ਆਪਣੇ ਸਰਕਾਰੀ ਮਕਾਨ ਜਾਂ ਘਰ ਵਿਚਲੇ ਦਫਤਰ ਵਿਚ ਹੀ ਅਫਸਰਾਂ ਨਾਲ ਮੀਟਿੰਗਾਂ ਕਰਦੇ ਹਨ। ਉਹ ਸਕੱਤਰੇਤ ਵਿਚਲੇ ਦਫਤਰ ਵਿਚ ਘੱਟ ਹੀ ਫੇਰੀ ਪਾਉਂਦੇ ਹਨ।

ਸੂਤਰਾਂ ਮੁਤਾਬਕ ਅਮਰਿੰਦਰ ਸਿੰਘ ਜਾਂ ਤਾਂ ਪਹਿਲੇ ਦਿਨ ਸਕੱਤਰੇਤ ਵਿਚਲੇ ਦਫਤਰ ਵਿਚ ਕੁਰਸੀ 'ਤੇ ਬੈਠ ਕੇ ਤਸਵੀਰ ਖਿਚਵਾਉਣ ਆਏ ਸਨ ਜਾਂ ਫਿਰ ਕਦੇ ਕਦਾਈਂ ਜਦੋਂ ਵਜ਼ਾਰਤੀ ਮੀਟਿੰਗ ਹੁੰਦੀ ਹੈ ਤਾਂ ਸਕੱਤਰੇਤ ਆ ਜਾਂਦੇ ਹਨ। ਮੁੱਖ ਮੰਤਰੀ ਵੱਲੋਂ ਸਕੱਤਰੇਤ ਤੋਂ ਮੂੰਹ ਫੇਰ ਲੈਣ ਕਾਰਨ ਹੋਰ ਮੰਤਰੀ ਵੀ ਘੱਟ ਹੀ ਬਹੁੜਦੇ ਹਨ। ਮੁੱਖ ਮੰਤਰੀ ਸਮੇਤ ਮੰਤਰੀਆਂ ਦੇ ਸਕੱਤਰੇਤ ਨਾ ਆਉਣ ਕਾਰਨ ਪੰਜਾਬ ਤੋਂ ਕੰਮ-ਕਾਜ ਲਈ ਆਉਣ ਵਾਲੇ ਲੋਕਾਂ ਦੀਆਂ ਭੀੜਾਂ ਵੀ ਨਹੀਂ ਦਿਖਾਈ ਦਿੰਦੀਆਂ।

ਪੰਜਾਬ ਦੇ ਬਹੁਤੇ ਵਿਭਾਗਾਂ ਵਿਚ ਭ੍ਰਿਸ਼ਟਾਚਾਰ ਜ਼ੋਰਾਂ ਉਤੇ ਹੈ ਅਤੇ ਸਰਕਾਰ ਦੀ ਕਾਰਗੁਜ਼ਾਰੀ ਜ਼ੀਰੋ ਹੋ ਗਈ ਹੈ। ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਫੈਸਲੇ ਬਾਅਦ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅੱਗੇ ਸਰਕਾਰ ਦਾ ਅਕਸ ਸੁਧਾਰਨ ਦੀ ਵੱਡੀ ਚੁਣੌਤੀ ਖੜ੍ਹੀ ਹੋ ਗਈ ਹੈ ਕਿਉਂਕਿ ਤਾਜ਼ਾ ਘਟਨਾਕ੍ਰਮ ਅਤੇ ਸੰਕਟ ਨੂੰ ਦਰਬਾਰੀਆਂ ਦੀ ਹੀ ਦੇਣ ਮੰਨਿਆ ਜਾ ਰਿਹਾ ਹੈ। ਸੂਤਰਾਂ ਅਨੁਸਾਰ ਕੁਝ ਮੰਤਰੀਆਂ ਨੇ ਵੀ ਦਰਬਾਰੀਆਂ ਦੀਆਂ ਬੇਲੋੜੀਆਂ ਗਤੀਵਿਧੀਆਂ ਉਤੇ ਚਰਚਾ ਕਰਨੀ ਸ਼ੁਰੂ ਕਰ ਦਿੱਤੀ ਹੈ। ਸਰਕਾਰ ਵਿਚ ਇਹ ਕਾਫੀ ਹੱਦ ਤੱਕ ਸਪੱਸ਼ਟ ਹੋ ਚੁੱਕਾ ਹੈ ਕਿ ਮੁੱਖ ਮੰਤਰੀ ਨਾਲ ਤਾਇਨਾਤ ਇਕ ਵਿਵਾਦਤ ਕਿਸਮ ਦੇ ਸਲਾਹਕਾਰ ਨੇ ਵਿਜੀਲੈਂਸ ਬਿਊਰੋ ਅਤੇ ਟਰਾਂਸਪੋਰਟ ਵਿਭਾਗ ਦੀ ਅਸਿੱਧੇ ਢੰਗ ਨਾਲ 'ਵਾਗਡੋਰ ਸੰਭਾਲੀ' ਹੋਈ ਹੈ। ਵਿਜੀਲੈਂਸ ਵੱਲੋਂ ਲਏ ਗਏ ਵਿਵਾਦਤ ਫੈਸਲਿਆਂ ਪਿੱਛੇ ਵੀ ਇਸੇ ਸਲਾਹਕਾਰ ਦਾ ਹੱਥ ਮੰਨਿਆ ਜਾਂਦਾ ਹੈ। ਚਰਚਾ ਹੈ ਕਿ ਇਸੇ ਸਲਾਹਕਾਰ ਦੇ ਦਖਲ ਕਾਰਨ ਹੀ ਨਵੀਂ ਟਰਾਂਸਪੋਰਟ ਨੀਤੀ ਲਾਗੂ ਨਹੀਂ ਹੋ ਰਹੀ। ਟਰਾਂਸਪੋਰਟ ਵਿਭਾਗ ਦੇ ਵਿਵਾਦਾਂ ਵਿਚ ਘਿਰੇ ਰਹਿਣ ਵਾਲੇ ਸਾਬਕਾ ਅਫਸਰ ਹਰਮੇਲ ਸਿੰਘ ਦੇ ਪੁੱਤਰ ਨੂੰ ਵੀ ਟਰਾਂਸਪੋਰਟ ਵਿਭਾਗ ਵਿਚ ਇਸੇ ਸਲਾਹਕਾਰ ਦੀ ਮਿਹਰਬਾਨੀ ਨਾਲ ਅਨਿਯਮਤ ਦਾਖਲਾ ਮਿਲਿਆ ਹੈ। ਹਾਈ ਕੋਰਟ ਦੇ ਹੁਕਮਾਂ ਦੇ ਬਾਵਜੂਦ ਟਰਾਂਸਪੋਰਟ ਨੀਤੀ ਲਾਗੂ ਨਾ ਹੋਣ ਦਾ ਕਾਰਨ ਇਹ ਵੀ ਮੰਨਿਆ ਜਾ ਰਿਹਾ ਹੈ ਕਿ ਕੈਪਟਨ ਹਕੂਮਤ ਸੂਬੇ ਦੇ ਸਭ ਤੋਂ ਵੱਡੇ ਟਰਾਂਸਪੋਰਟਰ ਵਜੋਂ ਜਾਣੇ ਜਾਂਦੇ ਬਾਦਲ ਪਰਿਵਾਰ ਨੂੰ ਨਾਰਾਜ਼ ਕਰਨ ਦੇ ਰੌਂਅ ਵਿਚ ਨਹੀਂ ਹੈ।

ਪੰਜਾਬ ਵਜ਼ਾਰਤ ਦਾ ਆਕਾਰ ਛੋਟਾ ਹੋਣ ਕਾਰਨ ਜ਼ਿਆਦਾਤਰ ਵਿਭਾਗ ਮੁੱਖ ਮੰਤਰੀ ਨੇ ਆਪਣੇ ਕੋਲ ਰੱਖੇ ਹੋਏ ਹਨ। ਮੁੱਖ ਮੰਤਰੀ ਸਾਰੇ ਵਿਭਾਗਾਂ ਨੂੰ ਸਮਾਂ ਨਹੀਂ ਦੇ ਰਹੇ। ਕੈਪਟਨ ਅਮਰਿੰਦਰ ਸਿੰਘ ਨੇ ਤਾਂ ਜ਼ਿਆਦਾਤਰ ਵਿਭਾਗਾਂ ਦੀ ਸਮੀਖਿਆ ਹੀ ਨਹੀਂ ਕੀਤੀ, ਜੋ ਜ਼ਰੂਰੀ ਕਦਮ ਹੈ। ਮੁੱਖ ਮੰਤਰੀ ਕੋਲ ਇਸ ਸਮੇਂ 40 ਤੋਂ ਵੱਧ ਵਿਭਾਗ ਹਨ। ਇਨ੍ਹਾਂ 'ਚ ਕਈ ਵੱਡੇ ਵਿਭਾਗ ਸ਼ਾਮਲ ਹਨ, ਜੋ ਲਗਾਤਾਰ ਨਿਗਰਾਨੀ ਭਾਲਦੇ ਹਨ।

## ਬਾਜਵਾ ਨੇ ਆਪਣੀ ਸਰਕਾਰ ਨੂੰ ਹੀ ਘੇਰਿਆ

**ਚੰਡੀਗੜ੍ਹ:** ਰਾਜ ਸਭਾ ਮੈਂਬਰ ਤੇ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਆਪਣੀ ਹੀ ਸਰਕਾਰ 'ਤੇ ਗੰਭੀਰ ਦੋਸ਼ ਲਾਏ ਹਨ। ਉਨ੍ਹਾਂ ਕਿਹਾ ਕਿ ਲੱਗਦੈ ਅਸੀਂ ਸਰਕਾਰ ਨਹੀਂ ਚਲਾ ਰਹੇ, ਸਿਰਫ ਟਾਈਮ ਪਾਸ ਕਰ ਰਹੇ ਹਾਂ। ਉਨ੍ਹਾਂ ਕਿਹਾ ਕਿ ਰਾਣਾ ਗੁਰਜੀਤ ਸਿੰਘ ਤੇ ਸੁਰੇਸ਼ ਕੁਮਾਰ ਮਾਮਲੇ ਕੈਪਟਨ ਸਰਕਾਰ ਲਈ ਜਾਗਣ ਦਾ ਸੁਨੇਹਾ ਹਨ।



ਕੈਪਟਨ ਨੂੰ ਮਿਲ ਕੇ ਸਰਕਾਰ ਚਲਾਉਣੀ ਚਾਹੀਦੀ ਹੈ। ਬਾਜਵਾ ਨੇ ਕਿਹਾ ਕਿ ਰਾਣਾ ਗੁਰਜੀਤ ਸਿੰਘ ਰੇਤ ਖੱਡ ਮਾਮਲੇ ਨਾਲ ਸਰਕਾਰ ਦਾ ਬਹੁਤ ਨੁਕਸਾਨ ਹੋਇਆ ਹੈ ਤੇ ਇਸ ਨੁਕਸਾਨ ਦੀ ਭਰਪਾਈ ਹਾਈਕਮਾਨ ਨੇ ਰਾਣਾ ਦਾ ਅਸਤੀਫਾ ਲੈ ਕੇ ਕੀਤੀ ਹੈ। ਰਾਣਾ ਨੂੰ ਅਸਤੀਫਾ ਪਹਿਲਾਂ ਦੇਣਾ ਚਾਹੀਦਾ ਸੀ। ਉਨ੍ਹਾਂ ਕਿਹਾ ਕਿ ਕੈਪਟਨ ਕਹਿ ਰਹੇ ਹਨ ਉਨ੍ਹਾਂ ਬਦਲਾਖੋਰੀ ਦੀ ਸਿਆਸਤ ਨਹੀਂ ਕਰਨੀ ਪਰ ਪੰਜਾਬ ਦੇ ਲੋਕ ਇਨਸਾਫ ਦੀ ਉਮੀਦ ਕਰ ਰਹੇ ਹਨ।

ਡਰੱਗ ਮਾਮਲੇ 'ਚ ਬਿਕਰਮ ਮਜੀਠੀਆ ਖਿਲਾਫ ਕੇਸ ਦਰਜ ਹੋਣਾ ਚਾਹੀਦਾ ਹੈ। ਕੈਪਟਨ ਨੂੰ ਆਪਣੇ ਸਲਾਹਕਾਰਾਂ ਤੇ ਓ.ਐਸ.ਡੀਜ਼. ਦੀ ਫੌਜ ਵਿਚੋਂ ਬਾਹਰ ਕੇ ਲੋਕਾਂ ਨਾਲ ਤਾਲਮੇਲ ਵਧਾਉਣਾ ਚਾਹੀਦਾ ਹੈ। ਕਿਸਾਨ ਕਰਜ਼ਾ ਮੁਕਤੀ ਦੇ ਮਾਮਲੇ 'ਤੇ ਵੀ ਕਿਸਾਨ ਖੁਸ਼ ਨਹੀਂ ਹੈ। ਇਹ ਸਕੀਮ ਉਨ੍ਹਾਂ ਦੀਆਂ ਉਮੀਦਾਂ 'ਤੇ ਖਰੀ ਨਹੀਂ ਉਤਰੀ ਹੈ ਤੇ ਕੈਪਟਨ ਨੂੰ ਸਭ ਅਫਸਰਸ਼ਾਹੀ ਆਸਰੇ ਨਹੀਂ ਛੱਡਣਾ ਚਾਹੀਦਾ ਹੈ।

# ਕਰਜ਼ ਮੁਆਫੀ: ਕੈਪਟਨ ਦਾ ਕਿਸਾਨਾਂ ਅੱਗੇ ਤਰਲਾ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸੰਘਰਸ਼ ਦਾ ਰਾਹ ਫੜਨ ਲਈ ਤਿਆਰ ਬੈਠੇ ਕਿਸਾਨਾਂ ਅੱਗੇ ਤਰਲਾ ਮਾਰਿਆ ਹੈ। ਕਿਸਾਨਾਂ ਨੂੰ ਸੰਘਰਸ਼ ਦਾ ਰਾਹ ਤਿਆਗਣ ਦੀ ਅਪੀਲ ਕਰਦਿਆਂ ਉਨ੍ਹਾਂ ਆਖਿਆ ਕਿ ਮੌਜੂਦਾ ਪ੍ਰਸਥਿਤੀਆਂ ਮੁਤਾਬਕ ਸਰਕਾਰ ਕਿਸਾਨਾਂ ਦੇ ਸਮੁੱਚੇ ਕਰਜ਼ੇ ਉਤੇ ਲੀਕ ਫੇਰਨ ਦਾ ਬੋਝ ਨਹੀਂ ਸਹਾਰ ਸਕਦੀ, ਪਰ ਸਰਕਾਰ ਕਿਸਾਨਾਂ ਦੀਆਂ ਸਮੱਸਿਆਵਾਂ ਦਾ ਛੇਤੀ ਤੋਂ ਛੇਤੀ ਹੱਲ ਕੱਢਣ ਲਈ ਵਚਨਬੱਧ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰ ਵੱਲੋਂ ਡੂੰਘੇ ਆਰਥਿਕ ਸੰਕਟ ਦਾ ਸਾਹਮਣਾ ਕੀਤੇ ਜਾਣ ਦੇ ਬਾਵਜੂਦ ਪੰਜਾਬ ਨੇ ਕਿਸਾਨਾਂ ਨੂੰ ਦੂਜੇ ਸੂਬਿਆਂ ਨਾਲੋਂ ਵੱਧ ਕਰਜ਼ਾ ਰਾਹਤ ਦਿੱਤੀ ਗਈ ਹੈ। ਮਹਾਰਾਸ਼ਟਰ ਨੇ ਕਿਸਾਨਾਂ ਦਾ 1.5 ਲੱਖ ਰੁਪਏ ਤੱਕ ਕਰਜ਼ਾ ਮੁਆਫ ਕੀਤਾ ਹੈ। ਇਸੇ ਤਰ੍ਹਾਂ ਉਤਰ ਪ੍ਰਦੇਸ਼ ਨੇ ਇਕ ਲੱਖ ਰੁਪਏ ਤੱਕ, ਰਾਜਸਥਾਨ ਨੇ 50 ਹਜ਼ਾਰ ਤੱਕ, ਮੱਧ ਪ੍ਰਦੇਸ਼ ਨੇ ਇਕ ਲੱਖ ਰੁਪਏ ਤੱਕ ਅਤੇ ਕਰਨਾਟਕ ਨੇ 50 ਹਜ਼ਾਰ ਰੁਪਏ ਤੱਕ ਦਾ ਕਰਜ਼ਾ ਮੁਆਫ ਕਰਨ ਦਾ ਐਲਾਨ ਕੀਤਾ ਹੈ, ਜਦੋਂਕਿ ਪੰਜਾਬ ਸਰਕਾਰ ਨੇ ਜ਼ਿਆਦਾ ਕਰਜ਼ਾ ਮੁਆਫੀ ਦਿੱਤੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਵਿਰੋਧੀ ਸਿਆਸੀ ਪਾਰਟੀਆਂ ਅਤੇ ਕਿਸਾਨ ਯੂਨੀਅਨਾਂ ਆਪਣੇ ਸੌੜੇ ਸਿਆਸੀ ਹਿੱਤ ਪਾਲਣ ਲਈ ਕਿਸਾਨਾਂ ਦੀ ਕਰਜ਼ਾ ਮੁਆਫੀ ਦੇ ਮੁੱਦੇ 'ਤੇ ਕੂੜ ਪ੍ਰਚਾਰ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਕਾਂਗਰਸ ਸਰਕਾਰ ਨੂੰ ਪਿਛਲੀ ਅਕਾਲੀ-ਭਾਜਪਾ

### ਕਰਜ਼ਾ ਮੁਆਫੀ ਬਾਰੇ ਕੈਪਟਨ ਦੇ ਦਾਅਵੇ ਖੋਖਲੇ: ਸੁਖਬੀਰ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਕਿਸਾਨ ਕਰਜ਼ਾ ਮੁਆਫੀ ਦੇ ਵਾਅਦੇ ਨੂੰ ਅਧਵਾਟੇ ਛੱਡ ਹੁਣ ਕੁਰਸੀ ਉਤੇ ਬਣੇ ਰਹਿਣ ਦਾ ਨੈਤਿਕ ਅਧਿਕਾਰ ਗੁਆ ਚੁੱਕੇ ਹਨ। ਚੋਣਾਂ ਤੋਂ ਪਹਿਲਾਂ ਤੇ ਮੁੱਖ ਮੰਤਰੀ ਬਣਨ ਤੋਂ ਬਾਅਦ ਵਿਧਾਨ ਸਭਾ ਵਿਚ ਕੈਪਟਨ ਵੱਲੋਂ ਕਰਜ਼ਾ ਮੁਆਫੀ ਦਾ ਵਾਅਦਾ ਕੀਤਾ ਗਿਆ ਸੀ। ਵਾਅਦਾ ਵਫਾ ਨਾ ਹੋਣ ਦੀ ਸੂਰਤ ਵਿਚ ਅਕਾਲੀ ਦਲ ਸੂਬਾ ਪੱਧਰੀ ਅੰਦੋਲਨ ਕਰੇਗਾ।



ਗੱਠਜੋੜ ਸਰਕਾਰ ਤੋਂ ਖਾਲੀ ਖਜ਼ਾਨੇ ਦੀ ਵਿਰਾਸਤ ਮਿਲੀ ਸੀ ਅਤੇ ਦੂਜੇ ਪਾਸੇ ਕੇਂਦਰ ਸਰਕਾਰ ਨੇ ਵੀ ਕਿਸਾਨਾਂ ਦੀ ਮਦਦ ਕਰਨ ਤੋਂ ਹੱਥ ਪਿੱਛੇ ਖਿੱਚ ਲਏ, ਜਿਸ ਕਰ ਕੇ ਸਕੀਮ ਦੇ ਘੇਰੇ 'ਚ ਹੋਰ ਕਿਸਾਨਾਂ ਨੂੰ ਲਿਆਉਣ ਜਾਂ ਦੋ ਲੱਖ ਰੁਪਏ ਤੋਂ ਵੱਧ ਰਕਮ ਦੀ ਕਰਜ਼ਾ ਮੁਆਫੀ ਦੇਣੀ ਸੰਭਵ ਨਹੀਂ ਹੈ। ਮੁੱਖ ਮੰਤਰੀ ਨੇ ਖੇਤੀ ਕਰਜ਼ਾ ਪੂਰੀ ਤਰ੍ਹਾਂ ਮੁਆਫ ਕਰਨ ਨੂੰ ਅਮਲ ਵਿਚ ਲਿਆਉਣ ਲਈ ਕਿਸਾਨਾਂ ਤੋਂ ਹੋਰ ਸਮੇਂ ਦੀ ਮੰਗ ਕਰਦਿਆਂ ਆਖਿਆ ਕਿ ਉਨ੍ਹਾਂ ਦੀ ਸਰਕਾਰ ਇਸ ਵੇਲੇ ਸੂਬੇ ਦੇ ਅਰਥਚਾਰੇ ਨੂੰ ਪੈਰਾਂ ਸਿਰ ਕਰਨ ਵਿਚ ਜੁਟੀ ਹੋਈ ਹੈ।

ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਕਿਸਾਨਾਂ ਲਈ ਐਲਾਨੀ ਕਰਜ਼ਾ ਮੁਆਫੀ ਸਕੀਮ ਅਧੀਨ 10.25 ਲੱਖ ਕਿਸਾਨਾਂ ਨੂੰ ਸ਼ਾਮਲ ਕੀਤਾ ਜਾਣਾ ਹੈ ਅਤੇ ਪਹਿਲੇ ਪੜਾਅ ਵਿਚ 5.63 ਲੱਖ ਕਿਸਾਨਾਂ ਨੂੰ ਇਸ ਦਾ ਲਾਭ ਹੋਣਾ ਹੈ। ਇਸ ਪੜਾਅ ਲਈ ਉਨ੍ਹਾਂ ਦੀ ਸਰਕਾਰ ਨੇ ਜਿਵੇਂ-ਕਿਵੇਂ 2700 ਕਰੋੜ ਰੁਪਏ ਦਾ ਬੰਦੋਬਸਤ ਕੀਤਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਵਿਚ 17.5 ਲੱਖ ਕਿਸਾਨ ਪਰਿਵਾਰਾਂ ਵਿਚੋਂ ਸਿਰਫ ਵੱਡੇ ਜ਼ਿਮੀਂਦਾਰ ਹੀ ਹੁਣ ਤੱਕ ਕਰਜ਼ਾ ਮੁਆਫੀ ਸਕੀਮ ਵਿਚੋਂ ਬਾਹਰ ਹਨ ਅਤੇ ਉਹ ਆਪਣੇ ਪੱਧਰ ਉਤੇ ਹੀ ਆਪਣਾ ਬੰਦੋਬਸਤ ਕਰਨ ਦੇ ਪੂਰੀ ਤਰ੍ਹਾਂ ਸਮਰੱਥ ਹਨ।

# ਮਲਕੀਤ ਚਿੱਤਰਕਾਰ ਦਾ ਲੰਮੀ ਬਿਮਾਰੀ ਮਗਰੋਂ ਦੇਹਾਂਤ

**ਚੰਡੀਗੜ੍ਹ:** ਪੰਜਾਬ ਦੇ ਚੋਟੀ ਦੇ ਚਿੱਤਰਕਾਰਾਂ ਵਿਚ ਸ਼ੁਮਾਰ ਮਲਕੀਤ ਸਿੰਘ ਦਾ ਦੇਹਾਂਤ ਹੋ ਗਿਆ। ਮਲਕੀਤ ਆਰਟਿਸਟ ਨਾਮ ਨਾਲ ਮਸ਼ਹੂਰ ਮਲਕੀਤ ਸਿੰਘ ਨੇ ਸੈਕਟਰ 49 ਸਥਿਤ ਆਪਣੇ ਘਰ ਵਿਚ ਆਖਰੀ ਸਾਹ ਲਿਆ। ਉਹ ਪਿਛਲੇ ਕੁਝ ਸਮੇਂ ਤੋਂ ਗੁਰਦਿਆਂ ਦੀ ਬਿਮਾਰੀ ਤੋਂ ਪੀੜਤ ਸਨ। 'ਸਾਵਣ ਮੋਰ' ਅਤੇ ਸ਼ਿਵ ਕੁਮਾਰ ਬਟਾਲਵੀ ਦੀਆਂ ਨਜ਼ਮਾਂ ਨੂੰ ਚਿੱਤਰਾਂ ਦਾ ਰੂਪ ਦੇਣਾ ਉਨ੍ਹਾਂ ਦੇ ਮੁੱਖ ਚਿੱਤਰ ਹਨ। ਮਲਕੀਤ ਚਿੱਤਰਕਾਰ 'ਅਮੂਰਤ ਚਿੱਤਰਕਾਰੀ' ਵਿਚ ਵੱਡਾ ਨਾਮ ਸਨ।

ਮਲਕੀਤ ਚਿੱਤਰਕਾਰ ਦਾ ਜਨਮ ਮੋਗੇ ਨੇੜਲੇ ਪਿੰਡ ਲੰਢੇਕੇ ਵਿਚ ਹੋਇਆ ਸੀ ਅਤੇ ਮਗਰੋਂ ਉਹ ਚੰਡੀਗੜ੍ਹ ਆ ਕੇ ਵੱਸ ਗਏ। ਉਨ੍ਹਾਂ ਨੂੰ ਪੰਜਾਬ ਦੇ ਪਿੰਡਾਂ ਅਤੇ ਸੱਭਿਆਚਾਰ ਨਾਲ ਬਹੁਤ ਲਗਾਅ ਸੀ। ਇਸੇ ਕਾਰਨ ਪੰਜਾਬ ਦੇ ਸੱਭਿਆਚਾਰ ਬਾਰੇ ਉਨ੍ਹਾਂ ਵਿਸ਼ੇਸ਼ ਤੌਰ 'ਤੇ ਚਿੱਤਰਕਾਰੀ ਸ਼ੁਰੂ ਕੀਤੀ ਸੀ। ਉਨ੍ਹਾਂ ਦੇ ਚਿੱਤਰਾਂ ਵਿਚ ਪੰਜਾਬ ਦੇ ਪਿੰਡ ਅਤੇ ਖੇਤ ਵੱਸਦੇ ਹਨ। ਚਿੱਤਰਕਾਰ ਤੋਂ ਇਲਾਵਾ ਮਲਕੀਤ ਪੀ.ਜੀ.ਆਈ. ਵਿਚ ਮੁਲਾਜ਼ਮ ਵੀ ਸਨ। ਆਪਣੇ ਜੀਵਨ ਦੇ ਸਫਰ ਦੌਰਾਨ ਮਲਕੀਤ ਚਿੱਤਰਕਾਰ ਨੇ ਕਈ ਪ੍ਰਾਪਤੀਆਂ ਕੀਤੀਆਂ। ਉਨ੍ਹਾਂ ਦੇ ਚਿੱਤਰਾਂ ਨੂੰ ਵੱਖ-ਵੱਖ ਥਾਵਾਂ ਉਤੇ ਪੁਰਸਕਾਰਾਂ ਨਾਲ ਨਿਵਾਜਿਆ ਗਿਆ। ਉਹ ਮੌਜੂਦਾ ਸਮੇਂ ਪੰਜਾਬ ਲਲਿਤ ਕਲਾ ਅਕਾਦਮੀ ਦੇ ਮੀਤ ਪ੍ਰਧਾਨ ਸਨ। ਉਹ ਪੰਜਾਬ ਲਲਿਤ ਕਲਾ ਅਕਾਦਮੀ ਅਤੇ ਹੋਰ ਕਈਆਂ ਅਹੁਦਿਆਂ



'ਤੇ ਵੀ ਰਹੇ। ਅਕਾਦਮੀ ਵੱਲੋਂ ਪੰਜਾਬ ਵਿਚ ਚਿੱਤਰਕਾਰੀ ਨੂੰ ਉਤਸ਼ਾਹਿਤ ਕਰਨ ਵਾਸਤੇ ਚਲਾਈ ਗਈ ਮੁਹਿੰਮ ਵਿਚ ਉਨ੍ਹਾਂ ਮੋਹਰੀ ਭੂਮਿਕਾ ਨਿਭਾਈ ਸੀ। ਇਸ ਦੌਰਾਨ ਉਨ੍ਹਾਂ ਕਸਬਿਆਂ 'ਚ ਵੱਸਦੇ ਨੌਜਵਾਨ ਚਿੱਤਰਕਾਰਾਂ ਨੂੰ ਵਿਸ਼ੇਸ਼ ਤੌਰ ਉਤੇ ਉਤਸ਼ਾਹਿਤ ਕੀਤਾ।

# ਸਕੂਲੋਂ ਕੱਢੇ ਵਿਦਿਆਰਥੀ ਵੱਲੋਂ ਪ੍ਰਿੰਸੀਪਲ ਦੀ ਹੱਤਿਆ

**ਯਮੁਨਾਨਗਰ:** ਝਾੜ ਝੰਬ ਅਤੇ ਸਕੂਲ ਵਿਚੋਂ ਕੱਢੇ ਜਾਣ ਤੋਂ ਖਫਾ 12ਵੀਂ ਦੇ ਵਿਦਿਆਰਥੀ ਸ਼ਿਵਾਂਸ਼ ਨੇ ਪਿਉ ਦੇ ਰਿਵਾਲਵਰ ਨਾਲ ਅੰਨ੍ਹੇਵਾਹ



ਗੋਲੀਆਂ ਚਲਾ ਕੇ ਪ੍ਰਿੰਸੀਪਲ ਦੀ ਹੱਤਿਆ ਕਰ ਦਿੱਤੀ। ਥਾਪਰ ਕਾਲੋਨੀ ਵਿਚ ਪੈਂਦੇ ਸਵਾਮੀ ਵਿਵੇਕਾਨੰਦ ਪਬਲਿਕ ਸਕੂਲ ਦੀ ਪ੍ਰਿੰਸੀਪਲ ਰਿਤੂ ਛਾਬੜਾ (45) ਦੀ ਛਾਤੀ 'ਚ ਚਾਰ ਅਤੇ ਹੱਥਾਂ ਤੇ ਸਰੀਰ ਦੇ ਹੋਰ ਹਿੱਸਿਆਂ ਵਿਚ ਤਿੰਨ ਗੋਲੀਆਂ ਲੱਗੀਆਂ।

ਗਲਤ ਹਰਕਤਾਂ ਕਰ ਕੇ ਪਿਛਲੇ ਹਫਤੇ ਸ਼ਿਵਾਂਸ਼ ਨੂੰ ਪ੍ਰਿੰਸੀਪਲ ਨੇ ਸਕੂਲ ਵਿਚੋਂ ਕੱਢ ਦਿੱਤਾ ਸੀ ਅਤੇ ਮਾਪੇ-ਅਧਿਆਪਕ ਬੈਠਕ ਦੌਰਾਨ ਆਪਣੇ ਮਾਪਿਆਂ ਨਾਲ ਆਉਣ ਲਈ ਆਖਿਆ ਸੀ। ਉਸ ਦੇ ਮਾਪੇ ਤਾਂ ਨਹੀਂ ਆਏ ਪਰ ਸ਼ਿਵਾਂਸ਼ ਪਿਤਾ ਦੀ ਪਿਸਤੌਲ ਲੈ ਕੇ ਆ ਗਿਆ ਅਤੇ ਸਿੱਧਾ ਪ੍ਰਿੰਸੀਪਲ ਦੇ ਦਫਤਰ ਵਿਚ ਪਹੁੰਚ ਕੇ ਗੋਲੀਆਂ ਵਰ੍ਹਾ ਦਿੱਤੀਆਂ। ਗੋਲੀਆਂ ਦੀ ਆਵਾਜ਼ ਸੁਣ ਕੇ ਸਕੂਲ ਦਾ ਸਟਾਫ ਅਤੇ ਬੱਚੇ ਪ੍ਰਿੰਸੀਪਲ ਦੇ ਕਮਰੇ 'ਚ ਪਹੁੰਚੇ ਤਾਂ ਮੁਲਜ਼ਮ ਉਥੋਂ ਭੱਜ ਨਿਕਲਿਆ। ਕੁਝ ਲੋਕਾਂ ਨੇ ਪਿੱਛਾ ਕਰ ਕੇ ਉਸ ਨੂੰ ਫੜ ਲਿਆ ਅਤੇ ਪੁਲਿਸ ਹਵਾਲੇ ਕਰ ਦਿੱਤਾ। ਸਕੂਲ ਮੈਨੇਜਮੈਂਟ ਮੁਤਾਬਕ ਸ਼ਿਵਾਂਸ਼ 6 ਜਨਵਰੀ ਨੂੰ ਹੀ ਬਾਲਗ ਹੋਇਆ ਹੈ। ਅਚਾਨਕ ਹੋਈ ਇਸ ਵਾਰਦਾਤ ਮਗਰੋਂ ਪਰਿਵਾਰ ਸਦਮੇ 'ਚ ਹੈ। ਜਿਵੇਂ ਹੀ ਰਿਤੂ ਦੀ ਹੱਤਿਆ ਦੀ ਜਾਣਕਾਰੀ ਉਸ ਦੇ ਪਤੀ ਨੂੰ ਮਿਲੀ ਤਾਂ ਉਸ ਦੀ ਤਬੀਅਤ ਵਿਗੜ ਗਈ ਪਰ ਹੁਣ ਉਹ ਠੀਕ ਹੈ।

# ਸ਼੍ਰੋਮਣੀ ਕਮੇਟੀ ਨੇ ਪ੍ਰਚੰਡ ਕੀਤੀ ਧਰਮ ਪ੍ਰਚਾਰ ਲਹਿਰ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਵੱਲੋਂ ਪੰਜਾਬ ਅਤੇ ਹਰਿਆਣਾ ਨੂੰ ਚਾਰ ਜ਼ੋਨਾਂ ਵਿਚ ਵੰਡ ਕੇ ਇਕ ਸਾਲ ਦੌਰਾਨ ਘਰ-ਘਰ ਸਿੱਖ ਧਰਮ ਦਾ ਪ੍ਰਚਾਰ ਤੇ ਗੁਰਬਾਣੀ ਦਾ ਸੁਨੇਹਾ



ਪੁੱਜਦਾ ਕਰਨ ਦਾ ਟੀਚਾ ਮਿਥਿਆ ਗਿਆ ਹੈ। ਧਰਮ ਪ੍ਰਚਾਰ ਲਹਿਰ ਨੂੰ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਤ ਕੀਤਾ ਗਿਆ ਹੈ।

ਸ਼੍ਰੋਮਣੀ ਕਮੇਟੀ ਦੇ ਵਧੀਕ ਸਕੱਤਰ ਅਤੇ ਬੁਲਾਰੇ ਦਲਜੀਤ ਸਿੰਘ ਬੇਦੀ ਨੇ ਦੱਸਿਆ ਕਿ ਧਰਮ ਪ੍ਰਚਾਰ ਲਹਿਰ ਤਹਿਤ ਸਾਲ ਵਿਚ ਇਕ ਲੱਖ ਤੋਂ ਵੱਧ ਵਿਅਕਤੀਆਂ ਨੂੰ ਅੰਮ੍ਰਿਤ ਸੰਚਾਰ ਕਰਾ ਕੇ ਗੁਰੂ ਵਾਲੇ ਬਣਾਇਆ ਜਾਵੇਗਾ। ਇਸ ਸਬੰਧੀ ਪੰਜਾਬ ਵਿਚ ਤਿੰਨ ਜ਼ੋਨ ਅਤੇ ਹਰਿਆਣਾ ਵਿਚ ਇਕ ਜ਼ੋਨ ਸਥਾਪਤ ਕੀਤਾ ਗਿਆ ਹੈ। ਪੰਜਾਬ ਵਿਚਲੇ ਤਿੰਨ ਜ਼ੋਨ ਤਿੰਨ ਤਖਤ ਸਾਹਿਬਾਨ ਨਾਲ ਜੋੜੇ ਗਏ ਹਨ, ਜਦੋਂਕਿ ਹਰਿਆਣਾ ਵਿਚ ਇਹ ਜ਼ੋਨ ਕੁਰੂਕਸ਼ੇਤਰ ਵਿਚ ਹੋਵੇਗਾ।

ਇਸ ਲਹਿਰ ਦੀ ਸ਼ੁਰੂਆਤ ਤਖਤ ਦਮਦਮਾ ਸਾਹਿਬ ਤੋਂ ਕੀਤੀ ਗਈ ਹੈ। ਇਸੇ ਤਹਿਤ 28 ਜਨਵਰੀ ਨੂੰ ਅੰਮ੍ਰਿਤਸਰ ਵਿਚ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਅਤੇ 11 ਫਰਵਰੀ ਨੂੰ ਤਖਤ ਕੇਸਗੜ੍ਹ ਸਾਹਿਬ ਵਿਖੇ ਸਮਾਗਮ ਹੋਵੇਗਾ। ਇਸ ਯੋਜਨਾ ਹੇਠ ਸ਼੍ਰੋਮਣੀ ਕਮੇਟੀ ਦੇ ਸਾਰੇ ਮੈਂਬਰਾਂ ਨੂੰ ਜ਼ਿੰਮੇਵਾਰੀ ਸੌਂਪੀ ਗਈ ਹੈ। ਹਰੇਕ ਮੈਂਬਰ ਘੱਟੋ-ਘੱਟ 20 ਪਿੰਡਾਂ ਵਿਚ ਧਰਮ ਪ੍ਰਚਾਰ ਲਹਿਰ ਨੂੰ ਘਰ-ਘਰ ਲੈ ਕੇ ਜਾਵੇਗਾ।

### ਕਮੇਟੀ ਮੈਂਬਰਾਂ ਨੂੰ ਸਖਤ ਹਦਾਇਤਾਂ

**ਬਠਿੰਡਾ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਸਖਤ ਲਹਿਜੇ ਵਿਚ ਸ਼੍ਰੋਮਣੀ ਕਮੇਟੀ ਮੈਂਬਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੇ ਘਰਾਂ ਤੋਂ ਅੰਮ੍ਰਿਤਪਾਨ ਦੀ ਸ਼ੁਰੂਆਤ ਕਰਨ। ਭਾਈ ਲੌਂਗੋਵਾਲ ਨੇ ਕਈ ਸ਼੍ਰੋਮਣੀ ਕਮੇਟੀ ਮੈਂਬਰਾਂ ਦੇ ਪਰਿਵਾਰਕ ਮੈਂਬਰਾਂ ਦੇ ਪਤਿਤ ਹੋਣ ਦਾ ਸਖਤ ਨੋਟਿਸ ਲਿਆ ਹੈ।

ਭਾਈ ਲੌਂਗੋਵਾਲ ਨੇ ਆਖਿਆ ਕਿ ਗੁਰਸਿੱਖੀ ਤੇ ਅੰਮ੍ਰਿਤਪਾਨ ਦੀ ਸ਼ੁਰੂਆਤ ਹਰ ਸ਼੍ਰੋਮਣੀ ਕਮੇਟੀ ਮੈਂਬਰ ਆਪਣੇ ਘਰ ਤੋਂ ਕਰੇ। ਹਰੇਕ ਮੈਂਬਰ ਆਪਣੇ ਘਰ ਤੋਂ ਸ਼ੁਰੂਆਤ ਕਰਨ ਮਗਰੋਂ ਗੁਰੂ ਨਾਨਕ ਦੇਵ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਮੁਹਿੰਮ ਤਹਿਤ ਇਕ ਸਾਲ ਵਿਚ ਘੱਟੋ ਘੱਟ 550 ਪ੍ਰਾਣੀਆਂ ਨੂੰ ਅੰਮ੍ਰਿਤਧਾਰੀ ਬਣਾਉਣ ਲਈ ਅੱਗੇ ਆਵੇ। ਪੰਜਾਬ 'ਚ ਡੇਢ ਦਰਜਨ ਤੋਂ ਵੱਧ ਸ਼੍ਰੋਮਣੀ ਕਮੇਟੀ ਮੈਂਬਰ ਅਜਿਹੇ ਹਨ, ਜਿਨ੍ਹਾਂ ਦੇ ਪਰਿਵਾਰਕ ਮੈਂਬਰ ਸਿੱਖੀ ਤੋਂ ਦੂਰ ਹਨ।

# ਫਿਲਮਫੇਅਰ ਇਨਾਮ: ਇਰਫਾਨ ਤੇ ਵਿਦਿਆ ਸਰਬੋਤਮ ਅਦਾਕਾਰ

**ਮੁੰਬਈ:** 63ਵੇਂ ਜੀਓ ਫਿਲਮਫੇਅਰ ਪੁਰਸਕਾਰ ਦੌਰਾਨ ਫਿਲਮ 'ਹਿੰਦੀ ਮਿਡੀਅਮ' ਨੂੰ ਦੇਸ਼ ਦੀ ਸਰਬੋਤਮ ਫਿਲਮ ਦਾ ਪੁਰਸਕਾਰ ਮਿਲਿਆ ਤੇ ਇਸੇ ਫਿਲਮ 'ਚ ਮੱਧ ਵਰਗੀ ਪਿਤਾ ਦੇ ਯਥਾਰਥਵਾਦੀ ਤੇ ਪ੍ਰਭਾਵਸ਼ਾਲੀ ਅਦਾਕਾਰੀ ਲਈ ਬਾਲੀਵੁੱਡ ਦੇ ਦਿੱਗਜ਼ ਅਦਾਕਾਰ ਇਰਫਾਨ ਖਾਨ ਨੂੰ ਸਰਬੋਤਮ ਅਦਾਕਾਰ ਦੇ ਖਿਤਾਬ ਨਾਲ ਨਿਵਾਜਿਆ ਗਿਆ।

ਸਮਾਗਮ 'ਚ ਅਸ਼ਵਨੀ ਅਈਅਰ ਨੂੰ ਸਰਬੋਤਮ ਡਾਇਰੈਕਟਰ ਦੇ ਪੁਰਸਕਾਰ ਸਣੇ 'ਬਰੇਲੀ ਕੀ ਬਰਫੀ' ਨੇ ਦੋ ਸਰਬੋਤਮ ਪੁਰਸਕਾਰ ਜਿੱਤੇ। ਇਸ ਫਿਲਮ ਲਈ ਦੂਜਾ ਪੁਰਸਕਾਰ ਰਾਜਕੁਮਾਰ ਰਾਓ ਨੂੰ ਸਰਬੋਤਮ ਸਪੋਰਟਿੰਗ ਅਦਾਕਾਰ ਲਈ ਦਿੱਤਾ ਗਿਆ, ਜਦਕਿ ਫਿਲਮ 'ਟ੍ਰੈਪਡ' ਲਈ ਉਨ੍ਹਾਂ ਨੂੰ ਸਰਬੋਤਮ ਆਲੋਚਕ ਅਦਾਕਾਰ ਦੇ ਪੁਰਸਕਾਰ ਨਾਲ ਸਨਮਾਨਿਆ ਗਿਆ। ਦੂਜੇ ਪਾਸੇ ਸਰਬੋਤਮ ਅਦਾਕਾਰਾ ਦਾ ਪੁਰਸਕਾਰ ਵਿਦਿਆ ਬਾਲਨ ਨੂੰ ਫਿਲਮ 'ਤੁਮਾਰੀ ਸੁੱਲੂ' ਲਈ ਦਿੱਤਾ ਗਿਆ, ਜਿਸ ਵਿਚ ਉਹ ਇਕ ਘਰੇਲੂ ਔਰਤ ਤੋਂ ਰੇਡੀਓ ਜਾਕੀ ਤੱਕ ਦਾ ਸਫਰ ਤੈਅ ਕਰਦੀ ਹੈ।

ਫਿਲਮ 'ਨਿਊਟਨ' ਨੂੰ ਸਰਬੋਤਮ ਆਲੋਚਕ ਫਿਲਮ ਦਾ ਪੁਰਸਕਾਰ ਦਿੱਤਾ ਗਿਆ। ਦੰਗਲ ਗਿਆ। ਕੋਂਕਣਾ ਸੇਨ ਨੂੰ 'ਡੈੱਥ ਇਨ ਦਿ ਗੰਜ' ਫਿਲਮ ਲਈ ਸਰਬੋਤਮ ਡੈਬਿਊ ਡਾਇਰੈਕਟਰ



ਗਰਲ ਜ਼ਾਇਰਾ ਵਸੀਮ ਨੂੰ ਫਿਲਮ 'ਸੀਕਰੇਟ ਸੁਪਰਸਟਾਰ' ਲਈ ਸਰਬੋਤਮ ਆਲੋਚਕ ਅਦਾਕਾਰਾ ਦੇ ਪੁਰਸਕਾਰ ਨਾਲ ਨਿਵਾਜਿਆ ਦਾ ਪੁਰਸਕਾਰ ਪ੍ਰਦਾਨ ਕੀਤਾ ਗਿਆ। ਸਰਬੋਤਮ ਅਸਲ ਕਹਾਣੀ ਦਾ ਪੁਰਸਕਾਰ ਅਮਿਤ ਨਿਊਟਨ ਨੂੰ ਫਿਲਮ 'ਨਿਊਟਨ' ਲਈ ਦਿੱਤਾ ਗਿਆ।

ਇਸ ਤੋਂ ਇਲਾਵਾ ਜੈਕੀ ਸਰਾਫ ਨੂੰ ਸਰਬੋਤਮ ਅਦਾਕਾਰ ਸ਼ਾਰਟ ਫਿਲਮ 'ਖੁਜਲੀ' ਲਈ, ਸ਼ੈਫਾਲੀ ਸ਼ਾਹ ਨੂੰ ਸਰਬੋਤਮ ਅਦਾਕਾਰਾ ਸ਼ਾਰਟ ਫਿਲਮ 'ਜੂਸ' ਲਈ, ਮਿਹਰ ਵਿਜ ਨੂੰ ਫਿਲਮ 'ਸੀਕਰੇਟ ਸੁਪਰਸਟਾਰ' ਲਈ ਸਰਬੋਤਮ ਸਪੋਰਟਿੰਗ ਅਦਾਕਾਰਾ, ਵਿਜੇ ਗਾਂਗੁਲੀ ਤੇ ਰੁਏਲ ਦੌਸਨ ਵਰਿੰਦਾਨੀ ਨੂੰ ਫਿਲਮ 'ਗਲਤੀ ਸੇ ਮਿਸਟਕ'-'ਜੱਗਾ ਜਾਸੂਸ' ਲਈ ਸਰਬੋਤਮ ਕੋਰੀਓਗ੍ਰਾਫੀ, ਪ੍ਰੀਤਮ ਨੂੰ ਫਿਲਮ 'ਜੱਗਾ ਜਾਸੂਸ' ਲਈ ਬੈਸਟ ਬੈਕਰਾਊਂਡ ਸਕੋਰ, ਟਾਮ ਸਟਰੂਥਰਜ਼ ਨੂੰ ਫਿਲਮ 'ਟਾਈਗਰ ਜ਼ਿੰਦਾ ਹੈ' ਲਈ ਬੈਸਟ ਐਕਸ਼ਨ, ਪ੍ਰੀਤਮ ਨੂੰ ਫਿਲਮ 'ਜੱਗਾ ਜਾਸੂਸ' ਲਈ ਬੈਸਟ ਮਿਊਜ਼ਿਕ ਐਲਬਮ, ਅਰਜਿਤ ਸਿੰਘ ਤੇ ਮੇਘਨਾ ਮਿਸ਼ਰਾ ਨੂੰ ਸਰਬੋਤਮ ਗਾਇਕ, ਸਿਰਸ਼ਾ ਰਾਏ ਨੂੰ 'ਡੈੱਥ ਫਾਰ ਦ ਗੰਜ' ਲਈ ਬੈਸਟ ਸਿਨੇਮੈਟੋਗ੍ਰਾਫੀ ਪੁਰਸਕਾਰ, ਨਿਤਿਨ ਬੈਦ ਨੂੰ ਬੈਸਟ ਐਡਿਟਿੰਗ ਪੁਰਸਕਾਰ, ਹਿਤੇਸ਼ ਕਿਵਾਲਿਆ ਨੂੰ ਬੈਸਟ ਡਾਇਲਾਗ ਪੁਰਸਕਾਰ ਦਿੱਤਾ ਗਿਆ। ਇਸ ਸਮਾਗਮ ਦੌਰਾਨ ਮਾਲਾ ਸਿਨ੍ਹਾ ਤੇ ਬੱਪੀ ਲਹਿਰੀ ਨੂੰ ਜੀਵਨ ਭਰ ਦੀਆਂ ਪ੍ਰਾਪਤੀਆਂ ਦੇ ਪੁਰਸਕਾਰ ਨਾਲ ਨਿਵਾਜਿਆ ਗਿਆ।

## ਗੈਂਗਸਟਰਾਂ ਨੂੰ ਪਨਾਹ ਦੇਣ ਵਾਲਾ ਅਕਾਲੀ ਸਰਪੰਚ ਕਾਬੂ

**ਮੋਗਾ:** ਸਪੈਸ਼ਲ ਸੈੱਲ ਨੇ ਪਿੰਡ ਬੁੱਟਰ ਕਲਾਂ ਦੇ ਅਕਾਲੀ ਸਰਪੰਚ ਨੂੰ ਗੈਂਗਸਟਰਾਂ ਨੂੰ ਪਨਾਹ ਦੇਣ ਦੇ ਦੋਸ਼ ਹੇਠ ਗ੍ਰਿਫਤਾਰ ਕਰ ਲਿਆ ਹੈ। ਇਸ ਕੇਸ ਵਿਚ ਤਿੰਨ ਹੋਰ ਜਣੇ ਨਾਮਜ਼ਦ ਹਨ।

ਥਾਣਾ ਬੱਧਨੀ ਕਲਾਂ ਵਿਚ ਮੁਖਬਰ ਦੀ ਸੂਚਨਾ 'ਤੇ ਸਰਪੰਚ ਜਸਵਿੰਦਰ ਸਿੰਘ ਉਰਫ ਛਿੰਦਰ ਸਿੰਘ ਵਾਸੀ ਪਿੰਡ ਢਿੱਲੋਂ ਪੱਤੀ, ਬੁੱਟਰ ਕਲਾਂ ਖਿਲਾਫ ਬਠਿੰਡਾ ਵਿਚ ਪਿਛਲੇ ਸਾਲ ਮੁਕਾਬਲੇ ਵਿਚ ਦਵਿੰਦਰ ਬੰਬੀਹਾ ਉਰਫ ਸ਼ੂਟਰ ਗੈਂਗ ਦੇ ਖਤਰਨਾਕ ਗੈਂਗਸਟਰ ਸਿਮਰਨਜੀਤ ਉਰਫ ਸਿੰਮਾ ਬਹਿਬਲ ਤੇ ਸੁੱਖਪ੍ਰੀਤ ਸਿੰਘ ਉਰਫ ਬੁੱਢਾ ਪਿੰਡ ਕੁੱਸਾ ਨੂੰ ਪਨਾਹ ਦੇਣ ਦੇ ਦੋਸ਼ ਹੇਠ ਕੇਸ ਦਰਜ ਕੀਤਾ ਸੀ। ਇਨ੍ਹਾਂ ਗੈਂਗਸਟਰਾਂ ਖਿਲਾਫ ਕਤਲ ਤੇ ਲੁੱਟਾਂ-ਖੋਹਾਂ ਦੇ ਕੇਸ ਦਰਜ ਹਨ। ਸਰਪੰਚ ਕੋਲੋਂ ਇਕ ਰਾਈਫਲ ਤੇ ਦੋ 32 ਬੋਰ ਦੇ ਪਿਸਤੌਲ ਵੀ ਬਰਾਮਦ ਕੀਤੇ ਹਨ। ਸਰਪੰਚ ਮੌਕੇ 'ਤੇ ਇਨ੍ਹਾਂ ਹਥਿਆਰਾਂ ਦਾ ਕੋਈ ਲਾਇਸੈਂਸ ਪੇਸ਼ ਨਹੀਂ ਕਰ ਸਕਿਆ।

ਦੱਸਣਯੋਗ ਹੈ ਕਿ ਕੁਝ ਦਿਨ ਪਹਿਲਾਂ ਗੈਂਗਸਟਰ ਸਿਮਰਨਜੀਤ ਉਰਫ ਸਿੰਮਾ ਬਹਿਬਲ ਦੇਹਰਾਦੂਨ ਵਿਚ ਪੁਲਿਸ ਦੇ ਹੱਥ ਲੱਗ ਗਿਆ ਸੀ। ਗੈਂਗਸਟਰ ਨੇ ਪੁੱਛ-ਪੜਤਾਲ ਦੌਰਾਨ ਖੁਲਾਸਾ ਕੀਤਾ ਸੀ ਕਿ ਉਨ੍ਹਾਂ ਨੇ ਕਈ ਵਾਰ ਛਿੰਦਰ ਸਿੰਘ ਕੋਲ ਪਨਾਹ ਲਈ ਸੀ।

## ਪ੍ਰਧਾਨ ਮੰਤਰੀ ਬਣ ਕੇ ਹੰਕਾਰਿਆ ਮੋਦੀ: ਅੰਨਾ ਹਜ਼ਾਰੇ

**ਮੁੰਬਈ:** ਸਮਾਜਿਕ ਕਾਰਕੁਨ ਅੰਨਾ ਹਜ਼ਾਰੇ ਨੇ ਦੋਸ਼ ਲਾਇਆ ਹੈ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਪ੍ਰਧਾਨ ਮੰਤਰੀ ਅਹੁਦੇ ਦਾ ਹੰਕਾਰ ਹੈ ਅਤੇ ਇਹ ਹੀ ਕਾਰਨ ਹੈ ਕਿ ਮੋਦੀ ਉਨ੍ਹਾਂ ਦੇ ਪੱਤਰਾਂ ਦਾ ਜਵਾਬ ਨਹੀਂ ਦੇ ਰਹੇ ਹਨ। ਉਹ ਪਿਛਲੇ 3 ਸਾਲਾਂ 'ਚ ਪ੍ਰਧਾਨ ਮੰਤਰੀ ਮੋਦੀ ਨੂੰ 30 ਤੋਂ ਜ਼ਿਆਦਾ ਪੱਤਰ ਲਿਖ ਚੁੱਕੇ ਹਨ।

## ਭਗਤ ਸਿੰਘ ਨੂੰ ਪਾਕਿਸਤਾਨ ਦਾ ਸਰਬ ਉਚ ਬਹਾਦਰੀ ਪੁਰਸਕਾਰ ਦੇਣ ਦੀ ਵਕਾਲਤ

**ਲਾਹੌਰ:** ਪਾਕਿਸਤਾਨ ਦੇ ਇਕ ਸੰਗਠਨ ਨੇ ਮੰਗ ਕੀਤੀ ਕਿ ਸ਼ਹੀਦ-ਏ-ਆਜ਼ਮ ਭਗਤ



ਸਿੰਘ ਨੂੰ ਦੇਸ਼ ਦਾ ਸਰਬ ਉਚ ਬਹਾਦਰੀ ਪੁਰਸਕਾਰ ਨਿਸ਼ਾਨ-ਏ-ਹੈਦਰ ਦਿੱਤਾ ਜਾਣਾ ਚਾਹੀਦਾ ਹੈ ਅਤੇ ਉਨ੍ਹਾਂ ਦਾ ਬੁੱਤ ਲਾਹੌਰ ਦੇ ਸ਼ਾਦਮਾਨ ਚੌਕ, ਜਿਥੇ 86 ਸਾਲ ਪਹਿਲਾਂ ਉਨ੍ਹਾਂ ਨੂੰ ਫਾਂਸੀ ਦਿੱਤੀ ਗਈ ਸੀ, ਵਿਚ ਸਥਾਪਤ ਕੀਤਾ ਜਾਣਾ ਚਾਹੀਦਾ ਹੈ।

ਭਗਤ ਸਿੰਘ ਅਤੇ ਉਨ੍ਹਾਂ ਦੇ ਦੋ ਸਾਥੀਆਂ-ਰਾਜਗੁਰੂ ਅਤੇ ਸੁਖਦੇਵ ਨੂੰ ਅੰਗਰੇਜ਼ ਸਰਕਾਰ ਖਿਲਾਫ ਸਾਜਿਸ਼ ਅਤੇ ਬਰਤਾਨਵੀ ਪੁਲਿਸ ਅਧਿਕਾਰੀ ਜਾਨ ਪੀ. ਸਾਂਡਰਸ ਦੀ ਹੱਤਿਆ ਦੇ ਦੋਸ਼ 'ਚ 23 ਮਾਰਚ 1931 ਨੂੰ ਲਾਹੌਰ ਵਿਚ ਫਾਂਸੀ ਦਿੱਤੀ ਗਈ ਸੀ। ਭਗਤ ਸਿੰਘ ਮੈਮੋਰੀਅਲ ਫਾਊਂਡੇਸ਼ਨ ਨੇ ਪਾਕਿਸਤਾਨ ਦੇ ਪੰਜਾਬ ਸੂਬੇ ਦੀ ਸਰਕਾਰ ਨੂੰ ਤਾਜ਼ਾ ਪਟੀਸ਼ਨ ਦੇ ਕੇ ਕਿਹਾ ਕਿ ਭਗਤ ਸਿੰਘ ਨੇ ਉਪ-ਮਹਾਂਦੀਪ ਦੀ ਸੁਤੰਤਰਤਾ ਲਈ ਆਪਣੀ ਕੁਰਬਾਨੀ ਦਿੱਤੀ ਸੀ।

ਸੰਗਠਨ ਨੇ ਪਟੀਸ਼ਨ 'ਚ ਕਿਹਾ ਕਿ ਪਾਕਿਸਤਾਨ ਦੇ ਸੰਸਥਾਪਕ ਕਾਇਦੇ-ਆਜ਼ਮ ਮੁਹੰਮਦ ਅਲੀ ਜਿਨਾਹ ਨੇ ਸੁਤੰਤਰਤਾ ਸੈਨਾਨੀ ਨੂੰ ਇਹ ਕਹਿੰਦੇ ਹੋਏ ਸ਼ਰਧਾਂਜਲੀ ਦਿੱਤੀ ਸੀ ਕਿ ਉਪ ਮਹਾਂਦੀਪ 'ਚ ਉਨ੍ਹਾਂ ਵਰਗਾ ਕੋਈ ਬਹਾਦਰ ਵਿਅਕਤੀ ਨਹੀਂ ਹੋਇਆ ਹੈ। ਸੰਗਠਨ ਨੇ ਕਿਹਾ ਕਿ ਭਗਤ ਸਿੰਘ ਸਾਡੇ ਨਾਇਕ ਹਨ ਅਤੇ ਉਹ ਮੇਜਰ ਅਜ਼ੀਜ਼ ਭੱਟੀ ਦੀ ਤਰ੍ਹਾਂ ਹੀ ਸਰਬ ਉਚ ਬਹਾਦਰੀ ਪੁਰਸਕਾਰ ਪਾਉਣ ਦੇ ਹੱਕਦਾਰ ਹਨ, ਜਿਨ੍ਹਾਂ ਨੇ ਭਗਤ ਸਿੰਘ ਦੀ ਬਹਾਦਰੀ 'ਤੇ ਲਿਖਿਆ ਸੀ ਅਤੇ ਉਨ੍ਹਾਂ ਨੂੰ ਸਾਡਾ ਨਾਇਕ ਅਤੇ ਆਦਰਸ਼ ਐਲਾਨਿਆ ਸੀ।

## ਮਨੁੱਖੀ ਅਧਿਕਾਰ ਕਮਿਸ਼ਨ ਬਣੇਗਾ ਸਮੇਂ ਦਾ ਹਾਣੀ

**ਚੰਡੀਗੜ੍ਹ:** ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਨੇ ਸਮੇਂ ਦਾ ਹਾਣੀ ਬਣਨ ਲਈ ਮੁਹਿੰਮ ਵਿੱਢ ਦਿੱਤੀ ਹੈ। ਕਮਿਸ਼ਨ ਨੇ ਲੋਕਾਂ ਦੀ ਸਹੂਲਤ ਲਈ ਵਟਸਐਪ 'ਤੇ ਅਰਜ਼ੀਆਂ ਲੈਣੀਆਂ ਸ਼ੁਰੂ ਕਰ ਦਿੱਤੀਆਂ ਹਨ।

ਨਵੀਆਂ ਸ਼ਿਕਾਇਤਾਂ ਵਟਸਐਪ ਨੰਬਰ 9855475547 ਉਤੇ ਭੇਜੀਆਂ ਜਾ ਸਕਦੀਆਂ ਹਨ। ਕਮਿਸ਼ਨ ਵੱਲੋਂ ਵਟਸਐਪ ਉਤੇ ਦਰਖਾਸਤਾਂ ਲੈਣ ਦਾ ਮਕਸਦ ਕੇਸਾਂ ਦੇ ਨਿਪਟਾਰੇ ਵਿਚ ਤੇਜ਼ੀ ਲਿਆਉਣਾ ਹੈ। ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਦੇਸ਼ ਦਾ ਪਹਿਲਾ ਕਮਿਸ਼ਨ ਹੈ, ਜਿਸ ਨੇ ਵਟਸਐਪ ਉਤੇ ਸ਼ਿਕਾਇਤਾਂ ਲੈਣੀਆਂ ਸ਼ੁਰੂ ਕੀਤੀਆਂ ਹਨ।

ਮਨੁੱਖੀ ਅਧਿਕਾਰ ਕਮਿਸ਼ਨ 1997 ਵਿਚ ਹੋਂਦ 'ਚ ਆਇਆ ਸੀ ਤੇ ਹੁਣ ਤੱਕ ਸੁਣਵਾਈ ਲਈ 2 ਲੱਖ 57 ਹਜ਼ਾਰ ਸ਼ਿਕਾਇਤਾਂ ਮਿਲ ਚੁੱਕੀਆਂ ਹਨ। ਕਮਿਸ਼ਨ ਦੇ ਹੋਂਦ ਵਿਚ ਆਉਣ ਦੇ ਦੋ ਸਾਲ ਬਾਅਦ ਹੀ ਪ੍ਰਾਪਤ ਦਰਖਾਸਤਾਂ ਦੀ ਗਿਣਤੀ ਕਈ ਗੁਣਾ ਵਧ ਗਈ ਸੀ।

2012 ਤੋਂ 2016 ਤੱਕ ਕਮਿਸ਼ਨ ਨੂੰ ਸਤਾਰਾਂ ਹਜ਼ਾਰ ਦੇ ਕਰੀਬ ਸਾਲਾਨਾ ਦਰਖਾਸਤਾਂ ਮਿਲਦੀਆਂ ਰਹੀਆਂ ਹਨ। ਪਿਛਲੇ ਸਾਲ ਇਹ ਗਿਣਤੀ ਘਟ ਕੇ ਦਸ ਹਜ਼ਾਰ ਤੋਂ ਵੀ ਹੇਠਾਂ ਰਹਿ ਗਈ ਸੀ।

ਇਸ ਦਾ ਕਾਰਨ ਕਮਿਸ਼ਨ ਵਿਚ ਚੇਅਰਪਰਸਨ ਸਮੇਤ ਦੂਜੇ ਮੈਂਬਰਾਂ ਦੀਆਂ ਖਾਲੀ ਅਸਾਮੀਆਂ ਦੱਸਿਆ ਜਾ ਰਿਹਾ ਹੈ। ਕਮਿਸ਼ਨ ਨੇ 14 ਸਾਲ ਪਹਿਲਾਂ ਆਨਲਾਈਨ ਦਰਖਾਸਤਾਂ ਲੈਣੀਆਂ ਸ਼ੁਰੂ ਕਰ ਦਿੱਤੀਆਂ ਸਨ ਤੇ ਹੁਣ ਵਟਸਐਪ ਰਾਹੀਂ ਸ਼ਿਕਾਇਤਾਂ ਪ੍ਰਾਪਤ ਕੀਤੀਆਂ ਜਾਣ ਲੱਗੀਆਂ ਹਨ।

ਕਮਿਸ਼ਨ ਨੇ ਆਮ ਲੋਕਾਂ ਨੂੰ ਪੰਜਾਬੀ ਵਿਚ ਸ਼ਿਕਾਇਤਾਂ ਦੇਣ ਦੀ ਸਹੂਲਤ ਵੀ ਰੱਖੀ ਹੈ, ਪਰ ਕਮਿਸ਼ਨ ਆਪਣਾ ਕੰਮ ਅਜੇ ਵੀ ਅੰਗਰੇਜ਼ੀ ਵਿਚ ਕਰ ਰਿਹਾ ਹੈ। ਕਮਿਸ਼ਨ ਨੂੰ ਹਰ ਰੋਜ਼ ਦੋ ਸੌ ਤੋਂ ਢਾਈ ਸੌ ਤੱਕ ਦਰਖਾਸਤਾਂ ਮਿਲਦੀਆਂ ਹਨ। ਇਨ੍ਹਾਂ ਵਿਚੋਂ ਅੱਸੀ ਫੀਸਦੀ ਤੋਂ ਵੱਧ ਅਜੇ ਵੀ ਡਾਕ ਰਾਹੀਂ ਮਿਲ ਰਹੀਆਂ ਹਨ ਤੇ ਬਾਕੀ ਆਨਲਾਈਨ ਮਿਲਦੀਆਂ ਹਨ।

## ਨਸ਼ਾ ਤਸਕਰੀ: ਵਿਦੇਸ਼ ਬੈਠੇ ਮੁਲਜ਼ਮਾਂ ਨੂੰ ਘੇਰਨ ਦੀ ਤਿਆਰੀ

**ਮੁਹਾਲੀ:** ਛੇ ਹਜ਼ਾਰ ਕਰੋੜ ਦੇ ਡਰੱਗ ਮਾਮਲੇ ਵਿਚ ਇੰਗਲੈਂਡ ਅਤੇ ਕੈਨੇਡਾ ਵੱਸਦੇ 16 ਮੁਲਜ਼ਮਾਂ, ਜਿਨ੍ਹਾਂ ਵੱਲੋਂ ਨਾਜਾਇਜ਼ ਢੰਗ ਨਾਲ ਜਾਇਦਾਦਾਂ ਬਣਾਈਆਂ ਗਈਆਂ ਹਨ, ਛੇਤੀ ਇਨਫੋਰਸਮੈਂਟ ਡਿਪਾਰਟਮੈਂਟ (ਈ.ਡੀ.) ਦੇ ਸ਼ਿਕੰਜੇ ਵਿਚ ਆਉਣਗੇ।

ਈ.ਡੀ. ਵੱਲੋਂ ਇਨ੍ਹਾਂ 16 ਮੁਲਜ਼ਮਾਂ ਦੀ ਪਛਾਣ ਕਰ ਕੇ ਉਨ੍ਹਾਂ ਖਿਲਾਫ ਪਿਛਲੇ ਕਈ ਮਹੀਨਿਆਂ ਤੋਂ ਅਦਾਲਤੀ ਕਾਰਵਾਈ ਲਈ ਚਾਰਾਜੋਈ ਕੀਤੀ ਜਾ ਰਹੀ ਸੀ ਅਤੇ ਹੁਣ ਸੀ.ਬੀ.ਆਈ. ਅਦਾਲਤ ਨੇ ਜਿਵੇਂ ਹੀ ਈ.ਡੀ. ਦੀ 'ਲੈਟਰ ਆਫ ਰਿਕਵੈਸਟ' ਨੂੰ ਮਨਜ਼ੂਰ ਕਰ ਲਿਆ ਤਾਂ ਈ.ਡੀ. ਵੱਲੋਂ ਪਿਛਲੇ ਸਾਢੇ 4 ਸਾਲ ਤੋਂ ਇਸ ਕੇਸ 'ਚ ਕੀਤੀ ਗਈ ਮਿਹਨਤ ਨੂੰ ਬੂਰ ਪੈ ਗਿਆ।

ਇਸ ਸਬੰਧੀ ਈ.ਡੀ. ਦੇ ਡਿਪਟੀ ਡਾਇਰੈਕਟਰ ਨਿਰੰਜਣ ਸਿੰਘ ਨੇ ਦੱਸਿਆ ਕਿ ਉਕਤ ਮੁਲਜ਼ਮਾਂ ਬਾਰੇ ਉਨ੍ਹਾਂ ਦੇ ਬੈਂਕ ਖਾਤਿਆਂ ਅਤੇ ਵਿਦੇਸ਼ਾਂ 'ਚ ਖਰੀਦੀ ਗਈ ਪ੍ਰਾਪਰਟੀ ਦਾ ਪੂਰਾ ਰਿਕਾਰਡ ਹੈ। ਉਨ੍ਹਾਂ 16 ਮੁਲਜ਼ਮਾਂ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਸਮੇਂ ਇੰਗਲੈਂਡ 'ਚ ਮਦਨ ਲਾਲ ਉਰਫ ਮਿੱਕ ਅਤੇ ਕੁਲਵੰਤ ਸਿੰਘ ਉਰਫ ਕਾਂਤੀ ਡਰੱਗ ਦੀ ਤਸਕਰੀ ਤੋਂ ਬਣਾਈ ਨਾਜਾਇਜ਼ ਪ੍ਰਾਪਰਟੀ 'ਚ ਨਾਮਜ਼ਦ ਹਨ, ਜਦੋਂ ਕਿ ਕੈਨੇਡਾ 'ਚ ਬਣਾਈ ਪ੍ਰਾਪਰਟੀ ਲਈ ਅਨੂਪ ਸਿੰਘ ਕਾਹਲੋਂ, ਕਾਹਲੋਂ ਦੀ ਪਤਨੀ ਰਣਜੀਤ ਕੌਰ, ਮਨਪ੍ਰੀਤ ਸਿੰਘ ਉਰਫ ਮਨੀ ਗਿੱਲ, ਦਲਜੀਤ ਸਿੰਘ, ਸੁਖਰਾਜ ਸਿੰਘ ਕੰਗ ਉਰਫ ਰਾਜਾ, ਨਿਰੰਕਾਰ ਸਿੰਘ ਢਿੱਲੋਂ, ਲਹਿੰਬਰ ਸਿੰਘ, ਰਣਜੀਤ ਸਿੰਘ ਔਜਲਾ ਉਰਫ ਦਾਰਾ ਸਿੰਘ, ਅਮਰਜੀਤ ਸਿੰਘ ਕੁਨਾਰ, ਟੋਨੀ ਪ੍ਰਮੋਦ ਸ਼ਰਮਾ, ਸਤਪ੍ਰੀਤ ਸਿੰਘ ਉਰਫ ਸੱਤਾ, ਪਰਦੀਪ ਸਿੰਘ ਧਾਲੀਵਾਲ, ਦਵਿੰਦਰ ਸਿੰਘ ਨਰਵਲ ਉਰਫ ਦੇਵ, ਹਰਮਹਿੰਦਰ ਸਿੰਘ, ਪਰਮਿੰਦਰ ਸਿੰਘ ਉਰਫ ਪਿੰਦੀ ਅਤੇ ਰਾਏ ਬਹਾਦਰ ਨਿਰਵਲ ਵੱਲੋਂ ਡਰੱਗ ਤਸਕਰੀ ਨਾਲ ਕੈਨੇਡਾ 'ਚ ਜਾਇਦਾਦਾਂ ਬਣਾਈਆਂ ਹੋਈਆਂ ਹਨ।

## ਸਿੱਖਾਂ ਦੀ ਵੱਖਰੀ ਪਛਾਣ ਬਾਰੇ ਅਕਾਲੀ ਤੇ ਭਾਜਪਾ ਵਾਲੇ ਆਹਮੋ ਸਾਹਮਣੇ

**ਨਵੀਂ ਦਿੱਲੀ:** ਸੰਵਿਧਾਨ ਦੀ ਧਾਰਾ 25 ਵਿਚ ਸੋਧ ਕਰ ਕੇ ਸਿੱਖਾਂ ਨੂੰ ਵੱਖਰੀ ਪਛਾਣ ਦੇਣ ਦੇ ਮਾਮਲੇ ਉਤੇ ਅਕਾਲੀ ਦਲ ਤੇ ਭਾਜਪਾ ਆਹਮੋ ਸਾਹਮਣੇ ਹਨ। ਅਕਾਲੀ ਦਲ ਕੇਂਦਰ ਤੋਂ ਵੱਖਰੀ ਪਛਾਣ ਦੀ ਮੰਗ ਕਰ ਰਿਹਾ ਹੈ ਤੇ ਦੂਜੇ ਪਾਸੇ ਭਾਜਪਾ ਪ੍ਰਧਾਨ ਵਿਜੇ ਸਾਂਪਲਾ ਨੇ ਕਿਹਾ ਹੈ ਕਿ ਇਸ ਨਾਲ ਦਲਿਤ ਭਾਈਚਾਰੇ ਦੇ ਰਾਖਵੇਂਕਰਨ ਉਤੇ ਅਸਰ ਪਵੇਗਾ।

ਦਿੱਲੀ ਦੇ ਅਕਾਲੀ ਵਿਧਾਇਕ ਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਹੈ ਕਿ ਜੇਕਰ ਸੰਵਿਧਾਨ ਦੀ ਧਾਰਾ 25 ਵਿਚ ਸੋਧ ਕਰ ਕੇ ਸਿੱਖਾਂ ਨੂੰ ਵੱਖਰੀ ਪਛਾਣ ਦਿੱਤੀ ਜਾਂਦੀ ਹੈ ਤਾਂ ਇਸ ਨਾਲ ਅਨੁਸੂਚਿਤ ਜਾਤੀਆਂ ਦੇ ਰਾਖਵੇਂਕਰਨ ਦੀ ਸਥਿਤੀ 'ਤੇ ਕੋਈ ਅਸਰ ਨਹੀਂ ਪਵੇਗਾ। ਸਿਰਸਾ ਨੇ ਕਿਹਾ ਕਿ ਸਿੱਖ, ਧਾਰਾ 25 ਵਿਚ ਸੋਧ ਕਰ ਕੇ ਰਾਖਵੇਂਕਰਨ ਦੀ ਮੰਗ ਕਰ ਰਹੇ ਹਨ ਜਦਕਿ ਰਾਖਵਾਂਕਰਨ ਸੰਵਿਧਾਨ ਦੀ ਧਾਰਾ 15 ਅਤੇ 16 ਤਹਿਤ ਪ੍ਰਦਾਨ ਕੀਤਾ ਗਿਆ ਹੈ।

ਇਹ ਸਪੱਸ਼ਟ ਹੈ ਕਿ ਰਾਖਵਾਂਕਰਨ ਕਦੇ ਵੀ ਧਰਮ ਦੇ ਆਧਾਰ ਉਤੇ ਪ੍ਰਦਾਨ ਨਹੀਂ ਕੀਤਾ ਗਿਆ ਬਲਕਿ ਇਹ ਜਾਤੀ ਦੇ ਆਧਾਰ ਉਤੇ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਭਾਰਤ ਵਿਚ ਮੁਸਲਿਮ ਤੇ ਇਸਾਈ ਭਾਈਚਾਰੇ ਲਈ ਰਾਖਵਾਂਕਰਨ ਇਸ ਲਈ ਲਾਗੂ ਨਹੀਂ ਕੀਤਾ ਗਿਆ ਕਿਉਂਕਿ ਉਨ੍ਹਾਂ ਵਿਚ ਜਾਤੀ ਪ੍ਰਥਾ ਨਹੀਂ ਹੈ।

ਉਨ੍ਹਾਂ ਸਵਾਲ ਕੀਤਾ ਕਿ ਜੇਕਰ ਸਿੱਖ ਹਿੰਦੂਆਂ ਦਾ ਹਿੱਸਾ ਹਨ ਤਾਂ ਫਿਰ ਇਨ੍ਹਾਂ ਲਈ ਰਾਖਵਾਂਕਰਨ ਹਿੰਦੂ ਭਾਈਚਾਰੇ ਦੇ ਨਾਲ ਹੀ ਲਾਗੂ ਕਿਉਂ ਨਹੀਂ ਕੀਤਾ ਗਿਆ ਤੇ ਇਸ ਦੀ ਬਾਅਦ



ਵਿਚ ਵਿਵਸਥਾ ਕਿਉਂ ਕਰਨੀ ਪਈ। ਉਨ੍ਹਾਂ ਹੋਰ ਸਵਾਲ ਕੀਤਾ ਕਿ ਜੇਕਰ ਸਿੱਖ ਭਾਈਚਾਰਾ ਵੱਖਰਾ ਨਹੀਂ ਹੈ ਤਾਂ ਫਿਰ ਇਸ ਨੂੰ ਦੇਸ਼ ਵਿਚ ਘੱਟ ਗਿਣਤੀ ਰੁਤਬਾ ਕਿਉਂ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਘੱਟ ਗਿਣਤੀ ਰੁਤਬਾ ਸਪਸ਼ਟ ਕਰਦਾ ਹੈ ਕਿ ਸਿੱਖਾਂ ਦੀ ਵੱਖਰੀ ਪਛਾਣ ਹੈ ਤੇ ਉਨ੍ਹਾਂ ਨੂੰ ਇਸ ਦਾ ਸੰਵਿਧਾਨਕ ਅਧਿਕਾਰ ਤੇ ਰੁਤਬਾ ਦਿੱਤੇ ਜਾਣ ਦੀ ਜ਼ਰੂਰਤ ਹੈ।

## ਜੀ.ਐਸ.ਟੀ. ਕਾਰਨ 8 ਲੱਖ ਬੱਚਿਆਂ ਦੇ ਰਾਸ਼ਨ 'ਚ ਕਟੌਤੀ

**ਬਠਿੰਡਾ:** ਪੰਜਾਬ ਸਰਕਾਰ ਨੇ ਜੀ.ਐਸ.ਟੀ. ਭਰਨ ਲਈ ਆਂਗਣਵਾੜੀ ਕੇਂਦਰਾਂ ਦੇ ਬੱਚਿਆਂ ਦੀ ਖੁਰਾਕ ਵਿਚ ਕਟੌਤੀ ਕਰ ਦਿੱਤੀ ਹੈ। ਇਸਤਰੀ ਤੇ ਬਾਲ ਵਿਕਾਸ ਵਿਭਾਗ ਵੱਲੋਂ ਨਵਾਂ ਫਰਮਾਨ ਜਾਰੀ ਹੋਇਆ ਹੈ, ਜਿਸ ਨਾਲ ਛੇ ਸਾਲ ਤੱਕ ਦੀ ਉਮਰ ਦੇ ਅੱਠ ਲੱਖ ਬੱਚਿਆਂ ਦੀ ਖੁਰਾਕ ਉਤੇ ਕੱਟ ਲੱਗਿਆ ਹੈ। ਆਂਗਣਵਾੜੀ ਕੇਂਦਰਾਂ ਦੇ ਰਾਸ਼ਨ ਉਤੇ ਲੱਗੀ ਜੀ.ਐਸ.ਟੀ. ਕਾਰਨ ਇਹ ਕਦਮ ਚੁੱਕਿਆ ਗਿਆ ਹੈ।

ਪੰਜਾਬ ਭਰ ਵਿਚ 27,314 ਆਂਗਣਵਾੜੀ ਕੇਂਦਰ ਹਨ, ਜਿਨ੍ਹਾਂ ਵਿਚੋਂ 26,836 ਕੇਂਦਰ ਚੱਲ ਰਹੇ ਹਨ। ਇਨ੍ਹਾਂ ਕੇਂਦਰਾਂ ਵਿਚ ਇਸ ਵੇਲੇ ਛੇ ਮਹੀਨੇ ਤੋਂ ਛੇ ਸਾਲ ਤੱਕ ਦੇ 8.01 ਲੱਖ ਬੱਚੇ ਦਾਖਲ ਹਨ, ਜਿਨ੍ਹਾਂ ਵਿਚੋਂ ਤਿੰਨ ਸਾਲ ਤੋਂ ਛੇ ਸਾਲ ਦੀ ਉਮਰ ਦੇ ਬੱਚਿਆਂ ਦੀ ਗਿਣਤੀ 3.05 ਲੱਖ ਬਣਦੀ ਹੈ। ਇਨ੍ਹਾਂ ਕੇਂਦਰਾਂ ਵੱਲੋਂ 2.18 ਲੱਖ ਗਰਭਵਤੀ ਮਾਵਾਂ ਨੂੰ ਵੀ ਖੁਰਾਕ ਦਿੱਤੀ ਜਾਂਦੀ ਹੈ। ਆਂਗਣਵਾੜੀ ਕੇਂਦਰਾਂ ਵਿਚ ਤਾਂ ਪਹਿਲਾਂ ਹੀ ਪ੍ਰਤੀ ਬੱਚਾ ਮਾਮੂਲੀ ਖੁਰਾਕ ਮਿਲਦੀ ਹੈ। ਮਿਸਾਲ ਵਜੋਂ 3 ਤੋਂ 6 ਸਾਲ ਦੇ ਬੱਚਿਆਂ ਨੂੰ ਬੁੱਧਵਾਰ ਤੇ ਸਨਿਚਰਵਾਰ ਨੂੰ ਨਾਸ਼ਤੇ ਵਿਚ 40 ਗ੍ਰਾਮ ਹਲਵਾ ਦਿੱਤਾ ਜਾਂਦਾ ਹੈ, ਜਿਸ ਉਤੇ 99 ਪੈਸੇ ਪ੍ਰਤੀ ਬੱਚਾ ਖਰਚੇ ਜਾਂਦੇ ਹਨ।

ਤਾਜ਼ਾ ਫਰਮਾਨ ਅਨੁਸਾਰ ਨਾਸ਼ਤੇ ਵਿਚ ਮਿਲਦੇ ਪੰਜ ਗ੍ਰਾਮ ਦੁੱਧ ਦੀ ਮਾਤਰਾ ਚਾਰ ਗ੍ਰਾਮ ਕਰ ਦਿੱਤੀ ਹੈ ਅਤੇ ਪੰਜੀਰੀ 65 ਗ੍ਰਾਮ ਤੋਂ 60 ਗ੍ਰਾਮ ਕਰ ਦਿੱਤੀ ਹੈ। ਛੇ ਮਹੀਨੇ ਤੋਂ ਤਿੰਨ ਸਾਲ ਤੱਕ ਦੇ ਬੱਚਿਆਂ ਨੂੰ ਜੋ ਦਲੀਆ ਦਿੱਤਾ ਜਾਂਦਾ ਹੈ, ਉਸ ਵਿਚ ਕਣਕ ਦੀ ਮਾਤਰਾ 100 ਗ੍ਰਾਮ ਤੋਂ 80 ਗ੍ਰਾਮ ਪ੍ਰਤੀ ਬੱਚਾ ਕਰ ਦਿੱਤੀ ਹੈ ਅਤੇ ਚੀਨੀ ਦੀ ਮਾਤਰਾ 32 ਗ੍ਰਾਮ ਤੋਂ 30 ਗ੍ਰਾਮ ਕਰ ਦਿੱਤੀ ਹੈ। ਖੀਰ 14 ਗ੍ਰਾਮ ਤੋਂ 13 ਗ੍ਰਾਮ ਕਰ ਦਿੱਤੀ ਗਈ ਹੈ। ਤਿੰਨ ਸਾਲ ਤੱਕ ਦੇ ਬੱਚਿਆਂ ਨੂੰ ਪੰਜੀਰੀ ਦੀ ਮਾਤਰਾ 85 ਗ੍ਰਾਮ ਤੋਂ ਘਟਾ ਕੇ 79 ਗ੍ਰਾਮ ਕਰ ਦਿੱਤੀ ਹੈ।

ਗਰਭਵਤੀ ਮਾਵਾਂ ਨੂੰ ਦਿੱਤੇ ਜਾਂਦੇ ਰਾਸ਼ਨ ਵਿਚ ਦਲੀਏ ਵਾਲਾ ਦੁੱਧ 16 ਗ੍ਰਾਮ ਤੋਂ 15 ਗ੍ਰਾਮ ਪ੍ਰਤੀ ਮਹਿਲਾ ਕਰ ਦਿੱਤਾ ਹੈ। ਪੰਜੀਰੀ 100 ਗ੍ਰਾਮ ਤੋਂ ਘਟਾ ਕੇ 92 ਗ੍ਰਾਮ ਪ੍ਰਤੀ ਮਹਿਲਾ ਕਰ ਦਿੱਤੀ ਹੈ। ਇਸੇ ਤਰ੍ਹਾਂ ਬਾਕੀ ਰਾਸ਼ਨ 'ਤੇ ਕੱਟ ਲਾਇਆ ਹੈ। ਦੁੱਧ ਅਤੇ ਪੰਜੀਰੀ ਦੀ ਖਰੀਦ ਮਿਲਕਫੈੱਡ ਤੋਂ ਕੀਤੀ ਜਾਂਦੀ ਹੈ ਤੇ ਮਿਲਕਫੈੱਡ ਨੇ ਹੁਣ ਵਿਭਾਗ ਨੂੰ ਇਨ੍ਹਾਂ ਉਤਪਾਦਾਂ 'ਤੇ ਪੰਜ ਫੀਸਦੀ ਜੀ.ਐਸ.ਟੀ. ਦੀ ਅਦਾਇਗੀ ਕਰਨ ਲਈ ਆਖਿਆ ਹੈ। ਇਸਤਰੀ ਤੇ ਬਾਲ ਵਿਕਾਸ ਵਿਭਾਗ ਦੇ ਡਾਇਰੈਕਟਰ ਨੇ ਤਰਕ ਦਿੱਤਾ ਹੈ ਕਿ ਪੰਜ ਫੀਸਦੀ ਜੀ.ਐਸ.ਟੀ. ਲੱਗਣ ਨਾਲ ਉਤਪਾਦਾਂ ਦੀ ਕੀਮਤ ਵਿਚ ਵਾਧਾ ਹੋ ਗਿਆ ਹੈ, ਜਿਸ ਕਰ ਕੇ ਜੀ.ਐਸ.ਟੀ. ਦੀ ਅਦਾਇਗੀ ਕਰਨ ਲਈ ਬੱਚਿਆਂ ਦੇ ਰਾਸ਼ਨ ਵਿਚ ਮਾਮੂਲੀ ਕਟੌਤੀ ਕੀਤੀ ਗਈ ਹੈ।

# ਟਰੰਪ ਦੀ ਵੀਜ਼ਾ ਸਖਤੀ ਤੋਂ ਕਾਰੋਬਾਰੀ ਵੀ ਔਖੇ

**ਵਾਸ਼ਿੰਗਟਨ:** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੀ ਸਖ਼ਤ ਪਰਵਾਸ ਨੀਤੀ ਤੋਂ ਪਰਵਾਸੀ ਭਾਵੇ ਨਰਾਜ਼ ਹਨ। ਅਮਰੀਕੀ ਚੋਣਾਂ ਤੇ ਦੇਸ਼ ਦੇ ਮਾਲੀਏ ਵਿਚ ਵੱਡਾ ਯੋਗਦਾਨ ਪਾਉਣ ਵਾਲੇ ਪਰਵਾਸੀ ਟਰੰਪ ਸਰਕਾਰ ਉਪਰ ਦਬਾਅ ਬਣਾ ਰਹੇ ਹਨ ਕਿ ਓਬਾਮਾ ਕਾਲ ਦੇ ਨਿਯਮ ਬਹਾਲ ਕੀਤੇ ਜਾਣ।

ਅਮਰੀਕੀ ਕਾਰੋਬਾਰੀ ਵੀ ਸਖ਼ਤ ਪਰਵਾਸ ਨਿਯਮਾਂ ਤੋਂ ਖੁਸ਼ ਨਹੀਂ ਹਨ। ਐਪਲ, ਫੇਸਬੁੱਕ , ਮਾਇਕ੍ਰੋਸਾਫਟ ਤੇ ਗੂਗਲ ਦੀ ਨੁਮਾਇੰਦਗੀ ਕਰਦੀਆਂ ਅਮਰੀਕੀ ਤਕਨਾਲੋਜੀ ਕਾਰੋਬਾਰੀ ਜਥੇਬੰਦੀਆਂ ਨੇ ਟਰੰਪ ਪ੍ਰਸ਼ਾਸਨ ਨੂੰ ਬੇਨਤੀ ਕੀਤੀ ਹੈ ਕਿ ਉਹ ਓਬਾਮਾ ਕਾਲ ਦੇ ਨਿਯਮ ਨੂੰ ਬਹਾਲ ਰੱਖਣ ਜਿਸ ਤਹਿਤ ਭਾਰਤੀਆਂ ਸਮੇਤ ਐਚ-1ਬੀ ਵੀਜ਼ਾ ਧਾਰਕਾਂ ਦੇ ਕੁਝ ਜੀਵਨ ਸਾਥੀਆਂ ਨੂੰ ਅਮਰੀਕਾ ਵਿਚ ਕਾਨੂੰਨੀ ਤੌਰ ਉਤੇ ਕੰਮ ਕਰਨ ਦੀ ਇਜਾਜ਼ਤ ਦਿੱਤੀ ਗਈ ਸੀ।

ਸੂਚਨਾ ਤਕਨਾਲੋਜੀ ਸਨਅਤ ਪ੍ਰੀਸ਼ਦ, ਅਮਰੀਕੀ ਚੈਂਬਰ ਆਫ ਕਾਮਰਸ ਤੇ ਬੀ.ਐਸ.ਏ. ਨੇ ਨਾਗਰਿਕਤਾ ਤੇ ਆਵਾਸ ਸੇਵਾਵਾਂ ਨੂੰ ਪੱਤਰ ਲਿਖ ਕੇ ਬੇਨਤੀ ਕੀਤੀ ਹੈ ਕਿ ਸਰਕਾਰ ਐਚ-4 ਪ੍ਰੋਗਰਾਮ ਬਹਾਲ ਰੱਖੇ ਜਿਸ ਤਹਿਤ ਐਚ-1ਬੀ ਵੀਜ਼ਾ ਧਾਰਕਾਂ ਦੇ ਜੀਵਨ ਸਾਥੀ, ਜਿਨ੍ਹਾਂ ਦੇ ਗਰੀਨ ਕਾਰਡ ਬਕਾਇਆ ਪਏ ਹਨ, ਕਾਨੂੰਨੀ ਤੌਰ 'ਤੇ ਅਮਰੀਕਾ 'ਚ ਕੰਮ ਕਰ ਸਕਦੇ ਹਨ। ਰਿਪੋਰਟਾਂ ਮੁਤਾਬਕ ਟਰੰਪ ਪ੍ਰਸ਼ਾਸਨ ਜੀਵਨ ਸਾਥੀਆਂ ਨੂੰ ਵਰਕ ਪਰਮਿਟ ਨਾ ਦੇਣ ਦੇ ਫੈਸਲੇ ਉਤੇ ਬਜ਼ਿਦ ਹੈ ਤੇ ਇਸ ਦੀ ਦਲੀਲ ਹੈ ਕਿ ਇਸ ਨਾਲ ਜਾਇਜ਼ ਅਮਰੀਕੀ ਵਰਕਰਾਂ ਦਾ ਹਿੱਸਾ ਮਾਰਿਆ ਜਾਵੇਗਾ।

ਅਮਰੀਕੀ ਨਾਗਰਿਕਤਾ ਤੇ ਆਵਾਸ ਸੇਵਾਵਾਂ ਦੇ ਡਾਇਰੈਕਟਰ ਲੀ ਫਰਾਂਸਿਸ ਸਿਸਨਾ ਦੇ ਨਾਮ ਉਤੇ ਲਿਖੇ ਗਏ ਇਸ ਪੱਤਰ ਵਿਚ ਕਿਹਾ ਗਿਆ ਹੈ ਕਿ ਐਚ-4 ਜੀਵਨ ਸਾਥੀਆਂ, ਜਿਨ੍ਹਾਂ 'ਚ ਜ਼ਿਆਦਾਤਰ ਮਹਿਲਾਵਾਂ ਹਨ, ਵਾਲੀ ਪ੍ਰਣਾਲੀ 'ਚ ਦੁਚਿੱਤੀ ਦਾ ਮਾਹੌਲ ਬਣਿਆ ਹੋਇਆ ਹੈ ਤੇ ਉਨ੍ਹਾਂ ਨੂੰ ਅਫਸਰਸ਼ਾਹੀ ਤੋਂ ਪ੍ਰਵਾਨਗੀ ਮਿਲਣ ਤੱਕ ਕੰਮ ਕਰਨ ਤੋਂ ਰੋਕਿਆ ਜਾ ਸਕਦਾ ਹੈ।

### ਹੁਨਰ ਤੇ ਅੰਗਰੇਜ਼ੀ ਸਹਾਰੇ ਵੱਜੇਗੀ ਅਮਰੀਕਾ ਉਡਾਰੀ

**ਵਾਸ਼ਿੰਗਟਨ:** ਟਰੰਪ ਪ੍ਰਸ਼ਾਸਨ ਅਜਿਹੇ ਪਰਵਾਸੀ ਚਾਹੁੰਦਾ ਹੈ, ਜਿਨ੍ਹਾਂ ਕੋਲ ਹੁਨਰ ਹੋਵੇ ਅਤੇ ਅੰਗਰੇਜ਼ੀ ਬੋਲ ਸਕਦੇ ਹੋਣ। ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਅਮਰੀਕਾ 'ਚ ਪਰਵਾਸ ਘਟਾਉਣ ਵਾਸਤੇ ਮੈਰਿਟ-ਆਧਾਰਤ ਆਵਾਸ ਪ੍ਰਣਾਲੀ ਉਤੇ ਜ਼ੋਰ ਦਿੱਤਾ ਜਾ ਰਿਹਾ ਹੈ। ਟਰੰਪ ਪ੍ਰਸ਼ਾਸਨ ਨੂੰ ਲੱਗਦਾ ਹੈ ਕਿ ਮੈਰਿਟ ਆਧਾਰਤ ਆਵਾਸ ਪ੍ਰਣਾਲੀ ਨਾਲ ਅਮਰੀਕਾ ਵਿਚ ਵਿਸ਼ਵ ਭਰ ਤੋਂ ਹੁਨਰਮੰਦ ਅਤੇ ਬਿਹਤਰੀਨ ਲੋਕ ਆਉਣਗੇ ਅਤੇ ਗੈਰਕਾਨੂੰਨੀ ਪਰਵਾਸ ਨੂੰ ਠੱਲ੍ਹ ਪਵੇਗੀ। ਰਾਸ਼ਟਰਪਤੀ ਮੌਜੂਦਾ ਸਿਸਟਮ ਵਿਚ ਸੁਧਾਰ ਰਾਹੀਂ ਲਾਟਰੀ ਵੀਜ਼ਾ ਅਤੇ ਲੜੀਵਾਰ ਪਰਵਾਸ ਨੂੰ ਵੀ ਖਤਮ ਕਰਨਾ ਚਾਹੁੰਦੇ ਹਨ।

## ਗੁਰਬੀਰ ਸਿੰਘ ਨਿਊ ਜਰਸੀ ਦਾ ਪਹਿਲਾ ਸਿੱਖ ਅਟਾਰਨੀ ਜਨਰਲ



**ਨਿਊ ਯਾਰਕ:** ਉਘੇ ਵਕੀਲ ਗੁਰਬੀਰ ਸਿੰਘ ਗਰੇਵਾਲ (44) ਨੂੰ ਅਮਰੀਕਾ ਦੇ ਸੂਬੇ ਨਿਊ ਜਰਸੀ ਦਾ ਅਟਾਰਨੀ ਜਨਰਲ (ਏਜੀ) ਨਿਯੁਕਤ ਕੀਤਾ ਗਿਆ ਹੈ।ਸੂਬੇ ਦੀ ਸੈਨੇਟ ਵੱਲੋਂ ਸਰਬਸੰਮਤੀ ਨਾਲ ਨਾਮਜ਼ਦਗੀ ਨੂੰ ਪ੍ਰਵਾਨਗੀ ਦਿੱਤੇ ਜਾਣ ਮਗਰੋਂ ਗੁਰਬੀਰ ਸਿੰਘ ਨਿਊ ਜਰਸੀ ਦਾ ਪਹਿਲਾ ਸਿੱਖ ਅਟਾਰਨੀ ਜਨਰਲ ਬਣ ਗਿਆ ਹੈ। ਉਨ੍ਹਾਂ ਨੂੰ 29 ਵੋਟਾਂ ਮਿਲੀਆਂ ਜਦਕਿ ਵਿਰੋਧ ਵਿਚ ਇਕ ਵੀ ਵੋਟ ਨਹੀਂ ਪਈ। ਉਨ੍ਹਾਂ ਨੇ ਨਿੱਜੀ ਸਮਾਗਮ ਦੌਰਾਨ ਅਹੁਦੇ ਦੀ ਸਹੁੰ ਚੁੱਕ ਲਈ।

ਸੈਨੇਟ ਦੀ ਜੁਡੀਸ਼ਰੀ ਕਮੇਟੀ ਵੱਲੋਂ ਮਨਜ਼ੂਰੀ ਦਿੱਤੇ ਜਾਣ ਮਗਰੋਂ ਸ੍ਰੀ ਗਰੇਵਾਲ ਨੇ ਕਿਹਾ, "ਮੈਂ ਕਦੇ ਵੀ ਸੋਚਿਆ ਨਹੀਂ ਸੀ ਕਿ ਇਸ ਮੁਕਾਮ 'ਤੇ ਪਹੁੰਚਾਂਗਾ।" ਸ੍ਰੀ ਗਰੇਵਾਲ ਨੂੰ ਦਸੰਬਰ ਵਿਚ ਅਗਲੇ ਅਟਾਰਨੀ ਜਨਰਲ ਵਜੋਂ ਸੇਵਾਵਾਂ ਦੇਣ ਲਈ ਨਾਮਜ਼ਦ ਕੀਤਾ ਗਿਆ ਸੀ ਅਤੇ ਮਨੋਨੀਤ ਗਵਰਨਰ ਫਿਲ ਮਰਫੀ ਨੇ ਉਨ੍ਹਾਂ ਦੇ ਨਾਮ ਦੀ ਪੇਸ਼ਕਸ਼ ਕੀਤੀ ਸੀ।

## ਕੈਨੇਡੀਅਨ ਕਲੱਬ ਵਿਚ ਸਿੱਖ ਨੂੰ ਦਸਤਾਰ ਉਤਾਰਨ ਲਈ ਕਿਹਾ

**ਔਟਵਾ:** ਕੈਨੇਡੀਅਨ ਕਲੱਬ ਵਿਚ ਇਕ ਔਰਤ ਨੇ ਸਿੱਖ ਨੂੰ ਦਸਤਾਰ ਲਾਹੁਣ ਲਈ ਕਿਹਾ। ਦਸਤਾਰ ਲਾਹੁਣ ਦੀ ਧਮਕੀ ਤੋਂ ਇਲਾਵਾ ਨਸਲੀ ਟਿੱਪਣੀਆਂ ਵੀ ਕੀਤੀਆਂ ਗਈਆਂ। ਸੀ.ਬੀ.ਸੀ. ਨਿਊਜ਼ ਦੀ ਰਿਪੋਰਟ ਅਨੁਸਾਰ ਸਾਬਕਾ ਕੈਨੇਡੀਅਨ ਫੌਜੀਆਂ ਦੀ ਆਰਗੇਨਾਈਜੇਸ਼ਨ 'ਰਾਇਲ ਕੈਨੇਡੀਅਨ ਲੀਜਨ' ਵਿਚ ਜਸਵਿੰਦਰ ਸਿੰਘ ਧਾਲੀਵਾਲ ਆਪਣੇ ਦੋਸਤਾਂ ਨਾਲ ਸਨੂਕਰ ਖੇਡ ਰਿਹਾ ਸੀ।

ਇਸ ਆਰਗੇਨਾਈਜੇਸ਼ਨ ਦੇ ਪ੍ਰਬੰਧਕ ਉਨ੍ਹਾਂ ਕੋਲ ਆਏ ਅਤੇ ਸ੍ਰੀ ਧਾਲੀਵਾਲ ਨੂੰ ਦਸਤਾਰ ਉਤਾਰਨ ਲਈ ਕਿਹਾ ਕਿਉਂਕਿ ਸੀਨੀਅਰ ਫੌਜੀਆਂ ਦੇ ਸਨਮਾਨ ਵਿਚ ਸਿਰ ਉਤੇ ਪਹਿਨੀ ਵਸਤ ਉਤਾਰਨਾ ਉਨ੍ਹਾਂ ਦੀ ਨੀਤੀ ਹੈ। ਹਾਲਾਂਕਿ ਧਾਰਮਿਕ ਚਿੰਨ੍ਹਾਂ ਨੂੰ ਛੋਟ ਦਿੱਤੀ ਗਈ ਹੈ। ਇਹ ਘਟਨਾ ਕੈਨੇਡਾ ਦੇ ਪ੍ਰਿੰਸ ਐਡਵਰਡ ਟਾਪੂ ਉਤੇ ਟਿਗਨਿਸ਼ ਸ਼ਹਿਰ ਵਿਚ ਵਾਪਰੀ। ਇਸ ਘਟਨਾ ਦੀ ਵੀਡੀਓ ਵਿਚ ਇਕ ਔਰਤ ਦਸਤਾਰ 'ਲਾਹੁਣ' ਦੀ ਧਮਕੀ ਦੇ ਰਹੀ ਹੈ ਤੇ ਬਾਰ ਦਾ ਇਕ ਸਰਪ੍ਰਸਤ ਭੱਦੇ ਇਸ਼ਾਰੇ ਕਰਦਾ ਕਹਿ ਰਿਹਾ ਹੈ ਕਿ ਦਸਤਾਰ ਉਤਾਰਨੀ ਚਾਹੀਦੀ ਹੈ, 'ਇਹ ਕਾਨੂੰਨ ਹੈ'।

ਇਸ ਰਿਪੋਰਟ ਮੁਤਾਬਕ 'ਰਾਇਲ ਕੈਨੇਡੀਅਨ ਲੀਜਨ' ਦੇ ਪ੍ਰਧਾਨ ਸਟੀਫਨ ਗਲੈਂਟ ਨੇ ਕਿਹਾ ਕਿ ਉਨ੍ਹਾਂ ਦੀ ਨੀਤੀ ਵਿਚ ਧਾਰਮਿਕ ਵਸਤਰਾਂ ਨੂੰ ਛੋਟ ਦਿੱਤੀ ਗਈ ਹੈ। ਗਲੈਂਟ ਨੇ



ਕਿਹਾ, 'ਦਸਤਾਰ ਦੇ ਧਾਰਮਿਕ ਵਸਤਰ ਹੋਣ ਬਾਰੇ ਭੁਲੇਖਾ ਸੀ, ਜਿਸ ਕਾਰਨ ਅਨਜਾਣੇ ਵਿਚ ਇਹ ਗਲਤੀ ਹੋ ਗਈ। ਇਸ ਵਾਸਤੇ ਮੈਂ ਮੁਆਫੀ ਮੰਗਦਾ ਹਾਂ। ਮੈਂ ਆਪਣੇ ਸਟਾਫ ਅਤੇ ਇਥੋਂ ਤੱਕ ਕੇ ਪੂਰੇ ਲੀਜਨ ਪਰਿਵਾਰ ਵੱਲੋਂ ਮੁਆਫੀ ਮੰਗਦਾ ਹਾਂ। ਅਸੀਂ ਧਾਰਮਿਕ ਚਿੰਨ੍ਹਾਂ ਤੇ ਵਸਤਰਾਂ ਬਾਰੇ ਆਪਣੇ ਸਟਾਫ ਨੂੰ ਸਿਖਲਾਈ ਦੇਵਾਂਗੇ ਤਾਂ ਜੋ ਭਵਿੱਖ ਵਿਚ ਅਜਿਹੀ ਘਟਨਾ ਨਾ ਹੋਵੇ।'

## ਭਾਰਤ-ਅਮਰੀਕੀ ਸੰਸਦ ਮੈਂਬਰ ਟਰੰਪ ਦੇ ਭਾਸ਼ਣ ਦਾ ਕਰਨਗੇ ਬਾਈਕਾਟ

**ਵਾਸ਼ਿੰਗਟਨ:** ਭਾਰਤ-ਅਮਰੀਕੀ ਕਾਂਗਰਸ ਵਿਮੈੱਨ ਪ੍ਰਮਿਲਾ ਜਯਾਪਾਲ (52) ਨੇ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਦੋਵੇਂ ਸਦਨਾਂ ਦੀ ਸਾਂਝੀ ਬੈਠਕ ਦੇ ਸੰਬੋਧਨ ਦਾ ਬਾਈਕਾਟ ਕਰਨ ਦਾ ਫੈਸਲਾ ਲਿਆ ਹੈ। ਟਰੰਪ ਦੀਆਂ ਨੀਤੀਆਂ ਅਤੇ ਪਰਵਾਸੀਆਂ ਵਿਰੁੱਧ ਤਿੱਖੇ ਤੇਵਰਾਂ ਦੇ ਵਿਰੋਧ 'ਚ ਜਯਾਪਾਲ ਨੇ ਇਹ ਫੈਸਲਾ ਲਿਆ ਹੈ। ਜਯਾਪਾਲ ਅੱਧਾ ਦਰਜਨ ਤੋਂ ਵਧ ਡੈਮੋਕਰੇਟਿਕ ਕਾਨੂੰਨਸਾਜ਼ਾਂ 'ਚ ਸ਼ਾਮਲ ਹੋ ਗਈ ਹੈ ਜੋ 30 ਜਨਵਰੀ ਨੂੰ ਟਰੰਪ ਦੇ ਭਾਸ਼ਣ ਦਾ ਬਾਈਕਾਟ ਕਰਨਗੇ। ਇਨ੍ਹਾਂ 'ਚ ਉਘੇ ਕਾਂਗਰਸਮੈਨ ਜੌਹਨ ਲੁਇਸ ਵੀ ਸ਼ਾਮਲ ਹਨ।

ਟਰੰਪ ਦੇ ਭਾਸ਼ਣ ਦਾ ਬਾਈਕਾਟ ਕਰਨ ਵਾਲਿਆਂ 'ਚ ਫਰੈਡਰਿਕਾ ਵਿਲਸਨ, ਮੈਕਸਿਨ ਵਾਟਰਜ਼ ਅਤੇ ਅਰਲ ਬਲੂਮੈਨੋਰ ਸ਼ਾਮਲ ਹਨ। ਜਯਾਪਾਲ ਵੱਲੋਂ ਕਿਹਾ ਗਿਆ ਕਿ ਹੈਤੀ ਅਤੇ ਹੋਰ ਅਫਰੀਕੀ ਮੁਲਕਾਂ ਖਿਲਾਫ਼ ਭੱਦੀ ਸ਼ਬਦਾਵਲੀ ਅਤੇ ਨਫਰਤ ਫੈਲਾਉਣ ਜਿਹੇ ਬਿਆਨਾਂ ਕਰ ਕੇ ਉਹ ਟਰੰਪ ਦੇ ਭਾਸ਼ਣ ਦਾ ਬਾਈਕਾਟ ਕਰਨਗੇ।

## ਐਨ.ਡੀ.ਪੀ. ਆਗੂ ਜਗਮੀਤ ਸਿੰਘ ਨੇ ਕਰਵਾਇਆ ਮੰਗਣਾ

**ਟੋਰਾਂਟੋ:** ਕੈਨੇਡਾ ਦੀ ਕੌਮੀ ਡੈਮੋਕ੍ਰੇਟਿਕ ਪਾਰਟੀ ਦੇ ਨੇਤਾ ਜਗਮੀਤ ਸਿੰਘ ਨੇ ਐਲਾਨ ਕੀਤਾ ਕਿ ਉਨ੍ਹਾਂ ਦੀ ਕੁੜਮਾਈ ਹੋ ਗਈ ਹੈ। ਦਸੰਬਰ 'ਚ ਸੋਸ਼ਲ ਮੀਡੀਆ ਉਤੇ ਉਸ ਦੇ 'ਰੋਕੇ' ਦੀਆਂ



ਖ਼ਬਰਾਂ ਨਸ਼ਰ ਹੋਈਆਂ ਸਨ ਪਰ ਉਦੋਂ ਉਨ੍ਹਾਂ ਇਸ ਨੂੰ ਸਿਰਫ ਦੋਹਾਂ ਪਰਿਵਾਰਾਂ ਦੀ ਮਿਲਣੀ ਹੀ ਆਖਿਆ ਸੀ।

ਜਗਮੀਤ ਸਿੰਘ ਨੇ ਇਕ ਨਿੱਜੀ ਸਮਾਗਮ ਵਿਚ ਆਪਣੀ ਦੋਸਤ ਗੁਰਕਿਰਨ ਕੌਰ ਸਿੱਧੂ (27) ਨਾਲ ਮੁੰਦਰੀਆਂ ਵਟਾ ਕੇ ਆਪਣੀ ਚਿਰੋਕਣੀ ਮੁਹੱਬਤ ਤੋਂ ਪਰਦਾ ਚੁੱਕ ਦਿੱਤਾ ਹੈ। ਗੁਰਕਿਰਨ ਇਕ ਫੈਸ਼ਨ ਡਿਜ਼ਾਈਨਰ ਹੈ ਅਤੇ ਉਸ ਨੇ ਪੰਜਾਬੀ ਪਹਿਰਾਵੇ 'ਜੰਗੀਰੋ' ਨਾਂ ਹੇਠ ਲਾਂਚ ਕੀਤੇ ਹਨ ਜੋ ਮਕਬੂਲ ਵੀ ਹੋਏ ਹਨ।

ਅੰਮ੍ਰਿਤਧਾਰੀ ਜਗਮੀਤ ਸਿੰਘ (38) ਪਿਛਲੇ ਸਾਲ ਐਨ.ਡੀ.ਪੀ. ਦੇ ਕੌਮੀ ਨੇਤਾ ਚੁਣੇ ਗਏ ਸੀ ਅਤੇ ਉਨ੍ਹਾਂ ਨੂੰ ਭਵਿੱਖ ਦੇ ਉਭਰਦੇ ਲੀਡਰ ਵਜੋਂ ਵੇਖਿਆ ਜਾ ਰਿਹਾ ਹੈ। ਇਸ ਸਮਾਗਮ ਵਿਚ ਦੋਵਾਂ ਪਰਿਵਾਰਾਂ ਦੇ ਨੇੜਲੇ ਸ਼ਾਮਲ ਸਨ। ਸੋਸ਼ਲ ਮੀਡੀਆ 'ਤੇ ਦੋਹਾਂ ਨੂੰ ਖੂਬ ਵਧਾਈਆਂ ਮਿਲ ਰਹੀਆਂ ਹਨ।

# ਪਾਕਿਸਤਾਨ ਦੇ ਸਈਦ ਪ੍ਰਤੀ ਹੇਜ 'ਤੇ ਅਮਰੀਕਾ ਦੀ ਚਿਤਾਵਨੀ

**ਵਾਸ਼ਿੰਗਟਨ:** ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਿਦ ਖਾਕਾਨ ਅੱਬਾਸੀ ਵੱਲੋਂ ਮੁੰਬਈ ਹਮਲੇ ਦੇ ਮੁੱਖ ਸਾਜ਼ਿਸ਼ਘਾੜੇ ਹਾਫਿਜ਼ ਸਈਦ ਪ੍ਰਤੀ ਹੇਜ ਪ੍ਰਗਟਾਏ ਜਾਣ ਤੋਂ ਨਾਖੁਸ਼ ਅਮਰੀਕਾ ਨੇ



ਇਸਲਾਮਾਬਾਦ ਨੂੰ ਸਪੱਸ਼ਟ ਸ਼ਬਦਾਂ 'ਚ ਆਖਿਆ ਕਿ ਸਈਦ 'ਦਹਿਸ਼ਤਗਰਦ' ਹੈ ਅਤੇ ਕੇਸ ਚਲਾ ਕੇ ਉਸ ਨੂੰ ਸਖਤ ਸਜ਼ਾ ਮਿਲਣੀ ਚਾਹੀਦੀ ਹੈ। ਅਮਰੀਕੀ ਗ੍ਰਹਿ ਮੰਤਰਾਲੇ ਦਾ ਇਹ ਪ੍ਰਤੀਕਰਮ ਉਸ ਸਮੇਂ ਆਇਆ ਹੈ ਜਦੋਂ ਅੱਬਾਸੀ ਨੇ ਜੀਓ ਟੀਵੀ ਨਾਲ ਇੰਟਰਵਿਊ ਦੌਰਾਨ ਸਈਦ ਨੂੰ 'ਸਾਹਿਬ' ਦੱਸਦਿਆਂ ਕਿਹਾ ਸੀ ਕਿ ਉਸ ਖਿਲਾਫ਼ ਪਾਕਿਸਤਾਨ ਵਿਚ ਕੋਈ ਕੇਸ ਨਹੀਂ ਹੈ ਜਿਸ ਕਾਰਨ ਉਸ ਉਤੇ ਕਾਰਵਾਈ ਨਹੀਂ ਕੀਤੀ ਜਾ ਸਕਦੀ।

ਅਮਰੀਕੀ ਗ੍ਰਹਿ ਵਿਭਾਗ ਦੀ ਤਰਜਮਾਨ ਹੀਥਰ ਨੌਰਟ ਨੇ ਕਿਹਾ, "ਸਾਡੇ ਵਿਚਾਰ ਨਾਲ ਉਸ (ਸਈਦ) ਨੂੰ ਸਖ਼ਤ ਸਜ਼ਾ ਮਿਲਣੀ ਚਾਹੀਦੀ ਹੈ। ਉਹ ਸੰਯੁਕਤ ਰਾਸ਼ਟਰ ਸਲਾਮਤੀ ਪ੍ਰੀਸ਼ਦ ਦੇ ਨਾਮਜ਼ਦ ਦਹਿਸ਼ਤਗਰਦਾਂ ਵਿਚੋਂ ਇਕ ਹੈ। ਉਹ ਲਸ਼ਕਰ-ਏ-ਤੋਇਬਾ ਨਾਲ ਸਬੰਧਤ ਹੈ, ਜੋ ਨਾਮਜ਼ਦ ਵਿਦੇਸ਼ੀ ਦਹਿਸ਼ਤੀ ਜਥੇਬੰਦੀ ਹੈ।"

ਨੌਰਟ ਨੇ ਕਿਹਾ ਕਿ ਅਮਰੀਕਾ ਨੇ ਪਾਕਿਸਤਾਨ ਸਰਕਾਰ ਨੂੰ ਸਪੱਸ਼ਟ ਤੌਰ ਉਤੇ ਆਪਣੇ ਤੌਖਲੇ ਜ਼ਾਹਿਰ ਕਰ ਦਿੱਤੇ ਹਨ ਅਤੇ ਇਸ ਵਿਅਕਤੀ ਨੂੰ ਸਜ਼ਾ ਮਿਲਣੀ ਚਾਹੀਦੀ ਹੈ। ਅੱਬਾਸੀ ਵੱਲੋਂ ਦਿੱਤੇ ਬਿਆਨ ਬਾਰੇ ਜਦੋਂ ਸਵਾਲ ਪੁੱਛਿਆ ਗਿਆ ਤਾਂ ਨੌਰਟ ਨੇ ਕਿਹਾ ਕਿ ਅਮਰੀਕਾ ਉਸ ਨੂੰ ਦਹਿਸ਼ਤਗਰਦ ਮੰਨਦਾ ਹੈ ਜੋ ਵਿਦੇਸ਼ੀ ਦਹਿਸ਼ਤੀ ਜਥੇਬੰਦੀ ਦਾ ਹਿੱਸਾ ਹੈ।

## ਪਾਕਿਸਤਾਨੀਆਂ ਵੱਲੋਂ ਅਮਰੀਕਾ ਵਿਚ 'ਫਰੀ ਕਰਾਚੀ' ਮੁਹਿੰਮ

**ਵਾਸ਼ਿੰਗਟਨ:** ਪਾਕਿਸਤਾਨੀਆਂ ਦੇ ਇਕ ਸਮੂਹ ਨੇ ਅਮਰੀਕਾ ਵਿਚ 'ਫਰੀ ਕਰਾਚੀ ਮੁਹਿੰਮ' ਦੀ ਸ਼ੁਰੂਆਤ ਕੀਤੀ। ਇਸ ਗਰੁੱਪ ਦਾ ਕਹਿਣਾ ਹੈ




ਕਿ ਉਨ੍ਹਾਂ ਦੇ ਭਾਈਚਾਰੇ ਦੇ ਲੋਕਾਂ ਉਤੇ ਸਥਾਨਕ ਸਰਕਾਰ ਵੱਲੋਂ ਜ਼ੁਲਮ ਕੀਤਾ ਜਾ ਰਿਹਾ ਹੈ। ਇਸ ਗਰੁੱਪ ਨੇ ਇਕ ਮਿੰਨੀ ਟਰੱਕ ਨਾਲ 'ਫਰੀ ਕਰਾਚੀ ਮੁਹਿੰਮ' ਬੈਨਰ ਨਾਲ ਮਾਰਟਿਨ ਲੂਥਰ ਪਰੇਡ ਵਿਚ ਹਿੱਸਾ ਲਿਆ।

ਮੁਹਾਜਿਰਾਂ ਦੀ ਸਿਆਸੀ ਪਾਰਟੀ ਮੁਤਹਿਦਾ ਕੌਮੀ ਮੂਵਮੈਂਟ ਦੇ ਕਨਵੀਨਰ ਨਦੀਮ ਨੁਸਰਤ ਨੇ ਕਿਹਾ ਕਿ ਅਸੀਂ ਚਾਹੁੰਦੇ ਹਾਂ ਕਿ ਕਰਾਚੀ ਨੂੰ ਪਾਕਿਸਤਾਨ ਦੇ ਕਬਜ਼ੇ 'ਚੋਂ ਬਾਹਰ ਕੱਢਿਆ ਜਾਵੇ। ਅਸੀਂ ਚਾਹੁੰਦੇ ਹਾਂ ਕਿ ਕਰਾਚੀ ਨੂੰ ਸੁਰੱਖਿਆ ਫੋਰਸਾਂ ਤੋਂ ਮੁਕਤ ਕੀਤਾ ਜਾਵੇ। ਅਸੀਂ ਕਰਾਚੀ ਦੇ ਲੋਕਾਂ ਲਈ ਮਨੁੱਖੀ ਹੱਕਾਂ ਦੀ ਮੰਗ ਕਰਦੇ ਹਾਂ। ਵਖਾਵਾਕਾਰੀਆਂ ਦਾ ਕਹਿਣਾ ਹੈ ਕਿ ਉਹ ਇਸ ਸਬੰਧੀ ਪਾਰਲੀਮੈਂਟ ਦੇ ਮੈਂਬਰਾਂ ਨਾਲ ਸੰਪਰਕ ਕਰਨਗੇ ਤੇ ਲੋੜ ਪਈ ਤਾਂ ਰਾਸ਼ਟਰਪਤੀ ਟਰੰਪ ਦੇ ਸਾਹਮਣੇ ਵੀ ਮੰਗ ਉਠਾਉਣਗੇ। ਮੁਹਾਜਿਰ ਉਨ੍ਹਾਂ ਲੋਕਾਂ ਨੂੰ ਕਿਹਾ ਜਾਂਦਾ ਹੈ, ਜੋ ਭਾਰਤ-ਪਾਕਿਸਤਾਨ ਵੰਡ ਮੌਕੇ 1947 ਵਿਚ ਭਾਰਤ ਛੱਡ ਕੇ ਪਾਕਿਸਤਾਨ ਗਏ ਸਨ। ਇਨ੍ਹਾਂ ਵਿਚ ਕਾਫੀ ਗਿਣਤੀ ਵਿਚ ਲੋਕ ਸਿੰਧ ਸੂਬੇ ਵਿਚ ਰਹਿਣ ਲੱਗੇ ਸਨ।

## ਗੋਦ ਲਿਆ ਭਾਰਤੀ ਸਵਿਸ ਸੰਸਦ ਮੈਂਬਰ

**ਨਵੀਂ ਦਿੱਲੀ:** ਨਿਕਲਾਸ ਸੈਮੂਅਲ ਗੁੱਗਰ ਨੂੰ 40 ਸਾਲ ਪਹਿਲਾਂ ਇਕ ਹਸਪਤਾਲ ਵਿਚ ਜਨਮ ਦੇ ਕੇ ਤੁਰਤ ਤਿਆਗ ਦੇਣ ਵਾਲੀ ਉਸ ਦੀ ਮਾਂ ਅਨਸੂਆ ਨੇ ਕਦੇ ਕਲਪਨਾ ਵੀ ਨਹੀਂ ਕੀਤੀ ਹੋਵੇਗੀ ਕਿ ਉਸ ਦਾ ਬੱਚਾ ਕਦੇ ਸਵਿਟਜ਼ਰਲੈਂਡ ਵਿਚ ਸੰਸਦ ਮੈਂਬਰ ਵਜੋਂ ਚੁਣਿਆ ਜਾਣ ਵਾਲਾ ਪਹਿਲਾ ਭਾਰਤੀ ਹੋਵੇਗਾ। ਪਹਿਲੀ ਮਈ 1970 ਨੂੰ ਕਰਨਾਟਕ ਦੇ ਉਡੁਪੀ ਕਸਬੇ 'ਚ ਬਾਸਿਲ ਮਿਸ਼ਨ ਵੱਲੋਂ ਚਲਾਏ ਜਾਂਦੇ



ਸੀ.ਐਸ.ਆਈ. ਲੈਮਬਾਰਡ ਮੈਮੋਰੀਅਲ ਹਸਪਤਾਲ 'ਚ ਜਨਮ ਲੈਣ ਵਾਲੇ ਨਿਕਲਾਸ ਨੂੰ ਜਨਮ ਤੋਂ ਬਾਅਦ ਹਫਤੇ ਅੰਦਰ ਇਕ ਸਵਿਸ ਜੋੜੇ ਨੇ ਗੋਦ ਲੈ ਲਿਆ ਸੀ।

ਨਿਕਲਾਸ ਨੂੰ ਉਸ ਦੇ ਨਵੇਂ ਮਾਤਾ-ਪਿਤਾ ਫ੍ਰਿਟਜ਼ ਤੇ ਐਲਿਜ਼ਬੈਥ ਉਦੋਂ ਕੇਰਲਾ ਲੈ ਆਏ ਜਦ ਉਸ ਦੀ ਉਮਰ ਸਿਰਫ 15 ਦਿਨ ਦੀ ਸੀ ਅਤੇ ਸਵਿਟਜ਼ਰਲੈਂਡ ਆਉਣ ਤੋਂ ਪਹਿਲਾਂ ਉਥੇ 4 ਸਾਲ ਰਹੇ। ਇਥੇ ਨਿਕਲਾਸ ਨੇ ਇਕ ਟਰੱਕ ਡਰਾਈਵਰ ਤੇ ਮਾਲੀ ਦੇ ਰੂਪ 'ਚ ਕੰਮ ਕੀਤਾ ਕਿਉਂਕਿ ਉਸ ਨੂੰ ਗੋਦ ਲੈਣ ਵਾਲੇ ਮਾਤਾ-ਪਿਤਾ ਦੀ ਆਰਥਿਕ ਸਥਿਤੀ ਕਮਜ਼ੋਰ ਹੋਣ ਕਰ ਕੇ ਉਹ ਉਸ ਨੂੰ ਉਚ ਸਿੱਖਿਆ ਨਹੀਂ ਦਿਵਾ ਸਕਦੇ ਸਨ। ਪੜ੍ਹਾਈ ਤੋਂ ਬਾਅਦ ਉਹ ਇਕ ਕਸਬੇ ਦੇ ਕੌਂਸਲਰ ਚੁਣੇ ਗਏ। ਬੀਤੇ ਦਿਨੀਂ ਵਿਦੇਸ਼ ਮੰਤਰਾਲੇ ਵੱਲੋਂ 24 ਦੇਸ਼ਾਂ ਵਿਚੋਂ 143 ਭਾਰਤੀ ਮੂਲ ਦੇ ਸੰਸਦ ਮੈਂਬਰਾਂ ਦੀ ਹੋਈ ਕਾਨਫਰੰਸ 'ਚ ਨਿਕਲਾਸ (ਨਿਕ) ਨੇ ਵੀ ਸ਼ਮੂਲੀਅਤ ਕੀਤੀ ਸੀ। ਨਿਕਲਾਸ ਲਈ ਭਾਰਤ ਆਉਣਾ ਇਕ ਭਾਵੁਕ ਪਲ ਸੀ।

### ਪਾਕਿਸਤਾਨ 'ਚ ਪਸ਼ਤੋ ਰੇਡੀਓ ਸਟੇਸ਼ਨ ਬੰਦ ਕਰਨ ਤੋਂ ਅਮਰੀਕਾ ਖਫਾ

**ਵਾਸ਼ਿੰਗਟਨ:** ਪਾਕਿਸਤਾਨ ਵੱਲੋਂ ਪਸ਼ਤੋ ਭਾਸ਼ਾ ਵਾਲੇ ਰੇਡੀਓ ਸਟੇਸ਼ਨ ਨੂੰ ਬੰਦ ਕਰਨ ਉਤੇ ਅਮਰੀਕਾ ਨੇ ਨਾਰਾਜ਼ਗੀ ਜਤਾਈ ਹੈ। ਰੇਡੀਓ ਫਰੀ ਯੂਰਪ/ਰੇਡੀਓ ਲਿਬਰਟੀ ਵੱਲੋਂ 2010 ਵਿਚ ਰੇਡੀਓ ਮਸ਼ਾਲ ਸ਼ੁਰੂ ਕੀਤਾ ਗਿਆ ਸੀ ਅਤੇ ਇਸ ਨੂੰ ਚਲਾਉਣ ਲਈ ਅਮਰੀਕੀ ਸਰਕਾਰ ਵੱਲੋਂ ਰਕਮ ਮੁਹੱਈਆ ਕਰਵਾਈ ਜਾਂਦੀ ਸੀ।

ਅਮਰੀਕੀ ਤਰਜਮਾਨ ਨੇ ਕਿਹਾ ਕਿ ਅਮਰੀਕਾ ਦੁਨੀਆਂ ਭਰ 'ਚ ਮੀਡੀਆ ਦੀ ਆਜ਼ਾਦੀ ਦਾ ਹਮਾਇਤੀ ਹੈ। ਪਾਕਿਸਤਾਨ ਦੇ ਅੰਦਰੂਨੀ ਮਾਮਲਿਆਂ ਬਾਰੇ ਮੰਤਰਾਲੇ ਨੇ ਆਈ. ਐਸ. ਆਈ. ਦੀ ਸਿਫਾਰਸ਼ ਉਤੇ ਰੇਡੀਓ ਨੂੰ ਬੰਦ ਕਰਨ ਲਈ ਕਿਹਾ ਸੀ। ਆਈ.ਐਸ.ਆਈ. ਨੇ ਆਪਣੀ ਰਿਪੋਰਟ 'ਚ ਕਿਹਾ ਕਿ ਪਸ਼ਤੋ ਰੇਡੀਓ ਦੇ ਪ੍ਰੋਗਰਾਮ ਪਾਕਿਸਤਾਨ ਦੇ ਹਿੱਤਾਂ ਖਿਲਾਫ਼ ਹਨ।

# ਗੁਨਾਹਗਾਰਾਂ ਦੀ ਪੁਸ਼ਤਪਨਾਹੀ ‘ਤੇ ਸੁਪਰੀਮ ਕੋਰਟ ਨੇ ਕੀਤੇ ਸਵਾਲ

## ਕਤਲੇਆਮ ‘84




**ਨਵੀਂ ਦਿੱਲੀ:** ਦਿੱਲੀ ਵਿਚ ਸਿੱਖ ਕਤਲੇਆਮ ਨਾਲ ਸਬੰਧਤ ਕੇਸਾਂ ਦੇ ਦੋਸ਼ੀਆਂ ਨੂੰ ਸਜ਼ਾ ਦੇਣ ਵਿਚ ਵਰਤੀ ਗਈ ਢਿੱਲ-ਮੱਠ ‘ਤੇ ਸੁਪਰੀਮ ਕੋਰਟ ਨੇ ਵੱਡੇ ਸਵਾਲ ਖੜ੍ਹੇ ਕੀਤੇ ਹਨ। ਅਦਾਲਤ ਨੇ ਕਿਹਾ ਹੈ ਕਿ ਸਿੱਖ ਕਤਲੇਆਮ ਦੇ ਪੰਜ ਕੇਸਾਂ ਵਿਚ ਅਹਿਮ ਸਰਕਾਰੀ ਗਵਾਹਾਂ ਤੋਂ ਸਹੀ ਪੁੱਛਗਿੱਛ ਦੀ ਕੋਸ਼ਿਸ਼ ਨਹੀਂ ਕੀਤੀ ਗਈ। ਇਨ੍ਹਾਂ ਕੇਸਾਂ ‘ਚ ਦਿੱਲੀ ਹਾਈ ਕੋਰਟ ਨੇ ਬਰੀ ਕੀਤੇ ਵਿਅਕਤੀਆਂ ਵਿਰੁੱਧ ਕਾਰਨ ਦੱਸੋ ਨੋਟਿਸ ਜਾਰੀ ਕਰ ਕੇ ਪੁੱਛਿਆ ਸੀ ਕਿ ਉਨ੍ਹਾਂ ਖਿਲਾਫ ਕੇਸ ਮੁੜ ਕਿਉਂ ਨਾ ਚਲਾਇਆ ਜਾਵੇ।

ਚੀਫ ਜਸਟਿਸ ਦੀਪਕ ਮਿਸ਼ਰਾ ਦੀ ਅਗਵਾਈ ਹੇਠਲੇ ਬੈਂਚ ਨੇ ਰਿਕਾਰਡਾਂ ਦਾ ਹਵਾਲਾ ਦਿੰਦਿਆਂ ਕਿਹਾ ਕਿ ਮੁੱਖ ਸਰਕਾਰੀ ਗਵਾਹ ਨੂੰ ਸੁਣਵਾਈ ਦੌਰਾਨ ਸਿਰਫ ਇਕ ਵਾਰ ਸੰਮਨ ਜਾਰੀ ਕੀਤੇ ਗਏ ਅਤੇ ਉਸ ਦੇ ਪੇਸ਼ ਨਾ ਹੋਣ ‘ਤੇ ਗਵਾਹੀ ਦਾ ਮਾਮਲਾ ਬੰਦ ਕਰ ਦਿੱਤਾ ਗਿਆ। ਦਿੱਲੀ ਦੇ ਸਾਬਕਾ ਵਿਧਾਇਕ ਮਹੇਂਦਰ ਸਿੰਘ ਯਾਦਵ ਵੱਲੋਂ ਹਾਈ ਕੋਰਟ ਦੇ ਪਿਛਲੇ ਸਾਲ 29 ਮਾਰਚ ਨੂੰ ਉਸ ਨੂੰ ਤੇ ਪੰਜ ਹੋਰਾਂ ਨੂੰ ਜਾਰੀ ਕੀਤੇ ਗਏ ਕਾਰਨ ਦੱਸੋ ਨੋਟਿਸ ਖਿਲਾਫ ਪਾਈ ਗਈ ਅਪੀਲ ਉਤੇ ਸੁਪਰੀਮ ਕੋਰਟ ਨੇ ਇਹ ਹੁਕਮ ਦਿੱਤੇ। ਯਾਦਵ ਤੋਂ ਇਲਾਵਾ ਸਾਬਕਾ ਕੌਂਸਲਰ ਬਲਵਾਨ ਖੋਖਰ ਸਮੇਤ 10 ਹੋਰਾਂ ਨੂੰ ਇਹ ਨੋਟਿਸ ਜਾਰੀ ਹੋਏ ਸਨ। ਸਿਖਰਲੀ ਅਦਾਲਤ ਨੇ ਕਿਹਾ ਕਿ ਕੇਸ ਦੀ ਅੰਤਿਮ ਸੁਣਵਾਈ ਲਈ ਪਟੀਸ਼ਨ ਨੂੰ 21 ਮਾਰਚ ਲਈ ਸੂਚੀਬੱਧ ਕੀਤਾ ਜਾਵੇ। ਬੈਂਚ ਨੇ ਪਟੀਸ਼ਨਰ ਦੇ ਵਕੀਲ ਨੂੰ ਕਿਹਾ ਕਿ ਉਹ ਸੁਪਰੀਮ ਕੋਰਟ ਵੱਲੋਂ ਅੱਜ ਪਾਸ ਕੀਤੇ ਗਏ ਹੁਕਮਾਂ ਤੋਂ ਹਾਈ ਕੋਰਟ ਨੂੰ ਜਾਣੂ ਕਰਵਾਉਣ। ਦਿੱਲੀ ਪੁਲਿਸ ਵੱਲੋਂ ਪੇਸ਼ ਹੋਏ ਵਧੀਕ ਸਾਲਿਸਟਰ ਜਨਰਲ ਪਿੰਕੀ ਆਨੰਦ ਨੇ ਕਿਹਾ ਕਿ ਸੀ.ਬੀ.ਆਈ. ਕੇਸਾਂ ਦੀ ਘੋਖ ਕਰ ਰਹੀ ਹੈ ਅਤੇ ਜਾਂਚ ਏਜੰਸੀ ਨੂੰ ਅਪੀਲ ‘ਚ ਧਿਰ ਬਣਾਉਣ ਦੀ ਲੋੜ ਹੈ। ਬੈਂਚ ਨੇ ਕਿਹਾ ਕਿ ਜਾਂਚ ਏਜੰਸੀ ਨੂੰ ਕੇਸ ‘ਚ ਧਿਰ ਬਣਨ ਦੀ ਅਰਜ਼ੀ ਦਾਖਲ ਕਰਨ ਦਿਉ। ਕਤਲੇਆਮ ਦੇ ਪੀੜਤਾਂ ਦੀ ਨੁਮਾਇੰਦਗੀ ਕਰ ਰਹੇ ਸੀਨੀਅਰ ਵਕੀਲ ਐਚ.ਐਸ. ਫੂਲਕਾ ਨੇ ਕਿਹਾ ਕਿ ਸਾਰੇ ਪੰਜ ਕੇਸਾਂ ‘ਚ ਮੁਲਜ਼ਮਾਂ ਨੂੰ ਬਰੀ ਕਰ ਦਿੱਤਾ ਗਿਆ ਜਦਕਿ ਅਹਿਮ ਸਰਕਾਰੀ ਗਵਾਹਾਂ ਨੂੰ ਗਵਾਹੀ ਦੇਣ ਲਈ ਪੇਸ਼ੀ ਦੀਆਂ ਕੋਸ਼ਿਸ਼ਾਂ ਨੂੰ ਯਕੀਨੀ ਨਹੀਂ ਬਣਾਇਆ ਗਿਆ।

ਜ਼ਿਕਰਯੋਗ ਹੈ ਕਿ ਹਾਈ ਕੋਰਟ ਨੇ ਕਿਹਾ ਸੀ ਕਿ ਸ਼ਿਕਾਇਤਾਂ ਤੋਂ ਮਾਨਵਤਾ ਖਿਲਾਫ ਖੌਫ਼ਨਾਕ ਜ਼ੁਲਮਾਂ ਦਾ ਖੁਲਾਸਾ ਹੋਇਆ ਜਿਨ੍ਹਾਂ ਤੋਂ ਸੰਕੇਤ ਮਿਲਦਾ ਹੈ ਕਿ ਇਕ ਭਾਈਚਾਰੇ ਦੇ ਮਰਦਾਂ ਨੂੰ ਚੁਣ-ਚੁਣ ਕੇ ਖਤਮ ਕੀਤਾ ਗਿਆ। ਇਹ ਆਮ ਜ਼ੁਰਮ ਜਾਂ ਕਤਲ ਨਹੀਂ ਸਨ। ਵਿਅਕਤੀਗਤ ਕੇਸ ਵਜੋਂ ਲਏ ਜਾਣ ਕਰ ਕੇ ਜਿਥੇ ਦੋਸ਼ੀ ਆਜ਼ਾਦ ਹੋ ਗਏ ਉਥੇ ਇੰਜ ਜਾਪਦਾ ਹੈ ਕਿ ਪੁਲਿਸ ਅਤੇ ਅਦਾਲਤਾਂ ਨੇ ਪੀੜਤਾਂ ਦੇ ਕੇਸ ਨੂੰ ਨਾਕਾਮ ਕਰ ਦਿੱਤਾ। ਅਦਾਲਤ ਨੇ ਕਿਹਾ ਕਿ ਜੇ 1984 ਦੇ ਦੋਸ਼ੀਆਂ ਨੂੰ ਸਜ਼ਾ ਮਿਲੀ ਹੁੰਦੀ ਤਾਂ ਮੁਲਕ ‘ਚ ਅਜਿਹੇ ਘਿਣਾਉਣੇ ਜੁਰਮ ਨਹੀਂ ਹੋਣੇ ਸਨ। ਅਦਾਲਤ ਨੇ ਕਿਹਾ ਕਿ ਜੇ ਹੁਣ ਵੀ ਅਸੀਂ ਕੋਈ ਕਾਰਵਾਈ ਕਰਨ ‘ਚ ਨਾਕਾਮ ਰਹੇ ਤਾਂ ਅਸੀਂ ਆਪਣਾ ਸੰਵਿਧਾਨਕ ਫਰਜ਼ ਅਤੇ ਨਿਆਇਕ ਕਾਰਜ ਕਰਨ ‘ਚ ਬੁਰੀ ਤਰ੍ਹਾਂ ਨਾਕਾਮ ਰਹਾਂਗੇ।

## ਟਾਈਟਲਰ ਵਿਰੁਧ ਸੁਣਵਾਈ ਮੁੜ ਸ਼ੁਰੂ



**ਨਵੀਂ ਦਿੱਲੀ:** ਦਿੱਲੀ ਅਦਾਲਤ ਨੇ ਸਿੱਖ ਕਤਲੇਆਮ ਦੇ ਮਾਮਲਿਆਂ ਦੇ ਮੁੱਖ ਮੁਲਜ਼ਮ ਜਗਦੀਸ਼ ਟਾਈਟਲਰ ਵਿਰੁੱਧ ਸੁਣਵਾਈ ਮੁੜ ਤੋਂ ਸ਼ੁਰੂ ਕਰ ਦਿੱਤੀ ਹੈ। ਟਾਈਟਲਰ ਵਿਰੁੱਧ ਇਹ ਸੁਣਵਾਈ ਬਾਦਲ ਸਿੰਘ, ਠਾਕੁਰ ਸਿੰਘ ਤੇ ਗੁਰਚਰਨ ਸਿੰਘ ਦੇ ਕਤਲ ਮਾਮਲਿਆਂ ਵਿਚ ਸ਼ੁਰੂ ਕੀਤੀ ਗਈ ਹੈ। ਤਿੰਨ ਸਿੱਖਾਂ ਨੂੰ ਪਹਿਲੀ ਨਵੰਬਰ, 1984 ਨੂੰ ਉਤਰੀ ਦਿੱਲੀ ਦੇ ਗੁਰਦੁਆਰਾ ਪੁਲਬੰਗਸ਼ ਵਿਚ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਮਗਰੋਂ ਭੜਕੀ ਹਿੰਸਾ ਮਗਰੋਂ ਕਤਲ ਕਰ ਦਿੱਤਾ ਸੀ।

ਅਕਤੂਬਰ 2017 ਵਿਚ ਦਿੱਲੀ ਅਦਾਲਤ ਨੇ ਇਸ ਕੇਸ ਦੇ ਚਸ਼ਮਦੀਦ ਗਵਾਹ ਅਭਿਸ਼ੇਕ ਵਰਮਾ ਦਾ ਝੂਠ ਫੜਨ ਵਾਲਾ ਟੈਸਟ ਕਰਵਾਉਣ ਲਈ ਵਕੀਲ ਬੀ.ਐਸ. ਜੂਨ ਨੂੰ ਕੋਰਟ ਕਮਿਸ਼ਨਰ ਥਾਪਿਆ ਸੀ। ਵਰਮਾ ਨੇ ਦਿੱਲੀ ਪੁਲਿਸ ਕੋਲ ਜਾਨੋਂ ਮਾਰਨ ਦੀ ਧਮਕੀ ਮਿਲਣ ਤੋਂ ਬਾਅਦ ਸ਼ਿਕਾਇਤ ਦਰਜ ਕਰਵਾਈ ਸੀ। ਵਰਮਾ ਨੂੰ ਈ-ਮੇਲ ਮਿਲੀ ਸੀ ਕਿ ਉਸ ਨੂੰ ਦੇਸ਼ ਭਗਤੀ ਤਿਆਗ ਕੇ ਟਾਈਟਲਰ ਵਿਰੁੱਧ ਗਵਾਹੀ ਲਈ ਟੈਸਟ ਤੋਂ ਪਿੱਛੇ ਹਟ ਜਾਣਾ ਚਾਹੀਦਾ ਹੈ, ਨਹੀਂ ਤਾਂ ਉਸ ਨੂੰ ਮੌਤ ਦਾ ਸਾਹਮਣਾ ਕਰਨਾ ਪਵੇਗਾ। ਅਭਿਸ਼ੇਕ ਨੇ ਇਲਜ਼ਾਮ ਲਾਏ ਕਿ ਜਦੋਂ ਤੋਂ ਉਸ ਨੇ ਟਾਈਟਲਰ ਵਿਰੁੱਧ ਗਵਾਹੀ ਦੇਣ ਦਾ ਐਲਾਨ ਕੀਤਾ ਹੈ, ਜਗਦੀਸ਼ ਤੇ ਉਸ ਦੇ ਸ਼ੁਭਚਿੰਤਕ ਉਸ ਨੂੰ ਲਗਾਤਾਰ ਧਮਕਾਉਂਦੇ ਆ ਰਹੇ ਹਨ।

## ਪਟੌਦੀ ’ਚ ਮੌਤਾਂ ਦੇ 6 ਨਵੇਂ ਮਾਮਲੇ ਸਾਹਮਣੇ ਆਏ

### ਸਿੱਖ ਕਤਲੇਆਮ

**ਹਿਸਾਰ:** ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਮੌਤ ਤੋਂ ਬਾਅਦ ਹਰਿਆਣਾ ਦੇ ਸ਼ਹਿਰ ਗੁੜਗਾਉਂ ਦੇ ਨਾਲ ਲੱਗਦੇ ਸ਼ਹਿਰ ਪਟੌਦੀ ਵਿਚ ਵੀ ਸਿੱਖਾਂ ਦੀ ਨਸਲਕੁਸ਼ੀ ਕੀਤੀ ਗਈ ਸੀ।

ਪੀੜਤਾਂ ਦਾ ਕੇਸ ਲੜ ਰਹੀ ਹੋਂਦ ਚਿੱਲੜ ਤਾਲਮੇਲ ਕਮੇਟੀ ਦੇ ਆਗੂ ਮਨਵਿੰਦਰ ਸਿੰਘ ਗਿਆਸਪੁਰਾ ਨੇ ਦੱਸਿਆ ਕਿ 2011 ‘ਚ ਹੋਂਦ ਚਿੱਲੜ ਦੀ ਸੁਣਵਾਈ ਲਈ ਜਸਟਿਸ ਟੀ.ਪੀ. ਗਰਗ ਕਮਿਸ਼ਨ ਦਾ ਗਠਨ ਹੋਇਆ ਸੀ ਅਤੇ ਉਨ੍ਹਾਂ ਵੱਲੋਂ ਪਾਈ ਰਿੱਟ ਪਟੀਸ਼ਨ ਤਹਿਤ ਉਸ ਦੇ ਘੇਰੇ ਨੂੰ ਵਧਾ ਕੇ ਗੁੜਗਾਉਂ ਪਟੌਦੀ ਨੂੰ ਵੀ ਨਾਲ ਜੋੜ ਦਿੱਤਾ ਗਿਆ ਸੀ।

ਉਸ ਸਮੇਂ ਜਿਹੜੇ ਪੀੜਤ ਜਸਟਿਸ ਟੀ.ਪੀ. ਗਰਗ ਅੱਗੇ ਪੇਸ਼ ਹੋਣ ਤੋਂ ਰਹਿ ਗਏ ਸਨ, ਉਨ੍ਹਾਂ ਦੀ ਇਕ ਸਾਂਝੀ ਰਿੱਟ ਪਟੀਸ਼ਨ ਬਾਅਦ ਪਾਈ ਗਈ, ਜਿਸ ਦੀ ਸੁਣਵਾਈ ਜਸਟਿਸ ਆਰ.ਕੇ. ਜੈਨ ਦੀ ਕੋਰਟ ਵਿਚ ਹੋਈ।

ਇਸ ਪਟੀਸ਼ਨ ਵਿਚ ਮੰਗ ਕੀਤੀ ਗਈ ਕਿ ਉਨ੍ਹਾਂ ਨੂੰ ਵੀ ਬਾਕੀ ਪੀੜਤਾਂ ਵਾਂਗ ਇਨਸਾਫ ਦਿੱਤਾ ਜਾਵੇ ਤੇ ਸਬੰਧਤ ਅਧਿਕਾਰੀਆਂ ਖਿਲਾਫ ਕਾਰਵਾਈ ਕੀਤੀ ਜਾਵੇ। ਪੀੜਤਾਂ ਨੇ ਆਪਣੇ ਹਾਈ ਕੋਰਟ ਦੇ ਸੀਨੀਅਰ ਵਕੀਲ ਪੂਰਨ ਸਿੰਘ ਹੁੰਦਲ ਰਾਹੀਂ ਅਦਾਲਤ ਨੂੰ ਦੱਸਿਆ ਕਿ 2 ਨਵੰਬਰ 1984 ਨੂੰ 15-16 ਸਾਲ ਦੀਆਂ ਲੜਕੀਆਂ ਕਰਮਜੀਤ ਕੌਰ, ਹਰਮੀਤ ਕੌਰ ਤੋਂ ਇਲਾਵਾ ਚਾਰ ਨੌਜਵਾਨ ਹਰਜਾਪ ਸਿੰਘ, ਸੁਰਜੀਤ ਸਿੰਘ, ਗੁਰਮੁਖ ਸਿੰਘ, ਗੁਰਬਖਸ਼ ਸਿੰਘ ਦੀ ਬੜੀ ਬੇਰਹਿਮੀ ਨਾਲ ਹੱਤਿਆ ਕਰ ਦਿੱਤੀ ਗਈ ਸੀ। ਜਿਸ ‘ਤੇ ਜਸਟਿਸ ਆਰ.ਕੇ. ਜੈਨ ਵੱਲੋਂ ਭਾਰਤ, ਹਰਿਆਣਾ ਸਰਕਾਰ, ਚੀਫ ਸੈਕਟਰੀ ਅਤੇ ਡੀ.ਜੀ.ਪੀ. ਹਰਿਆਣਾ ਨੂੰ ਨੋਟਿਸ ਜਾਰੀ ਕਰ ਕੇ 23 ਮਾਰਚ ਨੂੰ ਜਵਾਬ ਤਲਬੀ ਕੀਤੀ ਹੈ।

## ‘ਮਹਿਫਿਲ ਮਿੱਤਰਾਂ ਦੀ’ ਵਿਚ ਲੱਚਰ ਗਾਇਕੀ ’ਤੇ ਚਿੰਤਾ ਦਾ ਪ੍ਰਗਟਾਵਾ

**ਫਰਿਜ਼ਨੋ (ਬਿਊਰੋ):** ਪੰਜਾਬੀ ਗਾਇਕੀ ਵਿਚ ਸੱਭਿਆਚਾਰਕ ਗੀਤਾਂ ਨੂੰ ਉਤਸ਼ਾਹਿਤ ਕਰਨ ਲਈ ਇਕ ਮਹਿਫਿਲ ਇਥੋਂ ਨਜ਼ਦੀਕੀ ਸ਼ਹਿਰ ਕਰਮਨ ਵਿਚ ਉਭਰ ਰਹੇ ਗੀਤਕਾਰ ਗੈਰੀ ਢੇਸੀ ਦੇ ਯਤਨਾਂ ਨਾਲ ਕਰਵਾਈ ਗਈ ਜਿਸ ਵਿਚ ਪੰਜਾਬੀ ਗਾਇਕੀ ਨੂੰ ਲੱਚਰਤਾ ਤੋਂ ਬਚਾਉਣ ਲਈ ਵਿਚਾਰ-ਵਟਾਂਦਰਾ ਹੋਇਆ। ਚੰਗੇ ਗੀਤਾਂ ਦੀ ਹੋ ਰਹੀ ਚੋਰੀ ਅਤੇ ਉਨ੍ਹਾਂ ਨੂੰ ਗਲਤ ਤਰੀਕੇ ਨਾਲ ਪੇਸ਼ ਕਰਨ ‘ਤੇ ਵੀ ਚਿੰਤਾ ਪ੍ਰਗਟਾਈ ਗਈ। ਇਸ ਗੱਲ ’ਤੇ ਫਿਕਰ ਜ਼ਾਹਰ ਕੀਤਾ ਗਿਆ ਕਿ ਪੰਜਾਬ ਵਿਚ ਬਣੀਆਂ ਸੰਸਥਾਵਾਂ ਕੋਈ ਚੰਗਾ ਹੁੰਗਾਰਾ ਨਹੀਂ ਭਰ ਰਹੀਆਂ। ਅੱਜ-ਕੱਲ੍ਹ ਦੇ ਨਵੇਂ ਗਾਇਕਾਂ ਦੇ ਗੀਤ ਅਤੇ ਵੀਡੀਉ ਨਵੀਂ ਪੀੜ੍ਹੀ ਨੂੰ ਸੇਧ ਦੇਣ ਦੀ ਥਾਂ ਗੁੰਮਰਾਹ ਕਰ ਰਹੇ ਹਨ।



ਇਸ ਮੌਕੇ ਗੀਤ-ਸੰਗੀਤ ਦਾ ਦੌਰ ਵੀ ਚੱਲਿਆ ਜਿਸ ਵਿਚ ਪ੍ਰਸਿੱਧ ਗੀਤਕਾਰ ਅਤੇ ਗਾਇਕ ਧਰਮਵੀਰ ਥਾਂਦੀ ਨੇ ਪੁਰਾਤਨ ਸੱਭਿਆਚਾਰ ਨੂੰ ਦਰਸਾਉਂਦੇ ਗੀਤਾਂ ਰਾਹੀਂ ਖੂਬ ਰੰਗ ਬੰਨਿਆ। ਇਸ ਮੌਕੇ ਅਵਤਾਰ ਗਰੇਵਾਲ (ਦਿਲਦਾਰ ਮਿਊਜ਼ੀਕਲ ਗਰੁਪ), ਗੈਰੀ ਢੇਸੀ, ਗੁੱਲੂ ਸਿੱਧੂ ਬਰਾੜ, ਗੀਤਕਾਰ ਸਤਵੀਰ ਹੀਰ ਤੇ ਪਾਲਾ ਢੇਸੀ, ਅਮਰੀਕ ਟਾਂਡਾ, ਕਮਲਜੀਤ ਬਾਸੀ ਆਦਿ ਬਹੁਤ ਸਾਰੇ ਗਾਇਕੀ ਪ੍ਰਤੀ ਨਿਸ਼ਠਾ ਰੱਖਣ ਵਾਲੇ ਪੰਜਾਬੀਆਂ ਨੇ ਹਾਜ਼ਰੀ ਭਰੀ।

## ਜਮੀਨ ਘੁਟਾਲਾ: ਕੈਪਟਨ ਅਦਾਲਤ ’ਚ ਪੇਸ਼ ਨਾ ਹੋਏ

**ਮੁਹਾਲੀ:** ਅਕਾਲੀ ਭਾਜਪਾ ਸਰਕਾਰ ਵੇਲੇ ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਅੰਮ੍ਰਿਤਸਰ ਨਗਰ ਸੁਧਾਰ ਟਰੱਸਟ ਦੇ 32 ਏਕੜ ਜਮੀਨ ਘੁਟਾਲੇ ਦੇ ਮਾਮਲੇ ਵਿਚ ਨਾਮਜ਼ਦ ਕੈਪਟਨ ਅਮਰਿੰਦਰ ਸਿੰਘ ਸਣੇ 12 ਮੁਲਜ਼ਮ ਮੁੜ ਮੁਹਾਲੀ ਅਦਾਲਤ ਵਿਚ ਪੇਸ਼ ਨਹੀਂ ਹੋਏ। ਕੈਪਟਨ ਨੇ ਆਪਣੇ ਵਕੀਲਾਂ ਰਾਹੀਂ ਅਦਾਲਤ ਵਿਚ ਅਰਜ਼ੀ ਦਾਇਰ ਕਰ ਕੇ ਸਰਕਾਰੀ ਰੁਝੇਵਿਆਂ ਦੀ ਦੁਹਾਈ ਦੇ ਕੇ ਨਿੱਜੀ ਪੇਸ਼ੀ ਤੋਂ ਛੋਟ ਮੰਗੀ, ਜਿਸ ਨੂੰ ਅਦਾਲਤ ਨੇ ਪ੍ਰਵਾਨ ਕਰ ਲਿਆ।

ਇਸੇ ਤਰ੍ਹਾਂ ਬਾਕੀ 11 ਮੁਲਜ਼ਮਾਂ ਨੇ ਵੀ ਬਿਮਾਰ ਹੋਣ ਦੀ ਗੱਲ ਕਹਿ ਕੇ ਮੈਡੀਕਲ ਨਾਲ ਵੱਖੋ-ਵੱਖਰੀਆਂ ਅਰਜ਼ੀਆਂ ਦਾਇਰ ਕਰਕੇ ਨਿੱਜੀ ਪੇਸ਼ੀ ਤੋਂ ਛੋਟ ਮੰਗੀ। ਵਿਜੀਲੈਂਸ ਬਿਊਰੋ ਨੇ ਪੜਤਾਲੀਆ ਰਿਪੋਰਟ ਅਦਾਲਤ ਵਿਚ ਪੇਸ਼ ਨਹੀਂ ਕੀਤੀ। ਵਿਜੀਲੈਂਸ ਨੇ ਸਰਕਾਰੀ ਵਕੀਲ ਰਾਹੀਂ ਅਦਾਲਤ ਤੋਂ ਰਿਪੋਰਟ ਪੇਸ਼ ਕਰਨ ਲਈ ਇਕ ਮਹੀਨੇ ਦੀ ਹੋਰ ਮੋਹਲਤ ਦੀ ਮੰਗ ਕੀਤੀ। ਅਦਾਲਤ ਨੇ ਵਿਜੀਲੈਂਸ ਦੀ ਅਪੀਲ ਮਨਜ਼ੂਰ ਕਰਦਿਆਂ ਕੇਸ ਦੀ ਸੁਣਵਾਈ 17 ਫਰਵਰੀ ਉਤੇ ਪਾ ਦਿੱਤੀ ਹੈ।

ਰੈਸਟੋਰੈਂਟ ਸਟਾਫ ਦੀ ਲੋੜ ਹੈ

ਫਲੋਰਿਡਾ ਵਿਚ ਵਧੀਆ ਚਲਦੇ ਇੰਡੀਅਨ ਰੈਸਟੋਰੈਂਟ ਲਈ ਕਿਚਨ ਹੈਲਪਰ ਅਤੇ ਵੇਟਰ ਦੀ ਲੋੜ ਹੈ।

ਚੰਗੀ ਤਨਖਾਹ ਅਤੇ ਹੋਰ ਸਹੂਲਤਾਂ

ਸੰਪਰਕ ਕਰੋ

ਫੋਨ: 850-510-3466

3-4

TRUCK STOP 40

SAYRE, OK 73662



ਰੋਟੀ ਬਣਾਉਣ ਵਾਲੇ ਅਤੇ ਗੈਸ ਸਟੇਸ਼ਨ ਲਈ ਕੈਸ਼ੀਅਰ ਦੀ ਲੋੜ ਹੈ

ਮਕੈਨਿਕ ਅਤੇ ਮਕੈਨਿਕ ਹੈਲਪਰ ਦੀ ਲੋੜ ਹੈ

ਸੰਪਰਕ ਕਰੋ:

ਫੋਨ: 832-512-7172 ਜਾਂ 580-447-9366

# ਭੁੱਖ ਦਾ ਚਿਤਰਣ ਹੰਗਰ

## ਕਲਾ ਪਰਿਕਰਮਾ

ਜਗਤਾਰਜੀਤ ਸਿੰਘ
ਫੋਨ: 91-98990-91186

ਚਿੱਤਰ 'ਹੰਗਰ' (ਭੁੱਖ) ਸੁਰਜੀਤ ਅਕਰੇ ਦਾ ਚਿਤਰਿਆ ਹੋਇਆ ਹੈ ਅਤੇ ਇਹਦਾ ਰਚਨਾ ਕਾਲ 1988 ਹੈ। ਇਹ ਚਿੱਤਰ ਵਿਸ਼ੇ ਤੇ ਬਣਤਰ ਪੱਖੋਂ ਦਿਸਦੇ ਆਮ ਕੰਮਾਂ ਨਾਲੋਂ ਫਰਕ ਵਾਲਾ ਹੈ। ਅਕਰੇ ਰੇਪਿਨ ਇੰਸਟੀਚਿਊਟ ਆਫ ਪੇਂਟਿੰਗ, ਸਕਲਪਚਰ ਐਂਡ ਆਰਕੀਟੈਕਚਰ (ਲੈਨਿਨਗਰਾਦ, ਰੂਸ) ਤੋਂ ਪੇਂਟਿੰਗ ਦੀ ਪੋਸਟ ਗਰੈਜੂਏਟ ਹੈ। ਇਹ ਮਾਣ ਪ੍ਰਾਪਤ ਕਰਨ ਵਾਲੀ ਉਹ ਪਹਿਲੀ ਭਾਰਤੀ ਮਹਿਲਾ ਹੈ। 'ਹੰਗਰ' ਪੇਂਟਿੰਗ ਉਸ ਵੇਲੇ ਦੀ ਹੈ ਜਦੋਂ ਉਹ ਸਖਤ ਅਕਾਦਮਿਕ ਨੇਮਾਂ ਨੂੰ ਹੌਲੀ ਹੌਲੀ ਤਿਆਗ ਕੇ ਪ੍ਰਗਟਾਵੇ ਲਈ ਸਰਲ ਰਾਹ ਲੱਭਣ ਦਾ ਉਪਰਾਲਾ ਕਰ ਰਹੀ ਸੀ। ਉਦੋਂ ਉਸ ਨੂੰ ਰੂਸ ਤੋਂ ਭਾਰਤ ਪਰਤਿਆਂ ਤਿੰਨ-ਚਾਰ ਵਰ੍ਹੇ ਹੋਏ ਸਨ। ਉਹ ਆਪਣੇ ਖਿਆਲ ਅਨੁਸਾਰ ਮਨੁੱਖੀ ਆਕਾਰਾਂ ਨੂੰ ਲਕੀਰਦੀ-ਰੰਗਦੀ ਹੈ। ਜਿਸ ਅਕਾਦਮਿਕ ਗੁਣ ਦੀ ਲਿਸ਼ਕ ਅਜੇ ਵੀ ਮੌਜੂਦ ਹੈ, ਉਹ ਹੈ ਵਖਰੇਵੇਂ ਵਾਸਤੇ ਲਕੀਰ ਦੀ ਵਰਤੋਂ ਨਾ ਕਰਨਾ। ਇਹਦੇ ਲਈ ਰੰਗ ਦੀ ਟੋਨ ਨੂੰ ਤੇਜ਼ ਜਾਂ ਮੱਠੀ ਕਰ ਲਿਆ ਜਾਂਦਾ ਹੈ। ਚਿੱਤਰਕਾਰ ਆਮ ਤੌਰ 'ਤੇ ਸਿਆਹ ਪਤਲੀ ਜਾਂ ਮੋਟੀ ਲਕੀਰ ਦੀ ਵਰਤੋਂ ਕਰਦੇ ਹਨ।


ਇਸ ਚਿੱਤਰ ਦੇ ਤਿੰਨ ਫਰੇਮ ਹਨ ਜੋ ਆਪੋ-ਆਪਣੇ ਕਾਰਜ ਕਰ ਕੇ ਵੱਖਰੇ ਜਾਪਦੇ ਹਨ। ਇਸ ਦੇ ਬਾਵਜੂਦ ਕਿਸੇ ਨਾ ਕਿਸੇ ਪੱਧਰ 'ਤੇ ਇਕ-ਦੂਜੇ ਨਾਲ ਜੁੜੇ ਹੋਏ ਹਨ। ਦ੍ਰਿਸ਼ ਦੀ ਪਹਿਲੀ ਇਕਾਈ ਸਭ ਤੋਂ ਵੱਡੀ ਹੈ ਜਿਸ ਅੰਦਰ ਚਾਰ ਜੀਅ ਹਨ: ਪਤੀ, ਪਤਨੀ ਅਤੇ ਦੋ ਬੱਚੇ। ਸੀਮਿਤ ਪਰਿਵਾਰ ਦੇ ਸਾਰੇ ਜਣੇ, ਜਿਵੇਂ ਦਿਸਦੇ ਹਨ, ਜੀਵਨ ਦੇ ਮੂਲ ਸਾਧਨਾਂ ਤੋਂ ਵਿਰਵੇ ਹਨ। ਵਿਰਵੇਪਣ ਦੀ ਮੂਲ ਇਕਾਈ ਭੁੱਖ ਹੈ। ਪੇਂਟਰ ਵੀ ਇਸੇ ਨੂੰ ਧਿਆਨ ਵਿਚ ਰੱਖ ਪੇਟ ਦੀ ਭੁੱਖ ਨੂੰ ਵਡੇਰੀ ਭੁੱਖ ਮੰਨਦੀ ਹੈ। ਅਸਰਦਾਰ ਫੈਲਾਓ ਵਾਲੀ ਕੰਪੋਜ਼ੀਸ਼ਨ ਦੇ ਐਨ ਸੱਜੇ ਛਾਤੀ ਨਾਲ ਗੋਡੇ ਜੋੜ ਕੇ ਬੈਠੇ ਆਦਮੀ ਦੇ ਨਾਲ ਹੀ ਇਕ ਔਰਤ ਅਤੇ ਦੋ ਬੱਚੇ ਹਨ। ਆਦਮੀ ਦੇ ਲੱਕ ਦੁਆਲੇ ਅਤੇ ਇਸਤਰੀ ਦੇ ਤਨ ਉਪਰ ਜੋ ਕੱਪੜੇ ਹਨ, ਉਹ ਉਨ੍ਹਾਂ ਦਾ ਨੰਗੇਜ਼ ਢਕ ਵੀ ਰਹੇ ਹਨ, ਉਭਾਰ ਵੀ ਰਹੇ ਹਨ। ਅੱਗੇ ਬੈਠੇ ਵੱਡੀ ਉਮਰ ਦੇ ਬੱਚੇ ਦੇ ਤਨ ਉਪਰ ਲੀਰ ਤਕ ਨਹੀਂ, ਜਦੋਂਕਿ ਪਿੱਛੇ ਬੈਠੇ ਬੱਚੇ ਦੇ ਗਲ ਫਰਾਕ ਹੈ। ਪਰਿਵਾਰ ਗ਼ਰੀਬ ਹੈ। ਪੇਟ ਦੀ ਭੁੱਖ ਤੋਂ ਇਲਾਵਾ ਇਨ੍ਹਾਂ ਪਾਸ ਰਹਿਣ-ਪਹਿਨਣ ਨੂੰ



ਸੁਰਜੀਤ ਅਕਰੇ

ਵੀ ਕੁਝ ਨਹੀਂ। ਚਿਤੇਰੀ ਨੇ ਸਭ ਨੂੰ ਇਕੋ ਥਾਂ ਬਿਠਾ ਦ੍ਰਿਸ਼ ਨੂੰ ਮਾਰਮਿਕ ਬਣਾਉਣ ਦਾ ਯਤਨ ਕੀਤਾ ਹੈ। ਕਿਸੇ ਨੇ ਆਪਣਾ ਹੱਥ ਨਹੀਂ ਫੈਲਾਇਆ ਹੋਇਆ। ਆਦਮੀ ਅੱਗੇ ਪਿਆ ਭਾਂਡਾ ਅਤੇ ਬੱਚੇ ਹੱਥ ਫੜਿਆ ਭਾਂਡਾ ਖਾਲੀ ਹੈ। ਖਾਲੀਪਣ ਤਾਂ ਉਤਰੇ ਚਿਹਰਿਆਂ ਤੋਂ ਵੀ ਏਧਰ-ਉਧਰ ਫੈਲ ਰਿਹਾ ਹੈ। ਇਹ ਗ਼ਰੀਬ ਹਨ, ਭੁੱਖੇ ਹਨ, ਪਰ ਭਿਖਾਰੀ ਨਹੀਂ। ਪੇਂਟਰ ਦੱਸਦੀ ਹੈ ਕਿ ਸਭ ਤੋਂ ਪ੍ਰਬਲ ਭੁੱਖ ਪੇਟ ਦੀ ਹੁੰਦੀ ਹੈ। ਭੁੱਖ ਮਿਟਾਉਣ ਤੋਂ ਬਾਅਦ ਨੰਗੇਜ਼ ਢਕਣ ਬਾਰੇ ਸੋਚ-ਵਿਚਾਰ ਕੀਤੀ ਜਾ ਸਕਦੀ ਹੈ। ਜਿਸ ਥਾਂ ਪਰਿਵਾਰ ਬੈਠਾ ਹੈ, ਅਵੱਲੀ ਜਿਹੀ ਲੱਗਦੀ ਹੈ। ਇਹਦਾ ਪਿਛੋਕੜ ਜ਼ਮੀਨ ਤੋਂ ਕਾਫ਼ੀ ਹਲਕੇ ਰੰਗ ਦਾ ਹੈ ਜੋ ਖੱਬੇ ਵੱਲ ਨੂੰ ਪੱਟੀ ਦਾ ਰੂਪ ਲੈ ਕੈਨਵਸ ਦੀ ਸਿਖਰ ਛੋਹ ਲੈਂਦਾ ਹੈ।

ਇਨ੍ਹਾਂ ਲੋਕਾਂ ਦੇ ਉਪਰ ਸਫ਼ੈਦ ਖਿੜਕੀ ਦੀ ਚੌਗਾਠ ਦਿਖਦੀ ਹੈ। ਇਹਦੇ ਰਾਹੀਂ ਕਮਰੇ ਅੰਦਰ ਝਾਕਿਆ ਵੀ ਜਾ ਸਕਦਾ ਹੈ ਅਤੇ ਇਹ ਉਪ-ਚਿਤਰ ਦਾ ਫਰੇਮ ਵੀ ਤਿਆਰ ਕਰ ਰਹੀ ਹੈ। ਖਿੜਕੀ ਥਾਣੀ ਜੋ ਦਿਸਦਾ ਹੈ, ਆਮ ਤੌਰ 'ਤੇ ਹੱਦੋਂ ਵੱਧ ਵਿਰਲਾ ਦੇਖਣ ਨੂੰ ਮਿਲਦਾ ਹੈ।



ਇਸਤਰੀ-ਪੁਰਸ਼ ਦੇ ਮੇਲ ਵੇਲੇ ਲੁਕਾਅ ਦਾ ਆਸਰਾ ਲਿਆ ਜਾਂਦਾ ਹੈ। ਪੇਂਟਰ ਦੀ ਮਨਸ਼ਾ ਹੋਰ ਹੈ। ਉਸ ਮੁਤਾਬਿਕ ਦੂਜੀ ਵੱਡੀ ਭੁੱਖ ਸਰੀਰ ਭੋਗਣ ਦੀ ਭੁੱਖ ਹੈ ਜਿਸ ਅੱਗੇ ਹੋਰ ਭੁੱਖਾਂ ਨਿਗੂਣੀਆਂ ਹੋ ਜਾਂਦੀਆਂ ਹਨ ਜਾਂ ਸਰੀਰਕ ਸੁਖ ਲੈਣ ਵਾਲਾ ਇਹ ਮੰਨਦਾ ਹੈ।

ਉਪ-ਦ੍ਰਿਸ਼ ਸਜਾਵਟ ਪੱਖੋਂ ਸਾਧਾਰਨ ਹੈ। ਪਲੰਘ ਉਪਰ ਲਾਲ ਰੰਗ ਦੀ ਪੈਟਰਨਦਾਰ ਚਾਦਰ ਵਿਛੀ ਹੈ। ਖੜ੍ਹੇ ਰੁਖ਼ ਵਾਲੀ ਦੀਵਾਰ ਧਾਰੀਦਾਰ ਹੈ ਜੋ ਕਈ ਰੰਗਾਂ ਦੇ ਮੇਲ ਨਾਲ ਪੋਤੀ ਹੋਈ ਹੈ ਅਤੇ ਪੂਰੀ ਤਰ੍ਹਾਂ ਸਪਾਟ ਨਹੀਂ ਹੈ। ਪਲੰਘ ਤੋਂ ਪਹਿਲਾਂ ਖਾਲੀ ਥਾਂ ਉਪਰ ਨਗਨ ਇਸਤਰੀ-ਪੁਰਸ਼ ਇਕ-ਦੂਜੇ ਨੂੰ ਆਪਣੀਆਂ ਬਾਹਾਂ ਵਿਚ ਲਈ ਖੜ੍ਹੇ ਹਨ। ਬਾਹਾਂ ਦੀ ਸਰੀਰਾਂ ਦੁਆਲੇ ਕੱਸ ਢਿੱਲੀ ਹੈ। ਸਰੀਰਾਂ ਦੇ ਮੇਲ ਨਾਲ ਪੇਂਟਰ ਨੇ ਕੋਈ ਉਕਸਾਵੀਂ ਜਾਂ ਕੋਝੀ ਹਰਕਤ ਨਹੀਂ ਦਰਸਾਈ। ਇੰਨਾ ਕੁ ਅਨੁਮਾਨ ਹੈ ਕਿ ਇਸਤਰੀ ਸਰੀਰ ਪਿੱਛੇ ਲੁਕਿਆ ਪੁਰਸ਼, ਉਸ ਨੂੰ ਚੁੰਮ ਰਿਹਾ ਹੈ। ਇਸਤਰੀ-ਪੁਰਸ਼ ਲੰਮੇ ਪਏ ਵੀ ਪੇਂਟ ਕੀਤੇ ਜਾ ਸਕਦੇ ਸਨ, ਪਰ ਨਹੀਂ ਕੀਤਾ। ਇਹ ਦ੍ਰਿਸ਼ ਸੰਜਮੀ ਸੁਭਾਅ ਵਾਲਾ ਹੈ। ਸੰਜਮ ਉਦਾਂ ਸਾਰੇ ਕੈਨਵਸ 'ਚ ਰਚਿਆ ਹੋਇਆ ਹੈ। ਔਰਤ ਦੀ ਪਿੱਠ ਅਤੇ ਚਿਹਰਿਆਂ ਦੇ ਲੁਕਾਅ ਨੇ ਜੋੜੇ ਕੋਲੋਂ ਉਨ੍ਹਾਂ ਦੀ ਪਛਾਣ ਖੋਹ ਲਈ ਹੈ।

ਦੋ ਦ੍ਰਿਸ਼ ਇੰਨਾ ਕੁ ਦੱਸਣ ਦੇ ਸਮਰੱਥ ਹਨ ਕਿ 'ਭੁੱਖ' ਅੱਗੇ ਨੰਗੇਜ਼ ਦਾ ਕੋਈ ਮਹੱਤਵ ਨਹੀਂ। ਦੋਵਾਂ ਦ੍ਰਿਸ਼ਾਂ ਦੇ ਪਾਤਰ, ਦੂਜੇ ਦੇ ਪੂਰੀ ਤਰ੍ਹਾਂ, ਵਸਤਰ ਵਿਹੀਣ ਹਨ, ਪਰ ਦੋਵਾਂ ਦਾ ਉਦੇਸ਼ ਵੱਖ ਵੱਖ ਹੈ। ਇਕ ਸਪੇਸ ਵਿਚ ਮਜਬੂਰੀ ਹੈ, ਦੂਜੀ ਸਪੇਸ ਵਿਚ 'ਸੁਖ ਹਿਤ ਮਜਬੂਰੀ'। ਦੂਜੇ ਦ੍ਰਿਸ਼ ਦੇ ਉਪਰਲੇ ਖੱਬੇ ਵਾਲੇ ਪਾਸੇ ਇਕ ਹੋਰ ਖਿੜਕੀ ਖੁੱਲ੍ਹਦੀ ਹੈ ਜਿਸ ਥਾਣੀਂ ਕਮਰੇ ਦਾ ਕੁਝ ਕੁ ਭਾਗ ਦਿਖਾਈ ਦਿੰਦਾ ਹੈ। ਇਹ ਕਮਰਾ ਦੂਰ ਹੋਣ ਦੇ ਬਾਵਜੂਦ ਲੋਅ ਨਾਲ ਭਰਿਆ ਹੋਇਆ ਹੈ। ਕੁਦਰਤ ਦਾ ਨੇਮ ਹੈ ਕਿ ਨੇੜੇ ਦੀ ਵਸਤੂ ਸਪਸ਼ਟ ਹੁੰਦੀ ਹੈ, ਜਿਵੇਂ ਦੂਰ ਜਾਈਏ ਲੋਅ ਘਟਦੀ ਅਤੇ ਅਸਪਸ਼ਟਤਾ ਵਧਦੀ ਜਾਂਦੀ ਹੈ। ਚਿਤਰ ਅਨੁਸਾਰ ਕੁਰਸੀ ਉਪਰ ਬੈਠੀ ਕੁੜੀ ਪੜ੍ਹ ਰਹੀ ਹੈ। ਉਸ ਸਾਹਮਣੇ ਮੇਜ਼ ਉਪਰ ਕੁਝ ਕਿਤਾਬਾਂ ਪਈਆਂ ਹਨ। ਕੋਲ ਹੀ ਗੁਲਦਾਨ ਜਿਹੀ ਕੋਈ ਵਸਤੂ ਹੈ। ਕੁੜੀ ਦੇ ਵਸਤਰਾਂ ਦਾ ਰੰਗ ਡਿਜ਼ਾਈਨਦਾਰ ਲਾਲ ਹੈ। ਸੁਚੱਜੀ ਤਰ੍ਹਾਂ ਵਾਹੇ ਵਾਲਾਂ ਦੇ ਜੂੜੇ ਦੁਆਲੇ ਬੰਨ੍ਹੇ ਰਿਬਨ ਦਾ ਰੰਗ ਵੀ ਲਾਲ ਹੈ। ਪੇਂਟਰ ਮੰਨਦੀ ਹੈ ਕਿ ਪੜ੍ਹਾਈ ਕਰਨੀ ਵੀ ਭੁੱਖ ਹੀ ਹੈ ਜਿਹੜੀ ਬਹੁਤ ਘੱਟ ਲੋਕਾਂ ਨੂੰ ਸਤਾਉਂਦੀ ਹੈ। ਚਿੱਤਰ ਦੀ ਪਾਤਰ ਉਸੇ ਭੁੱਖ ਦਾ ਸ਼ਿਕਾਰ ਹੈ।

ਪੜ੍ਹਨ ਵਾਲੀ ਇਕ ਮਨ, ਇਕ ਚਿੱਤ ਹੈ। ਬਿਰਤੀ ਨੂੰ ਖੰਡਿਤ ਕਰਨ ਵਾਲੀ ਉਥੇ ਕੋਈ ਹੋਰ ਸ਼ੈਅ ਨਹੀਂ ਹੈ, ਭਾਵੇਂ ਮੂਰਤ ਬਾਰੀਕ ਵੇਰਵਿਆਂ ਤੋਂ ਸੱਖਣੀ ਹੈ। ਇਹ ਰੂਪ ਵੀ ਆਪਣੀ ਗੱਲ ਉਸੇ ਗੰਭੀਰ ਅੰਦਾਜ਼ ਵਿਚ ਕਰ ਰਿਹਾ ਹੈ, ਜਿਵੇਂ ਬਾਕੀ ਰੂਪ। ਦੂਜੀਆਂ ਇਕਾਈਆਂ ਦੇ ਮੁਕਾਬਲੇ ਇਹ ਖਿੱਤਾ ਜ਼ਿਆਦਾ ਰੌਸ਼ਨ ਹੈ। ਭਾਵ ਸਪਸ਼ਟ ਹੈ ਕਿ ਜਿਥੇ ਗਿਆਨ ਦਾ ਵਾਸ ਹੈ, ਉਸ ਥਾਂ ਦਿਮਾਗ਼ ਰੌਸ਼ਨ ਹੋਵੇਗਾ। ਇਹ ਕੈਨਵਸ ਪੇਟ, ਸਰੀਰ ਅਤੇ ਗਿਆਨ ਦੀ ਭੁੱਖ ਨੂੰ ਬਿਆਨਦਾ ਹੈ ਜੋ ਕ੍ਰਮਵਾਰ ਥੱਲਿਓਂ ਉੱਪਰ ਵੱਲ ਦਾ ਸਫ਼ਰ ਹੈ। ਉਮਰਾਂ ਵਜੋਂ ਦੇਖਣ ਬਾਅਦ ਗਿਆਤ ਹੁੰਦਾ ਹੈ, ਪਹਿਲੀ ਪੱਟੀ ਵਿਚ ਵਡੇਰੀ ਉਮਰ ਦੇ ਨਾਲੋ-ਨਾਲ ਛੋਟੀ ਉਮਰ ਦੇ ਬੱਚੇ ਵੀ ਹਨ। ਦੂਜੀ ਪੱਟੀ ਵਿਚ ਜਵਾਨ ਜੋੜਾ, ਅੰਤਲੇ ਸਪੇਸ ਵਿਚ ਚੜ੍ਹਦੀ ਉਮਰ ਦੀ ਲੜਕੀ ਹੈ।

ਗਿਣਤੀ ਪੱਖੋਂ ਪਹਿਲਾਂ ਚਾਰ, ਫਿਰ ਦੋ ਅਤੇ ਅਖੀਰ ਇਕ ਸ਼ਖ਼ਸ ਹੈ। ਗਿਆਨ ਦੀ ਭੁੱਖ ਰੱਖਣ ਵਾਲਾ ਵਿਰਲਾ ਹੀ ਹੁੰਦਾ ਹੈ। ਉਹ ਸਮੂਹ ਵਿਚ ਬੈਠਦਾ, ਵਿਚਰਦਾ ਨਹੀਂ, ਕਿਉਂਕਿ ਇੰਦਾਂ ਕੀਮਤੀ ਸਮਾਂ ਬਰਬਾਦ ਹੁੰਦਾ ਹੈ। ਅਲੱਗ ਥਲੱਗ ਰਹਿਣਾ ਉਹਦੀ ਹੋਣੀ ਹੁੰਦੀ ਹੈ। ਪੇਂਟਰ ਦੁਆਲੇ ਦੀ ਯਥਾ ਸਥਿਤੀ ਨੂੰ ਦੇਖਦੀ ਹੋਈ ਕੈਨਵਸ ਵੰਡਦੀ ਹੈ। ਜ਼ਿਆਦਾ ਥਾਂ ਉਨ੍ਹਾਂ ਹਿੱਸੇ ਆਈ ਹੈ ਜੋ ਗਿਣਤੀ ਵਿਚ ਜ਼ਿਆਦਾ ਹਨ। ਫਿਰ ਉਸੇ ਅਨੁਪਾਤ ਵਿਚ ਥਾਂ ਘਟਦੀ ਜਾਂਦੀ ਹੈ। ਪਹਿਲੇ ਤੇ ਤੀਜੇ ਦ੍ਰਿਸ਼ ਦੇ ਪਾਤਰ ਬੈਠੇ ਹਨ। ਇਕ ਧਿਰ ਜ਼ਮੀਨ ਉਪਰ ਬੈਠੀ ਹੈ, ਦੂਜੀ ਉਪਰ। ਦੂਜੀ ਥਾਂ ਵਾਲਾ ਜੋੜਾ ਖੜ੍ਹਾ ਹੈ ਜਿਨ੍ਹਾਂ ਦਾ ਜਿਸਮ ਲੱਕ ਤੋਂ ਉਤਾਂਹ ਹੀ ਦਿਖਦਾ ਹੈ।

ਪਹਿਲਾ ਦ੍ਰਿਸ਼ ਆਪਣੇ ਆਕਾਰ-ਪ੍ਰਭਾਵ ਕਾਰਨ ਵੱਡਾ ਹੈ। ਕੀ ਦਰਸ਼ਕ ਦ੍ਰਿਸ਼ਟੀ ਨੂੰ ਅਗਾਂਹ ਤੁਰਨ ਵਿਚ ਇਹ ਰੁਕਾਵਟ ਬਣ ਰਿਹਾ ਹੈ? ਇਉਂ ਹੋਣਾ ਤਾਂ ਨਹੀਂ ਚਾਹੀਦਾ। ਸਜੱਗ ਦਰਸ਼ਕ ਇਉਂ ਨਹੀਂ ਕਰੇਗਾ। ਉਂਜ ਵੀ ਦ੍ਰਿਸ਼ ਰਚਨਾ ਬਹੁਤ ਸੰਘਣੀ, ਬਹੁ-ਪਰਤੀ ਨਹੀਂ, ਪਰ ਦਰਸ਼ਕ ਮਨ ਅੰਦਰ ਵਿਚਾਰ ਜ਼ਰੂਰ ਉਕਸਾਉਂਦੀ ਹੈ। ਸੁਰਜੀਤ ਅਕਰੇ ਕਈ ਸਾਲ ਰੂਸ ਰਹੀ, ਫਿਰ ਇਥੇ ਆ ਵਸੀ। ਲੰਬੇ ਪੜਾਅ ਦੌਰਾਨ ਉਥੋਂ ਦੀ ਸਮਾਜਿਕ, ਵਿਚਾਰਕ, ਆਰਥਿਕ, ਰਾਜਨੀਤਕ ਵਿਵਸਥਾ ਨੇ ਉਸ ਨੂੰ ਪ੍ਰਭਾਵਿਤ ਕੀਤਾ ਹੋਵੇਗਾ, ਜਿਹੜੀ ਇੱਥੋਂ ਨਾਲੋਂ ਹੱਦੋਂ ਵੱਧ ਭਿੰਨਤਾ ਵਾਲੀ ਹੈ। ਇਹ ਦ੍ਰਿਸ਼ ਉਥੋਂ ਦਾ ਨਹੀਂ, ਸਗੋਂ ਇਥੋਂ ਦੀ ਵਿਵਸਥਾ (ਜੇ ਕੋਈ ਹੈ) ਦਾ ਚਿਤਰਣ ਹੈ। ਚਿਤਰ ਦਾ ਸਿਰਲੇਖ ਕੁਝ ਵੀ ਹੋਵੇ, ਇਹਦੇ ਕੇਂਦਰ ਵਿਚ ਗ਼ਰੀਬ ਪਰਿਵਾਰ ਹੈ ਜਿਹੜਾ ਜੀਵਨ ਦੀਆਂ ਬੁਨਿਆਦੀ ਜ਼ਰੂਰਤਾਂ ਤੋਂ ਸੱਖਣਾ ਹੈ। ਭਾਰਤੀ ਆਬਾਦੀ ਦੇ ਤਿੰਨ ਚੌਥਾਈ ਲੋਕ ਇਸੇ ਵਰਗ ਵਿਚ ਆਉਂਦੇ ਹਨ, ਜਾਂ ਦਹਾਕਿਆਂ ਤੋਂ ਇਸ ਪਾਸੇ ਵੱਲ ਸਰਕਾਏ ਜਾ ਰਹੇ ਹਨ। ਇਹ ਕੰਮ ਬਹੁਤ ਇਮਾਨਦਾਰੀ ਨਾਲ ਹੁੰਦਾ ਆ ਰਿਹਾ ਹੈ। ਸੁਰਜੀਤ ਅਕਰੇ ਦੀ ਇਹ ਪੇਂਟਿੰਗ ਅਤੇ ਕੁਝ ਹੋਰ ਪੇਂਟਿੰਗਾਂ ਦੱਬੇ-ਕੁਚਲੇ ਲੋਕਾਂ ਬਾਰੇ ਗੱਲ ਕਰਦੀਆਂ ਹਨ।

## ਆਖ ਤਸਵੀਰਾਂ ਬੋਲਦੀਆਂ

ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ **ਦੋ ਤੋਂ ਚਾਰ ਸਤਰਾਂ** 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ **ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 4 ਫਰਵਰੀ 2018** ਹੈ। -ਸੰਪਾਦਕ

### ਕੈਪਸ਼ਨ ਮੁਕਾਬਲਾ-310



*ਮਿਹਨਤਾਂ ਕਰਦਿਆਂ ਗੁਜ਼ਰੀ ਐ ਉਮਰ ਸਾਰੀ,*
*ਸਾਡੀ 'ਗਿਣਤੀ' ਹੈ ਦੱਸੋ ਜੀ ਕਿਹੜਿਆਂ ਵਿਚ?*
*ਭਾਵੇਂ ਰੋਜ ਹੀ ਚੜ੍ਹਦਾ ਅਤੇ ਛਿਪ ਜਾਂਦੈ,*
*ਮਘਿਆ ਸੂਰਜ ਨਾ ਸਾਡੇ ਵਿਹੜਿਆਂ ਵਿਚ!*

### ਕੈਪਸ਼ਨ ਮੁਕਾਬਲਾ-308



ਪੰਜ ਕੱਕਿਆਂ ਦਾ ਪਰਪੱਕ
ਮਾਤਾ ਲਾਲ ਬਣਾਉਣਾ ਚਾਹਵੇ।
ਰੀਝਾਂ ਨਾਲ ਗੁੰਦੇ ਮੀਡੀਆਂ
ਸੋਹਣਾ ਜੂੜਾ ਸਿਰ ਸਜਾਵੇ।
ਸਿੱਖੀ ਦੀ ਨਾਲੇ ਦੇਵੇ ਗੁੜ੍ਹਤੀ
ਗੁਰੂ ਚਰਨਾਂ ਨਾਲ ਜੋੜੇ।
ਕਾਲ ਕੰਟੁਕ ਦੇ ਝੂਠੇ ਬੰਧਨ
ਸਹਿਜੇ ਹੀ ਇਉਂ ਜੋੜੇ।
**-ਸੇਵਾ ਸਿੰਘ ਨੂਰਪੁਰੀ, ਬੰਗਾ**

---

ਰੀਝਾਂ ਨਾਲ ਗੁੰਦ ਕੇ ਵਾਲ
ਜੂੜਾ ਕਰ ਮਾਂ ਕਰੇ ਤਿਆਰ।
ਅੰਗਰੇਜ਼ੀ ਦੇ ਚੜ੍ਹ ਕੰਧੇੜੇ
ਤੁਰਨਾ ਪੈਣਾ ਨਾਲ ਸੰਸਾਰ।
ਐਪਰ ਮਾਂ ਬੋਲੀ ਤੇ ਸਿੱਖੀ ਦਾ
ਮਾਂ ਸਦਕੇ ਮੈਂ ਬਣੂੰ ਪਹਿਰੇਦਾਰ।
**-ਦਵਿੰਦਰ ਕੌਰ**

---

ਜਿਸ ਮਾਂ ਨੂੰ ਵਿਰਸੇ 'ਚ ਮਿਲੀ ਸਿੱਖੀ
ਕਿਉਂ ਨਾ ਹੋਣ ਉਹਦੇ ਬੱਚੇ ਹੋਣਹਾਰ।
ਚੰਗੀ ਸੋਚ ਨਾਲ ਤੋਰੂ ਜ਼ਿੰਦਗੀ
ਗੁੜ੍ਹਤੀ 'ਚ ਮਿਲਣ ਜੇ ਚੰਗੇ ਸੰਸਕਾਰ।
ਮਿਟਾ ਕੇ ਜਾਤ-ਪਾਤ ਦਾ ਧੱਬਾ
ਦੀਨ ਦੁਖੀ ਦੀ ਕਰੂ ਸੇਵਾ
ਰੱਖੂ ਸਭ ਨਾਲ ਪਿਆਰ।
**-ਜਗਜੀਤ ਕੌਰ ਤੂਰ, ਚੰਡੀਗੜ੍ਹ**

---

ਜੂੜਾ ਸੋਹਣਾ ਕਰਾਉਣ ਦੀ ਖਾਤਰ
ਮੂਹਰੇ ਮਾਂ ਦੇ ਬਹਿ ਗਿਆ।
ਫੋਟੋ ਖਿਚਵਾਉਣ ਦੀ ਕਰੀ ਤਿਆਰੀ
ਮੂੰਹ ਖੁੱਲ੍ਹਾ ਹੀ ਰਹਿ ਗਿਆ।
**-ਜਗਮੀਤ ਸਿੰਘ ਪੰਧੇਰ**
**ਫੋਨ: 91-9878337222**

---

ਚੰਗੀ ਸੋਚ ਨੂੰ ਪ੍ਰਣਾਈਆਂ ਮਾਂਵਾਂ
ਬੱਚਿਆਂ ਨੂੰ ਵਿਰਸੇ ਨਾਲ ਜੋੜਨ।
ਕੁਰਬਾਨੀਆਂ ਦਾ ਇਤਿਹਾਸ ਸੁਣਾ ਕੇ
ਗੁਰੂਆਂ ਦੀ ਸਿੱਖਿਆ ਵੱਲ ਮੋੜਨ।
ਚੜ੍ਹਦੀ ਕਲਾ 'ਚ ਰਹਿਣਾ ਸਿਖਾ ਕੇ
ਮਨੁੱਖੀ ਸੇਵਾ ਲਈ ਕਰਨ ਤਿਆਰ।
ਚੰਗੇ ਸੰਸਕਾਰਾਂ ਵਾਲੀ ਮਾਂ ਦਾ ਪੁੱਤ
ਬਣੂ ਜੱਗ 'ਤੇ ਖਾਲਸ ਸਰਦਾਰ।
**-ਅਮਰਜੀਤ ਸਿੰਘ ਤੂਰ**
**ਫੋਨ: 91-98784-69639**

---

ਛੋਟਾ ਸਿੰਘ ਜੂੜਾ ਕਰਾਏ
ਮਾਂ ਤੋਂ ਨਾਲ ਪਿਆਰ।
ਪਾਇਆ ਗਾਤਰਾ ਲੱਗੇ ਸੋਹਣਾ
ਇਹ ਨਿੱਕੜਾ ਸਰਦਾਰ।
ਵਾਹਿਗੁਰੂ ਮਿਹਰ ਕਰੇ ਸਦਾ
ਸਿੱਖੀ ਦੀ ਖਿੜ੍ਹੀ ਰਹੇ ਗੁਲਜ਼ਾਰ।
ਸਿੱਖੀ ਦਾ ਇਕੋ ਇਕ ਫਲਸਫਾ
ਸਭ ਨਾਲ ਕਰੋ ਪਿਆਰ।
ਚਾਹੇ ਹੋਵੇ ਕੋਈ ਧਰਮ
ਕਰੋ ਦਿਲੋਂ ਸਤਿਕਾਰ।
**-ਗੋਰਾ ਪ੍ਰਜਾਪਤ, ਨਿਊ ਯਾਰਕ**
**ਫੋਨ: 718-690-8403**

## ਮਤਾ

ਪੰਡਿਤ, ਮੁੱਲਾ ਤੇ ਭਾਈ, ਰਲ ਬੈਠੇ ਇਕ ਮਤਾ ਪਕਾਈਏ।
ਧਰਮ ਦਾ ਨਸ਼ਾ ਘਰ ਘਰ ਵੰਡ ਕੇ, ਭੋਲੀ ਜਨਤਾ ਨੂੰ ਭੜਕਾਈਏ।
ਧਰਮ ਦੇ ਨਾਂ 'ਤੇ ਵੰਡੀਆਂ ਪਾਈਏ, ਆਪਣੀ ਆਪਣੀ ਦੁਕਾਨ ਚਲਾਈਏ।
**-ਚਰਨਜੀਤ ਸਿੰਘ ਸਾਹੀ, ਫੋਨ: 317-430-6545**

# ਅਧਿਆਪਕਾਂ ਦੀ ਭਰਤੀ ਦੀ ਥਾਂ ਸਰਕਾਰ ਦਾ ਨਵਾਂ ਜੁਗਾੜ

## ਹੁਣ ਇਕ ਹੀ ਅਧਿਆਪਕ ਪੜ੍ਹਾਏਗਾ ਪੰਜਾਬੀ ਤੇ ਹਿੰਦੀ



**ਚੰਡੀਗੜ੍ਹ:** ਵਿੱਤੀ ਸੰਕਟ ਕਾਰਨ ਅਧਿਆਪਕਾਂ ਦੀਆਂ ਖਾਲੀ ਅਸਾਮੀਆਂ ਨਵੀਂ ਭਰਤੀ ਰਾਹੀਂ ਭਰਨ ਦੀ ਥਾਂ ਸਰਕਾਰ ਨੇ ਨਵਾਂ ਜੁਗਾੜ ਲਾਇਆ ਹੈ। ਸਰਕਾਰ ਨੇ ਹੁਣ ਹਿੰਦੀ ਤੇ ਪੰਜਾਬੀ ਦੇ ਵੱਖ-ਵੱਖ ਅਧਿਆਪਕਾਂ ਦੀਆਂ ਅਸਾਮੀਆਂ ਦਾ ਭੋਗ ਪਾ ਕੇ ਪੰਜਾਬੀ ਤੇ ਹਿੰਦੀ ਭਾਸ਼ਾਵਾਂ ਪੜ੍ਹਾਉਣ ਲਈ ਸਿਰਫ ਇਕ ਅਧਿਆਪਕ ਹੀ ਰੱਖਣ ਦਾ ਫੈਸਲਾ ਕੀਤਾ ਗਿਆ ਹੈ।

ਸੂਬੇ ਵਿਚਲੇ ਕੁੱਲ 2669 ਸਰਕਾਰੀ ਮਿਡਲ ਸਕੂਲਾਂ ਵਿਚੋਂ 1258 ਵਿਚ ਪ੍ਰਤੀ ਸਕੂਲ ਔਸਤਨ 50-50 ਵਿਦਿਆਰਥੀ ਹੀ ਪੜ੍ਹਦੇ ਹਨ। ਇਨ੍ਹਾਂ ਵਿਚੋਂ 444 ਸਕੂਲਾਂ ਵਿਚ ਔਸਤਨ ਪ੍ਰਤੀ ਸਕੂਲ 30 ਜਾਂ ਇਸ ਤੋਂ ਵੀ ਘੱਟ ਬੱਚੇ ਪੜ੍ਹਦੇ ਹਨ ਜਦਕਿ 814 ਸਕੂਲਾਂ ਵਿਚ ਮਸਾਂ 31 ਤੋਂ 50 ਤੱਕ ਬੱਚੇ ਹੀ ਪੜ੍ਹਨ ਆਉਂਦੇ ਹਨ। ਸਰਕਾਰ ਵੱਲੋਂ 2669 ਮਿਡਲ ਸਕੂਲਾਂ ਵਿਚ ਅਧਿਆਪਕਾਂ ਦੀਆਂ ਮਨਜ਼ੂਰਸ਼ੁਦਾ 6-6 ਅਸਾਮੀਆਂ ਵਿਚੋਂ ਅਜਿਹੇ ਤੱਥਾਂ ਨੂੰ ਅਧਾਰ ਬਣਾ ਕੇ ਦੋ-ਦੋ ਅਸਾਮੀਆਂ ਉਪਰ ਕੈਂਚੀ ਫੇਰੀ ਜਾ ਰਹੀ ਹੈ।

ਮਿਡਲ ਸਕੂਲਾਂ ਵਿਚ ਦੋ-ਦੋ ਅਧਿਆਪਕਾਂ ਦੀਆਂ ਅਸਾਮੀਆਂ ਘਟਾਉਣ ਦਾ ਫੈਸਲਾ ਜਿਥੇ ਕਾਫੀ ਸਕੂਲਾਂ ਵਿਚ ਵਿਦਿਆਰਥੀਆਂ ਦੀ ਗਿਣਤੀ ਘੱਟ ਹੋਣ ਦੇ ਅਧਾਰ ਉਤੇ ਕੀਤਾ ਗਿਆ ਹੈ, ਉਥੇ ਬਹੁਤੇ ਮਿਡਲ ਸਕੂਲਾਂ ਵਿਚ ਸਿਰਫ ਇਕ-ਇਕ ਸੈਕਸ਼ਨ ਹੀ ਚੱਲਣ ਕਾਰਨ ਇਹ ਕਟੌਤੀ ਕੀਤੀ ਜਾ ਰਹੀ ਹੈ। ਰੂਪਨਗਰ ਦੇ ਕੁੱਲ 162 ਮਿਡਲ ਸਕੂਲਾਂ ਵਿਚੋਂ 67, ਹੁਸ਼ਿਆਰਪੁਰ ਦੇ 223 ਸਕੂਲਾਂ ਵਿਚੋਂ 60, ਗੁਰਦਾਸਪੁਰ ਦੇ 228 ਸਕੂਲਾਂ ਵਿਚੋਂ 46 ਅਤੇ ਫਤਿਹਗੜ੍ਹ ਸਾਹਿਬ ਦੇ 137 ਸਕੂਲਾਂ ਵਿਚੋਂ 41 ਸਕੂਲਾਂ ਵਿਚ ਪ੍ਰਤੀ ਸਕੂਲ 30 ਜਾਂ ਇਸ ਤੋਂ ਘੱਟ ਬੱਚੇ ਪੜ੍ਹ ਰਹੇ ਹਨ। ਇਸੇ ਤਰ੍ਹਾਂ ਹੋਰ ਜ਼ਿਲ੍ਹਿਆਂ ਵਿਚਲੇ ਕਈ ਮਿਡਲ ਸਕੂਲਾਂ ਵਿਚ ਵੀ ਬੱਚਿਆਂ ਦੀ ਗਿਣਤੀ 30 ਜਾਂ ਇਸ ਤੋਂ ਘੱਟ ਹੈ। ਜ਼ਿਲ੍ਹਾ ਹੁਸ਼ਿਆਰਪੁਰ ਦੇ 223 ਮਿਡਲ ਸਕੂਲਾਂ ਵਿਚੋਂ 95, ਗੁਰਦਾਸਪੁਰ ਦੇ 228 'ਚੋਂ 73, ਲੁਧਿਆਣਾ ਦੇ 191 ਵਿਚੋਂ 57 ਅਤੇ ਜ਼ਿਲ੍ਹਾ ਰੂਪਨਗਰ ਦੇ 162 ਮਿਡਲ ਸਕੂਲਾਂ ਵਿਚੋਂ 55 ਸਕੂਲਾਂ ਵਿਚ ਪ੍ਰਤੀ ਸਕੂਲ ਸਿਰਫ 31 ਤੋਂ 50 ਤੱਕ ਬੱਚੇ ਹੀ ਪੜ੍ਹਦੇ ਹਨ। ਪਹਿਲਾਂ ਮਿਡਲ ਸਕੂਲਾਂ ਵਿਚ ਅੰਗਰੇਜ਼ੀ ਤੇ ਸਮਾਜਿਕ ਸਿੱਖਿਆ ਤੇ ਹਿਸਾਬ ਤੇ ਸਾਇੰਸ ਲਈ ਇਕ-ਇਕ ਅਧਿਆਪਕ ਦੀਆਂ ਮਨਜ਼ੂਰਸ਼ੁਦਾ ਅਸਾਮੀਆਂ ਸਨ।

ਇਸ ਤੋਂ ਬਿਨਾ ਪੰਜਾਬੀ, ਹਿੰਦੀ, ਡਰਾਇੰਗ ਅਤੇ ਸਰੀਰਕ ਸਿੱਖਿਆ ਲਈ ਵੱਖਰੇ ਤੌਰ ਉਤੇ ਇਕ-ਇਕ ਅਧਿਆਪਕ ਦੀਆਂ ਅਸਾਮੀਆਂ ਸਨ। ਹੁਣ ਹਿੰਦੀ ਤੇ ਪੰਜਾਬੀ ਅਤੇ ਸਰੀਰਕ ਸਿੱਖਿਆ ਤੇ ਆਰਟ ਤੇ ਕਰਾਫਟ ਦੋ-ਦੋ ਵਿਸ਼ਿਆਂ ਲਈ ਵੀ ਸਿਰਫ ਇਕ-ਇਕ ਅਧਿਆਪਕ ਨੂੰ ਰੱਖਣ ਦਾ ਫੈਸਲਾ ਲਿਆ ਗਿਆ ਹੈ। ਇਸ ਤਹਿਤ ਹੁਣ ਮਿਡਲ ਸਕੂਲਾਂ ਵਿਚ ਛੇ ਦੀ ਥਾਂ ਚਾਰ ਅਧਿਆਪਕਾਂ ਰਾਹੀਂ ਹੀ ਬੁੱਤਾ ਸਾਰਿਆ ਜਾਵੇਗਾ। ਇਸ ਕਾਰਨ ਸਵਾਲ ਖੜ੍ਹਾ ਹੋ ਗਿਆ ਹੈ ਕਿ ਕੀ ਹਿੰਦੀ ਦੇ ਅਧਿਆਪਕ ਵੱਲੋਂ ਪੰਜਾਬੀ ਜਾਂ ਪੰਜਾਬੀ ਦੇ ਅਧਿਆਪਕ ਵੱਲੋਂ ਹਿੰਦੀ ਪੜ੍ਹਾਉਣੀ ਸੰਭਵ ਹੈ?


# ਨਿਰਮਲਾ ਸੀਤਾਰਮਨ ਨੇ ਸੁਖੋਈ 'ਚ ਭਰੀ ਉਡਾਣ

**ਨਵੀਂ ਦਿੱਲੀ (ਬਿਊਰੋ):** ਰੱਖਿਆ ਮੰਤਰੀ ਨਿਰਮਲਾ ਸੀਤਾਰਮਨ ਨੇ ਜੋਧਪੁਰ ਦੇ ਹਵਾਈ ਸੈਨਾ ਦੇ ਅੱਡੇ ਤੋਂ ਸੁਖੋਈ-30 ਲੜਾਕੂ ਜਹਾਜ਼ 'ਚ ਉਡਾਣ ਭਰੀ।

ਉਹ ਪਹਿਲੀ ਔਰਤ ਰੱਖਿਆ ਮੰਤਰੀ ਹੈ, ਜਿਨ੍ਹਾਂ ਨੇ ਲੜਾਕੂ ਜਹਾਜ਼ 'ਚ ਉਡਾਣ ਭਰੀ। ਇਸ ਤੋਂ ਪਹਿਲਾਂ 25 ਨਵੰਬਰ, 2009 'ਚ ਤਿੰਨਾਂ ਸੈਨਾਵਾਂ ਦੇ ਸੁਪਰੀਮ ਕਮਾਂਡਰ ਦੇ ਤੌਰ 'ਤੇ ਸਾਬਕਾ ਰਾਸ਼ਟਰਪਤੀ ਪ੍ਰਤਿਭਾ ਪਾਟਿਲ ਪੁਣੇ 'ਚ ਸੁਖੋਈ ਵਿਚ ਉਡਾਣ ਭਰ ਚੁੱਕੇ ਹਨ।

# ਵਿਵਾਦਿਤ ਪੰਜਾਬੀ ਫਿਲਮਾਂ 'ਤੇ ਰੋਕ ਖਿਲਾਫ ਡਟੇਗੀ ਦਿੱਲੀ ਕਮੇਟੀ

**ਨਵੀਂ ਦਿੱਲੀ:** ਚੋਣਵੀਆਂ ਵਿਵਾਦਿਤ ਪੰਜਾਬੀ ਫਿਲਮਾਂ ਉਤੇ ਸਰਕਾਰਾਂ ਵੱਲੋਂ ਲਗਾਈ ਰੋਕ ਖਿਲਾਫ ਦਿੱਲੀ ਕਮੇਟੀ ਵੱਲੋਂ ਮੁਹਿੰਮ ਸ਼ੁਰੂ ਕਰਨ ਦਾ ਐਲਾਨ ਕੀਤਾ ਗਿਆ ਹੈ। ਕਮੇਟੀ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੇ ਹਿੰਦੀ ਫਿਲਮ 'ਪਦਮਾਵਤ' ਬਾਰੇ ਸੁਪਰੀਮ ਕੋਰਟ ਦੇ ਹੁਕਮ ਦਾ ਹਵਾਲਾ ਦਿੰਦੇ ਹੋਏ ਵਿਵਾਦਿਤ ਪੰਜਾਬੀ ਫਿਲਮਾਂ ਦੇ ਪ੍ਰਦਰਸ਼ਨ 'ਤੇ ਲੱਗੀ ਰੋਕ ਨੂੰ ਬੋਲਣ ਦੀ ਆਜ਼ਾਦੀ ਉਤੇ ਲੱਗੀ ਰੋਕ ਨਾਲ ਜੋੜਿਆ।




ਜੀ.ਕੇ. ਨੇ ਪੰਜਾਬੀ ਫਿਲਮਾਂ- ਸਾਡਾ ਹੱਕ, ਕੌਮ ਦੇ ਹੀਰੇ ਅਤੇ ਤੂਫਾਨ ਸਿੰਘ ਆਦਿ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਸੈਂਸਰ ਬੋਰਡ ਅਤੇ ਸੂਬਾ ਸਰਕਾਰਾਂ ਵੱਲੋਂ ਸਮੇਂ-ਸਮੇਂ ਉਤੇ ਸਿੱਖ ਕੌਮ ਨਾਲ ਵਾਪਰੇ ਦੁਖਾਂਤ ਦਾ ਵਿਖਾਵਾ ਕਰਨ ਵਾਲੀਆਂ ਉਕਤ ਫਿਲਮਾਂ ਨੂੰ ਪ੍ਰਦਰਸ਼ਿਤ ਹੋਣ ਤੋਂ ਰੋਕਿਆ ਗਿਆ। ਜਦੋਂ ਕਿ ਉਕਤ ਫਿਲਮਾਂ ਸਿੱਖਾਂ ਨਾਲ ਹੋਈ ਨਾਇਨਸਾਫੀ ਨੂੰ ਬਿਆਨ ਕਰਦੀਆਂ ਹਨ। ਜੀ.ਕੇ. ਨੇ ਕਿਹਾ ਕਿ ਫਿਲਮ ਪਦਮਾਵਤ ਬਾਰੇ ਸੁਪਰੀਮ ਕੋਰਟ ਨੇ ਫੈਸਲਾ ਦੇ ਕੇ ਇਸ ਗੱਲ ਦੀ ਪ੍ਰੋੜ੍ਹਤਾ ਕਰ ਦਿੱਤੀ ਹੈ ਕਿ ਕਿਸੇ ਫਿਲਮ ਨੂੰ ਸੌੜੀ ਸੋਚ ਕਰ ਕੇ ਦਬਾਉਣਾ ਸੰਵਿਧਾਨਕ ਅਧਿਕਾਰਾਂ ਦੀ ਉਲੰਘਣਾ ਹੈ। ਇਸ ਲਈ ਦਿੱਲੀ ਕਮੇਟੀ ਇਨ੍ਹਾਂ ਫਿਲਮਾਂ 'ਤੇ ਲੱਗੀ ਰੋਕ ਨੂੰ ਹਟਾਉਣ ਵਾਸਤੇ ਹਰ ਹੀਲਾ ਵਰਤਣ ਲਈ ਤਿਆਰ ਹੈ। ਉਕਤ ਫਿਲਮਾਂ ਦੇ ਨਿਰਮਾਤਾਵਾਂ ਨੂੰ ਦਿੱਲੀ ਕਮੇਟੀ ਨਾਲ ਸੰਪਰਕ ਕਰਨ ਦਾ ਸੱਦਾ ਦਿੰਦੇ ਹੋਏ ਜੀ.ਕੇ. ਨੇ ਇਸ ਮਸਲੇ 'ਤੇ ਸੁਪਰੀਮ ਕੋਰਟ ਜਾਣ ਦਾ ਵੀ ਇਸ਼ਾਰਾ ਕੀਤਾ।

# ਭਾਰਤੀ ਮੂਲ ਦੀਆਂ ਦੋ ਕਾਨੂੰਨਸਾਜ਼ ਮਹਿਲਾਵਾਂ ਬਣੀਆਂ ਮੰਤਰੀ

**ਓਟਾਵਾ:** ਭਾਰਤੀ ਮੂਲ ਦੀਆਂ ਦੋ ਕਾਨੂੰਨਸਾਜ਼ ਮਹਿਲਾਵਾਂ ਜਿਨ੍ਹਾਂ ਵਿਚੋਂ ਇਕ ਨੇ ਬੀਤੇ ਵਰ੍ਹੇ ਅਪਰੈਲ ਵਿਚ ਸੰਸਦ ਵਿਚ '84 ਸਿੱਖ ਕਤਲੇਆਮ ਬਾਰੇ ਮਤਾ ਪੇਸ਼ ਕੀਤਾ ਸੀ, ਨੂੰ ਪ੍ਰਧਾਨ ਮੰਤਰੀ ਕੈਥਲੀਨ ਵੇਅਨ ਨੇ ਮੰਤਰੀ ਮੰਡਲ ਵਿਚ ਸ਼ਾਮਲ ਕਰ ਲਿਆ। ਵੇਅਨ ਨੇ ਬਰੈਂਪਟਨ ਸਪ੍ਰਿੰਗਡੇਲ ਦੀ ਸੂਬਾਈ ਸੰਸਦ ਦੀ ਲਿਬਰਲ ਮੈਂਬਰ ਹਰਿੰਦਰ ਮੱਲ੍ਹੀ (38) ਨੂੰ ਔਰਤਾਂ ਦੀ ਭਲਾਈ ਬਾਰੇ ਮੰਤਰੀ ਬਣਾਇਆ ਹੈ। ਉਹ ਕੈਨੇਡਾ ਦੇ ਪਹਿਲੇ ਸਿੱਖ ਸੰਸਦ ਮੈਂਬਰ ਗੁਰਬਖਸ਼ ਸਿੰਘ ਮੱਲ੍ਹੀ ਦੀ ਧੀ ਹੈ।

ਮੱਲ੍ਹੀ ਵੱਲੋਂ ਪੇਸ਼ ਮਤੇ ਨੂੰ ਕੈਨੇਡਾ ਸਰਕਾਰ ਨੇ ਪਾਸ ਕਰਦਿਆਂ 1984 ਦੇ ਦੰਗਿਆਂ ਨੂੰ ਸਿੱਖ ਕਤਲੇਆਮ ਕਰਾਰ ਦਿੱਤਾ ਸੀ ਜਦੋਂ ਕਿ ਭਾਰਤ ਸਰਕਾਰ ਨੇ ਇਸ ਨੂੰ ਕੁਰਾਹੇ ਪਾਉਣ ਵਾਲਾ ਕਰਾਰ ਦੇ ਕੇ ਨਕਾਰ ਦਿੱਤਾ ਸੀ।

ਭਾਰਤੀ ਮੂਲ ਦੀ ਇਕ ਹੋਰ ਮਹਿਲਾ ਇੰਦਰਾ ਨਾਇਡੂ ਹੈਰਿਸ ਜੋ ਹਾਲਟਨ ਸੂਬਾਈ ਸੰਸਦ ਦੀ ਮੈਂਬਰ ਹੈ, ਨੂੰ ਵੀ ਤਰੱਕੀ ਦੇ ਕੇ ਸਿੱਖਿਆ ਮੰਤਰੀ ਬਣਾਇਆ ਗਿਆ ਹੈ। ਇਸ ਦੇ ਨਾਲ ਹੀ ਉਹ ਬਾਲ ਭਲਾਈ ਮੰਤਰੀ ਦੀ ਜ਼ਿੰਮੇਵਾਰੀ ਵੀ ਨਿਭਾਉਣਗੇ।

# ਮਾਨਵਾਲਾ ਪੱਖਪਾਤ ਮੁੱਦੇ 'ਤੇ ਸ਼੍ਰੋਮਣੀ ਕਮੇਟੀ ਸਖਤ

**ਸੰਗਰੂਰ:** ਧੂਰੀ ਨੇੜਲੇ ਪਿੰਡ ਮਾਨਵਾਲਾ ਵਿਚ ਦਲਿਤ ਪਰਿਵਾਰ ਨੂੰ ਪਿੰਡ ਦੇ ਗੁਰਦੁਆਰੇ ਵਿਚ ਬਜ਼ੁਰਗ ਔਰਤ ਨਮਿਤ ਅੰਤਿਮ ਅਰਦਾਸ ਪੰਚਾਇਤ ਦੀ ਹਾਜ਼ਰੀ ਵਿਚ ਘਟਨਾ ਲਈ ਜ਼ਿੰਮੇਵਾਰ ਵਿਅਕਤੀਆਂ ਨੇ ਆਪਣੀ ਗਲਤੀ ਮੰਨ ਲਈ ਹੈ।



ਸਮਾਗਮ ਕਰਨ ਤੋਂ ਰੋਕਣ ਦੇ ਮਾਮਲੇ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਗੰਭੀਰਤਾ ਨਾਲ ਲਿਆ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਪਿੰਡ ਮਾਨਵਾਲਾ ਪੁੱਜ ਕੇ ਦਲਿਤ ਪਰਿਵਾਰ ਨਾਲ ਮੁਲਾਕਾਤ ਕੀਤੀ ਅਤੇ ਘਟਨਾ ਦੀ ਜਾਂਚ ਲਈ ਦੋ ਮੈਂਬਰੀ ਕਮੇਟੀ ਬਣਾ ਦਿੱਤੀ ਹੈ। ਇਸੇ ਦੌਰਾਨ ਐਸ.ਜੀ.ਪੀ.ਸੀ. ਮੈਂਬਰਾਂ ਅਤੇ ਭਾਈ ਲੌਂਗੋਵਾਲ ਨੇ ਪਿੰਡ ਮਾਨਵਾਲਾ ਪੁੱਜ ਕੇ ਪੀੜਤ ਦਲਿਤ ਪਰਿਵਾਰ ਦੇ ਮੁਖੀ ਕਾਕਾ ਸਿੰਘ ਤੋਂ ਘਟਨਾ ਬਾਰੇ ਜਾਣਕਾਰੀ ਲਈ। ਭਾਈ ਲੌਂਗੋਵਾਲ ਨੇ ਇਸ ਮਾਮਲੇ ਨੂੰ ਮੰਦਭਾਗਾ ਕਰਾਰ ਦਿੰਦਿਆਂ ਕਿਹਾ ਕਿ ਜਾਤੀਵਾਦ ਨਾਲ ਜੋੜ ਕੇ ਭੇਦਭਾਵ ਕਰਨਾ ਗੁਰਮਤਿ ਮਰਿਆਦਾ ਦੇ ਉਲਟ ਹੈ ਅਤੇ ਅਜਿਹੀਆਂ ਘਟਨਾਵਾਂ ਸਿੱਖ ਧਰਮ ਦੇ ਸਿਧਾਂਤਾਂ ਨੂੰ ਢਾਹ ਲਾਉਂਦੀਆਂ ਹਨ। ਉਨ੍ਹਾਂ ਕਿਹਾ ਕਿ ਕਿਸੇ ਵੀ ਹਾਲਤ ਵਿਚ ਅਜਿਹਾ ਭੇਦਭਾਵ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਸ ਲਈ ਘਟਨਾ ਦੀ ਜਾਂਚ ਲਈ ਸ਼੍ਰੋਮਣੀ ਕਮੇਟੀ ਦੇ ਅੰਤ੍ਰਿੰਗ ਕਮੇਟੀ ਮੈਂਬਰ ਭਾਈ ਹਰਿੰਦਰ ਸਿੰਘ ਰੋਗਲਾ ਅਤੇ ਮੈਂਬਰ ਭਾਈ ਭੁਪਿੰਦਰ ਸਿੰਘ ਭਲਵਾਨ ਉਤੇ ਅਧਾਰਤ ਦੋ ਮੈਂਬਰੀ ਕਮੇਟੀ ਬਣਾ ਦਿੱਤੀ ਹੈ। ਜਾਂਚ ਰਿਪੋਰਟ ਮਿਲਣ ਤੋਂ ਬਾਅਦ ਅਗਲੀ ਕਾਰਵਾਈ ਕੀਤੀ ਜਾਵੇਗੀ।

# ਇੰਗਲੈਂਡ ਦੇ ਸਕੂਲ ਨੇ ਹਿਜਾਬ ਖਿਲਾਫ ਫੈਸਲਾ ਵਾਪਸ ਲਿਆ

**ਲੰਡਨ:** ਇੰਗਲੈਂਡ ਵਿਚ ਸਰਕਾਰੀ ਸਹਾਇਤਾ ਨਾਲ ਚੱਲਣ ਵਾਲੇ ਇਕ ਮੋਹਰੀ ਸਕੂਲ ਜੋ ਹਿਜਾਬ ਉਤੇ ਪਾਬੰਦੀ ਲਾਉਣ ਬਾਅਦ ਖਬਰਾਂ ਵਿਚ ਆਇਆ ਸੀ, ਨੇ ਆਲੋਚਨਾ ਦਾ ਸ਼ਿਕਾਰ ਹੋਣ ਬਾਅਦ ਮਜਬੂਰੀ ਵਿਚ ਫੈਸਲਾ ਲੈ ਲਿਆ ਹੈ। ਅੱਠ ਸਾਲ ਦੀਆਂ ਬੱਚੀਆਂ ਦੇ ਹਿਜਾਬ ਪਹਿਨਣ ਉਤੇ ਪਹਿਲਾਂ ਹੀ ਪਾਬੰਦੀ ਹੈ।



ਪੂਰਬੀ ਲੰਡਨ ਦੇ ਨਿਊਹਾਮ 'ਚ ਸਥਿਤ ਸੇਂਟ ਸਟੀਫਨਜ਼ ਸਕੂਲ ਨੇ ਹਿਜਾਬ ਪਹਿਨਣ ਵਿਰੁੱਧ ਪਾਬੰਦੀ 11 ਸਾਲਾਂ ਦੀਆਂ ਲੜਕੀਆਂ ਤੱਕ ਵਧਾਉਣ ਦੀ ਯੋਜਨਾ ਬਣਾਈ ਸੀ ਪਰ ਫਿਰ ਆਪਣੀ ਯੋਜਨਾ ਉਤੇ ਅਮਲ ਨਹੀਂ ਕੀਤਾ।

# ਅਨੰਦ ਮੈਰਿਜ ਐਕਟ ਲਾਗੂ ਨਾ ਕਰਨ 'ਤੇ ਚੰਡੀਗੜ੍ਹ ਪ੍ਰਸ਼ਾਸਨ ਤਲਬ

**ਚੰਡੀਗੜ੍ਹ:** ਕੇਂਦਰ ਸਰਕਾਰ ਵੱਲੋਂ ਅਨੰਦ ਮੈਰਿਜ ਐਕਟ 1909 ਵਿਚ ਸਾਲ 2012 ਵਿਚ



ਕੀਤੀ ਸੋਧ ਦੇ ਬਾਵਜੂਦ ਚੰਡੀਗੜ੍ਹ 'ਚ ਇਹ ਸੋਧਿਆ ਐਕਟ ਲਾਗੂ ਨਾ ਕਰਨ 'ਤੇ ਦਾਖਲ ਇਕ ਪਟੀਸ਼ਨ ਉਤੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਇਕਹਿਰੇ ਬੈਂਚ ਨੇ ਚੰਡੀਗੜ੍ਹ ਪ੍ਰਸ਼ਾਸਨ ਨੂੰ ਨੋਟਿਸ ਜਾਰੀ ਕਰ ਕੇ ਜਵਾਬ ਤਲਬ ਕਰ ਲਿਆ ਹੈ।

ਪਟੀਸ਼ਨ ਵਿਚ ਕਿਹਾ ਗਿਆ ਹੈ ਕਿ ਬੜੇ ਸੰਘਰਸ਼ ਦੇ ਬਾਅਦ ਐਕਟ ਵਿਚ ਸੋਧ ਕਰ ਕੇ ਸਿੱਖਾਂ ਦੇ ਵਿਆਹ, ਅਨੰਦ ਮੈਰਿਜ ਐਕਟ ਤਹਿਤ ਰਜਿਸਟਰਡ ਕਰਵਾਉਣ ਦੀ ਮੰਗ ਪੂਰੀ ਹੋਈ ਸੀ ਪਰ ਇਸ ਦੇ ਬਾਵਜੂਦ ਅਜੇ ਤੱਕ ਇਹ ਐਕਟ ਚੰਡੀਗੜ੍ਹ 'ਚ ਲਾਗੂ ਨਹੀਂ ਹੋ ਸਕਿਆ। ਅਨੰਦ ਕਾਰਜ ਰਾਹੀਂ ਹੋਏ ਵਿਆਹ ਨੂੰ ਅਨੰਦ ਮੈਰਿਜ ਐਕਟ ਤਹਿਤ ਰਜਿਸਟਰਡ ਕੀਤਾ ਜਾਣ ਲੱਗਾ ਹੈ।

ਇਸ ਲਈ ਸਬੰਧਤ ਸੂਬਿਆਂ ਨੇ ਨਿਯਮ ਤੈਅ ਕਰਨੇ ਹਨ ਤੇ ਇਹ ਸੋਧਿਆ ਐਕਟ ਕਈ ਸੂਬਿਆਂ ਵਿਚ ਲਾਗੂ ਹੋ ਚੁੱਕਾ ਹੈ ਪਰ ਚੰਡੀਗੜ੍ਹ ਵਿਚ ਅਜੇ ਤੱਕ ਇਸ ਸੋਧੇ ਐਕਟ ਨੂੰ ਲਾਗੂ ਕਰਨ ਲਈ ਨਿਯਮ ਤੈਅ ਨਹੀਂ ਕੀਤੇ ਗਏ ਹਨ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਸਿੱਖਾਂ ਦੇ ਵਿਆਹ ਹਿੰਦੂ ਮੈਰਿਜ ਐਕਟ ਤਹਿਤ ਹੀ ਰਜਿਸਟਰਡ ਹੁੰਦੇ ਸੀ ਤੇ ਲੰਮੇ ਸੰਘਰਸ਼ ਉਪਰੰਤ ਕੇਂਦਰ ਸਰਕਾਰ ਨੇ ਅਨੰਦ ਮੈਰਿਜ ਐਕਟ ਵਿਚ ਸਿੱਖਾਂ ਦੇ ਵਿਆਹਾਂ ਦੀ ਵੱਖਰੇ ਤੌਰ ਉਤੇ ਰਜਿਸਟ੍ਰੇਸ਼ਨ ਦੀ ਤਜਵੀਜ਼ ਬਣਾਈ ਸੀ।

# ਮੌਰੀਸ਼ਸ਼ ਕਰ ਰਿਹਾ ਹੈ ਭਾਰਤ ਵਿਚ ਸਭ ਤੋਂ ਵੱਧ ਵਿਦੇਸ਼ੀ ਨਿਵੇਸ਼

**ਮੁੰਬਈ:** ਭਾਰਤ ਵਰਗੀ ਵੱਡੀ ਅਰਥਵਿਵਸਥਾ ਵਿਚ ਸਭ ਤੋਂ ਜ਼ਿਆਦਾ ਵਿਦੇਸ਼ੀ ਨਿਵੇਸ਼ ਦੁਨੀਆਂ ਦੇ ਛੋਟੇ ਜਿਹੇ ਮੁਲਕ ਤੋਂ ਹੁੰਦਾ ਹੈ। ਰਿਜ਼ਰਵ ਬੈਂਕ ਦੀ ਰਿਪੋਰਟ ਵਿਚ ਸਾਹਮਣੇ ਆਇਆ ਹੈ ਕਿ ਐਫ.ਡੀ.ਆਈ. ਦਾ ਸਭ ਤੋਂ ਵੱਡਾ ਸਰੋਤ ਮੌਰੀਸ਼ਸ਼ ਹੈ। ਇਸ ਤੋਂ ਬਾਅਦ ਅਮਰੀਕਾ ਤੇ ਬ੍ਰਿਟੇਨ ਦਾ ਨੰਬਰ ਆਉਂਦਾ ਹੈ। ਮੌਰੀਸ਼ਸ਼ ਵਰਗੇ ਮੁਲਕ ਦਾ ਭਾਰਤ ਵਿਚ ਨਿਵੇਸ਼ ਵਿਚ ਨੰਬਰ ਇਕ ਹੋਣਾ ਇਸ ਲਈ ਵੀ ਹੈਰਾਨ ਕਰਦਾ ਹੈ ਕਿਉਂਕਿ ਮੌਰੀਸ਼ਸ਼ ਨੂੰ 'ਟੈਕਸ ਹੈਵਨ' ਮੰਨਿਆ ਜਾਂਦਾ ਹੈ।

ਇਸ ਤੋਂ ਇਲਾਵਾ ਇਹ ਵੀ ਕਿਹਾ ਜਾਂਦਾ ਹੈ ਕਿ ਇਹ ਹਵਾਲਾ ਰਾਹੀਂ ਭਾਰਤ ਦੇ ਕਾਲੇ ਧਨ ਨੂੰ ਚਿੱਟਾ ਕਰਨ ਦਾ ਰਸਤਾ ਹੈ। ਦੂਜੇ ਤੇ ਤੀਜੇ ਨੰਬਰ ਉਤੇ ਅਮਰੀਕਾ ਤੇ ਬ੍ਰਿਟੇਨ ਹੈ। ਇਸ ਤੋਂ ਬਾਅਦ ਸਿੰਗਾਪੁਰ ਤੇ ਜਾਪਾਨ ਦਾ ਨੰਬਰ ਹੈ। ਭਾਰਤ ਵਿਚ ਹੋਏ ਕੁੱਲ ਨਿਵੇਸ਼ ਦਾ 21.8 ਫੀਸਦੀ ਹਿੱਸਾ ਮੌਰੀਸ਼ਸ਼ ਤੋਂ ਆਉਂਦਾ ਹੈ। ਰਿਜ਼ਰਵ ਬੈਂਕ ਦੀ ਰਿਪੋਰਟ ਵਿਚ 18,667 ਕੰਪਨੀਆਂ ਵਿਚੋਂ 17,020 ਕੰਪਨੀਆਂ ਦੇ ਮਾਰਚ ਵਿਚ ਖਤਮ ਹੋਏ ਵਿੱਤੀ ਸਾਲ ਵਿਚ ਡਾਇਰੈਕਟ ਫੌਰਨ ਇਨਵੈਸਟਮੈਂਟ ਨੂੰ ਸ਼ਾਮਲ ਕੀਤਾ ਗਿਆ ਹੈ।

ਰਿਪੋਰਟ ਵਿਚ ਕਿਹਾ ਗਿਆ ਹੈ ਕਿ ਜਿਨ੍ਹਾਂ 15,169 ਕੰਪਨੀਆਂ ਨੇ ਐਫ.ਡੀ.ਆਈ. ਹੋਣ ਦੀ ਜਾਣਕਾਰੀ ਦਿੱਤੀ ਹੈ, ਉਸ ਵਿਚ 80 ਫੀਸਦੀ ਤੋਂ ਵੱਧ ਕੰਪਨੀਆਂ ਆਪਣੀ ਵਿਦੇਸ਼ੀ ਕੰਪਨੀ ਨੂੰ ਹਿੱਸਾ ਮੰਨਦੀਆਂ ਹਨ। ਮਤਲਬ ਕੰਪਨੀਆਂ ਵਿਚ 50 ਫੀਸਦੀ ਨਿਵੇਸ਼ ਵਿਦੇਸ਼ੀ ਕੰਪਨੀ ਦਾ ਹੈ।

# ਮਿਆਂਮਾਰ ਪੁਲਿਸ ਦੀ ਗੋਲੀ ਨਾਲ ਸੱਤ ਬੋਧੀ ਹਲਾਕ

ਯੈਂਗੋਨ: ਸਰਕਾਰੀ ਦਫਤਰ ਉਤੇ ਕਬਜ਼ਾ ਕਰਨ ਦਾ ਯਤਨ ਕਰਨ ਵਾਲੀ ਭੀੜ ਉਤੇ ਮਿਆਂਮਾਰ ਪੁਲਿਸ ਵੱਲੋਂ ਚਲਾਈਆਂ ਗੋਲੀਆਂ ਕਾਰਨ ਸੱਤ ਰਖਾਈਨ ਬੋਧੀ ਮਾਰੇ ਗਏ ਹਨ। ਮਰਾਉਕ ਯੂ ਸ਼ਹਿਰ ਵਿਚ ਰਾਸ਼ਟਰਵਾਦੀ ਸਮਾਗਮ ਲਈ ਤਕਰੀਬਨ ਪੰਜ ਹਜ਼ਾਰ ਬੋਧੀ ਇਕੱਤਰ ਹੋਏ ਸਨ। ਇਸ ਖਿੱਤੇ ਵਿਚ ਘੱਟ ਗਿਣਤੀ ਰੋਹਿੰਗਿਆ ਮੁਸਲਿਮ ਭਾਈਚਾਰੇ ਖਿਲਾਫ ਫੌਜੀ ਕਾਰਵਾਈ ਦੌਰਾਨ ਇਹ ਸ਼ਹਿਰ ਅਛਿੱਜ ਰਿਹਾ ਹੈ।

ਇਹ ਹਾਲੇ ਤੱਕ ਸਪੱਸ਼ਟ ਨਹੀਂ ਹੋਇਆ ਹੈ ਕਿ ਇਹ ਰੈਲੀ ਕਿਵੇਂ ਹਿੰਸਕ ਰੂਪ ਧਾਰਨ ਕਰ ਗਈ। ਰਖਾਈਨ ਬੋਧੀ ਭਾਈਚਾਰੇ, ਜਿਨ੍ਹਾਂ 'ਚੋਂ ਕਈ ਗਰੀਬ ਤੇ ਹਾਸ਼ੀਏ 'ਤੇ ਧੱਕੇ ਹੋਏ ਹਨ, ਦਾ ਮਿਆਂਮਾਰ ਸਟੇਟ ਨਾਲ ਲੰਮੇ ਸਮੇਂ ਤੋਂ ਵੈਰ ਹੈ ਅਤੇ ਮਿਆਂਮਾਰ 'ਤੇ ਬਾਮਰ ਭਾਈਚਾਰੇ ਦਾ ਦਬਦਬਾ ਹੈ। ਇਹ ਝੜਪ ਉਸ ਦਿਨ ਹੋਈ ਹੈ ਜਦੋਂ ਮਿਆਂਮਾਰ ਤੇ ਬੰਗਲਾਦੇਸ਼ ਦਰਮਿਆਨ 655000 ਰੋਹਿੰਗਿਆ ਮੁਸਲਮਾਨ ਸ਼ਰਨਾਰਥੀਆਂ ਦੀ ਵਤਨ ਵਾਪਸੀ ਲਈ ਸਮਝੌਤਾ ਕੀਤਾ ਗਿਆ ਹੈ।

## ਅਨੰਦੀਬੇਨ ਮੱਧ ਪ੍ਰਦੇਸ਼ ਦੀ ਰਾਜਪਾਲ ਨਿਯੁਕਤ

**ਨਵੀਂ ਦਿੱਲੀ:** ਗੁਜਰਾਤ ਦੀ ਸਾਬਕਾ ਮੁੱਖ ਮੰਤਰੀ ਅਨੰਦੀਬੇਨ ਪਟੇਲ ਨੂੰ ਮੱਧ ਪ੍ਰਦੇਸ਼ ਦੀ ਰਾਜਪਾਲ ਨਿਯੁਕਤ ਕੀਤਾ ਗਿਆ ਹੈ।

# ਸਿੱਖਾਂ ਨੂੰ ਜ਼ਰਾਇਮ ਪੇਸ਼ਾ ਕਰਾਰ ਦੇਣ ਦੀ ਨਿਰਮੂਲ ਧਾਰਨਾ

ਪੰਜਾਬ ਟਾਈਮਜ਼ ਦੇ ਪਿਛਲੇ ਅੰਕਾਂ ਵਿਚ ਲੜੀਵਾਰ ਛਪੀ ਲਿਖਤ ਵਿਚ ਲੇਖਕ ਮੁਸਤਫਾ ਡੋਗਰ ਨੇ ਅੰਗਰੇਜ਼ਾਂ ਵੱਲੋਂ ਵੱਖ ਵੱਖ ਕਬੀਲੀਆਂ ਨੂੰ ਜ਼ਰਾਇਮ ਪੇਸ਼ਾ ਕਰਾਰ ਦਿੱਤੇ ਜਾਣ ਦੀ ਵਿਸਥਾਰ ਪੂਰਵਕ ਜਾਣਕਾਰੀ ਸਾਂਝੀ ਕੀਤੀ। ਲੇਖਕ ਨੇ ਕ੍ਰਿਮੀਨਲ ਟਰਾਈਬਜ਼ ਐਕਟ ਅਧੀਨ ਜ਼ਰਾਇਮ ਪੇਸ਼ਾ ਕਰਾਰ ਦਿੱਤੇ ਜਾਣ ਲਈ ਵਰਤੀ ਜਾਂਦੀ ਵਿਧੀ ਦਾ ਵਰਣਨ ਵੀ ਬੜੇ ਵਿਸਥਾਰ ਵਿਚ ਕੀਤਾ। ਜ਼ਰਾਇਮ ਪੇਸ਼ਾ ਕਰਾਰ ਦਿੱਤੇ ਜਾਣ ਵਾਲੇ ਲੋਕਾਂ ਵੱਲੋਂ ਲੁੱਟਾਂ-ਖੋਹਾਂ ਕਰਨ, ਠੱਗੀਆਂ ਮਾਰਨ, ਚੋਰੀਆਂ ਕਰਨ ਅਤੇ ਡਾਕੇ ਮਾਰਨ ਆਦਿ ਬਾਰੇ ਵੀ ਭਰਪੂਰ ਚਾਨਣਾ ਪਾਇਆ ਗਿਆ। ਲੇਖਕ ਨੇ ਇਹ ਸਵਾਲ ਉਭਾਰਨ ਦੀ ਵੀ ਕੋਸ਼ਿਸ਼ ਕੀਤੀ ਕਿ

**ਹਜ਼ਾਰਾ ਸਿੰਘ ਮਿਸੀਸਾਗਾ (ਕੈਨੇਡਾ)**
**ਫੋਨ: 905-795-3428**

ਜਦ ਅੰਗਰੇਜ਼ਾਂ ਨੇ ਸਿੱਖਾਂ ਨੂੰ ਜ਼ਰਾਇਮ ਪੇਸ਼ਾ ਕਰਾਰ ਨਹੀਂ ਸੀ ਦਿੱਤਾ ਤਾਂ ਭਾਰਤ ਸਰਕਾਰ ਨੇ ਸਿੱਖਾਂ ਨੂੰ ਜ਼ਰਾਇਮ ਪੇਸ਼ਾ ਕਰਾਰ ਕਿਉਂ ਦਿੱਤਾ? ਲਿਖਤ ਦੀ ਪੇਸ਼ਕਾਰੀ ਤੋਂ ਤਾਂ ਪ੍ਰਭਾਵ ਹੀ ਇਹ ਪੈਂਦਾ ਹੈ ਕਿ ਜਿਵੇਂ ਇਹ ਲਿਖੀ ਹੀ ਸਿੱਖਾਂ ਨੂੰ ਜ਼ਰਾਇਮ ਪੇਸ਼ਾ ਕਰਾਰ ਦਿੱਤੇ ਜਾਣ ਦੇ ਆਧਾਰ ਨੂੰ ਗਲਤ ਸਾਬਿਤ ਕਰਨ ਵਾਸਤੇ ਹੋਵੇ। ਬੱਸ ਇਸੇ ਨੁਕਤੇ ਕਾਰਨ ਹੀ ਇਹ ਗੰਭੀਰ ਅਤੇ ਜਾਣਕਾਰੀ ਭਰਪੂਰ ਲਿਖਤ ਹਲਕੀ ਪੈ ਜਾਂਦੀ ਹੈ। ਆਓ ਵਿਚਾਰੀਏ ਕਿਵੇਂ?

ਲੇਖਕ ਨੇ ਜ਼ਰਾਇਮ ਪੇਸ਼ਾ ਕਰਾਰ ਦਿੱਤੇ ਕਬੀਲਿਆਂ ਦੀ ਜਾਣਕਾਰੀ ਤਾਂ ਅੰਕੜਿਆਂ ਤੇ ਇਤਿਹਾਸਕ ਹਵਾਲਿਆਂ ਨਾਲ ਪੇਸ਼ ਕੀਤੀ ਅਤੇ ਅੰਗਰੇਜ਼ਾਂ ਦੇ ਕਾਨੂੰਨ ਬਾਰੇ ਤੇ ਜ਼ਰਾਇਮ ਪੇਸ਼ਾ ਲੋਕਾਂ ਵਿਰੁਧ ਕੀਤੀ ਕਾਰਵਾਈ ਬਾਰੇ ਵੀ ਦਸਤਾਵੇਜ਼ੀ ਸਬੂਤਾਂ ਦੇ ਆਧਾਰ 'ਤੇ ਲਿਖਤ ਲਿਖੀ। ਪਰ ਲੇਖਕ ਦੀ ਇਹ ਸਾਬਿਤ ਕਰਨ ਦੀ ਕੋਸ਼ਿਸ਼ ਕਿ ਅੰਗਰੇਜ਼ਾਂ ਨੇ ਸਿੱਖਾਂ ਨੂੰ ਜ਼ਰਾਇਮ ਪੇਸ਼ਾ ਕਰਾਰ ਹੀ ਨਹੀਂ ਦਿੱਤਾ ਸੀ, ਬਿਲਕੁਲ ਬੇਤੁਕਾ ਹੈ। ਭਲਾ ਜੋ ਘਟਨਾ ਵਾਪਰੀ ਹੀ ਨਹੀਂ, ਉਸ ਦੇ ਨਾ ਵਾਪਰਨ ਨੂੰ ਸਾਬਿਤ ਕਰਨ ਦੀ ਕੀ ਲੋੜ? ਸਭ ਗੱਲਾਂ ਇਤਿਹਾਸਕ ਹਵਾਲਿਆਂ ਨਾਲ ਕਰਨ ਵਾਲੇ ਲੇਖਕ ਜਨਾਬ ਡੋਗਰ ਇੱਥੇ ਸੁਣੀਆਂ ਸੁਣਾਈਆਂ ਦੇ ਮਗਰ ਲੱਗਣ ਵਾਲੇ ਲਾਈਲੱਗ ਸਾਬਿਤ ਹੋਏ। ਅੰਗਰੇਜ਼ਾਂ ਨੇ ਕਿਸੇ ਧਰਮ ਜਾਂ ਭਾਈਚਾਰੇ ਦੇ ਸਾਰੇ ਲੋਕਾਂ ਨੂੰ ਹੀ ਜ਼ਰਾਇਮ ਪੇਸ਼ਾ ਕਰਾਰ ਨਹੀਂ ਸੀ ਦਿੱਤਾ, ਜਿਸ ਬਾਰੇ ਸਭ ਨੂੰ ਪਤਾ ਹੈ। ਸਿੱਖਾਂ ਨੂੰ ਵੀ ਪਤਾ ਹੈ ਕਿ ਅੰਗਰੇਜ਼ਾਂ ਨੇ ਉਨ੍ਹਾਂ ਨੂੰ ਜ਼ਰਾਇਮ ਪੇਸ਼ਾ ਕਰਾਰ ਨਹੀਂ ਸੀ ਦਿੱਤਾ। ਫਿਰ ਇਸ ਨੂੰ ਸਾਬਿਤ ਕਰਨ ਲਈ ਜ਼ੋਰ ਲਾਉਣ ਦੀ ਕੀ ਤੁਕ ਬਣਦੀ ਹੈ?

ਖੈਰ! ਲੇਖਕ ਨੇ ਜ਼ਰਾਇਮ ਪੇਸ਼ਾ ਕਬੀਲਿਆਂ ਅਤੇ ਲੋਕਾਂ ਦੀ ਤਫਸੀਲ ਸਾਹਮਣੇ ਰੱਖ ਕੇ ਇਹ ਤਾਂ ਸਾਫ ਕਰ ਦਿੱਤਾ ਕਿ ਸਿੱਖਾਂ ਨੂੰ ਅੰਗਰੇਜ਼ਾਂ ਦੇ ਸਮੇਂ ਜ਼ਰਾਇਮ ਪੇਸ਼ਾ ਕਰਾਰ ਨਹੀਂ ਸੀ ਦਿੱਤਾ ਗਿਆ। ਅਸਲ ਗਲਤੀ ਉਹ ਇਸ ਤੋਂ ਅੱਗੇ ਕਰਦੇ ਹਨ। ਉਹ ਗਲਤੀ ਹੈ, ਉਨ੍ਹਾਂ ਵੱਲੋਂ ਇਹ ਮੰਨ ਕੇ ਚੱਲਣਾ ਕਿ ਭਾਰਤ ਸਰਕਾਰ ਨੇ ਸਿੱਖਾਂ ਨੂੰ ਜ਼ਰਾਇਮ ਪੇਸ਼ਾ ਕਰਾਰ ਦਿੱਤਾ ਸੀ। ਬਿਨਾ ਕਿਸੇ ਪੜਤਾਲ ਜਾਂ ਇਤਿਹਾਸਕ ਦਸਤਾਵੇਜ਼ ਦੇਖੇ, ਦੋਸਤਾਂ-ਮਿੱਤਰਾਂ ਤੋਂ ਕਹੇ-ਸੁਣੇ ਇੱਕ ਨਿਰਮੂਲ ਧਾਰਨਾ ਨੂੰ ਸਾਬਿਤ ਕਰਨ ਲਈ ਕਿਤਾਬਚਾ ਲਿਖਣ ਬੈਠ ਜਾਣਾ। 'ਯਾਰਾਂ ਅਸਾਂ ਨੂੰ ਆਣ ਸਵਾਲ ਕੀਤਾ, ਇਸ਼ਕ ਹੀਰ ਦਾ ਨਵਾਂ ਬਣਾਈਏ ਜੀ' ਵਾਂਗ ਨਵਾਂ ਕਿੱਸਾ ਲਿਖਣ ਵਰਗਾ ਕਰਮ ਤਾਂ ਹੋ ਸਕਦਾ ਹੈ ਪਰ ਕੋਈ ਇਤਿਹਾਸਕ ਲਿਖਤ ਲਿਖਣ ਦਾ ਉੱਦਮ ਨਹੀ।

ਹੈਰਾਨੀ ਦੀ ਗੱਲ ਹੈ ਕਿ ਇਹ ਲਿਖਤ ਤਾਂ ਇਤਿਹਾਸਕ ਹਵਾਲਿਆਂ ਦੇ ਆਧਾਰ 'ਤੇ ਲਿਖੀ ਗਈ ਪਰ ਸਿੱਖਾਂ ਨੂੰ ਜ਼ਰਾਇਮ ਪੇਸ਼ਾ ਕਰਾਰ ਦੇਣ ਵਾਲੇ ਕਥਨ ਦੀ ਕਿਧਰੋਂ ਪੁਸ਼ਟੀ ਕਰਨ ਦੀ ਲੋੜ ਨਹੀਂ ਸਮਝੀ ਗਈ। ਇੱਥੇ ਦੋਸਤਾਂ-ਮਿੱਤਰਾਂ ਕੋਲੋਂ ਸੁਣੀ ਗੱਲ ਨਾਲ ਹੀ ਬੇੜਾ ਠੇਲ੍ਹ ਦਿੱਤਾ ਗਿਆ। ਲੇਖਕ ਨੇ ਇਹ ਘੋਖਣ ਦੀ ਕੋਸ਼ਿਸ਼ ਹੀ ਨਹੀਂ ਕੀਤੀ ਜਾਪਦੀ ਕਿ ਭਾਰਤ ਸਰਕਾਰ ਵੱਲੋਂ ਸਿੱਖਾਂ ਨੂੰ ਜ਼ਰਾਇਮ ਪੇਸ਼ਾ ਕਰਾਰ ਦੇਣ ਵਾਲੀ ਗੱਲ ਝੂਠ ਹੈ। ਸਿੱਖ ਤਾਂ ਅਜੇ ਇਸ ਬਾਰੇ ਵੀ ਸਪੱਸ਼ਟ ਨਹੀਂ ਹਨ ਕਿ ਸਿੱਖਾਂ ਨੂੰ ਜ਼ਰਾਇਮ ਪੇਸ਼ਾ ਕਰਾਰ ਦਿੱਤੇ ਜਾਣ ਵਾਲਾ ਅਖੌਤੀ ਸਰਕੂਲਰ ਜਾਰੀ ਕਿਸ ਨੇ ਕੀਤਾ ਸੀ-ਤਤਕਾਲੀ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੇ ਜਾਂ ਪੰਜਾਬ ਦੇ ਗਵਰਨਰ ਚੰਦੂ ਲਾਲ ਤ੍ਰਿਵੇਦੀ ਨੇ? ਕੀ ਇਹ ਕੇਵਲ ਪੰਜਾਬ ਲਈ ਹੀ ਸੀ ਜਾਂ ਸਾਰੇ ਭਾਰਤ ਲਈ? ਇਸ ਬਾਰੇ ਵੀ ਹਰ ਲੀਡਰ ਅਤੇ ਬੁੱਧੀਜੀਵੀ ਦਾ ਕਿਆਫਾ ਵੱਖਰਾ ਹੈ। ਵੱਖਰਾ ਤਾਂ ਹੈ, ਕਿਉਂਕਿ 10 ਅਕਤੂਬਰ 1947 ਨੂੰ ਸਿੱਖਾਂ ਨੂੰ ਜ਼ਰਾਇਮ ਪੇਸ਼ਾ ਕਹਿਣ ਵਾਲਾ ਕੋਈ ਸਰਕੂਲਰ ਹੈ ਹੀ ਨਹੀਂ ਸੀ। ਸਿੱਖ ਲੀਡਰਾਂ ਨੇ ਤਾਂ ਇਹ ਕਥਨ ਆਪਣੀਆਂ ਤਕਰੀਰਾਂ ਕਰਾਰੀਆਂ ਕਰਨ ਲਈ ਸਾਂਭਿਆ ਹੋਇਆ ਹੈ ਅਤੇ ਲੇਖਕਾਂ ਨੇ ਆਪਣੀਆਂ ਲਿਖਤਾਂ ਨੂੰ ਮਸਾਲੇਦਾਰ ਬਣਾਉਣ ਲਈ। ਸਿੱਖ ਬੁੱਧੀਜੀਵੀ ਇਸ ਕਥਨ ਦੀ ਵਰਤੋਂ ਸਿੱਖਾਂ ਨਾਲ ਹੋ ਰਹੇ ਵਿਤਕਰੇ ਦਾ ਥੀਸਿਜ਼ ਸਿਰਜਣ ਲਈ ਕਰਦੇ ਆ ਰਹੇ ਹਨ। ਸਿਰਦਾਰ ਕਪੂਰ ਸਿੰਘ 1972 ਵਿਚ ਛਪੀ ਆਪਣੀ ਪੁਸਤਕ 'ਸਾਚੀ ਸਾਖੀ' ਵਿਚ ਲਿਖਦੇ ਹਨ ਕਿ ਸਰਕਾਰ ਉਸ ਸਮੇਂ ਹੀ ਐਸੇ ਸਰਕੂਲਰ ਦੀ ਹੋਂਦ ਤੋਂ ਮੁੱਕਰ ਗਈ ਸੀ। ਯਾਦ ਰਹੇ, ਉਸ ਸਮੇਂ ਪੰਜਾਬ ਦਾ ਗ੍ਰਿਹ ਮੰਤਰੀ ਸਵਰਨ ਸਿੰਘ ਸੀ ਅਤੇ ਗ੍ਰਿਹ ਸਕੱਤਰ ਵੀ ਸਿੱਖ ਸੀ।

ਸਿਰਦਾਰ ਕਪੂਰ ਸਿੰਘ ਦੀ ਜਿਸ ਲਿਖਤ ਨੂੰ ਆਧਾਰ ਬਣਾ ਕੇ ਮੁਸਤਫਾ ਡੋਗਰ ਅਤੇ ਦੂਸਰੇ ਲਿਖਾਰੀਆਂ ਨੇ ਸਿੱਖਾਂ ਨੂੰ 'ਜ਼ਰਾਇਮ ਪੇਸ਼ਾ' ਕਰਾਰ ਦਿੱਤੇ ਜਾਣ ਦੇ ਕਥਨ ਨੂੰ ਅਸਮਾਨੀਂ ਚਾੜ੍ਹ ਛੱਡਿਆ ਹੈ, ਉਸ ਲਿਖਤ ਵਿਚ ਵੀ ਸਿਰਦਾਰ ਕਪੂਰ ਸਿੰਘ ਨੇ 'ਜ਼ਰਾਇਮ ਪੇਸ਼ਾ' ਲਫਜ਼ ਦੀ ਵਰਤੋਂ ਨਹੀਂ ਕੀਤੀ। ਆਕਾਸ਼ ਨੂੰ ਚਾੜ੍ਹੇ ਗਏ ਇਸ ਕਥਨ ਦਾ ਮੁੱਢ ਸਿਰਦਾਰ ਕਪੂਰ ਸਿੰਘ ਦੇ ਇਨ੍ਹਾਂ ਲਫਜ਼ਾਂ ਤੋਂ ਬੱਝਿਆ ਸੀ, "10 ਅਕਤੂਬਰ 1947 ਨੂੰ ਸਰਕਾਰੀ ਨੀਤੀ ਸਬੰਧੀ ਡਿਪਟੀ ਕਮਿਸ਼ਨਰਾਂ ਨੂੰ ਇੱਕ ਗੁਪਤ ਪੱਤਰ ਮਿਲਿਆ ਜਿਸ ਵਿਚ ਡਿਪਟੀ ਕਮਿਸ਼ਨਰਾਂ ਨੂੰ ਹਦਾਇਤ ਕੀਤੀ ਗਈ ਕਿ ਸਿੱਖ ਸਮੁੱਚੇ ਤੌਰ 'ਤੇ ਜਮਾਂਦਰੂ ਫਸਾਦੀ ਲੋਕ ਹਨ ਤੇ ਇਹ ਸੂਬੇ ਦੇ ਅਮਨ ਪਸੰਦ ਹਿੰਦੂਆਂ ਲਈ ਖਤਰੇ ਭਰੀ ਵੰਗਾਰ ਬਣੇ ਹੋਏ ਹਨ। ਡਿਪਟੀ ਕਮਿਸ਼ਨਰ ਇਨ੍ਹਾਂ ਵਿਰੁਧ ਵਿਸ਼ੇਸ਼ ਸਾਧਨ ਅਪਨਾਉਣ।...ਸਿੱਖਾਂ ਨੂੰ ਬੇ-ਕਾਨੂੰਨੀ ਦੇ ਰਾਹ ਪਾਉਣ ਵਾਲੀਆਂ ਉਨ੍ਹਾਂ ਦੀਆਂ ਉਹ ਪ੍ਰਬਲ ਰੁਚੀਆਂ ਹਨ ਜਿਨ੍ਹਾਂ ਦਾ ਝੁਕਾ ਔਰਤ ਅਤੇ ਲੁੱਟ ਮਾਰ ਵੱਲ ਹੈ।" ('ਸਾਚੀ ਸਾਖੀ', ਪੰਨਾ 107-108)

ਸਿਰਦਾਰ ਕਪੂਰ ਸਿੰਘ ਇਸ ਤੋਂ ਅੱਗੇ ਲਿਖਦੇ ਹਨ, "ਜਦੋਂ ਮੈਂ ਇਸ ਨੀਤੀ ਦਾ ਵਿਰੋਧ ਕਰਦਿਆਂ ਉਤਰ ਲਿਖਿਆ ਤਾਂ ਸਰਕਾਰ ਨੇ ਮੇਰੀ ਚਿੱਠੀ ਦਾ ਕੋਈ ਉਤਰ ਨਾ ਦਿੱਤਾ।" ਇਸ ਤੋਂ ਅੱਗੇ ਬੜੀ ਅਹਿਮ ਗੱਲ ਲਿਖਦੇ ਹਨ, "10 ਅਕਤੂਬਰ 1947 ਦੇ ਨੀਤੀ ਪੱਤਰ ਸਬੰਧੀ ਛੇਤੀ ਅਫਵਾਹ ਉਡ ਗਈ ਕਿ ਇਹ ਪੱਤਰ ਗ੍ਰਿਹ ਸਕੱਤਰ ਨੇ ਰਾਜਪਾਲ ਦੀ ਸਿੱਧੀ ਆਗਿਆ ਅਨੁਸਾਰ ਭੇਜਿਆ ਹੈ। ਗ੍ਰਿਹ ਮੰਤਰੀ (ਸਵਰਨ ਸਿੰਘ ਵੱਲ ਇਸ਼ਾਰਾ) ਜੋ ਕਿ ਸਿੱਖ ਸੀ, ਨੂੰ ਵੀ ਇਸ ਦਾ ਕੋਈ ਇਲਮ ਨਹੀਂ ਸੀ। ਮੰਤਰੀ ਮੰਡਲ ਵਿਚ ਵੀ ਇਸ ਬਾਰੇ ਉਕਾ ਕੋਈ ਫੈਸਲਾ ਨਹੀਂ ਸੀ ਕੀਤਾ ਗਿਆ।...ਥੋੜ੍ਹੇ ਮਹੀਨਿਆਂ ਦੇ ਅੰਦਰ ਅੰਦਰ ਹੀ ਸਿੱਖ ਗ੍ਰਿਹ ਸਕੱਤਰ (ਨਾਂ ਨਹੀਂ ਲਿਖਿਆ) ਨੂੰ ਬਦਲ ਕੇ ਇਕ ਹਿੰਦੂ ਗ੍ਰਿਹ ਸਕੱਤਰ ਨੂੰ ਲਾ ਦਿੱਤਾ ਗਿਆ।"

ਇਸ ਲਿਖਤ ਤੋਂ ਤਾਂ ਇਹ ਸਿੱਧ ਹੁੰਦਾ ਹੈ ਕਿ ਇਹ ਸਰਕੂਲਰ ਜਾਰੀ ਕਰਨ ਵਾਲਾ ਅਫਸਰ ਵੀ ਸਿੱਖ ਸੀ। ਕੀ ਸਰਕਾਰ ਐਨੀ ਹੀ ਭੋਲੀ ਸੀ ਜਿਸ ਨੇ ਸਿੱਖਾਂ ਖਿਲਾਫ ਇੱਕ ਸਿੱਖ ਕੋਲੋਂ ਹੀ ਸਰਕਾਰੀ ਨੀਤੀ ਦਾ ਗੁਪਤ ਪੱਤਰ ਜਾਰੀ ਕਰਵਾਇਆ? ਫਿਰ ਉਨ੍ਹਾਂ ਉਸ ਸਕੱਤਰ ਨੂੰ ਕਈ ਮਹੀਨੇ ਉਸ ਅਹਿਮ ਅਹੁਦੇ 'ਤੇ ਬਿਠਾਈ ਰੱਖਿਆ। ਜੇ ਸਰਕਾਰ ਨੇ ਸਿੱਖਾਂ ਖਿਲਾਫ ਕੋਈ ਗੁਪਤ ਹੁਕਮ ਜਾਰੀ ਕਰਨਾ ਹੀ ਸੀ ਤਾਂ ਸਰਕਾਰ ਸਿੱਖ ਸਕੱਤਰ ਦੀ ਥਾਂ ਕੋਈ ਹਿੰਦੂ ਅਫਸਰ ਵੀ ਲਾ ਸਕਦੀ ਸੀ। ਇਸ ਤੋਂ ਅੱਗੇ, ਜੇ ਇਸ ਪੱਤਰ ਦਾ ਸਮੇਂ ਦੇ ਗ੍ਰਿਹ ਮੰਤਰੀ ਸਵਰਨ ਸਿੰਘ ਨੂੰ ਕੋਈ ਇਲਮ ਨਹੀਂ, ਮੰਤਰੀ ਮੰਡਲ ਨੂੰ ਕੋਈ ਇਲਮ ਨਹੀਂ, ਮੰਤਰੀ ਮੰਡਲ ਵਿਚ ਇਸ ਬਾਰੇ ਕੋਈ ਫੈਸਲਾ ਨਹੀਂ ਹੋਇਆ ਤਾਂ ਇਸ ਅਖੌਤੀ ਸਰਕੂਲਰ ਦੀ ਅਹਿਮੀਅਤ ਕੀ ਰਹਿ ਜਾਂਦੀ ਹੈ? ਜਿਸ ਸਰਕੂਲਰ ਨੂੰ ਕਈ ਲਿਖਾਰੀ ਪੰਜਾਬ ਦੇ ਗਵਰਨਰ ਸਿਰ ਅਤੇ ਜਨਾਬ ਡੋਗਰ ਭਾਰਤ ਸਰਕਾਰ ਸਿਰ ਮੜ੍ਹਦੇ ਹਨ, ਉਸ ਬਾਰੇ ਸਿਰਦਾਰ ਕਪੂਰ ਸਿੰਘ ਕਹਿੰਦੇ ਹਨ ਕਿ ਛੇਤੀ ਇਹ ਅਫਵਾਹ ਉਡ ਗਈ ਸੀ ਕਿ ਇਹ ਨੀਤੀ ਪੱਤਰ ਗਵਰਨਰ ਦੀ ਆਗਿਆ ਅਨੁਸਾਰ ਸਿੱਖ ਗ੍ਰਿਹ ਸਕੱਤਰ ਤੋਂ ਜਾਰੀ ਕਰਾਇਆ ਗਿਆ। ਪਰ ਉਨ੍ਹਾਂ ਇਹ ਨਹੀਂ ਦੱਸਿਆ ਕਿ ਇਹ ਅਫਵਾਹ ਉਡਾਉਣ ਵਾਲਾ ਕੌਣ ਸੀ?

ਸਿਰਦਾਰ ਕਪੂਰ ਸਿੰਘ ਨੇ ਨਾ ਤਾਂ ਇਸ ਅਫਵਾਹ ਦੀ ਪੁਸ਼ਟੀ ਕਰਨੀ ਜ਼ਰੂਰੀ ਸਮਝੀ ਅਤੇ ਨਾ ਹੀ ਇਸ ਅਹਿਮ ਪੱਤਰ ਦੀ ਨਕਲ ਸਾਂਭ ਕੇ ਰੱਖੀ। ਕਿੰਨਾ ਕੁ ਔਖਾ ਕੰਮ ਸੀ ਇਹ, ਜਿਸ ਸਿੱਖ ਸਕੱਤਰ ਨੇ ਇਹ ਗੁਪਤ ਹੁਕਮ ਭੇਜਿਆ ਸੀ, ਉਸ ਤੋਂ ਹੀ ਪੁੱਛਿਆ ਜਾ ਸਕਦਾ ਸੀ ਅਤੇ ਸਿਰਦਾਰ ਕਪੂਰ ਸਿੰਘ ਦੇ ਡੀ. ਸੀ. ਦਫਤਰ ਵਿਚ ਜਿੱਥੇ ਰੋਜ਼ ਸੈਂਕੜੇ ਦਸਤਾਵੇਜ਼ਾਂ ਦੀਆਂ ਨਕਲਾਂ ਤਿਆਰ ਹੁੰਦੀਆਂ ਸਨ, ਉਥੇ ਇਸ ਨੀਤੀ ਪੱਤਰ ਦੀ ਨਕਲ ਵੀ ਤਿਆਰ ਕਰਵਾਈ ਜਾ ਸਕਦੀ ਸੀ। ਸਿਰਦਾਰ ਸਾਹਿਬ ਇਸ ਸਰਕੂਲਰ ਦੀ ਹੋਂਦ ਸਾਬਿਤ ਕਰਨ ਦੀ ਥਾਂ ਇਹ ਸਾਬਿਤ ਕਰਨ ਦੀ ਕੋਸ਼ਿਸ਼ ਕਰਦੇ ਹਨ ਕਿ ਸਰਕਾਰ ਨੇ ਪਹਿਲਾਂ ਤਾਂ ਚੁਪਕੇ ਜਿਹੇ ਸਿੱਖਾਂ ਖਿਲਾਫ ਬੜਾ ਹੀ ਖਤਰਨਾਕ ਨੀਤੀ ਪੱਤਰ ਜਾਰੀ ਕਰ ਦਿੱਤਾ ਪਰ ਜਦ ਉਨ੍ਹਾਂ ਕਰੜਾ ਵਿਰੋਧ ਕੀਤਾ ਤਾਂ ਗ੍ਰਿਹ ਮੰਤਰੀ ਸਮੇਤ ਸਾਰਾ ਮੰਤਰੀ ਮੰਡਲ ਹੀ ਇਸ ਤੋਂ ਮੁੱਕਰ ਗਿਆ।

ਗੌਰਤਲਬ ਗੱਲ ਇਹ ਹੈ ਕਿ ਉਸ ਸਮੇਂ ਇੱਕ ਹੋਰ ਸਿੱਖ ਡਿਪਟੀ ਕਮਿਸ਼ਨਰ ਤੋਂ ਬਿਨਾ ਪੁਲਿਸ ਅਤੇ ਦੂਸਰੇ ਵਿਭਾਗਾਂ ਵਿਚ ਵੀ ਕਈ ਸਿੱਖ ਅਫਸਰ ਤਾਇਨਾਤ ਸਨ। ਜੇ ਇਹ ਪੱਤਰ ਜਾਰੀ ਹੋ ਗਿਆ ਸੀ ਤਾਂ ਉਨ੍ਹਾਂ ਅਫਸਰਾਂ ਕੋਲ ਵੀ ਗਿਆ ਹੋਏਗਾ। ਕੀ ਉਨ੍ਹਾਂ ਵਿਚੋਂ ਕਿਸੇ ਨੂੰ ਵੀ ਇਹ ਪੱਤਰ ਸਿੱਖ ਵਿਰੋਧੀ ਨਹੀਂ ਜਾਪਿਆ? ਕੀ ਉਨ੍ਹਾਂ ਸਾਰੇ ਸਿੱਖ ਅਫਸਰਾਂ ਵਿਚੋਂ ਕੇਵਲ ਸਿਰਦਾਰ ਕਪੂਰ ਸਿੰਘ ਹੀ ਸਿੱਖਾਂ ਦੇ ਹਮਦਰਦ ਸਨ? ਸਿਰਦਾਰ ਕਪੂਰ ਸਿੰਘ ਲੋਕ ਸਭਾ ਅਤੇ ਪੰਜਾਬ ਵਿਧਾਨ ਸਭਾ ਦੇ ਮੈਂਬਰ ਵੀ ਰਹੇ ਹਨ। ਹੈਰਾਨੀ ਦੀ ਗੱਲ ਹੈ ਕਿ ਉਥੇ ਉਨ੍ਹਾਂ ਇਸ ਦਾ ਕਦੇ ਵੀ ਜ਼ਿਕਰ ਨਹੀਂ ਕੀਤਾ। ਪੰਜਾਬੀ ਸੂਬੇ ਦੇ ਬਿੱਲ ਸਬੰਧੀ ਉਨ੍ਹਾਂ ਵੱਲੋਂ 6 ਸਤੰਬਰ 1966 ਨੂੰ ਲੋਕ ਸਭਾ ਵਿਚ ਦਿੱਤਾ ਭਾਸ਼ਣ ਸਿੱਖਾਂ ਨਾਲ ਕੀਤੇ ਅਤੇ ਤੋੜੇ ਗਏ ਵਾਅਦਿਆਂ ਦੀਆਂ ਕਹਾਣੀਆਂ ਨਾਲ ਭਰਿਆ ਪਿਆ ਹੈ ਪਰ ਉਸ ਵਿਚ ਉਨ੍ਹਾਂ ਇਸ ਸਰਕੂਲਰ ਦਾ ਕਿਧਰੇ ਵੀ ਜ਼ਿਕਰ ਨਹੀਂ ਕੀਤਾ। ਜਿਸ ਸਰਕੂਲਰ ਬਾਰੇ ਮੰਤਰੀ ਮੰਡਲ ਅਣਜਾਣ ਹੋਏ, ਜਿਸ ਦੀ ਕਾਪੀ ਸਰਕਾਰੀ ਜਾਂ ਗੈਰ-ਸਰਕਾਰੀ ਰਿਕਾਰਡ ਵਿਚੋਂ ਲੱਭੇ ਹੀ ਨਾ, ਜਿਸ ਦੀ ਨਕਲ ਸਿਰਦਾਰ ਕਪੂਰ ਸਿੰਘ ਖੁਦ ਵੀ ਸਾਂਭ ਕੇ ਨਾ ਰੱਖ ਸਕੇ, ਉਸ ਦੀ ਵੁੱਕਤ ਕੀ ਰਹਿ ਜਾਂਦੀ ਹੈ?

ਸਿਰਦਾਰ ਕਪੂਰ ਸਿੰਘ ਦੇ ਨਾਂ ਲਾਏ ਜਾ ਰਹੇ ਇਸ ਸਰਕੂਲਰ ਵਾਲੇ ਸ਼ੋਸ਼ੇ ਦੀ ਵਰਤੋਂ ਕਰਨ ਸਮੇਂ ਹੋਰਨਾਂ ਵਾਂਗ ਜਨਾਬ ਡੋਗਰ ਨੇ ਵੀ ਇਸ ਦੀ ਕਾਪੀ ਵਾਚਣ ਦੀ ਕੋਸ਼ਿਸ਼ ਨਹੀਂ ਕੀਤੀ। ਹੈ ਨਾ ਹੈਰਾਨੀ ਦੀ ਗੱਲ? ਜਿਸ ਸਵਾਲ ਨੂੰ ਉਭਾਰਨ ਲਈ ਜਨਾਬ ਡੋਗਰ ਨੇ ਕਈ ਇਤਿਹਾਸਕ ਦਸਤਾਵੇਜ਼ ਖੰਘਾਲ ਮਾਰੇ, ਉਸ ਸਵਾਲ ਨਾਲ ਜੁੜੇ ਸਰਕੂਲਰ ਬਾਰੇ ਕੋਈ ਦਸਤਾਵੇਜ਼ੀ ਪੜਤਾਲ ਕਰਨ ਦੀ ਲੋੜ ਹੀ ਨਹੀਂ ਸਮਝੀ। ਚੰਗਾ ਹੁੰਦਾ ਜੇ ਲੇਖਕ ਇਸ ਲਿਖਤ ਦੀ ਸ਼ੁਰੂਆਤ ਹੀ ਉਸ ਸਰਕੂਲਰ ਦੀ ਕਾਪੀ ਨਾਲ ਕਰਦੇ ਜਿਸ ਵਿਚ ਸਿੱਖਾਂ ਨੂੰ ਜ਼ਰਾਇਮ ਪੇਸ਼ਾ ਕਰਾਰ ਦਿੱਤਾ ਗਿਆ ਸੀ। ਪਰ ਕਾਪੀ ਕਿੱਥੋਂ ਲਿਆਉਂਦੇ? ਕਾਪੀ ਤਾਂ ਹੈ ਹੀ ਨਹੀਂ।

ਅੱਗੇ ਸਵਾਲ ਹੈ ਕਿ ਜੇ ਅੰਗਰੇਜ਼ਾਂ ਨੇ ਸਿੱਖਾਂ ਨੂੰ ਸੱਚ ਮੁੱਚ ਹੀ ਜ਼ਰਾਇਮ ਪੇਸ਼ਾ ਕਰਾਰ ਦਿੱਤਾ ਹੁੰਦਾ, ਤਾਂ ਕੀ ਭਾਰਤ ਸਰਕਾਰ ਵੱਲੋਂ ਵੀ ਉਨ੍ਹਾਂ ਨੂੰ ਜ਼ਰਾਇਮ ਪੇਸ਼ਾ ਕਰਾਰ ਦੇਣਾ ਵਾਜਿਬ ਸੀ? ਲੇਖਕ ਦੀ ਇਸ ਦਲੀਲ ਕਿ ਜਦ ਅੰਗਰੇਜ਼ਾਂ ਨੇ ਸਿੱਖਾਂ ਨੂੰ ਜ਼ਰਾਇਮ ਪੇਸ਼ਾ ਕਰਾਰ ਨਹੀਂ ਸੀ ਦਿੱਤਾ ਤਾਂ ਭਾਰਤ ਸਰਕਾਰ ਨੇ ਸਿੱਖਾਂ ਨੂੰ ਜ਼ਰਾਇਮ ਪੇਸ਼ਾ ਕਰਾਰ ਕਿਉਂ ਦਿੱਤਾ, ਅਨੁਸਾਰ ਇਹ ਹੀ ਜਾਪਦਾ ਹੈ ਕਿ ਜੇ ਸਿੱਖ ਆਜ਼ਾਦੀ ਤੋਂ ਪਹਿਲਾਂ ਜ਼ਰਾਇਮ ਪੇਸ਼ਾ ਸੂਚੀ ਵਿਚ ਸ਼ੁਮਾਰ ਕੀਤੇ ਹੁੰਦੇ ਤਾਂ ਭਾਰਤ ਵੱਲੋਂ ਵੀ ਅਜਿਹਾ ਕੀਤੇ ਜਾਣਾ ਵਾਜਿਬ ਸੀ।

ਅਸਲ ਤੱਥ ਇਹ ਹੈ ਕਿ ਅੰਗਰੇਜ਼ਾਂ ਵੱਲੋਂ ਜ਼ਰਾਇਮ ਕਰਾਰ ਦਿੱਤੇ ਗਏ ਲੋਕਾਂ ਜਾਂ ਕਬੀਲਿਆਂ ਨੂੰ ਭਾਰਤ ਸਰਕਾਰ ਨੇ ਜ਼ਰਾਇਮ ਪੇਸ਼ਾ ਹੋਣ ਤੋਂ ਮੁਕਤ ਕਰ ਦਿੱਤਾ ਸੀ। ਭਾਰਤ ਸਰਕਾਰ ਨੇ ਤਾਂ ਜ਼ਰਾਇਮ ਪੇਸ਼ਾ ਕਰਾਰ ਦਿੱਤੇ ਬਹੁਤੇ ਕਬੀਲਿਆਂ ਨੂੰ ਸਗੋਂ 'ਸ਼ਡਿਊਲਡ ਟਰਾਈਬਜ਼' ਦੀ ਕੈਟੇਗਰੀ ਵਿਚ ਰੱਖ ਕੇ ਉਨ੍ਹਾਂ ਨੂੰ ਸਰਕਾਰੀ ਨੌਕਰੀਆਂ ਵਿਚ ਰਾਖਵੇਂਕਰਨ ਦੀ ਸਹੂਲਤ ਦਿੱਤੀ। ਸੋ, ਜੇ ਸਿੱਖ ਪਹਿਲਾਂ ਜ਼ਰਾਇਮ ਪੇਸ਼ਾ ਐਲਾਨੇ ਵੀ ਹੁੰਦੇ ਤਾਂ ਆਜ਼ਾਦ ਭਾਰਤ ਵਿਚ ਬਾਕੀ ਕਬੀਲਿਆਂ ਵਾਂਗ ਜ਼ਰਾਇਮ ਪੇਸ਼ਾ ਹੋਣ ਤੋਂ ਮੁਕਤ ਕਰ ਦਿੱਤੇ ਜਾਣੇ ਸਨ। ਇਸ ਤੋਂ ਵੀ ਅੱਗੇ ਭਾਰਤ ਸਰਕਾਰ ਨੇ ਤਾਂ ਅੰਗਰੇਜ਼ਾਂ ਵੱਲੋਂ ਬਣਾਇਆ 'ਕ੍ਰਿਮੀਨਲ ਟਰਾਈਬਜ਼ ਐਕਟ' ਹੀ ਖਤਮ ਕਰ ਦਿੱਤਾ ਸੀ।

ਜਨਾਬ ਡੋਗਰ ਨੇ ਸਪੱਸ਼ਟ ਲਿਖਿਆ ਹੈ ਕਿ ਜ਼ਰਾਇਮ ਪੇਸ਼ਾ ਕਰਾਰ ਦਿੱਤੇ ਗਏ ਲੋਕਾਂ ਦੇ ਇਧਰ-ਉਧਰ ਜਾਣ 'ਤੇ ਪਾਬੰਦੀਆਂ ਸਨ। ਉਨ੍ਹਾਂ ਨੂੰ ਹਮੇਸ਼ਾ ਸ਼ੱਕ ਦੀ ਨਜ਼ਰ ਨਾਲ ਦੇਖਿਆ ਜਾਂਦਾ ਸੀ। ਸਰਕਾਰੀ ਨੌਕਰੀਆਂ ਤੋਂ ਕੋਰਾ ਜਵਾਬ ਸੀ।

ਜੇ ਜ਼ਰਾਇਮ ਪੇਸ਼ਾ ਕਰਾਰ ਦੇਣ ਵਾਲਾ ਇਹ ਹੁਕਮ ਸਿੱਖਾਂ 'ਤੇ ਵੀ ਲਾਗੂ ਹੋ ਗਿਆ ਹੁੰਦਾ ਤਾਂ ਸਿੱਖਾਂ ਨੂੰ ਉਚੇ ਅਹੁਦੇ ਤਾਂ ਕੀ ਕਿਸੇ ਸਰਕਾਰੀ ਅਦਾਰੇ ਅੰਦਰ ਮਾਮੂਲੀ ਨੌਕਰੀ ਵੀ ਨਾ ਮਿਲਦੀ। ਸਿਰਦਾਰ ਕਪੂਰ ਸਿੰਘ ਵੀ ਲੋਕ ਸਭਾ ਅਤੇ ਵਿਧਾਨ ਸਭਾ ਦੇ ਮੈਂਬਰ ਨਾ ਬਣ ਸਕਦੇ, ਪਰ ਜਨਾਬ ਡੋਗਰ ਨੇ ਇਹ ਜਾਣਨ ਦੀ ਕੋਸ਼ਿਸ਼ ਹੀ ਨਹੀਂ ਕੀਤੀ ਕਿ ਜੇ ਇਹ ਹੁਕਮ ਸਿੱਖਾਂ 'ਤੇ ਲਾਗੂ ਹੋ ਹੀ ਗਿਆ ਸੀ ਤਾਂ ਫਿਰ ਇਸ ਦਾ ਸਿੱਖਾਂ 'ਤੇ ਕੀ ਪ੍ਰਭਾਵ ਪਿਆ?

ਸਰਕਾਰਾਂ ਦੇ ਜਾਰੀ ਹੁਕਮ ਬਿਨਾ ਅਸਰ ਨਹੀਂ ਹੋਇਆ ਕਰਦੇ। ਭਾਵ ਸਰਕਾਰੀ ਹੁਕਮਾਂ ਦੇ ਅਸਰ ਸਾਫ ਨਜ਼ਰ ਆਉਂਦੇ ਹਨ। ਸਵਾਲ ਹੈ ਕਿ 10 ਅਕਤੂਬਰ 1947 ਵਾਲੇ ਹੁਕਮ ਦੇ ਕੀ ਅਸਰ ਹੋਏ? ਕੀ ਅਗਲੇ ਦਿਨ 11 ਅਕਤੂਬਰ ਤੋਂ ਸਿੱਖਾਂ ਦੀ ਫੜੋ-ਫੜੀ ਸ਼ੁਰੂ ਹੋ ਗਈ? ਕੀ ਉਨ੍ਹਾਂ ਨੂੰ ਸਰਕਾਰੀ ਨੌਕਰੀਆਂ ਤੋਂ ਕੱਢ ਦਿੱਤਾ ਗਿਆ? ਕੀ ਉਨ੍ਹਾਂ ਦੇ ਇਧਰ-ਉਧਰ ਜਾਣ 'ਤੇ ਪਾਬੰਦੀਆਂ ਲੱਗ ਗਈਆਂ? ਜੇ ਇਹ ਸਰਕੂਲਰ ਜਾਰੀ ਹੋਇਆ ਹੁੰਦਾ ਤਾਂ ਐਸਾ ਜ਼ਰੂਰ ਹੋ ਜਾਣਾ ਸੀ। ਜੇ ਐਸਾ ਹੋ ਜਾਂਦਾ ਤਾਂ ਸਿੱਖ ਭਾਰਤੀ ਫੌਜ ਦੇ ਜਰਨੈਲ, ਏਅਰ ਮਾਰਸ਼ਲ (ਅਰਜਨ ਸਿੰਘ ਤੇ ਦਿਲਬਾਗ ਸਿੰਘ), ਸੁਪਰੀਮ ਕੋਰਟ ਦੇ ਜੱਜ ਆਦਿ ਨਾ ਬਣ ਸਕਦੇ।

ਸੋ, ਜਨਾਬ ਡੋਗਰ ਨੇ ਜਿਸ ਧਾਰਨਾ ਨੂੰ ਸਾਬਿਤ ਕਰਨ ਲਈ ਆਪਣੀ ਸਾਰੀ ਇਤਿਹਾਸਕਾਰੀ ਵਰਤ ਛੱਡੀ, ਉਹ ਤੱਥ ਹੈ ਹੀ ਨਹੀਂ। ਕੇਵਲ ਮਨੌਤ ਹੈ, ਇੱਕ ਨਿਰਮੂਲ ਧਾਰਨਾ ਹੈ ਕਿ 10 ਅਕਤੂਬਰ 1947 ਨੂੰ ਸਿੱਖਾਂ ਨੂੰ ਜ਼ਰਾਇਮ ਪੇਸ਼ਾ ਕਰਾਰ ਦਿੱਤਾ ਗਿਆ ਸੀ। ਅਖੀਰ ਵਿਚ ਜਨਾਬ ਡੋਗਰ ਵੱਲੋਂ ਆਪਣੇ ਦੋਸਤਾਂ ਕੋਲੋਂ ਸੁਣੀ ਨਿਰਮੂਲ ਗੱਲ ਦੇ ਆਧਾਰ 'ਤੇ ਲਿਖੇ ਇਸ ਕਿਤਾਬਚੇ ਬਾਰੇ ਇਹੋ ਹੀ ਕਿਹਾ ਜਾ ਸਕਦਾ ਹੈ, 'ਹੁਕਮ ਮੰਨ ਕੇ ਸੱਜਣਾਂ ਪਿਆਰਿਆਂ ਦਾ, ਕਿੱਸਾ ਅਜਬ ਬਹਾਰ ਦਾ ਜੋੜਿਆ ਏ।' ਜਿਸ ਵਿਚ ਉਨ੍ਹਾਂ ਨੇ 'ਮੰਨ ਲਓ ਦੇ ਸਿਧਾਂਤ' ਦੀ ਵਰਤੋਂ ਕਰਕੇ ਪਹਿਲਾਂ ਇਹ ਮੰਨ ਲਿਆ ਕਿ ਸਿੱਖਾਂ ਨੂੰ ਜ਼ਰਾਇਮ ਪੇਸ਼ਾ ਕਰਾਰ ਦਿੱਤਾ ਗਿਆ ਸੀ ਅਤੇ ਫਿਰ ਇਹ ਸਾਬਿਤ ਕਰਨ ਦਾ ਪ੍ਰਯੋਜਨ ਵਿੱਢ ਲਿਆ ਕਿ ਇਸ ਦਾ ਤਾਂ ਕੋਈ ਆਧਾਰ ਹੀ ਮੌਜੂਦ ਨਹੀਂ ਸੀ। ਪਰ ਜੇ ਉਹ ਇਹ ਜਾਣਨ ਦਾ ਯਤਨ ਕਰਦੇ ਕਿ ਕੀ ਸਿੱਖਾਂ ਨੂੰ ਜ਼ਰਾਇਮ ਪੇਸ਼ਾ ਕਰਾਰ ਦਿੱਤਾ ਵੀ ਗਿਆ ਸੀ? ਤਾਂ ਨਿਸ਼ਚੇ ਹੀ ਉਨ੍ਹਾਂ ਦੀ ਲਿਖਤ ਨਿੱਗਰ ਹੋਣੀ ਸੀ।

# ਆਓ ਘਰਾਂ ਨੂੰ ਮੁੜ ਚੱਲੀਏ

ਇਕ ਦਿਨ ਮੇਰੇ ਕੋਲ ਕੁਝ ਨੌਜਵਾਨ ਮੁੰਡੇ ਆਏ। ਬੜੇ ਚਿੰਤਾਤੁਰ ਹੋ ਕੇ ਆਖਣ ਲੱਗੇ, "ਮੈਡਮ, ਸਾਰਾ ਹੀ ਪੰਜਾਬ ਨਸ਼ਿਆਂ ਵਿਚ ਗਰਕ ਹੁੰਦਾ ਜਾ ਰਿਹੈ, ਤੁਸੀਂ ਕੁਝ ਸੋਚੋ, ਕੁਝ ਕਰੋ।"



ਮੈਂ ਆਖਿਆ, "ਜਦੋਂ ਤਕ ਸਾਡੇ ਲੀਡਰ ਤੇ ਪੁਲਿਸ ਇਸ ਨੂੰ ਕਮਾਈ ਦਾ

**ਡਾ. ਦਲੀਪ ਕੌਰ ਟਿਵਾਣਾ**
**ਫੋਨ: 91-90233-78007**

ਵੱਡਾ ਧੰਦਾ ਬਣਾਈ ਰੱਖਣਗੇ, ਉਦੋਂ ਤਕ ਇਸ ਦਾ ਇਲਾਜ ਔਖੈ।" ਹੁਣ ਕਿਉਂਕਿ ਲੋਕ ਜ਼ਿੰਦਗੀ ਲਈ ਅਤਿ ਜ਼ਰੂਰੀ ਦੋ ਚੀਜ਼ਾਂ ਰੱਬ ਅਤੇ ਮੌਤ ਨੂੰ ਭੁੱਲ ਗਏ ਹਨ, ਇਸ ਲਈ ਕਿਸੇ ਵੀ ਗੱਲ ਦੇ ਕੋਈ ਅਰਥ ਨਹੀਂ ਰਹਿ ਗਏ। ਇਸ ਬਾਰੇ ਸੋਚਦੀ ਤਾਂ ਮੈਂ ਬਹੁਤ ਆਂ। ਇਕ ਵਾਰੀ ਮੈਂ ਨਵੇਂ ਸ਼ਹਿਰ ਕੋਲ ਪਿੰਡ ਢਾਹਾਂ ਕਲੇਰਾਂ ਦੇ ਬੜੇ ਵੱਡੇ ਹਸਪਤਾਲ ਵਿਚ ਗਈ ਜਿੱਥੇ ਨਸ਼ਾ ਛੁਡਾਊ ਕੇਂਦਰ ਹੈ। ਉਥੇ ਅਮੀਰਾਂ ਲਈ ਪੰਜ ਸੌ ਰੁਪਏ ਰੋਜ਼ਾਨਾ 'ਤੇ ਕਮਰਾ, ਵਿਚੇ ਖਾਣਾ, ਦਵਾਈਆਂ ਤੇ ਇਲਾਜ। ਦੂਸਰਾ ਆਮ ਲੋਕਾਂ ਲਈ ਸੌ ਰੁਪਏ ਰੋਜ਼ਾਨਾ 'ਤੇ ਕਮਰਾ ਹੈ। ਤੀਸਰਾ ਗਰੀਬ ਲੋਕਾਂ ਲਈ ਮੁਫਤ ਵਾਰਡ ਜਿੱਥੇ ਡਾਕਟਰੀ ਸਹਾਇਤਾ, ਦਵਾਈਆਂ ਤੇ ਰੋਟੀ ਸਭ ਮੁਫਤ ਹਨ। ਸਭ ਲਈ ਰੋਟੀ ਇੱਕੋ ਜਿਹੀ ਗੁਰਦੁਆਰਿਓਂ ਬਣ ਕੇ ਆਉਂਦੀ ਹੈ। ਯੋਗ ਤੇ ਵਰਜਿਸ਼ ਵੀ ਕਰਵਾਈ ਜਾਂਦੀ ਹੈ। ਆਥਣ ਸਵੇਰ ਗੁਰਦੁਆਰੇ ਵੀ ਲੈ ਕੇ ਜਾਂਦੇ ਨੇ ਤੇ ਮਨੋਵਿਗਿਆਨੀ ਵੀ ਸਮਝਾਉਂਦੇ ਹਨ।

ਮੈਂ ਬੇਨਤੀ ਕੀਤੀ, "ਬਾਬਾ ਜੀ ਜਮੀਨ ਅਸੀਂ ਦੇ ਦਿਆਂਗੇ ਸਾਡੇ ਪਿੰਡ ਵੀ ਨਸ਼ਾ ਛੁਡਾਊ ਕੇਂਦਰ ਖੋਲ੍ਹ ਦੇਵੋ।" ਆਖਣ ਲੱਗੇ, "ਬੀਬੀ ਇਹ ਵੱਡਾ ਕੰਮ ਹੈ ਜਿਹੜਾ ਵੀ ਤੁਹਾਡੇ ਪਿੰਡ ਦਾ ਬੰਦਾ ਤੁਹਾਡਾ ਨਾਂ ਲੈ ਕੇ ਆਏਗਾ ਅਸੀਂ ਪੂਰੀ ਮਦਦ ਕਰਾਂਗੇ।"

ਸਾਨੂੰ ਚਾਹੀਦਾ ਹੈ ਕਿ ਸਰਕਾਰ 'ਤੇ ਦਬਾਅ ਪਾ ਕੇ ਅਜਿਹੇ ਨਸ਼ਾ ਛੁਡਾਊ ਕੇਂਦਰ ਖੁੱਲ੍ਹਵਾਏ ਜਾਣ, ਨਸ਼ੇ ਦੇ ਕਾਰਨ ਸਮਝ ਕੇ ਉਹ ਹੱਲ ਕੀਤੇ ਜਾਣ। ਆਲੇ-ਦੁਆਲੇ ਤੇ ਘਰ ਦੇ ਨਸ਼ੱਈ ਨੂੰ ਝਿੜਕਣ ਦੀ ਥਾਂ ਉਸ ਨੂੰ ਇਕ ਰੋਗੀ ਸਮਝ ਕੇ ਉਸ ਦੀ ਮਦਦ ਕੀਤੀ ਜਾਵੇ। ਸੂਬੇ ਅੰਦਰ ਨਸ਼ਿਆਂ ਦੇ ਦਾਖਲੇ ਉਤੇ ਚੌਕਸੀ ਵਧਾਈ ਜਾਵੇ ਤੇ ਸਾਰੇ ਲੋਕ ਇਸ ਪੱਖੋਂ ਚੇਤੰਨ ਹੋਣ ਖਾਸ ਕਰ ਨੌਜਵਾਨ ਪੀੜ੍ਹੀ। ਉਨ੍ਹਾਂ ਨੂੰ ਮਨੁੱਖੀ ਜ਼ਿੰਦਗੀ ਦੀ ਅਹਿਮੀਅਤ ਸਮਝਾਈ ਜਾਵੇ, ਫੇਰ ਹੀ ਕੁਝ ਹੋ ਸਕਦੈ।

ਮੇਰੇ ਕੋਲ ਆਏ ਨੌਜਵਾਨ ਮੈਨੂੰ ਆਖਣ ਲੱਗੇ, "ਤੁਸੀਂ ਇਕ ਸੁਨੇਹਾ ਸਾਨੂੰ ਲਿਖ ਕੇ ਦੇ ਦਿਓ ਜਿਹੜਾ ਅਸੀਂ ਪਿੰਡ-ਪਿੰਡ ਪਹੁੰਚਾ ਦੇਈਏ। ਇਸ ਤਰ੍ਹਾਂ ਵੱਖਰੇ-ਵੱਖਰੇ ਵੱਡੇ ਲੋਕਾਂ ਤੋਂ ਮਿਲੇ ਸੁਨੇਹੇ ਸ਼ਾਇਦ ਦੋਸ਼ੀ ਕਰਤੇ-ਧਰਤਿਆਂ ਦੀ ਪਾਪੀ ਆਤਮਾ ਨੂੰ ਹਲੂਣ ਸਕਣ ਤੇ ਨੌਜਵਾਨਾਂ ਨੂੰ ਕੋਈ ਸੇਧ ਦੇ ਸਕਣ।"

ਨਸ਼ਿਆਂ ਦੀ ਗ੍ਰਿਫਤ 'ਚ ਆਏ ਉਨ੍ਹਾਂ ਲੜਕਿਆਂ ਨੂੰ ਮੈਂ ਸੁਨੇਹਾ ਦੇਣਾ ਚਾਹੁੰਦੀ ਹਾਂ, "ਜਿਉਣ ਜੋਗਿਓ! ਨਸ਼ਿਆਂ ਦੀ ਖਾਤਰ ਕਿਉਂ ਮੜੀਆਂ ਦੇ ਰਾਹ ਪੈ ਗਏ ਹੋ।" ਕੁਦਰਤ ਦੀਆਂ ਕਿੱਡੀਆਂ ਵੱਡੀਆਂ-ਵੱਡੀਆਂ ਸ਼ਕਤੀਆਂ ਧਰਤੀ, ਸੂਰਜ, ਹਵਾ, ਪਾਣੀ ਤੁਹਾਨੂੰ ਜਿਉਂਦਿਆਂ ਰੱਖਣ ਲਈ ਆਹਰੇ ਲੱਗੀਆਂ ਹੋਈਆਂ ਨੇ। ਦੇਹ ਨੂੰ ਨਸ਼ਿਆਂ 'ਚ ਗਾਲ ਕੇ ਉਨ੍ਹਾਂ ਦਾ ਕਰਜ਼ਾ ਕਦੋਂ ਉਤਾਰੋਗੇ? ਸਰਾਧਾਂ ਦੇ ਦਿਨਾਂ ਵਿਚ ਪਿੱਤਰ ਆਪਣੇ ਆਪਣੇ ਘਰਾਂ ਨੂੰ ਮੁੜਦੇ ਨੇ, ਆਪਣੇ ਵਾਰਸਾਂ ਅਤੇ ਕੁਲ ਦੇ ਦੀਵਿਆਂ ਨੂੰ ਦੇਖਣ ਲਈ। ਤੁਹਾਨੂੰ ਨਸ਼ੇ ਵਿਚ ਧੁੱਤ ਦੇਖ ਕੇ ਉਹ ਕਿੱਡੇ ਉਦਾਸ ਮੁੜਦੇ ਹੋਣਗੇ। ਸਾਹ, ਸਾਹ ਨਾਲ ਸੁੱਖ ਮਨਾਉਂਦੇ ਮਾਪਿਆਂ ਦੇ ਬੈਠਿਆਂ ਜਦੋਂ ਪੁੱਤਰ ਤੁਰ ਜਾਣ ਤਾਂ ਉਹ ਨਾ ਮਰਿਆਂ 'ਚ ਤੇ ਨਾ ਜਿਉਂਦਿਆਂ 'ਚ ਰਹਿ ਜਾਂਦੇ ਨੇ। ਭੈਣਾਂ ਦੀ ਤਾਂ ਤਾਕਤ ਹੀ ਭਰਾ ਹੁੰਦੇ ਨੇ। ਜਦੋਂ ਮੇਰਾ ਭਰਾ ਮਰਿਆ ਸੀ ਤਾਂ ਮੈਂ ਰੋ-ਰੋ ਕੇ ਹਾਕਾਂ ਮਾਰੀਆਂ ਸਨ, "ਮੈਨੂੰ ਮਰੀ ਪਈ ਨੂੰ ਆਜੂ ਦੁਪਹਿਰਾ, ਵੇ ਭੁੱਲਗੇ ਜੇ ਚੇਤੇ ਵਾਲਿਆ।" ਕਿਉਂਕਿ ਭਰਾ ਦੇ ਕਫਨ ਲਿਆਉਣ ਤੋਂ ਮਗਰੋਂ ਹੀ ਭੈਣ ਦੀ ਅਰਥੀ ਉਠਦੀ ਹੈ। ਉਨ੍ਹਾਂ ਮਛੋਹਰਾਂ ਨੂੰ ਕੌਣ ਗਲ ਲਾਊ, ਕੌਣ ਅੱਥਰੂ ਪੂੰਝੂ ਜਿਨ੍ਹਾਂ ਦੇ ਪਿਓ ਨਸ਼ੇ ਨੇ ਖਾ ਲਏ। ਨਸ਼ੇ ਛੱਡਣਾ ਔਖਾ ਕੰਮ ਨਹੀਂ। ਅਨੇਕਾਂ ਨਸ਼ਾ ਛੁਡਾਊ ਕੇਂਦਰ ਤੁਹਾਡੀ ਮਦਦ ਕਰ ਸਕਦੇ ਨੇ। ਉਥੇ ਜਾਣਾ ਸ਼ਰਮ ਦੀ ਗੱਲ ਨਹੀਂ, ਸਿਆਣਪ ਦੀ ਗੱਲ ਹੈ। ਖੁਸ਼ਕਿਸਮਤ ਨੇ ਉਹ ਮਾਪੇ ਜਿਨ੍ਹਾਂ ਦੇ ਪੁੱਤ ਨਸ਼ਿਆਂ ਦੀ ਭਿਆਨਕਤਾ ਤੋਂ ਬਚੇ ਹੋਏ ਨੇ।




# ਬੇਪ੍ਰਵਾਹ ਹੀ ਸੀ-ਸੁਦਾਗਰ ਸਿੰਘ ਬੇਪ੍ਰਵਾਹ

ਵਕਤ ਨੇ ਬੰਦੇ ਹੀ ਨਹੀਂ ਖਾਧੇ, ਯੁੱਗ ਵੀ ਨਿਗਲ ਲਏ ਹਨ ਪਰ ਜੇ ਕੁਝ ਜਿਉਂਦਾ ਰਹਿੰਦਾ ਹੈ ਤਾਂ ਉਹ ਸਿਰਫ ਕਲਾ। ਜਦੋਂ ਜ਼ਿੰਦਗੀ ਦਾ ਮੌਸਮ ਸਭ ਤੋਂ ਸੁਹਾਵਣਾ ਹੁੰਦਾ ਹੈ, ਉਦੋਂ ਬੰਦਾ ਨਾ ਲੋਭੀ ਹੁੰਦਾ ਹੈ ਤੇ ਨਾ ਲਾਲਚੀ। ਅਸੀਂ ਉਹ ਕੁਝ ਕਰ ਰਹੇ ਹੁੰਦੇ ਹਾਂ ਜਿਸ 'ਚੋਂ ਆਪਣੇ ਨੁਕਸਾਨ ਦਾ ਵੀ ਚੇਤਾ ਨਹੀਂ ਆਉਂਦਾ। ਬੁਰਕੀਆਂ ਮੂੰਹ ਵਿਚ ਗਿਣ ਕੇ ਪਾਉਣ ਦੀ ਆਦਤ ਉਦੋਂ ਪੈਂਦੀ ਹੈ ਜਦੋਂ ਤਮਾ ਅਤੇ ਸੁਆਰਥ ਤੁਹਾਡੇ ਦਿਲ ਦੇ ਵਿਹੜੇ ਵਿਚ ਪ੍ਰਾਹੁਣੇ ਬਣ ਕੇ ਬੈਠ ਜਾਂਦੇ ਹਨ।

ਸੰਗੀਤ ਕਲਾ ਨਾਲ ਹੋਣ ਕਰਕੇ ਮੈਂ ਢਾਡੀਆਂ ਦੇ ਸਿਰਹਾਣੇ ਹੇਠ ਬਾਂਹ ਰੱਖਣ ਦੀ ਕੋਸ਼ਿਸ਼ ਕਰਦਾ ਰਿਹਾ ਹਾਂ। ਕੋਈ ਅੱਖਾਂ ਮੀਟ ਲਵੇ ਤਾਂ ਮੈਂ ਅੱਖਰਾਂ ਦੀ ਬਣਦੀ ਸ਼ਰਧਾਂਜਲੀ ਦਿੱਤੀ ਹੈ, ਕੋਈ ਮਾਣ ਸਨਮਾਨ ਮਿਲੇ ਤਦ ਵੀ ਮੈਂ ਅਖਬਾਰਾਂ ਦੇ ਪੰਨਿਆਂ ਲਈ ਉਨ੍ਹਾਂ ਨੂੰ ਸ਼ਿੰਗਾਰ ਬਣਾਉਂਦਾ ਰਿਹਾ ਹਾਂ, ਤੇ ਦੁੱਖ-ਸੁੱਖ ਵੇਲੇ ਵੀ ਬਾਂਹ ਕੱਚੀ ਰੱਖੀ ਹੈ। ਇਸੇ ਲਈ ਬਿਨਾ ਝਿਜਕ ਕਹਾਂਗਾ ਕਿ ਸਿੱਖਾਂ ਦੀ ਸੁਪਰੀਮ ਸੰਸਥਾ ਸ਼੍ਰੋਮਣੀ ਕਮੇਟੀ ਧਰਮ ਨਾਲੋਂ ਰਾਜਸੀ ਹੁਣ ਆ ਕੇ ਵਧੇਰੇ ਬਣੀ ਹੈ ਪਰ ਢਾਡੀ ਸੋਹਣ ਸਿੰਘ ਸੀਤਲ ਵੀ ਇਹੋ ਕਹਿੰਦਾ ਤੁਰ ਗਿਆ ਕਿ ਇਸ ਸੰਸਥਾ ਨੇ ਸਿੱਖ ਇਤਿਹਾਸ ਦੇ ਸਭ ਤੋਂ ਵੱਡੇ ਪੇਸ਼ਕਾਰਾਂ ਦੀ ਮਾੜੇ ਦਿਨਾਂ ਵਿਚ ਕਦੇ ਬਾਂਹ ਤਾਂ ਕੀ ਫੜਨੀ ਸੀ, ਉਂਗਲ ਫੜਨ ਦੀ ਗੁਸਤਾਖੀ ਵੀ ਨਹੀਂ ਕੀਤੀ।

ਇਹ ਗੱਲ ਮੈਂ ਇਸ ਕਰਕੇ ਕਰ ਰਿਹਾ ਹਾਂ ਕਿ ਜਦੋਂ ਸਿੱਖ ਨੌਜਵਾਨ ਸੰਘਰਸ਼ ਕਰ ਰਹੇ ਸਨ, ਢਾਡੀ ਸੁਦਾਗਰ ਸਿੰਘ ਬੇਪ੍ਰਵਾਹ ਦੇ ਜੋਸ਼ੀਲੇ ਭਾਸ਼ਣਾਂ ਤੋਂ ਕੰਬਦੀ ਕੇਂਦਰ ਸਰਕਾਰ ਉਹਨੂੰ ਐਨ. ਐਸ. ਏ. (ਨੈਸ਼ਨਲ ਸਕਿਉਰਿਟੀ ਐਕਟ) ਅਧੀਨ ਜੇਲ੍ਹੀਂ ਡੱਕ ਰਹੀ ਸੀ, ਤਦ ਵੀ ਸ਼੍ਰੋਮਣੀ ਕਮੇਟੀ ਦੇ ਤਤਕਾਲੀ ਪ੍ਰਧਾਨ ਜਥੇਦਾਰ ਗੁਰਬਚਨ ਸਿੰਘ ਟੌਹੜਾ ਚੁੱਪ ਸਨ। ਜਦੋਂ ਉਹ ਬਿਮਾਰੀ ਦੇ ਸਿਰੇ ਤੱਕ ਜਾ ਕੇ ਮੌਤ ਨੂੰ ਇੱਕ ਤਰ੍ਹਾਂ ਨਾਲ ਚਕਮਾ ਦੇ ਕੇ ਵਾਪਿਸ ਪਰਤਿਆ ਤਾਂ ਉਹਦਾ ਦਵਾ-ਦਾਰੂ ਤਾਂ ਕਿਸੇ ਨੇ ਕੀ ਕਰਾਉਣਾ ਸੀ, ਹਾਲ-ਚਾਲ ਵੀ ਨਹੀਂ ਪੁੱਛਿਆ।

ਨਵੀਆਂ ਪੀੜ੍ਹੀਆਂ ਲਈ ਦੱਸ ਦਿਆਂ ਕਿ ਮੈਂ ਉਸ ਢਾਡੀ ਸੁਦਾਗਰ ਸਿੰਘ ਬੇਪ੍ਰਵਾਹ ਦੀ ਗੱਲ ਕਰ ਰਿਹਾ ਹਾਂ ਜੋ ਆਪਣੇ ਜਥੇ ਨਾਲ ਪੇਸ਼ ਭਾਸ਼ਣਾਂ ਵਿਚ ਇੱਕ ਤਰ੍ਹਾਂ ਨਾਲ ਜੋਸ਼ ਤੇ ਗੁੱਸੇ ਦਾ ਪ੍ਰਦਰਸ਼ਨ ਕਰਕੇ ਕੰਧਾਂ ਵੀ ਕੰਬਣ ਲਾ ਦਿੰਦਾ ਸੀ। ਇੱਕ ਵੰਨਗੀ ਦੇਖੋ:

ਸਤਿਗੁਰ ਨਾਨਕ ਪ੍ਰਗਟ ਹੋ ਕੇ<br>
ਨਿਰਮਲ ਪੰਥ ਚਲਾ ਦਿੱਤਾ।<br>
ਜਾਤ ਪਾਤ ਦੇ ਬੰਧਨ ਤੋੜੇ<br>
ਨੀਚੋਂ ਉਚ ਬਣਾ ਦਿੱਤਾ।<br>
ਨੀਵਿਆਂ ਨੂੰ ਚੁੱਕ ਛਾਤੀ ਲਾਇਆ<br>
ਤੋਰੀ ਰੀਤ ਪਿਆਰਾਂ ਦੀ।<br>
ਕੁੱਲ ਕੌਮਾਂ 'ਚੋਂ ਕੌਮ ਵੱਖਰੀ<br>
ਸੁੱਚੇ ਸਿੰਘ ਸਰਦਾਰਾਂ ਦੀ।

ਖਾੜਕੂ ਸਫਰ ਵਿਚ ਵੀ ਇੱਕ ਵਾਰ ਸਮਾਂ ਸੀ ਕਿ ਸਭ ਤੋਂ ਵੱਧ ਸਤਿਕਾਰ ਭਰੀਆਂ ਨਜ਼ਰਾਂ ਬੇਪ੍ਰਵਾਹ ਵੱਲ ਹੀ ਝੁਕ ਗਈਆਂ ਸਨ।

ਇੱਕ ਗੱਲ ਵਿਚਾਰਨ ਵਾਲੀ ਇਹ ਹੈ ਕਿ ਢਾਡੀ ਪਰੰਪਰਾ, ਢਾਡੀ ਕਲਾ ਏਦਾਂ ਵੀ ਲੱਗਣ ਲੱਗ ਪਈ ਕਿ ਇਸ ਦੇ ਪ੍ਰਚਾਰ ਤੇ ਪ੍ਰਸਾਰ ਲਈ ਬਜ਼ੁਰਗ ਢਾਡੀ ਇਸ ਕਰਕੇ ਰਹਿ ਗਏ ਹਨ ਕਿ ਸੰਗੀਤ ਦੀਆਂ ਮਾਰੂ ਪ੍ਰਵਿਰਤੀਆਂ ਕਾਰਨ ਯੁਵਾ ਸਿੱਖ ਵਰਗ ਇਸ ਤੋਂ ਦੂਰ ਹੁੰਦਾ ਜਾਂਦਾ ਪ੍ਰਤੀਤ ਹੋਣ ਲੱਗਾ ਸੀ ਪਰ ਚਰਨ ਸਿੰਘ ਆਲਮਗੀਰ, ਢਾਡੀ ਬਲਵੰਤ ਸਿੰਘ ਪਮਾਲ ਦੇ ਪੁੱਤਰ ਰਛਪਾਲ ਸਿੰਘ ਪਮਾਲ, ਦਇਆ ਸਿੰਘ ਦਿਲਬਰ ਦੇ ਬੇਟੇ ਕੁਲਜੀਤ ਸਿੰਘ ਦਿਲਬਰ ਤੇ ਢਾਡੀ ਤ੍ਰਿਲੋਚਨ ਸਿੰਘ ਭਮੱਦੀ ਹੋਰਾਂ ਜਦੋਂ ਇਸ ਪਾਸੇ ਮੂੰਹ ਘੁੰਮਾਇਆ ਤਾਂ ਇਕ ਤਰ੍ਹਾਂ ਨਾਲ ਇਸ ਮਹਾਨ ਵਿਰਾਸਤੀ ਕਲਾ ਨੂੰ ਮੁੜ ਵੱਡਾ ਹੁਲਾਰਾ ਮਿਲਿਆ। ਬੇਪ੍ਰਵਾਹ ਦੀ ਬਾਤ ਅੱਗੇ ਤੋਰਦਿਆਂ ਉਸ ਦੇ ਦੁੱਖਾਂ ਦੀ ਵੀ ਗੱਲ ਕਰਨੀ ਪਵੇਗੀ।


ਸਾਰੰਗੀ ਰਾਜਸਥਾਨ ਦਾ ਲੋਕ ਸਾਜ ਹੈ ਪਰ ਇਸ ਸਾਜ ਨੂੰ ਸਭ ਤੋਂ ਵੱਡਾ ਪੂਜਣਯੋਗ ਸਥਾਨ ਢਾਡੀਆਂ ਨੇ ਲੈ ਕੇ ਦਿੱਤਾ ਹੈ। ਕਿਉਂਕਿ ਇਸ ਕਲਾ ਦਾ ਸਿੱਧਾ ਵਾਹ ਧਰਮ ਨਾਲ ਰਿਹਾ ਹੈ, ਹਾਲੇ ਤੱਕ ਕੋਈ ਵੀ ਢਾਡੀ ਅਜਿਹਾ ਨਹੀਂ ਹੈ ਜੋ ਪੂਰਨ ਗੁਰਮਰਿਆਦਾ ਵਿਚ ਜਾਂ ਰਹਿਤ ਅੰਦਰ ਨਾ ਹੋਵੇ। ਜੇ ਸੁਦਾਗਰ ਸਿੰਘ ਬੇਪ੍ਰਵਾਹ ਬਾਰੇ ਤੁਸੀਂ ਵਿਸਥਾਰ ਵਿਚ ਜਾਣਨਾ ਚਾਹੋ ਤਾਂ ਗੱਲ ਅੱਗੇ ਤੋਰਨ ਤੋਂ ਪਹਿਲਾਂ ਦੋ ਦਲੀਲਾਂ ਦਿਆਂਗਾ। ਪਹਿਲੀ, ਮਾਲਵੇ ਦੇ ਪਿੰਡਾਂ 'ਚੋਂ ਕਦੇ ਲੰਘਦੇ ਹੋਵੋ, ਬੋਹੜ ਜਾਂ ਪਿੱਪਲ ਹੇਠਾਂ ਬਜ਼ੁਰਗਾਂ ਦੀ ਸੱਥ ਲੱਗੀ ਹੋਵੇ ਤਾਂ ਦੋ ਪਲ ਬਹਿ ਕੇ ਪੁੱਛਿਓ, 'ਭਲਾ ਢਾਡੀ ਬੇਪ੍ਰਵਾਹ ਨੂੰ ਜਾਣਦੇ ਹੋ?' ਫੇਰ ਵੇਖਿਓ ਇਹ ਬਜ਼ੁਰਗ ਉਹਦੀ ਢਾਡੀ ਕਲਾ ਦੇ ਰੰਗਾਂ ਵਾਲੀ ਪਟਾਰੀ 'ਚੋਂ ਕੀ ਕੀ ਕੱਢ ਕੇ ਵਿਖਾਉਂਦੇ ਨੇ?

ਦੂਜੀ ਤਸਵੀਰ ਇਹ ਕਿ ਖੁਫੀਆ ਵਿਭਾਗ ਦਾ ਕੋਈ ਸੀਨੀਅਰ ਅਫਸਰ ਮਿਲ ਜਾਵੇ ਤਾਂ ਸਵਾਲ ਕਰਿਓ, ਬੇਪ੍ਰਵਾਹ 'ਤੇ ਐਨ. ਐਸ. ਏ. ਕਿਉਂ ਲੱਗਾ ਸੀ? ਉਹ ਦੱਸੇਗਾ ਕਿ ਉਹਦੀ ਸੀ. ਆਈ. ਡੀ. ਕਰਨ ਗਏ ਮੁਲਾਜ਼ਮ ਕਿਹਾ ਕਰਦੇ ਸਨ, ਅੰਦਰ ਭਾਵੇਂ ਬੇਪ੍ਰਵਾਹ ਨੂੰ ਸਵੇਰੇ ਡੱਕ ਦਿਓ ਪਰ ਕੇਰਾਂ ਸੁਣ ਕੇ ਤਾਂ ਵੇਖਿਓ ਲੈਕਚਰ ਕਰਦਿਆਂ ਕੰਧਾਂ ਕਿਵੇਂ ਕੰਬਣ ਲਾ ਦਿੰਦੈ, ਜਮਾਂ ਸੁਆਦ ਨਾਲ ਨੱਕੋ-ਨੱਕ ਕਰ ਸੁੱਟਦੈ।

ਦੇਵ ਦੇ ਪਿੰਡ ਥਰੀਕਿਆਂ ਨੂੰ ਪਹਿਲਾਂ ਡਾਕਖਾਨਾ ਦੇਵਖਾਨਾ ਦੇਤਵਾਲ ਲੱਗਦਾ ਸੀ ਤੇ ਇਹੀ ਪਿੰਡ ਹੈ ਸੁਦਾਗਰ ਸਿੰਘ ਬੇਪ੍ਰਵਾਹ ਦਾ। ਸੰਨ ਅਠਾਸੀ ਵਿਚ ਮੈਂ ਤੇ ਜਗਦੇਵ ਸਿੰਘ ਜੱਸੋਵਾਲ ਉਹਨੂੰ ਸਰਦੀਆਂ ਦੇ ਦਿਨਾਂ ਵਿਚ ਇਸੇ ਪਿੰਡ ਮਿਲਣ ਗਏ। ਉਦੋਂ ਉਹ ਦੇਸ਼ ਦੀ ਸੁਰੱਖਿਆ ਲਈ ਖਤਰਾ ਬਣ ਕੇ ਤਾਜ਼ਾ ਤਾਜ਼ਾ ਜੇਲ੍ਹ 'ਚੋਂ ਛੁੱਟ ਕੇ ਆਇਆ ਸੀ। ਬਦਕਿਸਮਤੀ ਇਹ ਹੋਈ ਕਿ ਉਹ ਘਰੇ ਨਾ ਟੱਕਰਿਆ ਪਰ ਉਹਦੀ ਪਤਨੀ ਭਗਵਾਨ ਕੌਰ ਮਿਲ ਗਈ।

ਜਿਵੇਂ ਸਿਆਣੇ ਕਹਿੰਦੇ ਨੇ ਕੋਈ ਕਿੰਨਾ ਵੀ ਵੱਡਾ ਹੋਵੇ, ਮਾਂ ਤੇ ਪਤਨੀ ਦੀਆਂ ਨਜ਼ਰਾਂ ਵਿਚ ਸਧਾਰਣ ਮਨੁੱਖ ਹੀ ਹੁੰਦੈ। ਜਦੋਂ ਮੈਂ ਪੁੱਛਿਆ ਕਿ ਕਿੱਥੇ ਗਏ ਨੇ ਬੇਪ੍ਰਵਾਹ ਜੀ? ਇਹ ਕਹਾਣੀ ਉਦੋਂ ਦੀ ਹੈ ਜਦੋਂ ਮੈਂ 'ਅਜੀਤ' 'ਚ ਹਫਤਾਵਾਰੀ ਕਾਲਮ ਲਿਖਦਾ ਹੁੰਦਾ ਸੀ, 'ਸੁਰ ਸੱਜਣਾਂ ਦੀ।' ਢਾਡੀਆਂ ਤੇ ਗਾਇਕਾਂ ਦੀਆਂ ਪਤਨੀਆਂ ਨਾਲ ਮੁਲਾਕਾਤਾਂ। ਅਖਬਾਰੀ ਦੁਨੀਆਂ ਤੋਂ ਅਭਿੱਜ ਬੀਬੀ ਭਗਵਾਨ ਕੌਰ ਨੇ ਜੋ ਕਿਹਾ, ਉਹਦੀਆਂ ਇਨ-ਬਿਨ ਸਤਰਾਂ ਪੇਸ਼ ਕਰ ਰਿਹਾ ਹਾਂ:

"ਮੈਂ ਇਸ ਬੰਦੇ ਨਾਲ ਬੜੀ ਔਖੀ ਗੁਜ਼ਾਰੀ ਐ ਜ਼ਿੰਦਗੀ। ਨਾ ਇਹਨੇ ਪੈਸਾ ਸੰਭਾਲਿਆ, ਨਾ ਸਿਹਤ। ਮਰਨ ਲੱਗਾ ਸੀ, ਹੋਣੀ ਨੂੰ ਫਤਿਹ ਬੁਲਾ ਕੇ ਆਇਐ। ਜਿਸ ਕੰਮ ਤੋਂ ਇਹਨੂੰ ਮੈਂ ਰੋਕਾਂ, ਪੁੱਤ ਵਰਜੇ, ਉਹ ਕੰਮ ਇਹਨੇ ਕਰਨਾ ਈ ਕਰਨੈ। ਏਸ ਬੰਦੇ ਤੋਂ ਅਖੇ ਮੁਲਖ ਨੂੰ ਖਤਰਾ, ਪੁਲਿਸ ਨੇ ਚੁੱਕ ਕੇ ਜੇਲ੍ਹ 'ਚ ਡੱਕ 'ਤਾ। ਕੁੱਤੇ ਦੇ ਡੰਡਾ ਮਾਰਨ ਜੋਗਾ ਨੀ ਇਹ, ਐਵੇਂ ਲੋਕ ਤੇ ਸਰਕਾਰਾਂ ਡਰੀ ਜਾਨੀਆਂ ਇਹਤੋਂ। ਅਖੇ ਲੈਚਕਰ ਕਰਦਾ ਕੰਧਾਂ ਕੰਬਣ ਲਾ ਦੇਂਦੈ, ਜਦ ਬੋਲਦਾ ਤਾਂ ਮੈਕ ਪਾੜ ਸੁੱਟਦੈ। ਲੁਧਿਆਣੇ ਨੂੰ ਗਿਐ ਕਿਤੇ ਥੋਨੂੰ ਟੱਕਰਿਆ ਤਾਂ ਪੁੱਛਿਓ ਪਈ ਮੰਜੇ 'ਤੇ ਪਿਆ ਕੀ ਦੀਹਦਾ ਸੀ, ਮਰ ਜਾਣੇ ਨੇ ਪੀਲੀਆ ਕਰਾ ਲਿਆ ਪੀ ਪੀ ਕੇ। ਹੁਣ ਤਾਂ ਜਮਾਂ ਫੇਰ ਪਹਿਲਾਂ ਵਾਂਗ ਲਾਲ ਮੂੰਹ ਹੋ ਗਿਆ ਜੇ ਨਾ ਪੀਵੇ ਤਾਂ।"



*ਸੁਦਾਗਰ ਸਿੰਘ ਬੇਪ੍ਰਵਾਹ (ਐਨ ਖੱਬੇ) ਆਪਣੇ ਜਥੇ ਨਾਲ*

ਇੱਕੋ ਸਾਹੇ ਉਹਨੇ ਬੇਪ੍ਰਵਾਹ ਨਾਲੋਂ ਵੀ ਲੰਬਾ ਭਾਸ਼ਣ ਝਾੜ ਸੁੱਟਿਆ। ਮੁਲਾਜੋਂ ਜੱਸੋਵਾਲ ਨੇ ਦੱਸਿਆ ਇਹ ਮੁੰਡਾ ਅਖਬਾਰ 'ਚ ਲਿਖਣ ਲਈ ਆਇਆ ਸੀ ਤਾਂ ਨਿਕਲ ਗਈ ਭਗਵਾਨ ਕੌਰ ਦੇ ਪੈਰਾਂ ਹੇਠੋਂ ਜ਼ਮੀਨ। ਅਨਪੜ੍ਹ ਪੇਂਡੂ ਸੁਆਣੀ ਕਦੇ ਜੱਸੋਵਾਲ ਨੂੰ ਆਖੇ, 'ਵੇ ਜਥੇਦਾਰਾ ਐਵੇਂ ਮੈਥੋਂ ਗੱਲਾਂ ਹੋ ਗਈਆਂ, ਚੰਗਾ ਵੀ ਬਥੇਰਾ ਜਮੀਨ ਬਾਪੂ ਆਲੀ ਨਾਲੋਂ ਵੱਧ ਢੱਡ ਵਜਾ ਕੇ ਬਣਾ ਲਈ ਐ, ਭੁੱਲ ਜੋ ਮੇਰੀਆਂ ਗੱਲਾਂ ਨੂੰ।' ਕਦੇ ਮੈਨੂੰ ਆਖੇ, 'ਵੇ ਤੂੰ ਤਾਂ ਜੁਆਕੜਾ ਮੇਰੇ ਪੁੱਤ ਤੋਂ ਵੀ ਲਵਾ ਜਿਹਾ, ਕਿਤੇ ਏਦਾਂ ਨਾ ਲਿਖਦੀਂ। ਇਹ ਬੰਦਾ ਬੜਾ ਕੱਬਾ, ਅੜਬ ਪੂਰਾ। ਮਸਾਂ ਹੱਡ ਕੁੱਟਣੋਂ ਹਟਿਆ, ਕਿਤੇ ਫੇਰ ਨਾ ਹੱਡੀਆਂ ਸੇਕ ਦੇਵੇ। ਵੇਖੀਂ ਵੇ ਪੁੱਤਾ ਮੇਰੇ ਬੋਲੇ ਡਾਂਟੇ ਦਾ ਖਿਆਲ ਰੱਖੀਂ।' ਵਰ੍ਹੇ ਬੀਤਣ 'ਤੇ ਵੀ ਇਹ ਸੰਵਾਦ ਵਾਰਤਾ ਮੇਰੇ ਚੇਤੇ 'ਚ ਉਵੇਂ ਹੈ।

ਕੁਝ ਮਹੀਨਿਆਂ ਪਿੱਛੋਂ ਫੇਰ ਮੈਨੂੰ ਬੇਪ੍ਰਵਾਹ ਪ੍ਰੋ. ਮੋਹਨ ਸਿੰਘ ਮੇਲੇ 'ਤੇ ਮਿਲਿਆ ਤਾਂ ਦੂਰੋਂ ਹੀ ਵੇਖ ਕੇ ਹੱਸ ਪਿਆ। ਕਹਿਣ ਲੱਗਾ, "ਯਾਰ ਇਨ੍ਹਾਂ ਤੀਵੀਆਂ-ਮਾਨੀਆਂ ਦਾ ਕੀ ਕਰੀਏ, ਗੂਠਾ ਟੇਕ ਐ ਵਿਚਾਰੀ, ਕੋਰੇ ਕਾਗਤ ਵਰਗੀ। ਕਹਿ 'ਤਾ ਜੋ ਮਨ 'ਚ ਸੀ। ਆਪਾਂ ਤਾਂ ਆਪਣੇ ਸੁਭਾਅ ਵਾਂਗ ਬੇਪ੍ਰਵਾਹ ਈ ਆਂ, ਚਿੱਤ ਚੇਤਾ ਜੋ ਆਹੰਦੀ ਸੀ। ਲਿਖ ਵੀ ਦਈਂ, ਕੁਛ ਨੀਂ ਹੁੰਦਾ।"

ਪੰਥ ਦੇ ਇੱਕ ਮਹਾਨ ਢਾਡੀ ਦੀ ਫਰਾਖਦਿਲੀ ਤੇ ਖੁਲ੍ਹਦਿਲੀ 'ਤੇ ਸਦਕੇ ਜਾਣ ਨੂੰ ਜੀਅ ਕਰਦੈ ਹਾਲੇ ਵੀ। ਕਰੀਬ ਡੇਢ ਕੇ ਦਹਾਕਾ ਹੋ ਗਿਐ ਬੇਪ੍ਰਵਾਹ ਨੂੰ ਸਾਥੋਂ ਰੁਖ਼ਸਤ ਹੋਇਆਂ।

ਉਹਦੀ ਸੋਜ਼ ਭਰੀ ਅਵਾਜ਼ ਨਾਲ ਹਰ ਬੰਦਾ ਪੂਰੇ ਦਾ ਪੂਰਾ ਕੀਲਿਆ ਹੀ ਜਾਂਦਾ ਸੀ ਤੇ ਜਦੋਂ ਉਹ ਇਤਿਹਾਸਕ ਲੈਕਚਰ ਕਰਦਾ ਤਾਂ ਸਮਾਂ ਇਕ ਤਰ੍ਹਾਂ ਨਾਲ ਨਾਗ ਵਾਂਗ ਪਿਟਾਰੀ ਵਿਚ ਪੈ ਜਾਂਦਾ ਸੀ ਪਰ ਇਹ ਵੀ ਸੱਚ ਹੈ ਕਿ ਜੋ ਕੁਝ ਬੇਪ੍ਰਵਾਹ ਨੇ ਪੰਥ ਲਈ ਕੀਤਾ, ਕੌਮ ਲਈ ਕੀਤਾ, ਉਹਦਾ ਕੌਡੀ ਮੁੱਲ ਨਹੀਂ ਪਿਆ। ਜਿਨ੍ਹਾਂ ਲਈ ਉਹ ਜੇਲ੍ਹਾਂ 'ਚ ਰੁਲਿਆ, ਮੰਜੇ 'ਤੇ ਬਿਮਾਰ ਪਏ ਦੀ ਸ਼ਕਲ ਵੀ ਦੇਖਣ ਨਾ ਆਏ।

ਬੇਪ੍ਰਵਾਹ ਨੇ 65-66 ਵਰ੍ਹਿਆਂ ਦੀ ਉਮਰ ਬੜੇ ਪੈਂਠ ਤੇ ਰੋਅਬ ਨਾਲ ਗੁਜ਼ਾਰੀ ਪਰ ਆਖਰੀ ਚਾਰ ਕੁ ਵਰ੍ਹੇ ਉਹਨੇ ਖਿੱਚ-ਧੂਹ ਕੇ ਕੱਢੇ। ਨਿਰਾਸ਼ਾ ਕਰਕੇ ਵੱਧ, ਬਿਮਾਰੀ ਕਰਕੇ ਘੱਟ। ਸੁਦਾਗਰ ਸਿੰਘ ਨੂੰ ਬਚਪਨ ਵਿਚ ਕਵਿਤਾਵਾਂ ਲਿਖਣ ਦੀ ਚੇਟਕ ਲੱਗੀ ਤੇ ਹੋਸ਼ ਸੰਭਲਦਿਆਂ ਉਹ ਕਵੀਸ਼ਰੀ ਕਰਨ ਲੱਗ ਪਿਆ। ਜ਼ਿੰਦਗੀ ਦੇ ਸ਼ੁਰੂਆਤੀ ਕਲਾਤਮਕ ਸਮਿਆਂ ਵਿਚ ਉਹ ਕਰੀਬ ਦੋ ਦਹਾਕੇ ਕਵੀਸ਼ਰੀ ਜਥਾ ਬਣਾ ਕੇ ਪ੍ਰੋਗਰਾਮ ਕਰਦਾ ਰਿਹਾ। ਘਰ ਦਾ ਮਾਹੌਲ ਉਂਜ ਉਸ ਦੀ ਕਲਾ ਨਾਲ ਮੇਲ ਨਹੀਂ ਸੀ ਖਾਂਦਾ ਸੀ, ਕਿਉਂਕਿ ਪਿਤਾ ਸਰਦਾਰਾ ਸਿੰਘ ਆਪਣੇ ਵੇਲੇ ਦਾ ਮੰਨਿਆ-ਪ੍ਰਮੰਨਿਆ ਪਹਿਲਵਾਨ ਹੁੰਦਾ ਸੀ। ਪਿਉ ਨੇ ਬਥੇਰਾ ਕਿਹਾ ਕਿ ਸੁਦਾਗਰਾ ਰੁਮਾਲੀ ਸੁਆ ਲੈ, ਜ਼ੋਰ ਕਰ। ਉਹਨੇ ਪੰਜ ਕੱਕਾਰ ਪੂਰੇ ਕਰ ਲਏ। ਜਦੋਂ ਉਹਨੇ ਕਿਹਾ ਕਿ ਇਹ ਮੇਰੀ ਪ੍ਰਵਾਹ ਨਹੀਂ ਕਰਦਾ ਤਾਂ ਫਿਰ ਸੁਦਾਗਰ ਨੇ ਆਪਣੇ ਨਾਲ ਪੱਕੇ ਤੌਰ 'ਤੇ ਹੀ ਬੇਪ੍ਰਵਾਹ ਜੋੜ ਲਿਆ। ਉਂਜ ਉਹ ਉਰਦੂ ਦੀਆਂ ਅੱਠ ਜਮਾਤਾਂ ਪਾਸ ਸੀ, ਨੌਕਰੀ ਤਾਂ ਮਿਲ ਸਕਦੀ ਸੀ ਪਰ ਉਹਨੇ ਰਾਗ ਕਲਾ ਨੂੰ ਹੀ ਇਕ ਤਰ੍ਹਾਂ ਨਾਲ ਜੀਵਨ ਦਾਨ ਕਰ ਦਿੱਤਾ। ਸ਼ੁਰੂ ਸ਼ੁਰੂ ਵਿਚ ਉਹਨੇ ਜਰਨੈਲ ਸਿੰਘ ਅੰਬੂਆਲ, ਨਿਰਮਲ ਸਿੰਘ ਮੱਲ੍ਹੀ ਨੂੰ ਢੱਡ ਅਤੇ ਜੈਗੋਪਾਲ ਸਿੰਘ ਨੂੰ ਸਾਰੰਗੀ 'ਤੇ ਜੋੜ ਕੇ ਜਥਾ ਬਣਾਇਆ। ਸਿੱਖ ਇਤਿਹਾਸ ਦੀਆਂ ਖੋਜ ਭਰਪੂਰ ਪੁਸਤਕਾਂ ਦਾ ਅਧਿਐਨ ਕੀਤਾ ਤੇ ਆਪਣੇ ਆਪ ਨੂੰ ਇੱਕ ਬੁਲਾਰੇ ਵਜੋਂ ਸਥਾਪਤ ਕਰ ਲਿਆ।

ਬੇਪ੍ਰਵਾਹ ਦੀ ਕਲਮ ਦਾ ਵਹਾਅ ਏਨਾ ਕਾਬਲ-ਏ-ਗੌਰ ਸੀ ਕਿ ਸੁਣਨ ਵਾਲਾ ਵੀ ਕੁਝ ਘੜੀਆਂ ਲਈ ਬੇਪ੍ਰਵਾਹ ਜਿਹਾ ਹੀ ਹੋ ਜਾਂਦਾ ਸੀ। ਆਪਣੀ ਇੱਕ ਲਿਖਤ 'ਸਤਿਸੰਗ ਕਰ ਬੰਦਿਆ ਜੇ ਤੈਂ ਕਰਨਾ ਜਨਮ ਸੁਹੇਲਾ' ਦੇ ਅੰਤ ਵਿਚ ਉਹ ਕਿਆ ਖੂਬ ਲਿਖਦਾ ਹੈ:

ਗੱਲ ਸੁਣ ਲੈ ਬੇਪ੍ਰਵਾਹ<br>
ਤੂੰ ਵੀ ਛੱਡ ਦੇ ਬੇਪ੍ਰਵਾਹੀਆਂ।<br>
ਕੀਤੇ ਸ਼ੁਭ ਕਰਮ ਬਿਨਾ<br>
ਦੇਣਗੇ ਚਿਤਰਗੁਪਤ ਗਵਾਹੀਆਂ।<br>
ਇਸ ਲਾਗ ਸੁਹਾਵੇ 'ਚੋਂ<br>
ਛੱਡ ਭਰਿਆ ਮੇਲਾ।<br>
ਸਤਿਸੰਗ ਕਰ ਬੰਦਿਆ...।

ਉਹਦੀਆਂ ਕੁਝ ਹੋਰ ਲਿਖਤਾਂ ਜ਼ਿਕਰਯੋਗ ਸਨ:

ਸਿੰਘ ਸੂਰਮੇ ਪਿਆਰੇ<br>
ਕਲਗੀਧਰ ਦੇ ਦੁਲਾਰੇ<br>
ਸਦਾ ਦੇਸ਼ ਉਤੋਂ ਜ਼ਿੰਦ ਜਾਨ<br>
ਵਾਰਦੇ ਰਹੇ।<br>
ਖੂਨ ਡੋਲ੍ਹ ਸੀਨਾ ਭਾਰਤ ਦਾ<br>
ਠਾਰਦੇ ਰਹੇ।

ਜਿਸ ਰਚਨਾ ਨਾਲ ਉਹ ਜੋਸ਼ ਤੇ ਜੁੱਸੇ ਦਾ ਤਪਦਾ ਸੂਰਜ ਚੜ੍ਹਾ ਦਿੰਦਾ ਸੀ, ਜੀਹਦੇ ਕਰਕੇ ਖੁਫੀਆ ਏਜੰਸੀਆਂ ਪਿੱਛੇ ਲੱਗ ਗਈਆਂ ਸਨ, ਉਹ ਪੜ੍ਹਨ ਨਾਲੋਂ ਸੱਚੀ ਪੇਸ਼ਕਾਰੀ 'ਚ ਅਨੁਭਵ ਕਰਨ ਵਾਲੀ ਸੀ:

ਸਿਦਕੀ ਸੂਰਿਆ ਸੰਤ ਸਿਪਾਹੀਆ<br>
ਵਾਹ ਓਏ ਸ਼ੇਰ ਜਵਾਨਾ।<br>
ਅਵਧ ਮੜ੍ਹਕ ਦਾ ਜੀਵਨ ਜੀਵੇਂ<br>
ਵਾਹ ਸਿੱਖੀ ਦੀਆਂ ਸ਼ਾਨਾਂ।

ਉਹ ਆਪਣੇ ਭਾਸ਼ਣ ਦੇ ਜਲੌਅ ਵਿਚ ਸਿੱਖ ਗੱਭਰੂਆਂ ਨੂੰ ਸਮਝਾ ਜਾਂਦਾ ਸੀ ਕਿ ਇੱਕ ਸਿੱਖ ਲਈ ਮੜ੍ਹਕ ਤੇ ਅਣਖ ਅਸਲ 'ਚ ਹੁੰਦੀ ਕੀ ਹੈ? ਉਂ ਉਹਦੀਆਂ ਕਾਵਿ ਰਚਨਾਵਾਂ ਵਿਚ ਦੇਸ਼ ਤੇ ਕੌਮ ਪ੍ਰਤੀ ਮੋਹ ਹੈ।

ਪੰਜਾਬੀ ਸੂਬੇ ਵੇਲੇ ਵੀ ਬੇਪ੍ਰਵਾਹ ਨੇ ਜੇਲ੍ਹ ਕੱਟੀ ਤੇ ਧਰਮਯੁੱਧ ਮੋਰਚੇ 'ਚ ਵੀ ਸੰਤ ਹਰਚੰਦ ਸਿੰਘ ਲੌਂਗੋਵਾਲ ਨਾਲ ਮੂਹਰੇ ਰਿਹਾ। ਸਮੇਂ ਦੇ ਸੱਚ ਦੀ ਗੱਲ ਕਰਦਿਆਂ, ਹੱਕ ਦੀ ਕੂਕ ਮਾਰਦਿਆਂ ਉਹਨੇ ਕਈ ਕੰਨਾਂ ਦੇ ਪਰਦੇ ਵੀ ਖੋਲ੍ਹੇ। ਇਸੇ ਕਰਕੇ ਉਹਨੂੰ ਕਈ ਥਾਂ ਗੁਸੈਲੀਆਂ ਨਜ਼ਰਾਂ ਦਾ ਸ਼ਿਕਾਰ ਵੀ ਹੋਣਾ ਪਿਆ। ਉਹਨੇ ਆਪਣੇ ਜਥੇ ਨਾਲ ਇੰਗਲੈਂਡ, ਕੈਨੇਡਾ, ਸਿੰਘਾਪੁਰ, ਮਲਾਇਆ ਤੇ ਹੋਰ ਕਈ ਦੇਸ਼ਾਂ ਵਿਚ ਢਾਡੀ ਰਾਗ ਦਾ ਨਵਾਂ ਰੰਗ ਚੜ੍ਹਾਇਆ।

ਸੁਦਾਗਰ ਸਿੰਘ ਬੇਪ੍ਰਵਾਹ ਨੇ ਬੜੀ ਘਾਲਣਾ ਨਾਲ ਢਾਡੀ ਰਾਗ ਨੂੰ ਹਾਸਿਲ ਕੀਤਾ। ਰਸਮੀ ਤੌਰ 'ਤੇ ਤਖਤੂਪੁਰੇ ਦੇ ਸ਼ੇਰ ਸਿੰਘ ਨੂੰ ਉਹਨੇ ਆਪਣਾ ਉਸਤਾਦ ਧਾਰਿਆ। ਉਹਦੇ ਜਥੇ ਵਿਚ ਕੰਮ ਕਰਨ ਵਾਲਿਆਂ ਦੀ ਅਦਲਾ-ਬਦਲੀ ਹੁੰਦੀ ਰਹੀ। ਬਹੁਤ ਸਮਾਂ ਉਹਨੇ ਦਮਵਾਲ ਪਿੰਡ ਹੀ ਗੁਜ਼ਾਰਿਆ ਤੇ ਕੁਝ ਜੇਲ੍ਹ 'ਚ। ਸਵਰਗੀ ਅਮਰ ਸਿੰਘ ਸ਼ੌਂਕੀ ਦੇ ਪੁੱਤਰ ਪ੍ਰਗਟ ਸਿੰਘ ਤੇ ਸਵਰਾਜ ਸਿੰਘ ਵੀ ਕੁਝ ਸਮਾਂ ਉਹਦੇ ਜਥੇ 'ਚ ਰਹੇ।

ਕੁਦਰਤੀ ਗੱਲ ਹੈ ਕਿ ਸੰਘਰਸ਼ਸ਼ੀਲ ਜ਼ਿੰਦਗੀ ਵਿਚ ਵਿਚਰਦਿਆਂ ਮਨੁੱਖ ਕਈ ਵਾਰ ਅਕੇਵਾਂ ਵੀ ਮਹਿਸੂਸ ਕਰਨ ਲੱਗ ਪੈਂਦਾ ਹੈ ਤੇ ਆਮ ਬੰਦੇ ਨੂੰ ਸੁਭਾਅ ਰੁੱਖਾ ਜਿਹਾ ਲੱਗਦੈ। ਇਉਂ ਬੇਪ੍ਰਵਾਹ ਦੇ ਮਾਮਲੇ ਵਿਚ ਵੀ ਉਹਨੂੰ ਜਾਨਣ ਵਾਲੇ ਆਖਦੇ ਹਨ।

ਉਹਦੇ ਪਰਿਵਾਰ ਵਾਲੇ ਦੱਸਦੇ ਹਨ ਕਿ ਜਿਸ ਬੇਪ੍ਰਵਾਹ ਨੇ ਜੁਆਨੀ ਵਿਚ ਪੈਸੇ ਦੀ ਪ੍ਰਵਾਹ ਨਹੀਂ ਕੀਤੀ, ਉਹ ਵਕਤ ਲੰਘਣ 'ਤੇ ਜ਼ਮੀਨ ਤੋਂ ਸੂਈ ਡਿੱਗੀ ਵੀ ਭਾਲਦਾ ਰਿਹਾ।

ਬੇਪ੍ਰਵਾਹ ਨੇ ਜੋਸ਼ੀਲਾ ਲਿਖਿਆ ਅਤੇ ਜੇਲ੍ਹ ਵੀ ਕੱਟੀ ਪਰ ਇਸ ਨੂੰ ਰਿਕਾਰਡ ਰੂਪ ਵਿਚ ਸੰਭਾਲਿਆ ਨਹੀਂ। ਸ਼ਾਇਦ ਉਹਦੀ ਜੀਵਨ ਕਹਾਣੀ ਪ੍ਰਤੀ ਇਹ ਦੁਖਾਂਤ ਬਣ ਜਾਵੇਗਾ ਕਿ ਜਿੰਨਾ ਉਹਦੇ ਕੋਲ ਖਜ਼ਾਨਾ ਸੀ, ਉਹਦਾ ਸ਼ਾਇਦ ਕੁਝ ਵੀ ਬਣ ਨਾ ਸਕੇ।

# ਬੱਬਰ ਊਜਾਗਰ ਸਿੰਘ ਧਨੋਆ, ਬਸਰਾਮਪੁਰ

ਵਾਸਦੇਵ ਸਿੰਘ ਪਰਹਾਰ
ਫੋਨ: 206-434-1155

ਪਿੰਡ ਬਸਰਾਮਪੁਰ ਦਾ ਸਰਕਾਰੀ ਰਿਕਾਰਡ ਵਿਚ ਨਾਂ ਪਰਸਰਾਮਪੁਰ ਹੈ ਪਰ ਲੋਕੀਂ ਇਸ ਨੂੰ ਬਸਰਾਮਪੁਰ ਹੀ ਆਖਦੇ ਹਨ। ਸਾਰਾ ਪਿੰਡ ਹੀ ਖੇੜਾ ਧਨੋਆ ਗੋਤ ਦੇ ਜੱਟਾਂ ਦੀ ਮਾਲਕੀ ਹੈ। ਇਹ ਜਲੰਧਰ ਛਾਉਣੀ ਤੋਂ ਹੁਸ਼ਿਆਰਪੁਰ ਨੂੰ ਜਾਣ ਵਾਲੀ ਸੜਕ ਤੋਂ 6 ਕੁ ਕਿਲੋਮੀਟਰ ਪੂਰਬ ਵੱਲ ਸਥਿਤ ਹੈ। ਇਸ ਦੀ ਹਦਬਸਤ ਨੰਬਰ 184 ਅਤੇ ਰਕਬਾ 200 ਹੈਕਟੇਅਰ ਹੈ।

ਬੱਬਰ ਊਜਾਗਰ ਸਿੰਘ ਨੇ ਕੁਝ ਸਾਲ ਰਸਾਲਾ ਨੰਬਰ 19 ਵਿਚ ਨੌਕਰੀ ਕੀਤੀ ਪਰ ਅੰਗਰੇਜ਼ ਸਰਕਾਰ ਵਲੋਂ ਨਨਕਾਣਾ ਸਾਹਿਬ ਅਤੇ ਗੁਰੂ ਕੇ ਬਾਗ ਮੋਰਚੇ ਵਿਚ ਸਿੱਖਾਂ 'ਤੇ ਕੀਤੇ ਅਤਿਆਚਾਰਾਂ ਤੋਂ ਦੁਖੀ ਹੋ ਕੇ ਉਹ ਨੌਕਰੀ ਛੱਡ ਕੇ ਪਿੰਡ ਆ ਗਿਆ ਅਤੇ ਬੱਬਰ ਜਥੇ ਵਿਚ ਸ਼ਾਮਲ ਹੋ ਗਿਆ।

ਉਸ 'ਤੇ ਮੁੱਖ ਦੋਸ਼ ਇਹ ਸੀ ਕਿ ਉਹ ਢੱਡੇ ਫਤਿਹ ਸਿੰਘ ਦੇ ਲਾਭ ਸਿੰਘ, ਜਿਸ ਨੇ ਬੱਬਰ ਕਿਸ਼ਨ ਸਿੰਘ ਗੜਗੱਜ ਨੂੰ ਫੜਾਇਆ ਸੀ, ਨੂੰ ਕਤਲ ਕਰਨ ਦੀ ਦੂਜੀ ਕੋਸ਼ਿਸ਼ (ਮਿਤੀ 17 ਮਾਰਚ 1923) ਵਿਚ ਸ਼ਾਮਲ ਸੀ। ਇਸ ਗੱਦਾਰ ਨੂੰ ਪਾਰ ਬੁਲਾਉਣ ਲਈ ਬੱਬਰਾਂ ਨੇ 14, 17 ਅਤੇ 23 ਮਾਰਚ 1923 ਨੂੰ ਤਿੰਨ ਕੋਸ਼ਿਸ਼ਾਂ ਕੀਤੀਆਂ ਪਰ ਉਹ ਕਿਸੇ ਨਾ ਕਿਸੇ ਕਾਰਨ ਇਸ ਕਾਰਜ ਵਿਚ ਅਸਫਲ ਰਹੇ। ਪਹਿਲੀ ਕੋਸ਼ਿਸ਼ ਦੇ ਅਸਫਲ ਰਹਿਣ 'ਤੇ ਬਾਬੂ ਸੰਤਾ ਸਿੰਘ ਨੇ ਵਤਨ ਸਿੰਘ ਭਿਓਰ ਪੰਡੋਰੀ ਨਿੱਜਰਾਂ ਨੂੰ ਭੇਜ ਕੇ ਸਾਧੂ ਸਿੰਘ ਪਰਾਗਪੁਰ, ਊਜਾਗਰ ਸਿੰਘ ਬਸਰਾਮਪੁਰ ਅਤੇ ਸ਼ਿਵ ਸਿੰਘ ਹਰੀਪੁਰ ਨੂੰ ਬੁਲਾਇਆ ਕਿ ਪਿੰਡ ਸ਼ਾਮ ਚੁਰਾਸੀ ਦੇ ਬੇਆਬਾਦ ਭੱਠੇ 'ਤੇ ਆ ਜਾਣ। ਬੱਬਰ ਊਜਾਗਰ ਸਿੰਘ ਆਪਣੇ ਪਿੰਡ ਦੇ ਇਕ ਬੰਦੇ ਸੁਰੈਣ ਸਿੰਘ ਨੂੰ ਇਹ ਆਖ ਕੇ ਨਾਲ ਲੈ ਗਿਆ ਕਿ ਚੱਲ ਤੈਨੂੰ ਬੱਬਰਾਂ ਦਾ ਦੀਵਾਨ ਦਿਖਾ ਆਵਾਂ। ਸ਼ਾਮ ਚੁਰਾਸੀ ਭੱਠੇ 'ਤੇ ਬਾਬੂ ਸੰਤਾ ਸਿੰਘ, ਧੰਨਾ ਸਿੰਘ ਬਹਿਬਲਪੁਰ, ਸਾਧਾ ਸਿੰਘ, ਅਮਰ ਸਿੰਘ ਪੰਡੋਰੀ ਨਿੱਜਰਾਂ, ਵਤਨ ਸਿੰਘ ਪੰਡੋਰੀ ਨਿੱਜਰਾਂ, ਦੁੱਮਣ ਸਿੰਘ ਪੰਡੋਰੀ ਰਾਜਪੂਤਾਂ ਅਤੇ ਧਾਮੀਆਂ ਕਲਾਂ ਤੋਂ ਦਲੀਪਾ, ਵਰਿਆਮ ਸਿੰਘ ਧੁੱਗਾ, ਬੇਲਾ ਸਿੰਘ ਤੇ ਬੰਤਾ ਸਿੰਘ ਬੋਪਰਾਏ, ਬੰਤਾ ਸਿੰਘ ਧਾਮੀਆਂ ਕਲਾਂ ਅਤੇ ਧੰਨਾ ਸਿੰਘ ਕੋਟਲੀ ਬਾਵਾਦਾਸ-ਕੁਲ ਮਿਲ ਕੇ 16 ਬੱਬਰ ਪੁੱਜ ਗਏ। ਬਾਬੂ ਸੰਤਾ ਸਿੰਘ ਨੇ ਕਾਰਜ ਰਾਸ ਆਉਣ ਦੀ ਅਰਦਾਸ ਕੀਤੀ ਅਤੇ ਸਾਰੇ ਜਣੇ ਪਿੰਡ ਢੱਡੇ ਫਤਿਹ ਸਿੰਘ ਵੱਲ ਨੂੰ ਚੱਲ ਪਏ। ਪਿੰਡ ਕੋਲ ਜਾ ਕੇ ਇਕ ਥਾਂ ਆਪਣਾ ਫਾਲਤੂ ਸਮਾਨ ਰੱਖ ਕੇ ਜਦੋਂ ਬੰਦਿਆਂ ਦੀ ਗਿਣਤੀ ਕੀਤੀ ਤਾਂ 16 ਦੀ ਥਾਂ 15 ਸਨ। ਪਤਾ ਲੱਗਾ ਕਿ ਬੱਬਰ ਊਜਾਗਰ ਸਿੰਘ, ਜਿਸ ਬੰਦੇ ਸੁਰੈਣ ਸਿੰਘ ਨੂੰ ਨਾਲ ਲਿਆਇਆ ਸੀ, ਉਹ ਡਰ ਕੇ ਪਿੱਛੇ ਮੁੜ ਗਿਆ ਹੈ। ਆਖਰ ਇਹ ਸੋਚ ਕੇ ਕਿ ਉਹ ਸਾਰਾ ਹਾਲ ਪੁਲਿਸ ਨੂੰ ਦੱਸ ਦੇਵੇਗਾ, ਸੋ ਆਪਣੇ ਟਿਕਾਣਿਆਂ ਨੂੰ ਵਾਪਸ ਮੁੜ ਗਏ।

ਐਡੀਸ਼ਨਲ ਸੈਸ਼ਨ ਕੋਰਟ ਵਿਚ ਬੱਬਰ ਊਜਾਗਰ ਸਿੰਘ ਨੇ ਆਪਣੇ ਵਿਰੁਧ ਲਾਏ ਦੋਸ਼ਾਂ ਤੋਂ ਇਨਕਾਰ ਕਰਦਿਆਂ ਕਿਹਾ ਕਿ ਉਸ ਦਾ ਬੱਬਰ ਅਕਾਲੀਆਂ ਨਾਲ ਕੋਈ ਰਿਸ਼ਤਾ ਨਹੀਂ, ਸਿਵਾਏ ਬੱਬਰ ਸ਼ਿਵ ਸਿੰਘ ਹਰੀਪੁਰ ਦੇ। ਪੁਲਿਸ ਉਸ ਤੋਂ ਬੱਬਰ ਕਿਸ਼ਨ ਸਿੰਘ ਗੜਗੱਜ ਵਿਰੁਧ ਗਵਾਹੀ ਦੇਣ ਲਈ ਜ਼ੋਰ ਪਾਉਂਦੀ ਸੀ।

ਬੱਬਰ ਊਜਾਗਰ ਸਿੰਘ ਨੂੰ ਸੱਤ ਸਾਲ ਕੈਦ ਸਖਤ ਅਤੇ ਇਕ ਸੌ ਰੁਪਏ ਜੁਰਮਾਨੇ ਦੀ ਸਜ਼ਾ ਹੋਈ। ਦਾਰੂ ਸਿੱਕਾ ਅਤੇ ਨਾਜਾਇਜ਼ ਹਥਿਆਰ ਰੱਖਣ ਦੀ ਸਜ਼ਾ ਤਿੰਨ ਸਾਲ ਕੈਦ ਸਖਤ ਅਤੇ ਸੌ ਰੁਪਏ ਜੁਰਮਾਨਾ ਹੋਇਆ।

ਇਨਸਾਨੀ ਹੂਕ

# ਜ਼ੈਨਬ ਨੂੰ ਇਨਸਾਫ ਮਿਲੇ

ਕਸੂਰ ਸਰਹੱਦ ਪਾਰਲੇ ਪੰਜਾਬ ਦਾ ਮਹਾਨ ਸੂਫੀ ਅਤੇ ਪੰਜਾਬੀ ਦੇ ਅਜ਼ੀਮ ਸ਼ਾਇਰ ਬੁੱਲ੍ਹੇ ਸ਼ਾਹ ਦਾ ਸ਼ਹਿਰ ਹੈ ਜਿੱਥੇ ਉਸ ਦਾ ਮਜ਼ਾਰ ਹੈ ਅਤੇ ਹੋਰ ਸੂਫੀ ਸੰਤਾਂ ਦੇ ਮਜ਼ਾਰ ਵੀ ਇੱਥੇ ਨੇ ਜਿਨ੍ਹਾਂ ਨੂੰ ਸਜਦਾ ਕਰਨ ਲੱਖਾਂ ਪ੍ਰੇਮੀ ਆਉਂਦੇ ਹਨ ਤੇ ਆਪਣਾ ਧੰਨ ਭਾਗ ਸਮਝਦੇ ਹਨ। ਪਿਛਲੇ ਕੁਝ ਦਿਨਾਂ ਵਿਚ ਸੰਸਾਰ ਭਰ ਦੇ ਲੋਕਾਂ ਨੇ ਇਸੇ ਕਸੂਰ ਸ਼ਹਿਰ ਨੂੰ ਗੁੱਸੇ ਨਾਲ ਉਬਲਦਿਆਂ ਦੇਖਿਆ ਹੈ ਜਦੋਂ ਸ਼ਹਿਰ ਦਾ ਹਰ ਸ਼ਖਸ ਸੜਕਾਂ 'ਤੇ ਨਿਕਲ ਆਇਆ ਅਤੇ ਪੁਲਿਸ ਦੀਆਂ ਗੋਲੀਆਂ ਦੀ ਪਰਵਾਹ ਕੀਤੇ ਬਿਨਾ ਆਪਣੇ ਗੁੱਸੇ ਦਾ ਪ੍ਰਗਟਾਵਾ ਕੀਤਾ। ਪੁਲਿਸ ਦੀਆਂ ਗੋਲੀਆਂ ਨਾਲ ਦੋ ਜਾਨਾਂ ਜਾਂਦੀਆਂ ਲੱਗੀਆਂ ਅਤੇ ਕਈ ਜ਼ਖਮੀ ਹੋ ਗਏ। ਇਸ ਗੁੱਸੇ ਦੀ ਜੋ ਵਜ੍ਹਾ ਸੀ, ਉਸ ਨੇ ਦੁਨੀਆਂ ਦੇ ਵੱਖ ਵੱਖ ਕੋਨਿਆਂ ਵਿਚ ਬੈਠੇ ਮਨੁੱਖਾਂ ਨੂੰ ਸੋਚਾਂ ਵਿਚ ਪਾ ਦਿੱਤਾ ਕਿ ਅਤਿਵਾਦ ਤੋਂ ਬਿਨਾ ਇੱਕ ਹੋਰ ਭੈ ਵੀ ਹੈ, ਜਿਸ ਨੇ ਕਸੂਰ ਦੇ ਲੋਕਾਂ ਦੀ ਨੀਂਦ ਹਰਾਮ ਕੀਤੀ ਹੋਈ ਹੈ। ਇਸ ਨੇ ਹਰ ਸਿਆਣੇ ਮਨੁੱਖ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਹੈ ਕਿ 'ਖੁਦਾ' ਦੀ ਰਚੀ ਇਸ ਧਰਤੀ 'ਤੇ ਬੱਚਿਆਂ



ਡਾ. ਗੁਰਨਾਮ ਕੌਰ, ਕੈਨੇਡਾ

ਲਈ ਕਿਹੜੀ ਮਹਿਫੂਜ਼ ਥਾਂ ਹੈ, ਆਖਰ!

ਕਸੂਰ ਇਨ੍ਹੀਂ ਦਿਨੀਂ ਇੰਤਹਾ ਗੁੱਸੇ ਵਿਚ ਹੈ। ਕਸੂਰ ਕੀ, ਪਾਕਿਸਤਾਨ ਵਿਚ ਆਮ ਅਤੇ ਦਾਨਿਸ਼ਮੰਦ ਲੋਕ ਸੋਚੀਂ ਪਏ ਤੇ ਫਿਕਰਮੰਦ ਦਿਖਾਈ ਦੇ ਰਹੇ ਹਨ ਕਿ ਆਖਰ ਛੋਟੇ ਬੱਚਿਆਂ ਦਾ ਕੀ ਗੁਨਾਹ ਹੈ, ਜੋ ਉਨ੍ਹਾਂ ਨੂੰ ਇਸ ਤਰ੍ਹਾਂ ਦਰਿੰਦਗੀ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ? ਕਸੂਰ ਵਿਚ ਇਹ ਪਹਿਲਾ ਵਾਕਿਆ ਨਹੀਂ ਹੈ ਬਲਕਿ ਪਹਿਲਾਂ ਵੀ ਬਹੁਤ ਥੋੜ੍ਹੇ ਸਮੇਂ ਵਿਚ ਹੀ ਅਜਿਹੀ ਦਰਿੰਦਗੀ ਦੇ 10-11 ਵਾਕਿਆ ਹੋ ਚੁਕੇ ਹਨ ਜਿਸ ਕਰਕੇ ਲੋਕ ਖੌਫਜ਼ਦਾ ਹਨ।

'ਉਮਰਾਹ' ਮੱਕੇ ਦੀ ਅਜਿਹੀ ਜ਼ਿਆਰਤ ਹੈ ਜਿਸ ਲਈ ਉਸ ਤਰ੍ਹਾਂ ਕੋਈ ਸਮਾਂ ਜਾਂ ਤਰੀਕ ਮੁਕੱਰਰ ਨਹੀਂ ਹੈ, ਜਿਸ ਤਰ੍ਹਾਂ 'ਹੱਜ' ਕਰਨ ਲਈ ਮੱਕੇ ਦੀ ਯਾਤਰਾ ਤੇ ਸਿਰਫ ਮੁਕੱਰਰ ਕੀਤੇ ਸਮੇਂ ਅਤੇ ਤਰੀਕਾਂ 'ਤੇ ਹੀ ਜਾਇਆ ਜਾ ਸਕਦਾ ਹੈ। ਇਸ ਲਈ ਆਮ ਮੁਸਲਮਾਨ ਨੂੰ 'ਉਮਰਾਹ' 'ਤੇ ਜਾਣਾ ਸੌਖਾ ਲਗਦਾ ਹੈ ਕਿਉਂਕਿ ਉਹ ਆਪਣੀ ਸਹੂਲਤ ਮੁਤਾਬਕ ਕਦੇ ਵੀ ਸਾਊਦੀ ਅਰਬ ਵਿਚ ਮੱਕੇ ਦੀ ਯਤਰਾ ਕਰਨ ਜਾ ਸਕਦਾ ਹੈ। ਇਸੇ ਲਈ ਨੰਨ੍ਹੀ ਜਿਹੀ, ਪਿਆਰੀ ਜਿਹੀ ਗੁਲਾਬੀ ਕਂਪੜਿਆਂ ਵਾਲੀ ਕੁੜੀ ਜ਼ੈਨਬ ਦੇ ਮਾਪਿਆਂ ਨੂੰ ਲੱਗਿਆ ਕਿ ਉਹ 'ਉਮਰਾਹ' 'ਤੇ ਜਾ ਕੇ ਸਵਾਬ ਖੱਟ ਲੈਣ ਪਰ ਉਨ੍ਹਾਂ ਦੇ ਚਿੱਤ-ਚੇਤੇ ਵੀ ਨਹੀਂ ਸੀ ਕਿ ਇਸੇ ਯਾਤਰਾ ਸਮੇਂ ਉਨ੍ਹਾਂ ਦੀ ਗੈਰ-ਮੌਜੂਦਗੀ 'ਚ ਉਨ੍ਹਾਂ ਦਾ ਆਪਣਾ ਘਰ ਜਹੰਨਮ ਬਣ ਜਾਵੇਗਾ।

ਜ਼ੈਨਬ ਅਨਸਾਰੀ ਅਜੇ ਸੱਤ ਵਰ੍ਹਿਆਂ ਦੀ ਵੀ ਨਹੀਂ ਸੀ ਹੋਈ ਅਤੇ ਉਹ ਆਪਣੇ ਅੱਠ ਭੈਣ-ਭਰਾਵਾਂ ਵਿਚੋਂ ਸਭ ਤੋਂ ਛੋਟੀ ਸੀ। ਖਬਰਾਂ ਅਨੁਸਾਰ ਜ਼ੈਨਬ ਦਾ ਪਰਿਵਾਰ ਇੱਕ ਸਾਂਝਾ ਪਰਿਵਾਰ ਹੈ ਜਿਸ ਵਿਚ ਉਸ ਦੇ ਦੋ ਚਾਚਿਆਂ ਦੇ ਪਰਿਵਾਰ ਵੀ ਸ਼ਾਮਲ ਹਨ। ਸ਼ਾਇਦ ਇਸੇ ਲਈ ਬੇਫਿਕਰ ਹੋ ਕੇ ਉਸ ਦੀ ਅੰਮਾ ਤੇ ਅੱਬਾ ਸਾਊਦੀ ਅਰਬ ਵਿਚ 'ਉਮਰਾਹ' 'ਤੇ ਚਲੇ ਗਏ। ਕਸੂਰ ਦੇ ਜਿਸ ਖੇਤਰ ਵਿਚ ਉਸ ਦਾ ਘਰ ਹੈ, ਉਸੇ ਖੇਤਰ ਵਿਚ ਉਸ ਦੇ ਹੋਰ ਕਈ ਰਿਸ਼ਤੇਦਾਰ ਜਿਵੇਂ ਫੂਫੋ (ਭੂਆ) ਅਤੇ ਖਾਲਾ (ਮਾਸੀ) ਵੀ ਰਹਿੰਦੇ ਹਨ। ਉਹ ਹਰ ਰੋਜ਼ ਆਪਣੇ ਤੋਂ ਸਾਲ ਕੁ ਵੱਡੇ ਚਚੇਰੇ ਭਰਾ ਨਾਲ ਆਪਣੀ ਮਾਸੀ ਦੇ ਘਰ 'ਕੁਰਾਨ' ਦੀ ਪੜ੍ਹਾਈ ਕਰਨ ਜਾਂਦੀ ਸੀ ਤੇ ਮਾਸੀ ਦਾ ਘਰ ਉਸ ਦੇ ਘਰ ਤੋਂ ਮਹਿਜ਼ ਪੰਜ ਮਿੰਟ ਦਾ ਰਾਹ ਹੈ। ਉਹ ਆਪਣੇ ਭਰਾ ਤੋਂ ਦੌੜਦੀ ਦੌੜਦੀ ਅੱਗੇ ਚਲੀ ਗਈ ਪਰ ਪੰਜ ਮਿੰਟ ਦੇ ਰਾਹ ਵਿਚ ਹੀ ਉਹ ਕਿਧਰੇ ਗੁੰਮ ਹੋ ਗਈ ਕਿਉਂਕਿ 'ਖਾਲਾ' ਦੇ ਘਰ ਕੁਰਾਨ ਦਾ ਸਬਕ ਲੈਣ ਲਈ ਤਾਂ ਉਹ ਪਹੁੰਚੀ ਹੀ ਨਹੀਂ।

ਪਰਿਵਾਰ ਨੇ ਇਹੀ ਸੋਚਿਆ ਕਿ ਸ਼ਾਇਦ ਉਹ ਥੋੜ੍ਹੇ ਜਿਹੇ ਫਾਸਲੇ 'ਤੇ ਰਹਿੰਦੀ ਆਪਣੀ ਭੂਆ ਦੇ ਘਰ ਚਲੀ ਗਈ ਹੈ। ਇਹ ਵਾਕਿਆ ਸ਼ਾਮ ਦੇ ਛੇ ਕੁ ਵਜੇ ਦਾ ਹੈ। ਪਰ ਜਦੋਂ ਉਹ ਰਾਤ ਦੇ ਖਾਣੇ ਲਈ ਵੀ ਨਾ ਪਹੁੰਚੀ ਤਾਂ ਪਰਿਵਾਰ ਨੂੰ ਫਿਕਰ ਪੈ ਗਿਆ ਅਤੇ ਉਸ ਦੀ ਤਲਾਸ਼ ਸ਼ੁਰੂ ਹੋ ਗਈ। ਜਦੋਂ ਉਹ ਕਿਧਰੇ ਵੀ ਨਹੀਂ ਮਿਲੀ ਤਾਂ ਪੁਲਿਸ ਨੂੰ ਉਸ ਦੇ ਗੁੰਮ ਹੋਣ ਦੀ ਇਤਲਾਹ ਦਰਜ ਕਰਾ ਦਿੱਤੀ ਗਈ ਪਰ ਪੁਲਿਸ ਉਸ ਨੂੰ ਜਾਂ ਉਸ ਦੇ ਅਗਵਾਕਾਰ ਨੂੰ ਲੱਭ ਨਾ ਸਕੀ। ਇਸ ਲਈ ਕਸੂਰ ਤੇ ਪਾਕਿਸਤਾਨ ਦੇ ਸਾਰੇ ਵੱਡੇ ਸ਼ਹਿਰਾਂ ਵਿਚ ਲੋਕ-ਰੋਹ ਭੜਕ ਉਠਿਆ ਅਤੇ ਲੋਕ ਸੜਕਾਂ 'ਤੇ ਆ ਗਏ। ਵਜ੍ਹਾ ਇਹ ਵੀ ਸੀ ਕਿ ਕਸੂਰ ਵਿਚ ਬੜੇ ਥੋੜੇ ਅਰਸੇ ਵਿਚ ਛੋਟੀ ਉਮਰ ਦੇ ਬੱਚਿਆਂ ਨਾਲ ਇਸ ਕਿਸਮ ਦੇ ਪਹਿਲਾਂ ਵੀ ਵਾਪਰ ਚੁੱਕੇ ਹਾਦਸਿਆਂ ਵਿਚ ਪਾਕਿਸਤਾਨੀ ਪੰਜਾਬ ਦੀ ਪੁਲਿਸ ਨੇ ਕਿਸੇ ਇੱਕ ਵੀ ਹਾਦਸੇ ਵਿਚ ਅਗਵਾਕਾਰ ਨੂੰ ਫੜ੍ਹਨ ਜਾਂ ਸਜ਼ਾ ਦੁਆਉਣ ਜਿਹੀ ਫੁਰਤੀ ਨਹੀਂ ਦਿਖਾਈ। ਬਲਕਿ ਇਹ ਵੀ ਸੁਣਨ ਵਿਚ ਆਇਆ ਹੈ ਕਿ ਪੰਜਾਬ ਦੇ ਕਾਨੂੰਨ ਮੰਤਰੀ ਨੇ ਬਿਆਨ ਦਿੱਤਾ ਹੈ ਕਿ ਬੱਚਿਆਂ ਦੇ ਬਚਾਉ ਦੀ ਜ਼ਿੰਮੇਦਾਰੀ ਮਾਪਿਆਂ ਦੀ ਹੁੰਦੀ ਹੈ।

ਪੰਜਾਬ ਪੁਲਿਸ ਤਾਂ ਏਨੀ ਕੁ ਫੁਰਤੀਲੀ ਹੈ ਕਿ ਸੀ. ਸੀ. ਟੀ. ਵੀ. ਫੁਟੇਜ ਵੀ ਉਸ ਨੂੰ ਜ਼ੈਨਬ ਦੇ ਰਿਸ਼ਤੇਦਾਰਾਂ ਨੇ ਮੁਹੱਈਆ ਕੀਤੀ ਹੈ, ਤੇ ਪੁਲਿਸ ਕਹਿ ਰਹੀ ਹੈ ਕਿ ਉਹ ਕੰਮ ਕਰ ਰਹੀ ਹੈ। ਪਾਕਿਸਤਾਨੀ ਟੀ. ਵੀ. ਚੈਨਲਾਂ 'ਤੇ ਨਸ਼ਰ ਹੋਈਆਂ ਖਬਰਾਂ ਵਿਚ ਜ਼ੈਨਬ ਦਾ ਭਰਾ ਦੱਸ ਰਿਹਾ ਸੀ ਕਿ ਉਨ੍ਹਾਂ ਨੇ ਆਸ-ਪਾਸ ਦਾ ਚੱਪਾ ਚੱਪਾ ਛਾਣ ਮਾਰਿਆ, ਉਨ੍ਹਾਂ ਨੂੰ ਜ਼ੈਨਬ ਦੀ ਲਾਸ਼ ਜਾਂ ਕੁਝ ਵੀ ਅਜਿਹਾ ਨਹੀਂ ਮਿਲਿਆ। ਫਿਰ ਪੁਲਿਸ ਦੀ ਮਿਲੀਭੁਗਤ ਤੋਂ ਬਿਨਾ ਇਹ ਕਿਵੇਂ ਹੋ ਸਕਦਾ ਹੈ ਕਿ ਕੁਝ ਹੀ ਸਮੇਂ ਪਿੱਛੋਂ ਜ਼ੈਨਬ ਦੇ ਘਰ ਦੇ ਬਿਲਕੁਲ ਨੇੜੇ ਕੰਮ ਕਰਦੇ ਮਜ਼ਦੂਰਾਂ ਨੂੰ ਕੂੜੇ ਦੇ ਢੇਰ ਉਤੇ ਜ਼ੈਨਬ ਦੀ ਲਾਸ਼ ਪਈ ਨਜ਼ਰ ਆਈ। ਇਸ ਤਰ੍ਹਾਂ ਦੇ ਹੋਰ ਵੀ ਬਹੁਤ ਸਾਰੇ ਸਵਾਲ ਹਨ ਜੋ ਲੋਕਾਂ ਦੇ ਹਲਕ ਤੋਂ ਹੇਠਾਂ ਨਹੀਂ ਉਤਰ ਰਹੇ।

ਜ਼ੈਨਬ ਨਾਲ ਜ਼ਬਰ ਜਨਾਹ ਪਿੱਛੋਂ ਉਸ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ। ਉਸ ਦੇ ਸਰੀਰ 'ਤੇ ਸਿਰਫ ਜ਼ਖਮਾਂ ਦੇ ਨਿਸ਼ਾਨ ਹੀ ਨਹੀਂ ਬਲਕਿ ਉਸ ਦੀਆਂ ਬਾਹਵਾਂ ਵੀ ਵੱਢੀਆਂ-ਟੁੱਕੀਆਂ ਹੋਈਆਂ ਸਨ। ਪੁਲਿਸ ਦਾ ਕਹਿਣਾ ਹੈ ਕਿ ਉਹ ਮਾਮਲੇ ਦੀ ਜਾਂਚ ਕਰ ਰਹੀ ਹੈ ਤੇ ਬਹੁਤ ਜਲਦੀ ਹੀ ਦੋਸ਼ ਆਇਦ ਕੀਤੇ ਜਾਣਗੇ। ਅਫਸਰਾਂ ਦਾ ਇਹ ਵੀ ਕਹਿਣਾ ਹੈ ਕਿ ਜ਼ੈਨਬ ਦੇ ਸਰੀਰ ਤੋਂ ਜੋ ਡੀ. ਐਨ. ਏ. ਇਕੱਠਾ ਕੀਤਾ ਗਿਆ, ਉਸ ਦੀ ਗਵਾਹੀ ਇਹ ਸੁਝਾਉਂਦੀ ਹੈ ਕਿ ਦੋਸ਼ੀ ਕੋਈ ਪਰਿਵਾਰ ਦੀ ਜਾਣ-ਪਛਾਣ ਵਾਲਾ ਹੈ।

ਜ਼ੈਨਬ ਦੇ ਅੱਬਾ ਦਾ ਕਹਿਣਾ ਹੈ ਕਿ ਜੇ ਪੁਲਿਸ ਤੁਰੰਤ ਕਾਰਵਾਈ ਕਰਦੀ ਤਾਂ ਦੋਸ਼ੀ ਫੜ੍ਹਿਆ ਜਾਣਾ ਸੀ। 12 ਜਨਵਰੀ ਨੂੰ ਕਸੂਰ ਦੇ ਲੋਕਾਂ ਨੇ ਮੁਜ਼ਾਹਰੇ ਕੀਤੇ ਕਿਉਂਕਿ ਜ਼ੈਨਬ ਨਾਲ ਕੀਤੇ ਗਏ ਇਸ ਘਿਨਾਉਣੇ ਕਾਰਨਾਮੇ ਦੇ ਦੋਸ਼ੀਆਂ ਨੂੰ ਲੱਭਣ ਵਿਚ ਕਾਫੀ ਢਿੱਲ ਵਰਤੀ ਜਾ ਰਹੀ ਸੀ। ਮੁਲਕ ਦੇ ਲੋਕ ਸਦਮੇ ਵਿਚ ਹਨ ਅਤੇ ਪਾਕਿਸਤਾਨ ਦੇ ਹਰ ਵੱਡੇ ਸ਼ਹਿਰ 'ਚ ਇਸ ਕਾਰੇ ਦੇ ਖਿਲਾਫ ਜ਼ਬਰਦਸਤ ਮੁਜ਼ਾਹਰੇ ਕੀਤੇ ਗਏ। ਪਿਛਲੇ ਇੱਕ ਸਾਲ 'ਚ ਜ਼ੈਨਬ ਕਸੂਰ ਦਾ 8ਵਾਂ ਬੱਚਾ ਹੈ ਜਿਸ ਨਾਲ ਇਸ ਕਿਸਮ ਦੀ ਦਰਿੰਦਗੀ ਹੋਈ। ਇਹ ਸਾਰੇ ਵਾਕਿਆਤ ਤਿੰਨ ਮੀਲ ਦੇ ਘੇਰੇ 'ਚ ਵਾਪਰੇ ਹਨ। ਇਸ ਤੋਂ ਵੀ ਪੁਲਿਸ ਦੀ ਨਾਅਹਿਲੀਅਤ ਸਾਫ ਦਿਖਾਈ ਦਿੰਦੀ ਹੈ।

ਸਾਡੇ ਦੋਵਾਂ ਮੁਲਕਾਂ ਦੀ ਇਹ ਬਦਕਿਸਮਤੀ ਹੈ ਕਿ ਪੁਲਿਸ ਨੂੰ ਲੋਕਾਂ ਦੀਆਂ ਸਮੱਸਿਆਵਾਂ ਵੱਲ ਧਿਆਨ ਦੇਣ ਅਤੇ ਉਨ੍ਹਾਂ ਦੇ ਜਾਨ-ਮਾਲ ਦੀ ਰਾਖੀ ਕਰਨ ਦੀ ਥਾਂ ਮੰਤਰੀਆਂ ਦੀ ਜੀ-ਹਜ਼ੂਰੀ ਕਰਨ ਤੇ ਉਨ੍ਹਾਂ ਦੀਆਂ ਚੌਂਕੀਆਂ ਭਰਨ ਦੇ ਕੰਮਾਂ 'ਤੇ ਲਾਇਆ ਜਾਂਦਾ ਹੈ। ਪੁਲਿਸ ਨੂੰ ਆਜ਼ਾਦਾਨਾ ਤੌਰ 'ਤੇ ਕੰਮ ਕਰਨ ਹੀ ਨਹੀਂ ਦਿੱਤਾ ਜਾਂਦਾ। ਜ਼ੈਨਬ ਦਾ ਪਿਤਾ ਅਮੀਨ ਅਨਸਾਰੀ ਚਾਹੁੰਦਾ ਹੈ ਕਿ ਸਰਕਾਰ ਛੇਤੀ ਤੋਂ ਛੇਤੀ ਜ਼ੈਨਬ ਦੇ ਦੋਸ਼ੀਆਂ ਨੂੰ ਗ੍ਰਿਫਤਾਰ ਕਰਕੇ ਸਜ਼ਾ ਦੇਵੇ ਤਾਂ ਕਿ ਹੋਰ ਬੱਚੀਆਂ ਨੂੰ ਜ਼ੈਨਬ ਵਾਲਾ ਜਹੰਨਮ ਨਾ ਭੋਗਣਾ ਪਵੇ। ਉਹ ਸਭ ਏਨੇ ਡਰੇ ਹੋਏ ਹਨ ਕਿ ਉਹ ਹੁਣ ਕਿਵੇਂ ਬੱਚਿਆਂ ਨੂੰ ਘਰੋਂ ਬਾਹਰ ਕੱਢਣਗੇ? ਇਹ ਕਿਵੇਂ ਤੇ ਕਿਉਂ ਸੰਭਵ ਹੈ ਕਿ ਭਰੇ ਬਾਜ਼ਾਰ ਵਿਚੋਂ ਉਨ੍ਹਾਂ ਦੇ ਬੱਚੇ ਅਗਵਾ ਹੋ ਜਾਂਦੇ ਹਨ?

2015 ਵਿਚ ਵੀ ਕਸੂਰ ਸੰਸਾਰ ਨਕਸ਼ੇ 'ਤੇ ਇਸ ਲਈ ਚਰਚਾ ਦਾ ਵਿਸ਼ਾ ਬਣਿਆ ਸੀ ਕਿ 280 ਬੱਚਿਆਂ ਨਾਲ ਜ਼ਬਰ ਜਨਾਹ ਕਰਨ ਤੋਂ ਬਾਅਦ ਅਗਵਾਕਾਰਾਂ ਨੇ ਬੱਚਿਆਂ ਦੇ ਮਾਪਿਆਂ ਨੂੰ ਬਲੈਕਮੇਲ ਕਰਨ ਲਈ ਵੀਡੀਓ ਭੇਜੀਆਂ ਕਿ ਉਹ ਪੈਸਾ ਦੇਣ; ਨਹੀਂ ਤਾਂ ਇਹ ਵੀਡੀਓ ਨਸ਼ਰ ਕਰ ਦਿੱਤੀਆਂ ਜਾਣਗੀਆਂ।

ਜ਼ੈਨਬ ਨਾਲ ਵਾਪਰੀ ਇਸ ਘਟਨਾ ਤੋਂ ਬਾਅਦ ਪਾਕਿਸਤਾਨ ਦੇ ਟੀ. ਵੀ. ਚੈਨਲਾਂ ਤੋਂ ਨਸ਼ਰ ਕੀਤੇ ਜਾਣ ਵਾਲੇ ਬਹੁਤ ਸਾਰੇ ਪ੍ਰੋਗਰਾਮਾਂ ਜਿਵੇਂ 'ਸਲਾਮ ਜ਼ਿੰਦਗੀ', 'ਗੁਡ ਮਾਰਨਿੰਗ ਪਾਕਿਸਤਾਨ' ਵਗੈਰਾ ਉਤੇ ਇਸ ਘਟਨਾ ਬਾਰੇ ਅਫਸੋਸ ਕਰਨ ਦੇ ਨਾਲ ਨਾਲ ਸਮਾਜ ਸੇਵੀ, ਮਨੋਵਿਗਿਆਨੀ, ਪੁਲਿਸ ਦੀ ਨੁਮਾਇੰਗੀ ਕਰਦੀਆਂ ਅਤੇ ਹੋਰ ਅਹਿਮ ਸ਼ਖਸੀਅਤਾਂ ਵੱਲੋਂ ਇਹ ਵੀ ਚਰਚਾ ਕੀਤੀ ਗਈ ਕਿ ਅਜਿਹੀ ਘਟਨਾ ਤੋਂ ਬਾਅਦ ਹੁੰਦਾ ਕੀ ਹੈ ਤੇ ਅਸਲ ਵਿਚ ਹੋਣਾ ਕੀ ਚਾਹੀਦਾ ਹੈ? ਇਸ ਤਰ੍ਹਾਂ ਦੀ ਇੱਕ ਚਰਚਾ ਵਿਚ ਹਿੱਸਾ ਲੈਂਦਿਆਂ



*ਜ਼ੈਨਬ ਅਨਸਾਰੀ*

ਇਸਲਾਮਾਬਾਦ ਆਧਾਰਤ ਮਨੋਵਿਗਿਆਨੀ ਅਤੇ ਲੋਕ ਹੱਕਾਂ ਲਈ ਸਰਗਰਮ ਕਾਰਜਕਰਤਾ ਮਾਰੀਆ ਰਾਸ਼ਿਦ ਦਾ ਕਹਿਣਾ ਹੈ ਕਿ ਬੱਚਿਆਂ ਨਾਲ ਬਦਸਲੂਕੀ ਵਰਗੇ ਮਾਮਲਿਆਂ ਦਾ ਕੋਈ ਇੱਕ ਹੱਲ ਨਹੀਂ ਹੈ। ਅਜਿਹੇ ਮੁੱਦਿਆਂ ਦੀ ਪ੍ਰਭਾਵੀ ਕ੍ਰਿਆ ਬਹੁ-ਪੱਖੀ ਹੋਣੀ ਚਾਹੀਦੀ ਹੈ ਜਿਸ ਵਿਚ ਛੋਟੀ ਉਮਰ ਦੇ ਬੱਚਿਆਂ ਦੇ ਸਰੀਰਕ-ਬਦਸਲੂਕੀ ਦੇ ਮਾਮਲਿਆਂ ਬਾਰੇ ਅਸਰਦਾਇਕ ਅਤੇ ਖਾਸ ਕਾਨੂੰਨ ਬਣਾਉਣਾ ਸ਼ਾਮਲ ਹੈ। ਇਨ੍ਹਾਂ ਕਾਨੂੰਨਾਂ ਨੂੰ ਲਾਗੂ ਕਰਨਾ ਵੀ ਕਾਨੂੰਨ ਬਣਾਉਣ ਜਿੰਨਾ ਹੀ ਅਹਿਮ ਹੈ। ਇਸ ਵਿਚ ਸੋਮੇ ਜੁਟਾਉਣਾ, ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਦਾ ਸੰਵੇਦਨੀਕਰਨ ਅਤੇ ਉਨ੍ਹਾਂ ਨੂੰ ਸਿੱਖਿਅਤ ਕਰਨਾ, ਸਿਹਤ ਅਤੇ ਕਾਨੂੰਨੀ ਅਫਸਰ, ਨਾਲ ਹੀ ਬੱਚਿਆਂ ਦੀ ਸੁਰੱਖਿਆ ਸਬੰਧੀ ਮਾਂ-ਬਾਪ ਨੂੰ, ਬੱਚਿਆਂ ਨੂੰ ਖੁਦ ਅਤੇ ਸਕੂਲਾਂ ਨੂੰ ਜਾਣਕਾਰੀ ਮੁਹੱਈਆ ਕਰਾਉਣੀ ਸ਼ਾਮਲ ਹੈ। ਸਾਰੀ ਦੁਨੀਆਂ ਵਿਚ ਹੀ ਬੱਚੇ ਸਰੀਰਕ-ਬਦਸਲੂਕੀ ਲਈ ਜ਼ਿਆਦਾ ਸੰਵੇਦਨਸ਼ੀਲ ਹਨ। ਪਾਕਿਸਤਾਨ ਵਿਚ ਇਸ ਸੰਵੇਦਨਸ਼ੀਲਤਾ ਨੂੰ ਬਣਾਉਣ ਵਾਲੀ ਗਤੀਸ਼ੀਲਤਾ ਦੋ-ਪਰਤੀ ਹੈ: ਜ਼ੁਰਮ ਲਈ ਸਜ਼ਾ ਜੋ ਇਸ ਦੇ ਸਮੁੱਚੀ ਕਮਜ਼ੋਰ ਅਤੇ ਸੌਖਿਆਂ ਹੀ ਚਲਾਕੀ ਨਾਲ ਸਬੰਧਤ ਨਿਆਂ ਪ੍ਰਣਾਲੀ ਨੂੰ ਪ੍ਰਭਾਵਿਤ ਕਰ ਲੈਣ ਅਤੇ ਇਸ ਦੇ ਨਾਲ ਹੀ ਅਧਿਕਾਰੀਆਂ ਵੱਲੋਂ ਇਸ ਕਿਸਮ ਦੇ ਜ਼ੁਰਮਾਂ ਨੂੰ ਘੱਟ-ਅਹਿਮੀਅਤ ਦੇਣ ਨੂੰ ਜ਼ਾਹਰ ਕਰਦੀ ਹੈ। ਸਰੀਰਕ ਬਦਸਲੂਕੀ ਦੇ ਮਾਮਲਿਆਂ 'ਚ ਮਨਾਹੀਆਂ ਅਤੇ ਰਵੱਈਆ, ਜੋ ਬੱਚਿਆਂ ਦੀ ਸੁਰੱਖਿਆ ਸਬੰਧੀ ਜਾਣਕਾਰੀ ਨੂੰ ਸੈਕਸ ਐਜੂਕੇਸ਼ਨ ਨਾਲ ਰਲਗੱਡ ਕਰਦਾ ਹੈ, ਦਾ ਨਤੀਜਾ ਹੈ ਕਿ ਬੱਚੇ ਸਰੀਰਕ-ਬਦਸਲੂਕੀ ਤੇ ਮੁਜ਼ਰਿਮਾਂ ਲਈ ਸੌਖਾ ਨਿਸ਼ਾਨਾ ਹਨ। ਨਾਬਾਲਗਾਂ ਨਾਲ ਸਰੀਰਕ-ਬਦਸਲੂਕੀ, ਬਲਾਤਕਾਰ ਅਤੇ ਕਤਲ ਬਹੁਤ ਛੇਤੀ ਲੋਕਾਂ ਦਾ ਧਿਆਨ ਆਪਣੇ ਵੱਲ ਖਿੱਚ ਲੈਂਦੇ ਹਨ ਪ੍ਰੰਤੂ ਬੱਚਿਆਂ ਦੀ ਘਰੇਲੂ ਸਰੀਰਕ ਛੇੜਛਾੜ, ਆਮ ਤੌਰ 'ਤੇ ਮੁਲਕ ਵਿਚ ਚਰਚਾ ਲਈ ਵਰਜਿਤ ਵਿਸ਼ਾ ਹੈ। ਇਸ ਲਈ ਸਰੀਰਕ-ਬਦਸਲੂਕੀ ਦਾ ਸ਼ਿਕਾਰ ਜਿਉਂਦੇ ਰਹਿ ਗਏ ਬੱਚੇ ਇਕਲਾਪੇ ਦਾ ਦਰਦ ਹੰਢਾਉਂਦੇ ਹਨ।

ਅਜਿਹੀਆਂ ਘਟਨਾਵਾਂ ਪਾਕਿਸਤਾਨ 'ਚ ਆਮ ਵਾਪਰਦੀਆਂ ਹਨ। ਕਸੂਰ ਸ਼ਹਿਰ ਸੁਰਖੀਆਂ ਵਿਚ ਇਸ ਲਈ ਆ ਗਿਆ ਕਿ ਉਥੇ ਪਹਿਲਾਂ ਵੀ ਅਜਿਹੇ ਮਾਮਲੇ ਸਾਹਮਣੇ ਆਉਂਦੇ ਰਹੇ। ਇੱਕ ਗੈਰ-ਸਰਕਾਰੀ ਅਦਾਰੇ ਦੀ ਡਾਇਰੈਕਟਰ ਮਨੀਜ਼ੇ ਬਾਨੋ ਦਾ ਕਹਿਣਾ ਹੈ ਕਿ ਕਸੂਰ ਵਿਚ ਅਜਿਹੇ ਜ਼ੁਰਮ ਇਸ ਲਈ ਆਮ ਹਨ ਕਿ ਉਥੇ ਬਾਲ ਮਜ਼ਦੂਰੀ ਪ੍ਰਚਲਿਤ ਹੈ। ਬੱਚਿਆਂ ਨਾਲ ਜ਼ੁਰਮ ਕਰਨ ਵਾਲੇ ਲੋਕ ਮਹਿਸੂਸ ਕਰਦੇ ਹਨ ਕਿ ਉਹ ਅਜਿਹੇ ਜ਼ੁਰਮ ਕਰਨ ਪਿੱਛੋਂ ਆਸਾਨੀ ਨਾਲ ਬਚ ਜਾਣਗੇ। ਔਰਤਾਂ ਦੇ ਹੱਕਾਂ ਦੀ ਕਾਰਕੁਨ ਮੁਮਤਾਜ਼ ਮੁਗਲ ਦਾ ਖਿਆਲ ਹੈ ਕਿ ਸਰਕਾਰ ਇਨ੍ਹਾਂ ਘਟਨਾਵਾਂ ਪ੍ਰਤੀ ਉਦੋਂ ਜਾਗਦੀ ਹੈ ਜਦੋਂ ਮੀਡੀਏ ਵਿਚ ਰੌਲਾ ਪੈਂਦਾ ਹੈ, ਪ੍ਰੰਤੂ ਇਸ ਨੇ ਬੱਚਿਆਂ ਦੇ ਅਜਿਹੇ ਸੋਸ਼ਣ ਨੂੰ ਰੋਕਣ ਲਈ ਨਾ ਕੋਈ ਕਾਨੂੰਨ ਬਣਾਇਆ ਤੇ ਨਾ ਕੋਈ ਤੰਤਰ ਖੜ੍ਹਾ ਕੀਤਾ ਹੈ।

ਇਹ ਸਾਰੇ ਤੱਥ ਸਿਰਫ ਪਾਕਿਸਤਾਨ 'ਤੇ ਹੀ ਲਾਗੂ ਨਹੀਂ ਹੁੰਦੇ ਬਲਕਿ ਭਾਰਤ ਦਾ ਵੀ ਇਸ ਮਾਮਲੇ ਵਿਚ ਇਹੀ ਹਾਲ ਹੈ। ਪਿਛਲੇ ਕੁਝ ਦਿਨਾਂ ਵਿਚ ਹੀ ਹਰਿਆਣਾ ਅਤੇ ਭਾਰਤੀ ਪੰਜਾਬ ਵਿਚ ਬਲਾਤਕਾਰ ਦੀਆਂ ਕਿੰਨੀਆਂ ਹੀ ਘਟਨਾਵਾਂ ਵਾਪਰ ਚੁਕੀਆਂ ਹਨ। ਸਰੀਰਕ-ਬਦਸਲੂਕੀ ਦੀ ਸਿੱਖਿਆ ਖਾਸ ਕਰਕੇ ਇਸ ਦੀ ਚਰਚਾ ਬੱਚਿਆਂ ਨਾਲ ਕਰਨ ਦੀ ਮਨਾਹੀ ਵੀ ਉਸੇ ਤਰ੍ਹਾਂ ਹੈ। ਮਨੁੱਖੀ ਅਧਿਕਾਰਾਂ ਲਈ ਪਾਕਿਸਤਾਨੀ ਕਾਰਕੁਨਾਂ ਦਾ ਕਹਿਣਾ ਹੈ ਕਿ ਕਸੂਰ 'ਚ ਬੱਚਿਆਂ ਨਾਲ ਸਰੀਰਕ ਬਦਸਲੂਕੀ ਦੇ ਸਕੈਂਡਲ 2015 ਤੋਂ ਸਾਹਮਣੇ ਆਉਣ ਪਿੱਛੋਂ ਉਨ੍ਹਾਂ ਨੇ ਸਰਕਾਰ ਨੂੰ ਬਹੁਤ ਸਾਰੇ ਸੁਝਾਅ ਦਿੱਤੇ, ਪਰ ਉਹ ਲਾਗੂ ਹੀ ਨਹੀਂ ਕੀਤੇ ਗਏ। ਬੱਚਿਆਂ ਨਾਲ ਜ਼ਬਰ ਨਾਲ ਸਬੰਧਤ ਮਾਮਲਿਆਂ ਸਬੰਧੀ ਪਾਕਿਸਤਾਨ ਵਿਚ ਮਾਨਵ ਅਧਿਕਾਰ ਕਾਰਕੁਨਾਂ ਨੇ ਇਹ ਮੁੱਦਾ ਸਾਹਮਣੇ ਲਿਆਂਦਾ ਕਿ ਸਕੂਲਾਂ ਵਿਚ ਬੱਚਿਆਂ ਨੂੰ ਇਸ ਸਬੰਧੀ ਜਾਣਕਾਰੀ ਦਿੱਤੀ ਜਾਣੀ ਚਾਹੀਦੀ ਹੈ ਤਾਂ ਧਾਰਮਿਕ ਨੁਮਾਇੰਦਿਆਂ ਨੇ ਇਸ ਦਾ ਵਿਰੋਧ ਇਹ ਕਹਿ ਕੇ ਕੀਤਾ ਕਿ ਇਸ ਨਾਲ ਸਾਡੇ ਬੱਚੇ ਵਿਗੜਨਗੇ।

ਮੈਨੂੰ ਯਾਦ ਹੈ, ਜਦੋਂ ਇੱਥੇ ਕੈਨੇਡਾ ਵਿਚ ਓਂਟਾਰੀਓ ਦੀ ਲਿਬਰਲ ਸਰਕਾਰ ਨੇ ਇਸ ਨੂੰ ਸਕੂਲਾਂ ਵਿਚ ਸਿੱਖਿਆ ਦੇ ਸਿਲੇਬਸ ਦਾ ਹਿੱਸਾ ਬਣਾਏ ਜਾਣ ਦਾ ਮਤਾ ਰੱਖਿਆ ਤਾਂ ਸਾਡੇ ਆਪਣੇ ਲੋਕ (ਭਾਰਤੀ ਅਤੇ ਪਾਕਿਸਤਾਨੀ) ਇਸ ਦੇ ਵਿਰੋਧ ਵਿਚ ਤਖਤੀਆਂ ਲੈ ਕੇ ਸਭ ਤੋਂ ਵੱਧ ਸੜਕਾਂ 'ਤੇ ਨਿਕਲ ਆਏ। ਕਿਸੇ ਨੇ ਵੀ ਇਹ ਨਹੀਂ ਸੋਚਿਆ ਕਿ ਉਹ ਸਕੂਲ ਬੋਰਡਾਂ ਨੂੰ ਆਪਣੀਆਂ ਸਲਾਹਾਂ ਦੇਣ ਕਿ ਕਿੰਨਾ ਕੁ ਅਤੇ ਕੀ ਪੜ੍ਹਾਉਣਾ ਚਾਹੀਦਾ ਹੈ ਅਤੇ ਕੀ ਨਹੀਂ; ਬਿਨਾ ਸਿਲੇਬਸ 'ਤੇ ਅੰਤਰਝਾਤ ਪਾਇਆਂ ਅਤੇ ਉਸ ਦੀ ਡੂੰਘਾਈ ਵਿਚ ਜਾਇਆਂ ਸਭ ਨੇ ਇੱਕ ਵਾਢਿਓਂ ਹੀ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ। ਸਮਾਜ ਸੇਵਕਾਂ ਅਤੇ ਮਨੋਵਿਗਿਆਨੀਆਂ ਜਾਂ ਅਜਿਹੇ ਅਪਰਾਧਾਂ ਦੀ ਛਾਣਬੀਣ ਕਰਨ ਵਾਲੇ ਕਾਰਜਕਰਤਿਆਂ ਦਾ ਮੰਨਣਾ ਹੈ ਕਿ ਬੱਚਿਆਂ ਨਾਲ ਕੀਤੇ ਜਾਂਦੇ ਅਜਿਹੇ ਅਪਰਾਧਾਂ ਵਿਚ ਬਹੁਤਾ ਕਰਕੇ ਪਰਿਵਾਰ ਦੇ ਬਹੁਤ ਨੇੜਲੇ ਰਿਸ਼ਤੇਦਾਰ ਸ਼ਾਮਲ ਹੁੰਦੇ ਹਨ ਜਿਨ੍ਹਾਂ 'ਤੇ ਪਰਿਵਾਰ ਭਰੋਸਾ ਕਰ ਲੈਂਦਾ ਹੈ ਅਤੇ ਸ਼ੱਕ ਨਹੀਂ ਕਰਦਾ। ਇਸ ਤੋਂ ਅੱਗੇ ਪਰਿਵਾਰ ਦੇ ਨੇੜਲੇ ਜਾਣੂੰ ਹੁੰਦੇ ਹਨ, ਫਿਰ ਘਰੇਲੂ ਨੌਕਰ ਜਾਂ ਆਸ-ਪੜੋਸ ਵਾਲੇ ਅਤੇ ਅਧਿਆਪਕ। ਬਾਹਰਲੇ ਅਣਜਾਣ ਲੋਕਾਂ ਦੀ ਗਿਣਤੀ ਬਹੁਤ ਥੋੜ੍ਹੀ ਹੁੰਦੀ ਹੈ। ਇੱਕ ਪ੍ਰਸ਼ਨ ਇਹ ਵੀ ਕੀਤਾ ਗਿਆ ਕਿ ਕੀ ਅਜਿਹੇ ਅਪਰਾਧ ਵਿਚ ਸ਼ਾਮਲ ਲੋਕ ਜ਼ਹਿਨੀ ਮਰੀਜ਼ ਹੁੰਦੇ ਹਨ ਤਾਂ ਉਤਰ ਨਾਂਹ ਵਿਚ ਸੀ ਕਿਉਂਕਿ ਮਾਹਿਰਾਂ ਅਨੁਸਾਰ ਅਜਿਹੇ ਲੋਕ ਸਭ ਕੁਝ ਬੜੀ ਵਿਉਂਤਬੰਦੀ ਨਾਲ ਕਰਦੇ ਹਨ।

ਜ਼ੈਨਬ ਦੀ 16 ਸਾਲਾ ਭੈਣ ਲਾਇਬਾ ਦਾ ਕਹਿਣਾ ਹੈ ਕਿ ਉਹ ਇਸ ਲਈ ਨਹੀਂ ਰੋ ਰਹੀ ਕਿ ਜ਼ੈਨਬ ਮਰ ਗਈ ਹੈ ਪਰ ਉਹ ਉਸ ਸਭ ਕੁਝ ਲਈ ਰੋ ਰਹੀ ਹੈ ਜਿਸ ਵਿਚੋਂ ਜ਼ੈਨਬ ਨੂੰ ਗੁਜ਼ਰਨਾ ਪਿਆ। ਉਸ ਨੇ ਰੋਂਦਿਆਂ ਦੱਸਿਆ ਕਿ ਜ਼ੈਨਬ ਦੀ ਇਹ ਇੱਕੋ ਤਸਵੀਰ ਸੀ ਉਸ ਕੋਲ ਜੋ ਉਸ ਨੇ ਕੁਝ ਦਿਨ ਪਹਿਲਾਂ ਹੀ ਖਿੱਚੀ ਸੀ। ਉਹ ਮੀਡੀਆ ਵਾਲਿਆਂ ਨੂੰ ਪੁੱਛ ਰਹੀ ਸੀ ਕਿ ਕਿੰਨੇ ਕੁ ਦਿਨ ਲੱਗਣਗੇ ਇਸ ਗੱਲ ਨੂੰ ਜਦੋਂ ਉਹ (ਮੀਡੀਆ ਵਾਲੇ) ਉਸ ਦੀ ਭੈਣ ਬਾਰੇ ਭੁੱਲ ਜਾਣਗੇ? ਜਿਸ ਤਰ੍ਹਾਂ ਕਸੂਰ ਦੇ ਲੋਕਾਂ ਅਤੇ ਬਾਕੀ ਪਾਕਿਸਤਾਨੀ ਆਵਾਮ ਨੇ ਆਪਣਾ ਰੋਹ ਦਿਖਾਇਆ ਹੈ, ਹੋ ਸਕਦਾ ਹੈ ਸਰਕਾਰ ਜਾਗੇ ਅਤੇ ਅੱਗੋਂ ਲਈ ਕਿਸੇ ਜ਼ੈਨਬ ਨਾਲ ਇਸ ਤਰ੍ਹਾਂ ਦੀ ਹੋਣੀ ਨਾ ਵਾਪਰੇ। ਆਮੀਨ!

# ਤੁਧੁ ਚਿਤਿ ਆਏ ਮਹਾ ਅਨੰਦਾ

ਗੁਰਬਾਣੀ ਗਿਆਨ

**ਸੂਹੀ ਮਹਲਾ ੫॥**
ਤੁਧੁ ਚਿਤਿ ਆਏ ਮਹਾ ਅਨੰਦਾ
ਜਿਸੁ ਵਿਸਰਹਿ ਸੋ ਮਰਿ ਜਾਏ॥
ਦਇਆਲੁ ਹੋਵਹਿ ਜਿਸੁ ਊਪਰਿ ਕਰਤੇ
ਸੋ ਤੁਧੁ ਸਦਾ ਧਿਆਏ॥
ਮੇਰੇ ਸਾਹਿਬ ਤੂੰ ਮੈ ਮਾਣੁ ਨਿਮਾਣੀ॥
ਅਰਦਾਸਿ ਕਰੀ ਪ੍ਰਭ ਅਪਨੇ ਆਗੈ
ਸੁਣਿ ਸੁਣਿ ਜੀਵਾ ਤੇਰੀ ਬਾਣੀ॥ਰਹਾਉ॥
ਚਰਣ ਧੂੜਿ ਤੇਰੇ ਜਨ ਕੀ ਹੋਵਾ
ਤੇਰੇ ਦਰਸਨ ਕਉ ਬਲਿ ਜਾਈ॥
ਅੰਮ੍ਰਿਤ ਬਚਨ ਰਿਦੈ ਉਰਿ ਧਾਰੀ
ਤਉ ਕਿਰਪਾ ਤੇ ਸੰਗੁ ਪਾਈ॥
ਅੰਤਰ ਕੀ ਗਤਿ ਤੁਧੁ ਪਹਿ ਸਾਰੀ
ਤੁਧੁ ਜੇਵਡੁ ਅਵਰੁ ਨ ਕੋਈ॥
ਜਿਸ ਨੋ ਲਾਇ ਲੈਹਿ ਸੋ ਲਾਗੈ
ਭਗਤੁ ਤੁਹਾਰਾ ਸੋਈ॥
ਦੁਇ ਕਰ ਜੋੜਿ ਮਾਗਉ ਇਕੁ ਦਾਨਾ
ਸਾਹਿਬਿ ਤੁਠੈ ਪਾਵਾ॥
ਸਾਸਿ ਸਾਸਿ ਨਾਨਕੁ ਆਰਾਧੇ
ਆਠ ਪਹਰ ਗੁਣ ਗਾਵਾ॥

ਮਿਹਰਬਾਨ ਪ੍ਰਭੂ ਦੀ ਮਹਿਮਾ ਦਾ ਵਰਣਨ ਕਰਦਿਆਂ ਗੁਰੂ ਅਰਜਨ ਦੇਵ ਜੀ ਆਖਦੇ ਹਨ, ਹੇ ਪ੍ਰੀਤਮ ਪਿਆਰੇ ਜੀਓ! ਜੇ ਤੂੰ ਚਿੱਤ ਵਿਚ ਭਾਵ ਅੰਦਰ ਆ ਵੱਸੇਂ ਤਾਂ ਬਹੁਤ ਹੀ ਸੁਖ ਮਿਲਦਾ ਹੈ, ਪਰ ਜਿਸ ਮਨੁੱਖ ਨੂੰ ਤੂੰ ਵਿਸਰ ਜਾਂਦਾ ਹੈਂ, ਉਹ ਤਾਂ ਮਾਨੋ ਆਤਮਕ ਮੌਤ ਮਰ ਜਾਂਦਾ ਹੈ। ਹੇ ਕਰਤਾ ਪੁਰਖ ਕਰਤਾਰ ਜੀਓ, ਜਿਸ ਮਨੁੱਖ ਉਤੇ ਤੂੰ ਦਇਆਵਾਨ ਹੋ ਜਾਵੇਂ, ਉਹ ਸਦਾ ਹੀ ਅਰਾਧਨਾ ਕਰਦਾ ਰਹਿੰਦਾ ਹੈ।

ਮੇਰੇ ਸਾਹਿਬ ਤੂੰ ਮੈ ਮਾਣੁ ਨਿਮਾਣੀ॥
ਅਰਦਾਸਿ ਕਰੀ ਪ੍ਰਭ ਅਪਨੇ ਆਗੈ
ਸੁਣਿ ਸੁਣਿ ਜੀਵਾ ਤੇਰੀ ਬਾਣੀ॥ਰਹਾਉ॥

ਸਤਿਗੁਰੂ ਕਰਤਾ ਪੁਰਖ ਅੱਗੇ ਅਰਦਾਸ ਕਰਦੇ ਆਖਦੇ ਹਨ, ਹੇ ਇਸ ਜਗਤ ਦੇ ਰਚਨਹਾਰ ਕਰਤਾਰ ਪ੍ਰਭੂ ਜੀਓ, ਮੇਰਾ ਨਿਮਾਣੀ ਦਾ ਤੂੰ ਹੀ ਮਾਣ ਹੈਂ। ਪ੍ਰਭੂ ਜੀਓ, ਤੇਰੇ ਅੱਗੇ ਅਰਦਾਸ ਕਰਦੀ ਹਾਂ, ਤੂੰ ਮਿਹਰ ਕਰ। ਤੇਰੀ ਮਿਹਰ ਸਦਕਾ ਤੇਰੀ ਸਿਫਤਿ ਸਾਲਾਹ, ਤੇਰੀ ਬਾਣੀ ਸੁਣ ਸੁਣ ਕੇ ਮੈਂ ਆਤਮਕ ਜੀਵਨ ਦਾ ਅਨੰਦ ਪ੍ਰਾਪਤ ਕਰਦੀ ਰਹਾਂ।

ਚਰਣ ਧੂੜਿ ਤੇਰੇ ਜਨ ਕੀ ਹੋਵਾ
ਤੇਰੇ ਦਰਸਨ ਕਉ ਬਲਿ ਜਾਈ॥
ਅੰਮ੍ਰਿਤ ਬਚਨ ਰਿਦੈ ਉਰਿ ਧਾਰੀ
ਤਉ ਕਿਰਪਾ ਤੇ ਸੰਗੁ ਪਾਈ॥

ਗੁਰਦੇਵ ਜੀ ਆਖਦੇ ਹਨ, ਹੇ ਮੇਰੇ ਪ੍ਰੀਤਮ ਜੀਓ, ਮੈਂ ਤੇਰੇ ਦਰਸ਼ਨ ਤੋਂ ਬਲਿਹਾਰ/ਸਦਕੇ ਜਾਂਦਾ ਹਾਂ। ਮਿਹਰਾਂ ਦੇ ਮਾਲਕ, ਮਿਹਰ ਕਰ ਮੈਂ ਤੇਰੇ ਚਰਨਾਂ ਦੀ ਧੂੜ ਬਣਿਆ ਰਹਾਂ। ਹੇ ਪ੍ਰਭ ਜੀਓ, ਆਤਮਕ ਜੀਵਨ ਦੇਣ ਵਾਲੇ ਅੰਮ੍ਰਿਤ ਰੂਪੀ ਬਚਨ ਮੈਂ ਆਪਣੇ ਹਿਰਦੇ ਵਿਚ ਸਦਾ ਹੀ ਵਸਾਈ ਰੱਖਾਂ। ਤੇਰੀ ਕਿਰਪਾ ਨਾਲ ਮੈਂ ਤੇਰੇ ਸੇਵਕ ਦੀ ਸੰਗਤ ਪ੍ਰਾਪਤ ਕਰ ਸਕਾਂ, ਇਹ ਮੇਰੀ ਬੇਨਤੀ ਹੈ।

ਅੰਤਰ ਕੀ ਗਤਿ ਤੁਧੁ ਪਹਿ ਸਾਰੀ
ਤੁਧੁ ਜੇਵਡੁ ਅਵਰੁ ਨ ਕੋਈ॥
ਜਿਸ ਨੋ ਲਾਇ ਲੈਹਿ ਸੋ ਲਾਗੈ
ਭਗਤੁ ਤੁਹਾਰਾ ਸੋਈ॥

ਹੇ ਮੇਰੇ ਮਿਹਰਬਾਨ ਪ੍ਰਭੂ, ਮੈਂ ਆਪਣੇ ਦਿਲ ਦੀ ਸਾਰੀ ਵਿਥਿਆ ਖੋਲ੍ਹ ਕੇ ਤੇਰੇ ਅੱਗੇ ਰੱਖ ਦਿੱਤੀ ਹੈ। ਪਰਮੇਸ਼ਰ ਜੀਓ, ਮੈਨੂੰ ਤੇਰੇ ਬਰਾਬਰ ਦਾ ਹੋਰ ਕੋਈ ਨਹੀਂ ਦਿਸਦਾ। ਹੇ ਜਗਤ ਦੇ ਮਾਲਕ ਪਿਤਾ, ਜਿਸ ਮਨੁੱਖ ਨੂੰ ਤੂੰ ਆਪਣੀ ਮਿਹਰ ਸਦਕਾ ਆਪਣੇ ਚਰਨਾਂ ਨਾਲ ਜੋੜ ਲੈਂਦਾ ਹੈਂ, ਉਹ ਤੇਰੇ ਚਰਨਾਂ ਨਾਲ ਜੁੜਿਆ ਰਹਿੰਦਾ ਹੈ। ਹੇ ਅਕਾਲ ਪੁਰਖ, ਉਹ ਵਡਭਾਗਾ ਮਨੁੱਖ ਹੀ ਅਸਲ ਵਿਚ ਤੇਰਾ ਭਗਤ ਹੈ। ਮੇਰੇ 'ਤੇ ਵੀ ਮਿਹਰ ਕਰੋ ਪ੍ਰਭ ਜੀਓ।

ਦੁਇ ਕਰ ਜੋੜਿ ਮਾਗਉ ਇਕੁ ਦਾਨਾ
ਸਾਹਿਬਿ ਤੁਠੈ ਪਾਵਾ॥
ਸਾਸਿ ਸਾਸਿ ਨਾਨਕੁ ਆਰਾਧੇ
ਆਠ ਪਹਰ ਗੁਣ ਗਾਵਾ॥

ਹੇ ਜਗਤ ਦੇ ਰਚਨਹਾਰ ਕਰਤਾਰ ਜੀਓ, ਮੈਂ ਆਪਣੇ ਦੋਵੇਂ ਹੱਥ ਜੋੜ ਕੇ ਤੇਰੇ ਕੋਲੋਂ ਇਕ ਦਾਨ ਮੰਗਦਾ ਹਾਂ, ਤੇ ਤੇਰੇ ਤਰੁੱਠਣ ਨਾਲ ਹੀ ਇਹ ਦਾਨ ਮੈਨੂੰ ਮਿਲ ਸਕਦਾ ਹੈ। ਪਰਮੇਸ਼ਰ ਪਿਤਾ ਜੀਓ, ਮਿਹਰ ਕਰੋ, ਇਹ ਨਾਨਕ ਹਰ ਸਾਹ ਨਾਲ ਤੇਰੀ ਅਰਾਧਨਾ ਕਰਦਾ ਰਹੇ। ਹੇ ਪ੍ਰਭੂ ਜੀਓ, ਮੈਂ ਅੱਠੇ ਪਹਿਰ ਹੀ ਤੇਰੀ ਸਿਫਤਿ ਸਾਲਾਹ, ਤੇਰੇ ਗੁਣਾਂ ਦੇ ਗੀਤ ਗਾਉਂਦਾ ਰਹਾਂ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*

# ਰਾਜਿੰਦਰ ਸਿੰਘ ਬੇਦੀ ਦਾ ਬੁਰਜ

*'ਪੰਜਾਬ ਟਾਈਮਜ਼' ਦੇ 20 ਜਨਵਰੀ ਦੇ ਅੰਕ ਵਿਚ ਉਰਦੂ ਲਿਖਾਰੀ ਰਾਜਿੰਦਰ ਸਿੰਘ ਬੇਦੀ ਬਾਰੇ ਪ੍ਰੋ. ਪ੍ਰੀਤਮ ਸਿੰਘ ਦੇ ਛਪੇ ਲੇਖ ਨੂੰ ਅੱਗੇ ਤੋਰਦਿਆਂ ਪਟਿਆਲਾ ਵੱਸਦੇ ਬਜ਼ੁਰਗ ਪ੍ਰੋਫੈਸਰ ਮੇਵਾ ਸਿੰਘ ਤੁੰਗ ਨੇ ਇਹ ਲਿਖਤ ਭੇਜੀ ਹੈ ਜੋ ਉਨ੍ਹਾਂ ਕੁਝ ਅਰਸਾ ਪਹਿਲਾਂ ਲਿਖੀ ਸੀ। ਇਸ ਵਿਚ ਬੇਦੀ ਦੀ ਸਾਹਿਤਕਾਰੀ ਬਾਰੇ ਕਈ ਸੂਖਮ ਗੱਲਾਂ ਉਭਾਰੀਆਂ ਹਨ। ਇਹ ਲੇਖ ਪੁੱਜਦਾ ਕਰਨ ਲਈ ਪ੍ਰੋ. ਹਰਪਾਲ ਸਿੰਘ ਪਨੂੰ ਦਾ ਵੀ ਧੰਨਵਾਦ। -ਸੰਪਾਦਕ*

ਰਾਮ ਸਰੂਪ ਅਣਖੀ ਨੇ ਕਿਹਾ ਸੀ ਕਿ 'ਰਾਜਿੰਦਰ ਸਿੰਘ ਬੇਦੀ ਫਿਲਮਾਂ ਨਾਲ ਜੁੜਿਆ ਹੋਇਆ ਸੀ ਤੇ ਫਿਲਮੀ ਕਹਾਣੀਆਂ ਲਿਖਦਾ ਸੀ, ਪਤਾ ਨਹੀਂ, ਉਸ ਨੇ ਇਕ ਨਾਵਲ ਕਿਵੇਂ ਲਿਖ ਲਿਆ! ਬਸ ਇਕ ਨਾਵਲ ਤੇ ਕੁਝ ਕਹਾਣੀਆਂ!' ਇਹ ਟਿੱਪਣੀ ਅਸਲੀਅਤ ਦੇ ਉਲਟ ਤੇ ਤੱਥ-ਵਿਹੀਨ ਹੋਣ ਕਾਰਣ ਮੈਨੂੰ ਲਗਾਤਾਰ ਚੁਭਦੀ ਰਹੀ ਹੈ। ਇਸ ਲਈ ਮੈਂ ਇਸ ਦੀ ਤਰਦੀਦ ਕਰਨੀ ਚਾਹੁੰਦਾ ਹਾਂ, ਤਾਂ ਜੋ ਪਾਠਕਾਂ ਨੂੰ ਬੇਦੀ ਬਾਰੇ ਅਸਲੀਅਤ ਦਾ ਪਤਾ ਲੱਗ ਸਕੇ।


ਰਾਜਿੰਦਰ ਸਿੰਘ ਬੇਦੀ ਉਰਦੂ ਦੇ ਉਨ੍ਹਾਂ ਤਿੰਨ ਅਫਸਾਨਾ-ਨਵੀਸਾਂ ਵਿਚੋਂ ਇਕ ਹੈ ਜੋ ਪਹਿਲੇ ਹੱਲੇ ਹੀ ਉਰਦੂ ਅਫਸਾਨੇ ਨੂੰ ਨਵੇਂ ਧਰਾਤਲ 'ਤੇ ਲੈ ਗਏ ਅਤੇ ਉਰਦੂ ਅਫਸਾਨਾ ਮੁਕੰਮਲ ਤੌਰ 'ਤੇ ਜਦੀਦ ਬਣ ਗਿਆ।



ਇਸ ਗਰੁੱਪ ਦੇ ਦੂਜੇ ਦੋ ਮੈਂਬਰ ਕ੍ਰਿਸ਼ਨ ਚੰਦਰ ਤੇ ਸਆਦਤ ਹਸਨ ਮੰਟੋ ਹਨ। ਇਨ੍ਹਾਂ ਦੇ ਪਹਿਲੇ ਕਹਾਣੀ ਸੰਗ੍ਰਿਹਾਂ

**ਪ੍ਰੋ. ਮੇਵਾ ਸਿੰਘ ਤੁੰਗ**
ਫੋਨ: +91-96462-47926

'ਨਜ਼ਾਰੇ', 'ਧੂੰਆਂ' ਅਤੇ 'ਗ੍ਰਹਿਣ' ਨੇ ਉਰਦੂ ਅਫਸਾਨੇ ਦੀ ਦੁਨੀਆਂ ਬਦਲ ਕੇ ਰੱਖ ਦਿੱਤੀ। ਇਹ ਤਿੰਨੇ ਕਿਰਤਾਂ ਉਸ ਨੂੰ ਉਰਦੂ ਨਾਵਲ ਅਤੇ ਕਥਾ ਸਮਰਾਟ ਪ੍ਰੇਮ ਚੰਦ ਤੋਂ ਵੀ ਅੱਗੇ ਲੈ ਗਈਆਂ। ਇਹ ਗੱਲ ਉਰਦੂ ਅਫਸਾਨੇ ਨੂੰ ਉਰਦੂ ਵਿਚ ਸਖਤ ਜਾਂ ਨੱਕਾਦ ਮੁਹੰਮਦ ਹਸਨ ਅਦਕਾਰੀ ਜੋ ਆਪ ਵੀ ਵੱਡਾ ਕਹਾਣੀਕਾਰ ਸੀ, ਨੇ ਉਦੋਂ ਹੀ ਮੰਨ ਲਈ ਸੀ। ਉਹ ਕ੍ਰਿਸ਼ਨ ਚੰਦਰ ਦੀ ਕਥਾ ਪੁਸਤਕ 'ਪੁਰਾਣੇ ਖੁਦਾ' ਦੇ ਮੁਖਬੰਦ ਵਿਚ ਲਿਖਦਾ ਹੈ ਕਿ ਇਹ ਲੇਖਕ ਪ੍ਰੇਮ ਚੰਦ ਦੇ ਬਰਾਬਰ ਦਾ ਹੈ, ਸਗੋਂ ਉਸ ਤੋਂ ਵੀ ਅੱਗੇ ਹੈ। ਆਧੁਨਿਕਤਾ ਦੇ ਨੁਕਤੇ ਤੋਂ ਇਹ ਗੱਲ ਬਿਲਕੁਲ ਸਹੀ ਹੈ ਅਤੇ ਇੰਨ ਬਿੰਨ ਮੰਟੋ ਅਤੇ ਬੇਦੀ ਉਤੇ ਵੀ ਲਾਗੂ ਹੁੰਦੀ ਹੈ। ਬੇਦੀ ਦਾ ਮਜਮੂਨ 'ਗ੍ਰਹਿਣ' ਅਤੇ 'ਮੰਟੋ ਦਾ ਧੂੰਆਂ', ਕ੍ਰਿਸ਼ਨ ਚੰਦਰ ਦੇ 'ਨਜ਼ਾਰੇ' ਦੇ ਬਰਾਬਰ ਹੀ ਹਨ।




*ਰਾਜਿੰਦਰ ਸਿੰਘ ਬੇਦੀ ਦੀ ਫਿਲਮ 'ਦਸਤਕ' ਦੇ ਇਕ ਦ੍ਰਿਸ਼ ਵਿਚ ਸੰਜੀਵ ਕੁਮਾਰ ਅਤੇ ਵਹੀਦਾ ਰਹਿਮਾਨ।*

ਪਿਛੋਂ ਜਾ ਕੇ ਇਸ ਗਰੁੱਪ ਵਿਚ ਖਾਜਾ ਅਹਿਮਦ ਅੱਬਾਸ, ਇਸਮਤ ਚੁਗਤਾਈ, ਅਹਿਮਦ ਨਦੀਮ ਕਾਸਮੀ ਤੇ ਬਲਵੰਤ ਸਿੰਘ ਵੀ ਸ਼ਾਮਿਲ ਹੋ ਗਏ ਤੇ ਉਰਦੂ ਅਫਸਾਨੇ ਦੇ ਡੰਕੇ ਵੱਜ ਗਏ। ਪੰਜਾਬੀ ਵਿਚ ਇਸ ਵੰਨਗੀ ਦੀ ਕਹਾਣੀ ਕਰਤਾਰ ਸਿੰਘ ਦੁੱਗਲ, ਸੰਤ ਸਿੰਘ ਸੇਖੋਂ, ਦੇਵਿੰਦਰ ਸਤਿਆਰਥੀ ਅਤੇ ਨੌਰੰਗ ਸਿੰਘ ਨੇ ਲਿਆਂਦੀ।

ਰਾਜਿੰਦਰ ਸਿੰਘ ਬੇਦੀ ਨੇ ਫਿਲਮਾਂ ਲਈ ਹੀ ਕਹਾਣੀਆਂ ਨਹੀਂ ਲਿਖੀਆਂ, ਸਗੋਂ ਉਸ ਨੇ ਕਹਾਣੀ ਉਦੋਂ ਲਿਖਣੀ ਸ਼ੁਰੂ ਕੀਤੀ ਸੀ, ਜਦੋਂ ਉਹ ਲਾਹੌਰ ਡਾਕਖਾਨੇ ਵਿਚ ਸੱਠ ਰੁਪਈਏ ਦੀ ਤਨਖਾਹ ਪਾ ਰਿਹਾ ਸੀ ਅਤੇ ਸਾਹਿਤ ਤੇ ਜੀਵਨ ਲਈ ਕਰੜਾ ਸੰਘਰਸ਼ ਕਰ ਰਿਹਾ ਸੀ। ਉਨ੍ਹਾਂ ਵਕਤਾਂ ਵਿਚ ਲਿਖੀਆਂ ਕਹਾਣੀਆਂ ਵਿਚੋਂ ਇਕ ਕਹਾਣੀ 'ਗਰਮ ਕੋਟ' ਸੀ, ਜਿਸ 'ਤੇ ਬਹੁਤ ਪਿਛੋਂ ਜਾ ਕੇ ਫਿਲਮ ਬਣੀ। ਉਸ ਦੀਆਂ ਕਹਾਣੀਆਂ 'ਲਾਜਵੰਤੀ', 'ਅਪਨੇ ਦੁਖ ਮੁਝੇ ਦੇ ਦੋ' ਅਤੇ 'ਬੱਬਲ' ਪਹਿਲਾਂ ਸਾਹਿਤ ਦਾ ਸ਼ਿੰਗਾਰ ਬਣੀਆਂ ਅਤੇ ਫਿਲਮਾਂ ਵਿਚ ਉਨ੍ਹਾਂ ਨੂੰ ਬਹੁਤ ਬਾਅਦ ਵਿਚ ਪਲਟਾਇਆ ਗਿਆ।

ਉਰਦੂ ਦੇ ਇਹ ਤਿੰਨੇ ਕਹਾਣੀਕਾਰ ਲਾਹੌਰ ਵਿਚ ਇਕੱਠੇ ਵਿਚਰਦੇ ਰਹੇ। ਕ੍ਰਿਸ਼ਨ ਚੰਦਰ ਅੰਗਰੇਜ਼ੀ ਦੀ ਐਮ.ਏ. ਸੀ ਅਤੇ ਉਸ ਨੂੰ ਉਰਦੂ, ਅੰਗਰੇਜ਼ੀ ਤੇ ਯੂਰਪੀ ਅਦਬ ਦਾ ਵਿਸ਼ਾਲ ਅਧਿਐਨ ਹਾਸਿਲ ਸੀ। ਮੰਟੋ ਅਲੀਗੜ੍ਹ ਯੂਨੀਵਰਸਿਟੀ ਵਿਚ ਐਫ.ਏ. ਦੇ ਉਰਦੂ ਪਰਚੇ ਵਿਚ ਚਾਰ ਵਾਰੀ ਫੇਲ੍ਹ ਹੋਣ ਕਾਰਣ ਪੜ੍ਹਾਈ ਵਿਚੇ ਛੱਡ ਕੇ ਭੱਜ ਗਿਆ। ਉਹ ਬਾਰੀ ਅਲੀਗ ਦੀ ਵਜ੍ਹਾ ਕਰ ਕੇ ਅਫਸਾਨਾ ਨਵੀਸ ਬਣਿਆ। ਬਾਰੀ ਅਲੀਗ ਨੇ ਮੰਟੋ ਤੋਂ ਰੂਸੀ, ਫ੍ਰੈਂਚ ਅਤੇ ਅੰਗਰੇਜ਼ੀ ਦੀਆਂ ਕਹਾਣੀਆਂ ਦਾ ਤਰਜਮਾ ਉਰਦੂ ਵਿਚ ਕਰਾਇਆ ਜਿਸ ਕਰ ਕੇ ਉਸ ਨੂੰ ਕਹਾਣੀ ਕਲਾ ਅਤੇ ਵਿਹਾਰਕ ਸਮਝ ਦੀ ਜਾਚ ਆਪਣੇ ਆਪ ਆ ਗਈ। ਬੇਦੀ ਨੇ ਇਹ ਕਲਾ ਵੱਡੇ ਲੇਖਕਾਂ ਦੀਆਂ ਕਿਰਤਾਂ ਪੜ੍ਹ ਕੇ ਸਿੱਖੀ। ਉਹ ਰੂਸੀ ਲੇਖਕ ਚੈਖਵ ਤੋਂ ਬਹੁਤ ਪ੍ਰਭਾਵਿਤ ਹੈ ਅਤੇ ਕਹਾਣੀ ਕਲਾ ਟੈਕਨੀਕ, ਤਖਲੀਕੀ ਤਕਾਜ਼ੇ ਉਹਦੇ ਵਾਂਗਰ ਹੀ ਨਿਭਾ ਰਿਹਾ ਹੁੰਦਾ ਹੈ। ਉਸ ਨੂੰ ਪੜ੍ਹਦਿਆਂ ਚੈਖਵ ਦਾ ਭੁਲੇਖਾ ਪੈ ਜਾਣਾ ਕੁਦਰਤੀ ਹੈ। ਮੇਰੇ ਖਿਆਲ ਵਿਚ ਸ਼ਿਵ ਸ਼ੰਕਰ ਪਿਲੈ, ਆਰ. ਕੇ. ਨਾਰਾਇਣ, ਪੀ. ਰਾਜੂ ਅਤੇ ਮੋਹਨ ਰਾਕੇਸ਼ ਤੋਂ ਛੁੱਟ ਕੋਈ ਹੋਰ ਲੇਖਕ ਚੈਖਵ ਤੋਂ ਇੰਨਾ ਪ੍ਰਭਾਵਿਤ ਨਹੀਂ ਹੈ, ਜਿੰਨਾ ਬੇਦੀ। ਉਸ ਨੂੰ ਉਰਦੂ ਅਫਸਾਨੇ ਦਾ ਸਿਖਰ ਤੇ ਆਦਰਸ਼ ਮੰਨਿਆ ਗਿਆ। ਉਸ ਨੂੰ ਬੇਪਨਾਹ ਸਤਿਕਾਰ ਤੇ ਇੱਜਤ ਮਿਲੀ।

ਪੰਜਾਬੀ ਵਿਚ ਉਸ ਦੇ ਦੋ ਕਹਾਣੀ ਸੰਗ੍ਰਿਹ 'ਘਰ ਵਿਚ, ਬਾਜ਼ਾਰ ਵਿਚ' ਅਤੇ 'ਹੱਡੀਆਂ ਤੇ ਫੁੱਲ' ਦੇਸ ਵੰਡ ਤੋਂ ਪਹਿਲਾਂ ਹੀ ਛਪ ਕੇ ਵਿਕ ਗਏ ਸਨ। ਹਿੰਦੀ ਵਿਚ ਉਸ ਦੀਆਂ ਕਿਤਾਬਾਂ ਦਾ ਛਪਣਾ ਕੁਦਰਤੀ ਸੀ, ਪਰ ਮੈਂ ਪਹਿਲੀ ਵਾਰ ਹਿੰਦੀ ਵਿਚ ਉਸ ਦੀ ਕਿਤਾਬ 'ਲਾਜਵੰਤੀ' ਪੜ੍ਹੀ ਸੀ। ਇਹ ਅਲਾਹਬਾਦ ਤੋਂ ਬੇਦੀ ਦੇ ਦੋਸਤ ਉਪਿੰਦਰ ਨਾਥ ਅਸ਼ਕ ਨੇ ਅੱਜ ਤੋਂ ਸੱਠ ਸਾਲ ਪਹਿਲਾਂ ਆਪਣੇ ਨੀਲਾਭ ਪ੍ਰਕਾਸ਼ਨ ਵੱਲੋਂ ਛਾਪੀ ਸੀ। ਪ੍ਰੋ. ਪ੍ਰੀਤਮ ਸਿੰਘ ਨੇ ਉਸ ਦੀਆਂ ਸਾਰੀਆਂ ਕਹਾਣੀਆਂ ਪੰਜਾਬੀ ਵਿਚ ਤਰਜਮਾ ਕਰ ਕੇ ਛਪਵਾਈਆਂ। ਪ੍ਰੀਤਮ ਸਿੰਘ ਨਾਲ ਇਸ ਸਬੰਧੀ ਗੱਲ ਕਰਦਿਆਂ ਮੈਂ ਕਿਹਾ ਸੀ, ਉਹਦੀ ਕਹਾਣੀ ਨਿਹਾਇਤ ਸੰਜਮੀ, ਤਿੱਖੀ ਤੇ ਭਾਵ ਨਿਅੰਤ੍ਰਣ ਨਾਲ ਭਰਪੂਰ ਹੁੰਦੀ ਹੈ, ਉਸ ਵਿਚੋਂ ਨਾ ਕੋਈ ਸ਼ਬਦ ਕੱਢਿਆ ਜਾ ਸਕਦਾ ਹੈ ਤੇ ਨਾ ਪਾਇਆ ਜਾ ਸਕਦਾ ਹੈ। ਪ੍ਰੋ. ਪ੍ਰੀਤਮ ਸਿੰਘ ਪੂਰੀ ਤਰ੍ਹਾਂ ਮੇਰੇ ਨਾਲ ਸਹਿਮਤ ਹੋਏ।

ਕੁਝ ਕਹਾਣੀਆਂ ਨਹੀਂ, ਬੇਦੀ ਦੇ ਦਸ ਕਹਾਣੀ ਸੰਗ੍ਰਿਹ ਉਰਦੂ ਵਿਚ ਛਪੇ ਹਨ। ਉਨ੍ਹਾਂ ਵਿਚ ਉਸ ਦੀਆਂ ਫਿਲਮਾਂ ਲਈ ਲਿਖੀਆਂ ਕਹਾਣੀਆਂ ਸ਼ਾਮਲ ਨਹੀਂ ਹਨ। ਉਸ ਦੇ ਪ੍ਰਸਿਧ ਕਹਾਣੀ ਸੰਗ੍ਰਿਹ ਹਨ: 'ਗ੍ਰਹਿਣ', 'ਦਾਨਾ ਓਦਾਮ', 'ਕੋਖਜਲੀ', 'ਅਪਨੇ ਦੁਖ ਮੁਝੇ ਦੇ ਦੋ', 'ਲਾਜਵੰਤੀ', 'ਬੱਬਲ' ਆਦਿ। ਇਸ ਤੋਂ ਛੁੱਟ ਉਸ ਦੇ ਉਰਦੂ ਵਿਚ ਛੇ ਨਾਵਲ ਛਪੇ ਹਨ। ਪੰਜਾਬੀ ਵਿਚ ਛਪਿਆ ਨਾਵਲ 'ਇਕ ਚਾਦਰ ਅੱਧੋਰਾਣੀ' ਹੈ। ਇਹ ਉਰਦੂ ਵਿਚ ਲਿਖਿਆ ਉਸ ਦਾ ਪਹਿਲਾ ਨਾਵਲ ਸੀ। ਉਰਦੂ ਵਿਚ ਇਸ ਦਾ ਨਾਮ 'ਇਕ ਚਾਦਰ ਮੈਲੀ ਸੀ' ਹੈ। ਪੰਜਾਬੀ ਵਿਚ ਇਸ ਦਾ ਤਰਜਮਾ ਅੰਮ੍ਰਿਤਾ ਪ੍ਰੀਤਮ ਨੇ ਕੀਤਾ ਸੀ ਜੋ ਸਭ ਤੋਂ ਪਹਿਲਾਂ ਐਸ. ਸਵਰਨ ਦੇ ਮਾਸਕ ਪੱਤਰ 'ਚੇਤਨਾ' ਦਿੱਲੀ ਵਿਚ ਛਪਿਆ ਸੀ। 'ਇਕ ਚਾਦਰ ਅੱਧੋਰਾਣੀ' ਨਾਂ ਵੀ ਅੰਮ੍ਰਿਤਾ ਪ੍ਰੀਤਮ ਨੇ ਦਿੱਤਾ ਸੀ ਜੋ ਕਿਤਾਬ ਦੇ ਉਰਦੂ ਨਾਂ ਤੋਂ ਵੱਧ ਢੁਕਵਾਂ ਹੈ ਅਤੇ ਕਿਤਾਬ ਦੇ ਮਫਹੂਮ ਨੂੰ ਵੱਧ ਕਾਮਯਾਬੀ ਨਾਲ ਪੇਸ਼ ਕਰਦਾ ਤੇ ਸਮਝਦਾ ਹੈ। 'ਸਾਤ ਖੇਲ' ਉਸ ਦੇ ਉਰਦੂ ਵਿਚ ਲਿਖੇ ਰੇਡੀਓ ਰੂਪਕਾਂ ਦਾ ਸੰਗ੍ਰਿਹ ਹੈ। ਪਿਛਲੀ ਉਮਰ ਵਿਚ ਉਸ ਨੇ ਪ੍ਰੋਜ਼-ਪੋਇਮਜ਼ ਲਿਖਣੀਆਂ ਸ਼ੁਰੂ ਕੀਤੀਆਂ ਸਨ, ਪਰ ਇਨ੍ਹਾਂ ਦੀ ਸੰਖਿਆ ਜ਼ਿਆਦਾ ਨਹੀਂ ਹੈ।

ਬੇਦੀ ਦੀ ਬੇਸ਼ਕ ਆਪਣੇ ਪੁੱਤਰ ਨਰਿੰਦਰ ਨਾਲ ਅਣਬਣ ਰਹਿੰਦੀ ਸੀ, ਪਰ ਉਹ ਆਪਣੇ ਪੁੱਤਰ-ਮੋਹ ਵਿਚ ਮਰਿਆ ਪਿਆ ਸੀ। ਨਰਿੰਦਰ ਬੇਦੀ ਨੇ ਇਕ ਫਿਲਮ ਵੀ ਬਣਾਈ ਜੋ ਫੇਲ੍ਹ ਹੋ ਗਈ। ਨਰਿੰਦਰ ਦੀ ਭਰ ਜਵਾਨੀ ਵਿਚ ਮੌਤ ਹੋ ਗਈ ਜੋ ਰਾਜਿੰਦਰ ਸਿੰਘ ਨੂੰ ਜਿਉਂਦੇ ਜੀਅ ਮਾਰ ਗਈ। ਇਸੇ ਕਾਰਣ ਉਸ ਨੂੰ ਅਧਰੰਗ ਦਾ ਦੌਰਾ ਪਿਆ ਜਿਸ ਤੋਂ ਉਹ ਕਦੇ ਠੀਕ ਨਾ ਹੋ ਸਕਿਆ। ਉਸ ਦੀ ਯਾਦਦਾਸ਼ਤ ਖਤਮ ਹੋ ਗਈ। ਉਹ ਕਦੇ ਜੇ ਕੋਈ ਕਿਤਾਬ ਪੜ੍ਹਦਾ ਤਾਂ ਨਾਲ ਹੀ ਭੁੱਲ ਜਾਂਦਾ। ਮੇਰੇ ਨਾਲ ਵੀ ਹੁਣ ਕਰੀਬ ਇਹੋ ਹੋ ਰਿਹਾ ਹੈ।

ਜਦੋਂ ਬਹੁਤ ਵਰ੍ਹੇ ਲਾਸ਼ ਦੀ ਜ਼ਿੰਦਗੀ ਜਿਉਂਦੇ



*ਰਾਜਿੰਦਰ ਸਿੰਘ ਬੇਦੀ ਦਾ ਠਹਾਕਾ।*

ਨੂੰ ਲੰਘ ਗਏ ਤਾਂ ਉਰਦੂ ਦੇ ਦਰਜਨ ਤੋਂ ਵੱਧ ਅਦੀਬਾਂ ਵੱਲੋਂ ਬੇਦੀ ਦੇ ਨਾਮ ਅਪੀਲ ਅਖਬਾਰਾਂ ਵਿਚ ਛਪੀ ਕਿ ਉਸ ਨੂੰ ਉਰਦੂ ਅਫਸਾਨੇ ਨੂੰ ਫਾਰਖਤੀ ਨਹੀਂ ਦੇਣੀ ਚਾਹੀਦੀ। ਹਰ ਹਾਲਤ ਵਿਚ ਉਹ ਉਰਦੂ ਦੀ ਤਰੱਕੀ ਲਈ ਲਿਖਣਾ ਸ਼ੁਰੂ ਕਰੇ। ਇਹ ਅਪੀਲ ਉਨ੍ਹਾਂ ਨੇ ਡਾ. ਰਾਮਾ ਚੰਦ ਸਾਗਰ ਤੇ ਸਲੀਮ ਖਾਨ ਨੂੰ ਕਦੇ ਨਹੀਂ ਕੀਤੀ। ਵਿਡੰਬਨਾ ਇਹ ਹੈ ਕਿ ਅਪੀਲ ਕਰਨ ਵਾਲਿਆਂ ਨੇ ਨਹੀਂ ਸੋਚਿਆ, ਉਸ ਉਤੇ ਕੀ ਬੀਤ ਰਹੀ ਹੈ। ਜੇ ਚਿੰਤਾ ਕੀਤੀ ਵੀ ਤਾਂ ਏਨੀ ਕਿ ਉਹ ਕਹਾਣੀਆਂ ਕਿਉਂ ਨਹੀਂ ਲਿਖਦਾ। ਇਹ ਵੀ ਤਾਂ ਹੋ ਸਕਦਾ ਸੀ ਕਿ ਉਸ ਦੇ ਚੰਗੇ ਇਲਾਜ ਦਾ ਪ੍ਰਬੰਧ ਕੀਤਾ ਜਾਂਦਾ। ਉਸ ਨੂੰ ਰੂਸ, ਅਮਰੀਕਾ ਜਾਂ ਯੂਰਪ ਵਿਚ ਇਲਾਜ ਲਈ ਭੇਜਿਆ ਜਾਂਦਾ। ਕਿਆ ਸਰਪ੍ਰਸਤੀ ਤੇ ਸਹਾਇਤਾ ਹੈ ਕਿ ਉਸ ਤੋਂ ਮਰੇ ਪਏ ਤੋਂ ਹੋਰ ਕਹਾਣੀਆਂ ਦੀ ਮੰਗ ਕੀਤੀ ਜਾ ਰਹੀ ਸੀ! ਇਸ ਤਰ੍ਹਾਂ ਹੀ ਭੌਰ ਉਡਾਰੀ ਮਾਰ ਗਿਆ।

ਮੁਜਤਬਾ ਹੁਸੈਨ ਆਪਣੀ ਕਿਤਾਬ 'ਖਾਕੇ' ਵਿਚ ਲਿਖਦਾ ਹੈ: ਜਦੋਂ ਮੈਂ ਉਸ ਦੀ ਮੌਤ ਦੀ ਖਬਰ ਪੜ੍ਹੀ ਤਾਂ ਮੈਂ ਇਸ ਨੂੰ ਚੰਗਾ ਜਾਂ ਮਾੜਾ ਨਹੀਂ ਕਹਿ ਸਕਿਆ। ਉਹ ਜ਼ਿੰਦਗੀ ਹੱਥੋਂ ਜਿੱਚ ਪੈ ਚੁਕਾ ਸੀ, ਠਿੱਠ ਹੋ ਚੁਕਾ ਸੀ। ਹੱਦ ਹੋ ਗਈ। ਇਹ ਸਤਰਾਂ ਲਿਖਦਿਆਂ ਮੇਰੀਆਂ ਅੱਖਾਂ ਨਮ ਹੋ ਗਈਆਂ ਹਨ। ਮੈਨੂੰ ਅੰਮ੍ਰਿਤਾ ਦੀ ਸਤਰ ਯਾਦ ਆ ਰਹੀ ਹੈ ਜੋ ਪਾਠਕਾਂ ਨਾਲ ਸਾਂਝੀ ਕਰਨੀ ਚਾਹਾਂਗਾ:

ਤੇਰੇ ਜਿਹੇ ਕੋਈ ਰਿੰਦ ਨਾ ਰੋਜ਼ ਆਉਂਦੇ
ਸਾਕੀ ਜਿਨ੍ਹਾਂ ਤੋਂ ਆਪ ਕੁਰਬਾਨ ਹੁੰਦਾ।

ਸਵਾਲ ਕੁਝ ਜਾਂ ਬੜਾ ਕੁਝ ਦਾ ਨਹੀਂ। ਅਦਬ ਵਿਚ ਸਵਾਲ ਮੈਰਿਟ ਦਾ ਹੁੰਦਾ ਹੈ, ਮਿਆਰ ਦਾ ਹੁੰਦਾ ਹੈ, ਕਲਾ ਦਾ, ਹੁਸਨ ਤੇ ਜਮਾਲ ਦਾ ਹੁੰਦਾ ਹੈ। ਇਹ ਸਾਰਾ ਕੁਝ ਸਿਫਤੀ ਪੱਧਰ 'ਤੇ ਰਾਜਿੰਦਰ ਸਿੰਘ ਬੇਦੀ ਵਿਚ ਮੌਜੂਦ ਹੈ। ਗਿਣਤੀ ਦੇ ਪੱਖੋਂ ਵੀ ਉਸ ਦੀਆਂ ਕਹਾਣੀਆਂ ਸੌ ਦੇ ਕਰੀਬ ਹਨ। ਉਨ੍ਹਾਂ ਦੀ ਗਿਣਤੀ ਤਿੰਨ ਜਾਂ ਪੰਜ ਸੌ ਹੀ ਹੋਵੇ, ਜ਼ਰੂਰੀ ਨਹੀਂ। ਪੰਜਾਬੀ ਵਿਚ ਸੰਤ ਸਿੰਘ ਸੇਖੋਂ ਦੀ ਇਕ ਕਿਤਾਬ 'ਸਮਾਚਾਰ' ਹੀ ਕਾਫੀ ਸੀ। ਉਸ ਦੇ ਅਗਲੇ ਸੰਗ੍ਰਿਹ ਨਾ ਵੀ ਛਪਦੇ ਤਾਂ ਕੋਈ ਫਰਕ ਨਹੀਂ ਸੀ ਪੈਣਾ। ਮਹਿੰਦਰ ਸਿੰਘ ਸਰਨਾ ਦੀ ਕਿਤਾਬ 'ਪੱਥਰ ਦੋ ਆਦਰ' ਹੀ ਬਹੁਤ ਸੀ।

ਸੱਜਾਦ ਜ਼ਹੀਰ ਨੇ ਪੰਜ ਕਹਾਣੀਆਂ ਲਿਖ ਕੇ ਹੀ ਯੁੱਗ ਪਲਟਾ ਦਿੱਤਾ। 'ਅੰਗਾਰੇ' ਛਪਣ ਨਾਲ ਏਡੀ ਵੱਡੀ ਅਦਬੀ ਤਹਿਰੀਕ ਪੈਦਾ ਹੋਈ ਕਿ ਹੇਠਲੀ ਉਤੇ ਆ ਗਈ। ਉਰਦੂ ਅਦਬ ਵਿਚ ਤਰੱਕੀਪਸੰਦਾਂ ਦੀ ਉਹ ਹਨੇਰੀ ਝੁੱਲੀ ਕਿ ਪੂਰੇ ਵੀਹ ਸਾਲ ਉਸ ਨੂੰ ਥੰਮ੍ਹਣ ਵਿਚ ਲੱਗੇ। ਕ੍ਰਿਸ਼ਨ ਚੰਦਰ ਤੇ ਬੇਦੀ ਅਖੀਰ ਤੱਕ ਝੰਡਾ ਬਰਦਾਰ ਬਣੇ ਰਹੇ ਜਦੋਂ ਕਿ ਮੈਕਸਿਮ ਗੋਰਕੀ ਨੂੰ ਗੁਰੂ ਮੰਨ ਕੇ ਚੱਲਣ ਵਾਲਾ ਮੰਟੋ ਇਸ ਤੋਂ ਬੇਮੁੱਖ ਹੋ ਗਿਆ। ਉਸ ਨੂੰ ਆਪਣੀ ਮਰਜ਼ੀ ਕਰਨ ਦਾ ਹੱਕ ਹੈ।

ਫਿਰ ਮਜ਼ੇ ਦੀ ਗੱਲ ਇਹ ਹੈ ਕਿ 'ਅੰਗਾਰੇ' 'ਤੇ ਦੋ ਮਹੀਨੇ ਦੇ ਅੰਦਰ ਹੀ ਪਾਬੰਦੀ ਲੱਗ ਗਈ। ਅੰਗਰੇਜ਼ ਦਾ ਜ਼ਮਾਨਾ ਸੀ, ਸੋ ਬਚੀਆਂ ਕਾਪੀਆਂ ਕਿਤਾਬਾਂ ਵੇਚਣ ਵਾਲਿਆਂ ਨੇ ਸਾੜ ਦਿੱਤੀਆਂ। ਮੁੜ ਕੇ ਕਦੇ ਕਿਸੇ ਨੂੰ ਇਹ ਕਿਤਾਬ ਵੇਖਣ ਲਈ ਨਹੀਂ ਮਿਲੀ, ਪਰ ਇਸ ਨੇ ਜੋ ਕੀਤਾ, ਸਭ ਨੂੰ ਪਤਾ ਹੈ।

ਇਕੋਤ੍ਰ ਸੌ ਸਾਲ ਪਹਿਲਾਂ ਪੰਡਤ ਚੰਦਰਧਰ ਸ਼ਰਮਾ ਗੁਲੇਰੀ ਨੇ ਹਿੰਦੀ 'ਚ ਇਕ ਕਹਾਣੀ ਲਿਖੀ ਸੀ, 'ਉਸ ਨੇ ਕਹਾ ਥਾ'। ਕਰਤਾ ਤੇ ਕਿਰਤਮ ਦੋਵੇਂ ਥਿਰ ਹੋ ਗਏ। ਹਿੰਦੀ ਸਾਹਿਤ ਦੇ ਇਤਿਹਾਸ ਵਿਚ ਪੰਡਤ ਜੀ ਦਾ ਨਾਮ ਹਮੇਸ਼ਾ ਲਈ ਅਮਰ ਹੋ ਗਿਆ। ਉਹ ਕਹਾਣੀ ਵਾਰ ਵਾਰ ਪ੍ਰੀਖਿਆ ਕੋਰਸਾਂ ਲਈ ਚੁਣੀ ਜਾਂਦੀ ਰਹੀ ਹੈ। ਉਸ 'ਤੇ ਫਿਲਮ ਵੀ ਬਣੀ ਤੇ ਲੱਖਾਂ-ਕਰੋੜਾਂ ਰੁਪਏ ਕਮਾਏ ਗਏ, ਪਰ ਕਿਸੇ ਨੂੰ ਕੋਈ ਲੈਣ ਦੇਣ ਨਹੀਂ। ਪੰਡਤ ਜੀ ਨੇ ਦੋ ਕਹਾਣੀਆਂ ਹੋਰ ਵੀ ਲਿਖੀਆਂ ਜਿਨ੍ਹਾਂ ਨੂੰ ਕੋਈ ਪੜ੍ਹਦਾ ਹੀ ਨਹੀਂ। ਕੁਝ ਵਰ੍ਹੇ ਹੋਏ ਦੋ ਰਿਸਰਚ ਸਕਾਲਰਾਂ ਨੇ ਗੁਲੇਰੀ ਜੀ ਦੀਆਂ ਦੋ ਕਹਾਣੀਆਂ ਹੋਰ ਵੀ ਲੱਭੀਆਂ, ਪਰ ਕਿਸੇ ਨੇ ਕੋਈ ਪਰਵਾਹ ਨਾ ਕੀਤੀ। ਜਨਮਾਨਸ ਅਤੇ 'ਉਸ ਨੇ ਕਹਾ ਥਾ' ਇਸ ਤਰ੍ਹਾਂ ਘੁਲਮਿਲ ਗਏ ਕਿ ਕਿਸੇ ਨੇ ਕਦੇ ਕੁਝ ਹੋਰ ਜਾਣਨ ਦੀ ਇੱਛਾ ਨਾ ਕੀਤੀ। ਸੋ, ਸਿੱਧ ਹੈ ਸਿਫਤੀ ਪੱਧਰ 'ਤੇ ਪ੍ਰਾਪਤੀ ਹੀ ਫੈਸਲਾਕੁਨ ਹੁੰਦੀ ਹੈ, ਸਭ ਗਿਣਤੀ ਮਿਣਤੀ ਸਿਫਰ।

# ਪਰਨਾ

"ਬੇਬੇ ਮੇਰਾ ਖੱਟਾ ਪਰਨਾ ਨ੍ਹੀਂ ਲੱਭਦਾ, ਨਾ ਈ ਡੱਬੀਆਂ ਵਾਲਾ।...ਦੀਪੋ ਭੈਣੇ! ਤੂੰ ਤਾਂ ਨਹੀਂ ਵੇਖਿਆ?" ਬੀਰਾ ਕਮਰੇ 'ਚੋਂ ਕੱਪੜੇ ਫੋਲਦਾ ਬੋਲਿਆ।

"ਨਾ ਵੀਰੇ!"

"ਵੇ ਪੁੱਤ, ਤੂੰ ਉਹੋ ਆਪਣੀ ਪੁਰਾਣੀ ਟੋਪੀ ਲੈ ਜਾਹ, ਮੈਂ ਕੱਢ ਕੇ ਰੱਖ 'ਤੀ ਕੁਰਸੀ 'ਤੇ।" ਭੈਣ ਤੇ ਮਾਂ ਨੇ ਅੱਗੜ-ਪਿਛੜ ਜਵਾਬ ਦਿੱਤਾ।

ਇਹੀ ਮਾਂ ਆਪਣੇ ਪੁੱਤ ਬੀਰੇ ਨਾਲ ਦੋ ਸਾਲ ਪਹਿਲਾਂ ਕਈ ਦਿਨ ਬੋਲੀ ਨਹੀਂ ਸੀ, ਜਦੋਂ ਦਸਵੀਂ ਪੜ੍ਹਦਾ ਬੀਰਾ ਪਿੰਡ ਦੀ ਮੰਡੀਰ ਪਿੱਛੇ ਲੱਗ ਕੇ ਕੇਸ ਕਟਵਾ ਆਇਆ ਸੀ। ਪੱਗ ਬੰਨਣ ਦੀ ਥਾਂ ਟੋਪੀ ਲੈਣੀ ਟੌਹਰ ਸਮਝਦਾ ਸੀ।

ਪਿਉ ਨੇ ਤਾਂ ਛਿੱਤਰ ਵੀ ਫੇਰਿਆ ਸੀ ਤੇ ਭਾਸ਼ਣ ਵੀ ਦਿੱਤਾ ਸੀ, "ਕੰਜਰਾ! ਸਾਡੇ ਖਾਨਦਾਨ 'ਚੋਂ ਕਿਸੇ ਨੇ ਵਾਲ ਨਹੀਂ ਕਟਵਾਏ। ਦਸਵੀਂ ਕਰ ਲੈ, ਅਗਾਹਾਂ ਮੈਂ ਨਹੀਂ ਪੜ੍ਹਾਉਣਾ ਤੇ ਮੇਰੇ ਨਾਲ ਖੇਤੀਬਾੜੀ ਵਿਚ ਲੱਗ। ਕੋਠੇ ਜਿੱਡੀਆਂ ਤੇਰੀਆਂ ਭੈਣਾਂ ਹੋ ਗਈਆਂ, ਚਾਹੇ ਕੱਲ ਇਨ੍ਹਾਂ ਦੇ ਹੱਥ ਪੀਲੇ ਕਰ ਦਈਏ। ਨਾਲੇ ਸਾਰੇ ਸੁਣ ਲਉ, ਮੈਂ ਹਾੜ੍ਹੀ-ਸਾਉਣੀ ਬੈਂਕਾਂ ਤੋਂ ਕਰਜ਼ਾ ਚੁੱਕਦਾਂ ਤੇ ਨਾਲ ਦੀ ਨਾਲ ਮੋੜ ਦੇਨਾਂ, ਨਾ ਪਹਿਲਾਂ ਕਰਜ਼ਾ ਚੁੱਕ ਵੇਖਾ ਵੇਖੀ ਫਜ਼ੂਲ ਖਰਚੇ ਕੀਤੇ, ਨਾ ਹੀ ਮੈਂ ਹੁਣ ਕੁੜੀਆਂ ਦੇ ਵਿਆਹਾਂ 'ਤੇ ਚੁੱਕਣਾ। ਜੋ ਸਰੂ-ਬਣੂ, ਕਰ ਦਿਆਂਗੇ ਨਾਲੇ ਪੜ੍ਹਾਈ ਕਰਕੇ ਜੱਟਾਂ ਲਈ ਕਿਹੜੀਆਂ ਨੌਕਰੀਆਂ ਰੱਖੀਆਂ ਪਈਆਂ।" ਸਾਰਾ ਟੱਬਰ ਧਿਆਨ ਨਾਲ ਸੁਣ ਰਿਹਾ ਸੀ।

"ਸਰਦਾਰਾ, ਮੁੰਡੇ ਤਾਂ ਲੱਭਣ! ਜਿਵੇਂ ਕਹੋਂਗੇ, ਕਰ ਲਵਾਂਗੇ।" ਬੀਰੇ ਦੀ ਮਾਂ ਦਾ ਜਵਾਬ ਸੀ।

ਸਾਰਾ ਕੁਝ ਸੁਣ ਕੇ ਦੋਵੇਂ ਭੈਣਾਂ ਮੂੰਹ ਭੁੰਜੇ ਸੁੱਟ ਰਸੋਈ ਵਿਚ ਜਾ ਕੰਮ ਲੱਗੀਆਂ। ਪੜ੍ਹਾਈ ਵਿਚ ਬੀਰਾ ਨਲਾਇਕ ਹੀ ਸੀ ਪਰ ਭੈਣਾਂ ਵੱਡੀਆਂ ਨੇ ਤਾਂ ਗਰੈਜੂਏਸ਼ਨ ਕਰ ਲਈ ਸੀ।

ਸਾਲ ਪਿੱਛੋਂ ਇਕ ਦਿਨ ਐਤਵਾਰ ਅਚਾਨਕ ਘਰ ਵੜ੍ਹਦਿਆਂ ਬੀਰਾ ਬੋਲਿਆ, "ਬੇਬੇ! ਆਹ ਦੇਖ ਲੈ ਤੇਰਾ ਪੁੱਤ ਬੰਦਾ ਬਣ ਗਿਆ। ਛਕ ਲਿਆ।"

ਬੇਬੇ ਰਸੋਈ ਵਿਚੋਂ ਈ ਬੋਲੀ, "ਵੇ ਕੀ ਛਕ ਲਿਆ?"

"ਬੇਬੇ ਰਸੋਈ ਵਿਚੋਂ ਨਿਕਲੇਂਗੀ ਤਾਂ ਪਤਾ ਲੱਗੂ।" ਬੀਰੇ ਨੇ ਸਾਈਕਲ ਸਟੈਂਡ 'ਤੇ ਲਾਉਂਦਿਆਂ ਕਿਹਾ।

"ਨੀ ਮੈਂ ਮਰ ਜਾਂ! ਮੇਰਾ ਪੁੱਤ...।" ਬੇਬੇ ਪੁੱਤਰ ਨੂੰ ਗਲਵੱਕੜੀ ਵਿਚ ਲੈਂਦਿਆਂ ਸਿਰ 'ਤੇ ਬੰਨੇ ਪੀਲੇ ਪਰਨੇ 'ਤੇ ਹੱਥ ਫੇਰ ਕੇ ਬੋਲੀ, "ਬੀਰਿਆ ਤੂੰ ਮਾਂ-ਪਿਉ ਦੀ ਰੱਖ ਵਖਾਈ, ਅੰਮ੍ਰਿਤ ਛਕ ਕੇ। ਪੁੱਤ ਹੁਣ ਸਿਰੇ ਚੜ੍ਹਾਈਂ।"

ਬੀਰਾ ਦਸਵੀਂ ਪਾਸ ਕਰ ਆਪਣੇ ਬਾਪੂ ਨਾਲ ਖੇਤੀ ਕਰਨ ਲੱਗ ਗਿਆ। ਰਲ ਕੇ ਮਿਹਨਤ ਕੀਤੀ, ਚੰਗੀ ਫਸਲ, ਦੁੱਧ-ਘਿਉ, ਵਾਧੂ ਡੇਅਰੀ 'ਤੇ, ਨਕਦ ਆਮਦਨ। ਖਾਣ ਨੂੰ ਤਾਜ਼ੀ ਸਬਜੀ ਘਰ ਦੀ। ਵੱਡੀ ਭੈਣ ਦਾ ਵਿਆਹ ਫਜ਼ੂਲ ਖਰਚਿਆਂ ਤੋਂ ਬਿਨਾ ਸਾਦਾ ਕਰ ਦਿੱਤਾ। ਰਿਸ਼ਤੇਦਾਰ ਚੰਗੇ ਮਿਲ ਗਏ। ਸ਼ਰੀਕਾ ਬਥੇਰਾ ਵੱਧ-ਘੱਟ ਬੋਲਦਾ ਰਿਹਾ ਪਰ ਸਾਰੇ ਟੱਬਰ ਨੇ ਕਿਸੇ ਦੀ ਪ੍ਰਵਾਹ ਨਾ ਕੀਤੀ।

ਅੱਜ ਪਿੰਡ ਵਿਚ ਤਿੰਨ ਲੱਖ ਦੇ ਕਰਜ਼ੇ ਕਰ ਕੇ ਲੰਬੜਾਂ ਦੇ ਤਾਰੇ ਨੇ ਆਪਣੇ ਪਰਨੇ ਨਾਲ ਬੰਬੀ 'ਤੇ ਫਾਹਾ ਲੈ ਲਿਆ। ਪਿਛਲੇ ਹਫਤੇ ਗਵਾਂਢੀ ਪਿੰਡ ਕਰਜ਼ੇ ਹੱਥੋਂ ਤੰਗ ਹੋ ਇਕ ਬਜ਼ੁਰਗ ਨੇ ਪਰਨੇ ਨਾਲ ਪੈਲੀਆਂ ਵਿਚ ਲਟਕ ਕੇ ਜਾਨ ਦੇ ਦਿੱਤੀ। ਇਲਾਕੇ ਵਿਚ ਹਾਹਾਕਾਰ ਮੱਚੀ ਸੀ ਬਈ ਹੁਣ ਜੱਟਾਂ ਕੋਲ ਦਵਾਈ ਲਈ ਪੈਸੇ ਨਹੀਂ ਰਹੇ ਮਰਨ ਨੂੰ, ਪਰਨੇ ਈ ਗੰਦੇ ਕਰੀ ਜਾਂਦੇ ਆ।

ਬੀਰਾ ਗੁੱਸੇ ਵਿਚ ਲਾਲ ਪੀਲਾ ਹੁੰਦਾ, "ਬੇਬੇ ਪਹਿਲਾਂ ਤਾਂ ਤੂੰ ਸਿੱਖਾਂ ਦੇ ਟੋਪੀ ਪਾਉਣ ਨੂੰ ਗੁਨਾਹ ਕਹਿੰਦੀ ਸੀ। ਅੱਛਾ! ਮੈਂ ਹੁਣ ਸਮਝਿਆ ਤੂੰ ਪਰਨੇ ਕਿਉਂ ਲਕੋਏ ਨੇ? ਮੈਂ ਤੇ ਬਾਪੂ ਪਾਈ ਪਾਈ ਮੋੜੀ ਜਾਨੇ ਆਂ, ਅਸੀਂ ਕੋਈ ਨਸ਼ਾ ਨਹੀਂ ਕਰਦੇ, ਨਸ਼ਾ ਤਾਂ ਰੋਟੀ ਦਾ ਬਹੁਤ ਆ। ਜਦ ਸਾਡੇ ਫਜ਼ੂਲ ਖਰਚੇ ਨਹੀਂ। ਹਾਂ! ਬਾਪੂ ਖੁਸ਼ੀ ਦੇ ਮੌਕੇ 'ਤੇ ਘੁੱਟ ਲਾ ਲੈਂਦਾ, ਫਿਰ ਮੇਰੀਏ ਭੋਲੀਏ ਬੇਬੇ ਤੂੰ ਦੱਸ ਅਸੀਂ ਕਿਉਂ ਅਣਿਆਈ ਮੌਤੇ ਮਰੀਏ? ਨਾਲੇ ਫਾਹੇ ਲੱਗ ਮਸਲੇ ਤਾਂ ਹੱਲ ਨ੍ਹੀਂ ਹੋਣੇ।

*-ਚਰਨਜੀਤ ਸਿੰਘ ਸਾਹੀ*
*ਫੋਨ: 317-430-6545*

# ਮਾਂ ਦੇ ਕੋਲ ਕੋਲ...

ਸਿੰਮਦੇ ਸ਼ਬਦ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

*ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਪਿਛਲੇ ਇਕ ਅਰਸੇ ਤੋਂ ਪੰਜਾਬ ਟਾਈਮਜ਼ ਦੇ ਪਾਠਕ ਉਨ੍ਹਾਂ ਦੀਆਂ ਲਿਖਤਾਂ ਪੜ੍ਹਦੇ ਆ ਰਹੇ ਹਨ ਅਤੇ ਉਨ੍ਹਾਂ ਦੀ ਨਿਵੇਕਲੀ ਸ਼ੈਲੀ ਤੋਂ ਪ੍ਰਭਾਵਿਤ ਵੀ ਹੋਏ ਹਨ। ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਆਪਣੇ ਬਚਪਨ ਵੇਲੇ ਦੇ ਪੁਰਾਣੇ ਪੇਂਡੂ ਸਭਿਆਚਾਰ ਪ੍ਰਤੀ ਹੇਰਵਾ ਦਰਸਾਉਂਦਿਆਂ ਇਹ ਦੁਬਿਧਾ ਦਰਸਾਈ ਸੀ, "ਪਿੰਡ ਦੇ ਚੌਗਿਰਦੇ ਵਿਚ ਫੈਲੀ ਆਪਾ ਮਾਰੂ ਸੋਚ ਨੇ ਪਿੰਡ ਨੂੰ ਹੀ ਦੂਸ਼ਿਤ ਕਰ ਦਿਤਾ ਏ। ਇਸ ਪਲੀਤ ਵਾਤਾਵਰਣ ਵਿਚ ਜਾ ਕੇ ਮੈਨੂੰ ਕੀ ਹਾਸਲ ਹੋਵੇਗਾ? ਇਸ ਸਦਮੇ ਵਰਗੇ ਸੱਚ ਦਾ ਸਾਹਮਣਾ ਕਰਨ ਤੋਂ ਮੈਂ ਘਾਬਰਦਾ ਹਾਂ ਅਤੇ ਪਿੰਡ ਵੰਨੀਂ ਜਾਣ ਤੋਂ ਤ੍ਰਹਿਣ ਲੱਗ ਪੈਂਦਾ ਹਾਂ।" ਹਥਲੇ ਲੇਖ ਵਿਚ ਉਨ੍ਹਾਂ ਮਾਂਵਾਂ ਠੰਡੀਆਂ ਛਾਂਵਾਂ, ਛਾਂਵਾਂ ਕੌਣ ਕਰੇ ਦੇ ਸੱਚ ਦੀ ਪੈਰਵੀ ਕਰਦਿਆਂ ਇਸ ਫਾਨੀ ਸੰਸਾਰ ਤੋਂ ਤੁਰ ਗਈ ਆਪਣੀ ਮਾਂ ਪ੍ਰਤੀ ਅਕੀਦਤ ਪੇਸ਼ ਕੀਤੀ ਹੈ, "ਮਾਂ ਸੁੱਚੀਆਂ ਭਾਵਨਾਵਾਂ ਦੀ ਤਸ਼ਬੀਹ, ਮਾਨਵੀ ਕਰਮ ਦੀ ਰਚੈਤਾ, ਦੁਆਵਾਂ ਲਈ ਜੁੜੇ ਹੱਥ, ਅਕੀਦਤ ਕਰੇਂਦੇ ਸੁੱਚੇ ਬੋਲ, ਅੰਤਰ-ਆਤਮਾ 'ਚੋਂ ਸ਼ੁਭ-ਇਛਾਵਾਂ ਦਾ ਫੁਹਾਰਾ, ਸਰਬੱਤ ਦੇ ਭਲੇ ਦੀ ਅਰਦਾਸ, ਡਿੱਗੇ ਲਈ ਧਰਵਾਸ, ਬੇਆਸਰੇ ਲਈ ਅੰਗੁਰੀ-ਆਸ, ਬਨੇਰਿਆਂ ਦਾ ਚਿਰਾਗ ਤੇ ਵਿਹੜੇ ਦੇ ਭਾਗ।" -ਸੰਪਾਦਕ*

ਅੱਜ ਫਿਰ ਮਾਂ ਬਹੁਤ ਯਾਦ ਆਈ ਏ। ਵੈਸੇ ਤਾਂ ਮਾਂ ਸਦਾ ਹੀ ਚੇਤਿਆਂ ਵਿਚ ਵੱਸਦੀ ਏ। ਤੁਹਾਡੀ ਹਰ ਸੋਚ, ਕਰਮ ਅਤੇ ਜੀਵਨੀ-ਰੰਗ ਵਿਚ ਮਾਂ ਦਾ ਅਦਿੱਖ ਸਰੂਪ ਅਤੇ ਅਸਰ ਹੁੰਦਾ ਏ। ਤੁਸੀਂ ਜੋ ਕੁਝ ਵੀ ਹੋ, ਮਾਂ ਸਦਕਾ ਹੀ ਹੋ। ਤੁਹਾਡੀ ਸ਼ਖਸੀਅਤ-ਉਸਾਰੀ ਅਤੇ ਵੱਖ-ਵੱਖ ਜੀਵਨੀ-ਪੜਾਵਾਂ ਵਿਚ ਮਾਂ ਦੇ ਮਹੱਤਵ ਨੂੰ ਘਟਾ ਕੇ ਨਹੀਂ ਦੇਖਿਆ ਜਾ ਸਕਦਾ, ਪਰ ਕੁਝ ਅਜਿਹੇ ਮੌਕੇ ਹੁੰਦੇ ਨੇ ਜਦ ਮਾਂ ਦੀ ਸ਼ਿੱਦਤੀ-ਯਾਦ ਤੁਹਾਡੀਆਂ ਅੱਖਾਂ ਨਮ ਕਰ ਜਾਂਦੀ ਏ। ਭਾਵੇਂ ਇਹ ਬੀਤੇ ਦੀ ਯਾਦ ਹੋਵੇ, ਕਿਸੇ ਸੰਕਟ/ਦੁੱਖ ਦੀ ਘੜੀ ਦੇ ਰੂਬਰੂ ਹੋਣਾ ਹੋਵੇ ਜਾਂ ਨਵੀਂ ਪ੍ਰਾਪਤੀ/ਸਨਮਾਨ ਹੋਵੇ।

ਜਦ ਸੁਵਖਤੇ ਹੀ ਪੰਜਾਬ ਤੋਂ ਇਕ ਮਿੱਤਰ ਨੇ ਫੋਨ 'ਤੇ ਖੁਸ਼ਖਬਰੀ ਦਿੱਤੀ ਕਿ ਪੰਜਾਬ ਸਰਕਾਰ ਦੇ ਭਾਸ਼ਾ ਵਿਭਾਗ ਵਲੋਂ ਮੈਨੂੰ ਸ਼੍ਰੋਮਣੀ ਪੰਜਾਬੀ ਪਰਵਾਸੀ ਸਾਹਿਤਕਾਰ ਪੁਰਸਕਾਰ ਲਈ ਚੁਣਿਆ ਗਿਆ ਏ ਤਾਂ ਇਕ ਦਮ ਮੇਰੇ ਦੀਦਿਆਂ ਸਾਹਵੇਂ ਮਾਂ ਦੀ ਮੂਰਤ ਤੈਰਨ ਲੱਗੀ। ਅੱਖਾਂ ਨਮ ਹੋ ਗਈਆਂ, ਕੁਝ ਸਾਲ ਪਹਿਲਾਂ ਸਦਾ ਲਈ ਤੁਰ ਗਈ ਮਾਂ ਪ੍ਰੀਤਮ ਕੌਰ ਨੂੰ ਯਾਦ ਕਰਕੇ। ਮਾਂ ਨੇ ਕਿੰਨਾ ਖੁਸ਼ ਹੋਣਾ ਸੀ ਇਸ ਇਨਾਮ ਬਾਰੇ ਜਾਣ ਕੇ। ਮਾਂ ਨੂੰ ਅੱਖਰਾਂ/ਲੇਖਣੀ ਦੀ ਤਾਂ ਕੋਈ ਸਮਝ ਨਹੀਂ ਸੀ ਪਰ ਉਸ ਨੂੰ ਬਹੁਤ ਚਾਅ ਹੋਣਾ ਸੀ ਕਿ ਉਸ ਦੇ ਪੁੱਤ ਨੂੰ ਕੋਈ ਵੱਡਾ ਇਨਾਮ ਮਿਲਣਾ ਹੈ। ਖੁਸ਼ੀ 'ਚ ਉਸ ਨੇ ਧਰਤੀ ਨੂੰ ਨਮਸਕਾਰਨਾ ਸੀ ਅਤੇ ਆਪਣੇ ਪੁੱਤ ਤੇ ਪਰਿਵਾਰ ਲਈ ਦੁਆਵਾਂ ਮੰਗਣੀਆਂ ਸਨ। ਚਿਰੰਜੀਵ ਅਸੀਸਾਂ ਨਾਲ ਪੁੱਤ ਦੀ ਝੋਲੀ ਭਰ ਦੇਣੀ ਸੀ। ਸਿਰਫ ਮਾਪਿਆਂ ਦੀ ਖੁਸ਼ੀ ਹੀ ਬੇਲਾਗ, ਨਿਰ-ਸੁਆਰਥ ਅਤੇ ਨਿਜਤਾ ਤੋਂ ਉਪਰ ਹੁੰਦੀ ਏ।

ਮਾਂ ਕੋਰੀ ਅਨਪੜ੍ਹ ਸੀ। ਉਸ ਦੇ ਦੋ ਛੋਟੇ ਭਰਾ ਅਤੇ ਇਕ ਭੈਣ ਅਧਿਆਪਕ ਬਣ ਗਏ ਸਨ। ਮਾਂ ਦੇ ਮਨ ਵਿਚ ਇਕ ਚਸਕ ਜਰੂਰ ਪੈਦਾ ਹੁੰਦੀ ਸੀ ਕਿ ਉਹ ਪੜ੍ਹ ਨਹੀਂ ਸਕੀ। ਉਹ ਆਪਣੇ ਅਧੂਰੇ ਸੁਪਨਿਆਂ ਦੀ ਪੂਰਤੀ ਆਪਣੇ ਬੱਚਿਆਂ 'ਚੋਂ ਦੇਖਦੀ ਅਤੇ ਇਨ੍ਹਾਂ ਦੀ ਪੂਰਤੀ ਲਈ ਆਪਣੇ ਬੱਚਿਆਂ ਨੂੰ ਪ੍ਰੇਰਤ ਕਰਦੀ। ਇਹ ਉਸ ਦੀਆਂ ਅਪੂਰਨ ਸੱਧਰਾਂ ਦੀ ਤੀਖਣਤਾ ਦਾ ਅਸਰ ਹੀ ਸੀ ਕਿ ਆਪਣੇ ਸ਼ਰੀਕਾਂ ਦੇ ਵਿਰੋਧ ਦੇ ਬਾਵਜੂਦ ਬੱਚਿਆਂ ਦੀ ਪੜ੍ਹਾਈ ਵਿਚ ਵਿਘਨ ਨਹੀਂ ਸੀ ਪੈਣ ਦਿੱਤਾ। ਸਕੂਲ ਵਿਚ ਪੜ੍ਹਦੇ ਬੱਚਿਆਂ ਦੇ ਪਾਸ ਹੋਣ 'ਤੇ ਪਤਾਸੇ ਵੰਡਣ ਵਾਲੀ ਮਾਂ ਨੂੰ ਬੜੀ ਖੁਸ਼ੀ ਹੋਈ ਸੀ ਜਦ ਪੁੱਤ ਸੋਲਾਂ ਜਮਾਤਾਂ ਕਰਕੇ ਘਰ ਆਇਆ ਸੀ। ਭਾਵੇਂ ਬਾਅਦ ਵਿਚ ਉਸ ਦੇ ਮਨ ਵਿਚ ਕੁਝ ਉਦਾਸੀ ਅਤੇ ਸਰਕਾਰੀ-ਤੰਤਰ ਪ੍ਰਤੀ ਰੋਹ ਵੀ ਪੈਦਾ ਹੋਇਆ ਜਦ ਕੁਝ ਸਮੇਂ ਲਈ ਮੈਨੂੰ ਬੇਰੁਜ਼ਗਾਰ ਰਹਿਣਾ ਪਿਆ ਸੀ।

ਮਾਂ ਇਕ ਸੁੱਚਮ, ਨਿੱਘੀ ਆਗੋਸ਼। ਸੋਚ, ਸੂਹਜ ਤੇ ਸੰਵੇਦਨਾ ਦੀ ਸਿਰਜਣਹਾਰੀ। ਬਚਪਨੀ ਮਨ 'ਤੇ ਸੁਪਨਿਆਂ ਦੀ ਕਲਾ-ਨਿਕਾਸ਼, ਲੂਆਂ ਤੋਂ ਬਚਾਉਣ ਵਾਲੀ ਠੰਡਤੀ ਛਾਂ, ਅੰਬਰ ਵਾਂਗ ਫੈਲ ਕੇ ਬਲਾਵਾਂ ਟਾਲਣ ਵਾਲੀ ਕਾਇਨਾਤ, ਹਨੇਰੇ ਰਾਹਾਂ ਵਿਚ ਆਪਾ ਬਾਲ ਕੇ ਜੁਗਨੂੰ ਦੀ ਲੋਅ, ਪੀੜਾਂ ਹਰਨ ਤੇ ਜਖਮਾਂ ਨੂੰ ਭਰਨ ਵਾਲੀ ਦਵਾ, ਦੁਆ ਲਈ ਉਠੇ ਹੱਥ ਅਤੇ ਵਿਹੜੇ ਦਾ ਸਾਖਸ਼ਾਤ ਰੱਬ।

ਘਰ ਦੀ ਵੰਡ-ਵੰਡਾਈ ਹੋਈ ਤਾਂ ਮਾਂ ਨੇ ਬੱਚੜਿਆਂ ਨੂੰ ਸੁਰੱਖਿਅਤ ਆਲ੍ਹਣਾ ਦੇਣ ਲਈ ਘਾਟੇ 'ਚ ਰਹਿ ਕੇ ਵੀ ਪਿੰਡ ਵਿਚਲਾ ਘਰ ਲੈ ਲਿਆ। ਪਰ ਮੇਰੇ ਚੇਤਿਆਂ ਵਿਚ ਅੱਜ ਵੀ ਯਾਦ ਏ, 'ਤਾਏ ਵਲੋਂ ਪਿੰਡ ਵਿਚਲੇ ਘਰ ਦੀ ਇਕ ਕੋਠੜੀ 'ਤੇ ਜਬਰਨ ਲਾਇਆ ਜੰਦਰਾ ਕਿ ਪਹਿਲਾਂ ਹਿੱਸੇ ਦੇ ਪੈਸੇ ਦਿਓ। ਹਰ ਰੋਜ਼ ਦੀ ਖਿਚੋਤਾਣ। ਫਿਰ ਮਾਂ ਦਾ ਆਪਣੇ ਬਾਪ ਕੋਲੋਂ ਪੈਸੇ ਲੈ ਕੇ ਆਉਣਾ, ਸ਼ਰੀਕਾਂ ਦਾ ਹਿਸਾਬ ਚੁਕਤਾ ਕਰਨਾ ਅਤੇ ਨਿੱਤ ਦੇ ਕਲੇਸ਼ ਤੋਂ ਛੁਟਕਾਰਾ ਪਾਉਣਾ।'

ਸ਼ਰੀਕ ਕਦ ਕਿਸੇ ਨੂੰ ਟਿੱਕ ਕੇ ਕਦ ਬਹਿਣ ਦਿੰਦੇ ਨੇ? ਅਜਿਹਾ ਅਕਸਰ ਹੀ ਸ਼ਰੀਕੇ ਵਿਚ ਵਾਪਰਦਾ ਏ ਜਦ ਕਿਸੇ ਪਰਿਵਾਰ ਦੇ ਬੱਚੇ ਖੇਤੀ ਕਰਨ ਦੀ ਥਾਂ ਪੜ੍ਹਾਈ ਵਾਲੇ ਪਾਸੇ ਤੁਰ ਪੈਣ। ਸੰਜਮ ਨਾਲ ਚੱਲਦਿਆਂ ਬੱਚਿਆਂ ਨੂੰ ਪੜ੍ਹਾਉਣਾ, ਉਨ੍ਹਾਂ ਨੂੰ ਕੰਮ ਦੀ ਚੇਟਕ ਲਾਉਣ ਦੇ ਨਾਲ-ਨਾਲ ਪੜ੍ਹਾਈ ਵੱਲ ਧਿਆਨ ਦੇਣ ਲਈ ਉਤਸ਼ਾਹਿਤ ਕਰਨਾ ਅਤੇ ਕੰਧਾਂ ਨੂੰ ਘਰ ਬਣਾਉਣਾ-ਸਿਰਫ ਮਾਂ ਦਾ ਹੀ ਕਰਮ ਸੀ। ਹੁਣ ਤੱਕ ਯਾਦ ਏ ਸਕੂਲ ਨੂੰ ਜਾਣ ਤੋਂ ਪਹਿਲਾਂ ਖੂਹ 'ਤੇ ਹਲ ਵਾਹੁੰਦੇ ਬਾਪ ਨੂੰ ਰੋਟੀ ਦੇ ਕੇ ਅਤੇ ਉਥੋਂ ਪੱਠੇ ਲੈ ਕੇ ਆਉਣ ਲਈ ਮਾਂ ਨੇ ਸਾਨੂੰ ਸਾਝਰੇ ਹੀ ਤੋਰ ਦੇਣਾ। ਅੱਧੀ ਛੁੱਟੀ ਵੇਲੇ ਹਵੇਲੀ ਬੱਧੇ ਪਸ਼ੂਆਂ ਨੂੰ ਨਲਕਾ ਗੇੜ ਕੇ ਪਾਣੀ ਡਾਹੁਣਾ ਤੇ ਖੁਰਲੀਆਂ ਤੋਂ ਖੋਲ੍ਹ ਕੇ ਕਿੱਲਿਆਂ 'ਤੇ ਬੰਨ੍ਹਣਾ-ਨਿੱਤ ਦਾ ਕਰਮ ਹੁੰਦਾ ਸੀ। ਝੋਲੀ ਵਿਚ ਮੱਕੀ ਦੇ ਦਾਣੇ ਪਾ ਕੇ, ਘੰਟੀ ਵੱਜਣ ਤੋਂ ਪਹਿਲਾਂ ਸਕੂਲੇ ਮੁੜ ਜਾਣਾ ਸਾਡੀ ਆਦਤ ਤੇ ਮਜਬੂਰੀ ਸੀ। ਰਾਤ ਨੂੰ ਸਾਡੀ ਪੜ੍ਹਾਈ ਲਈ ਮਾਂ ਲਾਲਟੈਣ ਦਾ ਸ਼ੀਸ਼ਾ ਚਮਕਾ ਕੇ ਰੱਖਦੀ ਕਿਉਂਕਿ ਸਾਰੇ ਭੈਣ-ਭਰਾ ਇਕੋ ਲਾਲਟੈਣ ਦੁਆਲੇ ਬੈਠ ਕੇ ਪੜ੍ਹਦੇ ਹੁੰਦੇ ਸਾਂ। ਆਪੋ-ਆਪਣੇ ਕਮਰੇ ਜਾਂ ਪ੍ਰਾਈਵੇਸੀ ਤਾਂ ਉਸ ਸਮੇਂ ਕਿਸੇ ਦੇ ਚਿੱਤ-ਚੇਤੇ ਵੀ ਨਹੀਂ ਸੀ। ਮਾਂ ਵਲੋਂ ਪੜ੍ਹਾਈ ਦੇ ਨਾਲ ਘਰ ਦੇ ਕੰਮਾਂ ਵਿਚ ਹੱਥ ਵਟਾਉਣ ਦੀ ਬਿਰਤੀ ਨੂੰ ਅਚੇਤ ਰੂਪ ਵਿਚ ਬੱਚਿਆਂ ਦੇ ਮਸਤਕ ਵਿਚ ਟਿਕਾਉਣਾ ਸਾਰੇ ਬੱਚਿਆਂ ਦੀ ਅਜੋਕੀ ਜੀਵਨ-ਸ਼ੈਲੀ ਏ ਜੋ ਕ੍ਰਿਤ ਦਾ ਸੁੱਚਮ ਬਣ ਕੇ ਜੀਵਨ-ਅੰਗ ਬਣ ਗਈ ਏ।

ਮਾਂ ਆਪਣੇ ਬੱਚਿਆਂ ਪ੍ਰਤੀ ਮੋਹ ਦੇ ਨਾਲ-ਨਾਲ ਆਪਣੇ ਭਰਾਵਾਂ ਦਾ ਮਾਣ ਅਤੇ ਭਤੀਜਿਆਂ ਦਾ ਬਹੁਤ ਚਾਅ ਕਰਦੀ ਸੀ। ਪੁਰਾਣੇ ਸੰਸਕਾਰਾਂ ਨਾਲ ਪ੍ਰਣਾਈ ਮਾਂ ਆਪਣੀਆਂ ਪੋਤਰੀਆਂ ਜਾਂ ਭਤੀਜੀਆਂ ਦੇ ਜਨਮ ਵੇਲੇ ਬਹੁਤੀ ਖੁਸ਼ ਨਹੀਂ ਸੀ ਹੁੰਦੀ। ਕਈ ਵਾਰ ਮੈਨੂੰ ਵੀ ਕਹਿਣਾ, ਕਾਹਨੂੰ ਧੀਆਂ ਦੀ ਪੜ੍ਹਾਈ 'ਤੇ ਇੰਨਾ ਖਰਚ ਕਰਦਾ ਏਂ'? ਇਹ ਪੈਸੇ ਤੂੰ ਇਨ੍ਹਾਂ ਦੇ ਵਿਆਹ 'ਤੇ ਖਰਚ ਲਈਂ। ਫਿਰ ਮਾਂ ਨੂੰ ਸਮਝਾਉਣਾ ਕਿ ਹੁਣ ਸਮੇਂ ਬਦਲ ਗਏ ਨੇ। ਧੀਆਂ ਦਾ ਚੰਗੇ ਪੜ੍ਹੇ-ਲਿਖੇ ਹੋਣਾ ਬਹੁਤ ਜਰੂਰੀ ਏ। ਤੁਹਾਡੇ ਸਮੇਂ ਹੋਰ ਸਨ। ਪਰ ਜਦ ਉਸ ਦੀਆਂ ਪੋਤਰੀਆਂ ਡਾਕਟਰ ਬਣ ਗਈਆਂ ਤਾਂ ਉਹ ਬਹੁਤ ਖੁਸ਼ ਸੀ।

ਮਾਂ ਦਾ ਇਕ ਹੋਰ ਰੂਪ ਵੀ ਧੀਆਂ ਅਤੇ ਪੁੱਤਾਂ ਦਰਮਿਆਨ ਆਪਸੀ ਸਬੰਧਾਂ ਨੂੰ ਮਜਬੂਤੀ ਅਤੇ ਸਦੀਵਤਾ ਬਖਸ਼ਣ ਵਿਚ ਬਹੁਤ ਅਹਿਮ ਸੀ। ਉਹ ਵਿਆਹ ਤੋਂ ਬਾਅਦ ਆਪਣੀਆਂ ਧੀਆਂ ਨਾਲ ਪਿਆਰ ਤਾਂ ਕਰਦੀ ਪਰ ਉਨ੍ਹਾਂ ਨੂੰ ਨੂੰਹਾਂ/ਪੁੱਤਾਂ ਨਾਲੋਂ ਜ਼ਿਆਦਾ ਅਹਿਮੀਅਤ ਨਹੀਂ ਸੀ ਦਿੰਦੀ। ਜਿਵੇਂ ਅਕਸਰ ਹੀ ਮਾਂਵਾਂ ਆਪਣੀਆਂ ਧੀਆਂ ਨੂੰ ਪੁੱਤਾਂ ਤੇ ਨੂੰਹਾਂ ਤੋਂ ਲੁਕੋ ਕੇ ਕੁਝ ਨਾ ਕੁਝ ਦਿੰਦੀਆਂ ਰਹਿੰਦੀਆਂ ਨੇ ਜਾਂ ਧੀਆਂ ਨਾਲ ਰਲ ਕੇ ਘਰ ਵਿਚ ਨਵੇਂ ਬਿਖੇੜੇ ਖੜ੍ਹੇ ਕਰਦੀਆਂ ਨੇ। ਪਰ ਮਾਂ ਜੇ ਕੁਝ ਦਿੰਦੀ ਵੀ ਸੀ ਤਾਂ ਸਭ ਦੇ ਸਾਹਮਣੇ। ਧੀਆਂ ਜਾਂ ਪੁੱਤਾਂ ਨੂੰ ਵਰਜਣ/ਝਿੜਕਣ ਵੇਲੇ ਉਹ ਕਿਸੇ ਕਿਸਮ ਦਾ ਲਿਹਾਜ ਨਹੀਂ ਸੀ ਕਰਦੀ। ਹਰ ਇਕ ਨੂੰ ਟਿਕਾਣੇ ਸਿਰ ਹੀ ਰੱਖਦੀ।

ਘਰ ਵਿਚ ਗੋਹਾ ਕੂੜਾ ਕਰਨ ਵਾਲੀ ਤਾਈ ਚਿੰਤੀ ਨਾਲ ਮਾਂ ਦੀ ਬਹੁਤ ਕਰੀਬੀ ਸਾਂਝ ਸੀ। ਉਹ ਭੈਣਾਂ ਵਾਂਗ ਦੁੱਖ-ਸੁੱਖ ਸਾਂਝਾ ਕਰਦੀਆਂ ਅਤੇ ਕਦੇ ਕਦਾਈਂ ਨੋਕ-ਝੋਕ ਵੀ ਹੁੰਦੀ। ਕਈ ਵਾਰ ਤਾਂ ਤਾਈ ਚਿੰਤੀ ਇਥੋਂ ਤੀਕ ਕਹਿ ਦਿੰਦੀ ਕਿ ਪੀਤੋ ਚੁੱਪ ਕਰ ਕੇ ਬੈਠੀ ਰਹੁ, ਬਖਸ਼ੀ ਤਾਂ ਮੇਰਾ ਪੁੱਤ ਏ ਅਤੇ ਇਸ ਦੇ ਵਿਆਹ ਵੇਲੇ ਮੈਂ ਹੀ ਪਾਣੀ ਵਾਰ ਕੇ ਪੀਣਾ ਏ। ਇਹ ਪੁਰ-ਖਲੂਸ ਸਬੰਧ ਅਤੇ ਅਪਣੱਤ ਸਾਡੀ ਸੋਚ ਵਿਚ ਉਸਾਰੂ ਪ੍ਰਭਾਵ ਪੈਦਾ ਕਰਨ ਵਿਚ ਸਹਾਈ ਹੋਈ। ਹੁਣ ਤੀਕ ਯਾਦ ਏ ਕਿ ਜਦ ਵਿਆਹ ਤੋਂ ਬਾਅਦ ਮੈਂ ਆਪਣੀ ਨਵ-ਵਿਆਹੀ ਪਤਨੀ ਨਾਲ ਤਾਈ ਚਿੰਤੀ ਦੇ ਘਰ ਗਿਆ ਤਾਂ ਉਸ ਨੇ ਨਵੇਂ ਵਿਆਹੇ ਨੂੰਹ-ਪੁੱਤ ਵਾਂਗ ਹੀ ਸਾਡਾ ਬੜਾ ਮਾਣ ਕੀਤਾ ਸੀ। ਘਰ ਦੀ ਸਵਾਣੀ ਦੇ ਲਾਗੀਆਂ ਨਾਲ ਚੰਗੇਰੇ ਸਬੰਧ, ਪਿੰਡ ਵਿਚ ਸੋਹਬਤ ਬਖਸ਼ਦੇ ਨੇ ਜਦ ਕਿ ਉਨ੍ਹਾਂ ਨਾਲ ਵਿਗਾੜ, ਤੁਹਾਡੀ ਭੰਡੀ ਵੀ ਕਰਵਾ ਸਕਦਾ ਏ।


ਪਿੰਡ ਵਿਚ ਰਹਿੰਦੀ ਮਾਂ ਲਈ ਇਹ ਅਣਹੋਣੀ ਸੀ ਕਿ ਵਿਆਹ ਤੋਂ ਬਾਅਦ ਮੇਰੀ ਪਤਨੀ ਮੇਰੇ ਨਾਲ ਨੌਕਰੀ ਵਾਲੀ ਜਗ੍ਹਾ 'ਤੇ ਰਹੇ। ਜਦ ਅਸੀਂ ਆਪਣਾ ਆਲ੍ਹਣਾ ਬਣਾਉਣ ਲਈ ਘਰ ਨੂੰ ਅਲਵਿਦਾ ਕਹੀ ਤਾਂ ਮਾਂ ਬਹੁਤ ਉਦਾਸ ਸੀ। ਅਸਲ ਵਿਚ ਪਿੰਡ ਵਿਚ ਰਹਿੰਦੀਆਂ ਸੱਸਾਂ ਦੀ ਸੋਚ ਵਿਚ ਨੂੰਹ ਸਿਰਫ ਸਹੁਰੇ ਘਰ ਰਹਿਣ ਲਈ ਹੁੰਦੀ ਏ। ਪੁੱਤ ਬਾਹਰੋਂ ਕਮਾਈ ਕਰਕੇ ਲਿਆਉਣ ਲਈ। ਕਈ ਵਾਰ ਉਸ ਨੇ ਉਲਾਹਮਾ ਵੀ ਦੇਣਾ ਕਿ ਤੂੰ ਵੀ ਤਾਂ ਪਿੰਡ ਵਿਚ ਰਹਿ ਕੇ ਪੜ੍ਹ ਹੀ ਗਿਆ ਸੀ। ਤੇਰੇ ਬੱਚੇ ਵੀ ਆਪੇ ਪਿੰਡ ਦੇ ਸਕੂਲ ਵਿਚ ਪੜ੍ਹ ਜਾਣਗੇ। ਉਹ ਤਾਂ ਕਪੂਰਥਲੇ ਵਿਚ ਘਰ ਬਣਾਉਣ ਤੋਂ ਵੀ ਖਾਸੀ ਦੁਖੀ ਸੀ, ਕਿਉਂਕਿ ਉਸ ਦੀ ਚਾਹਨਾ ਸੀ ਕਿ ਉਸ ਦਾ ਪੁੱਤ ਪਿੰਡ ਵਿਚ ਹੀ ਘਰ ਪਾਵੇ। ਪਰ ਬਾਅਦ ਵਿਚ ਉਸ ਨੂੰ ਚੰਗਾ ਲੱਗਦਾ ਸੀ ਕਿ ਉਸ ਦਾ ਵੀ ਸ਼ਹਿਰ ਵਿਚ ਰਹਿਣ ਦਾ ਟਿਕਾਣਾ ਬਣ ਗਿਆ ਏ। ਉਹ ਸ਼ਹਿਰ ਆ ਕੇ ਹਫਤਾ-ਹਫਤਾ ਰਹਿ ਹੀ ਜਾਂਦੀ ਸੀ।

ਮਾਂ ਨੂੰ ਪੀਐਚ.ਡੀ/ਪ੍ਰੋਫੈਸਰੀ ਨਾਲ ਕੋਈ ਬਹੁਤਾ ਸਰੋਕਾਰ ਨਹੀਂ ਸੀ, ਸ਼੍ਰੋਮਣੀ ਸਾਹਿਤਕਾਰ ਅਵਾਰਡ ਨਾਲ ਤਾਂ ਕੋਈ ਲੈਣਾ-ਦੇਣਾ ਕੀ ਹੋਣਾ ਸੀ। ਉਸ ਦਾ ਸਰੋਕਾਰ ਤਾਂ ਸਿਰਫ ਪੁੱਤ ਦੀ ਪ੍ਰੋਫੈਸਰੀ ਜਾਂ ਮਾਂ ਦੇ ਆਖੇ ਕਿਸੇ ਜਾਣਕਾਰ ਦੇ ਕੰਮ ਆਉਣ ਤੱਕ ਹੀ ਸੀਮਤ ਸੀ।

ਮਾਂ ਦਾ ਆਪਣੇ ਪੋਤੇ-ਪੋਤਰੀਆਂ, ਦੋਹਤੇ-ਦੋਹਤੀਆਂ ਅਤੇ ਭਤੀਜੇ-ਭਤੀਜੀਆਂ ਨਾਲ ਬਹੁਤ ਮੋਹ ਸੀ। ਉਹ ਉਸ ਨਾਲ ਟਿੱਚਰਾਂ ਕਰਦੇ ਅਤੇ ਆਪਣੇ ਕੋਲ ਹੋਰ ਕੁਝ ਦਿਨ ਰਹਿਣ ਲਈ ਮਜਬੂਰ ਕਰਦੇ ਹੀ ਰਹਿੰਦੇ। ਜੇ ਮਾਂ ਨਾ ਮੰਨਦੀ ਤਾਂ ਜਾਂ ਉਸ ਦੀ ਖੂੰਡੀ ਲੁਕੋ ਲੈਂਦੇ ਜਾਂ ਉਸ ਦਾ ਝੋਲਾ ਲੁਕੋ ਕੇ ਆਪ ਸਕੂਲ ਚਲੇ ਜਾਂਦੇ। ਮਾਂ ਉਪਰੋਂ ਕੁੜ੍ਹਦੀ, ਉਨ੍ਹਾਂ ਦੀ ਸਕੂਲੋਂ ਆਉਣ ਤੱਕ ਉਡੀਕ ਕਰਦੀ। ਬੱਚੇ ਸਕੂਲੋਂ ਆ ਕੇ ਵੀ ਆਪਣੀ ਜ਼ਿੱਦ ਤੋਂ ਨਾ ਟੱਲਦੇ। ਉਸ ਦੀ ਆਖਰੀ ਬੱਸ ਦਾ ਸਮਾਂ ਨਿਕਲ ਜਾਂਦਾ ਤੇ ਮਾਂ ਨੂੰ ਇਕ ਦਿਨ ਹੋਰ ਰਹਿਣਾ ਪੈਂਦਾ।

ਮਾਂ ਸੁੱਚੀਆਂ ਭਾਵਨਾਵਾਂ ਦੀ ਤਸ਼ਬੀਹ, ਮਾਨਵੀ ਕਰਮ ਦੀ ਰਚੈਤਾ, ਦੁਆਵਾਂ ਲਈ ਜੁੜੇ ਹੱਥ, ਅਕੀਦਤ ਕਰੇਂਦੇ ਸੁੱਚੇ ਬੋਲ, ਅੰਤਰ-ਆਤਮਾ 'ਚੋਂ ਸ਼ੁਭ-ਇਛਾਵਾਂ ਦਾ ਫੁਹਾਰਾ, ਸਰਬੱਤ ਦੇ ਭਲੇ ਦੀ ਅਰਦਾਸ, ਡਿੱਗੇ ਲਈ ਧਰਵਾਸ, ਬੇਆਸਰੇ ਲਈ ਅੰਗੁਰੀ-ਆਸ, ਬਨੇਰਿਆਂ ਦਾ ਚਿਰਾਗ ਤੇ ਵਿਹੜੇ ਦੇ ਭਾਗ।

ਮੇਰਾ ਪਰਿਵਾਰ ਸਮੇਤ ਕੈਨੇਡਾ ਆਉਣ ਦਾ ਜਦ ਮਾਂ ਨੂੰ ਪਤਾ ਲੱਗਾ ਤਾਂ ਮਾਂ ਬਹੁਤ ਉਦਾਸ ਹੋਈ। ਉਸ ਨੂੰ ਝੋਰਾ ਸੀ ਕਿ ਉਸ ਦਾ ਪ੍ਰੋਫੈਸਰ ਪੁੱਤ ਕੈਨੇਡਾ ਵਿਚ ਜਾ ਕੇ ਰੁਲ ਜਾਵੇਗਾ। ਉਸ ਦੀਆਂ ਡਿਗਰੀਆਂ ਅਤੇ ਰੁਤਬੇ ਕੀਹਨੇ ਪੁੱਛਣੇ ਨੇ? ਝੋਰਾ ਇਸ ਗੱਲ ਦਾ ਵੀ ਸੀ ਕਿ ਹੁਣ ਉਹ ਮਿਲਣ ਵਾਲੇ ਨੂੰ ਕੀ ਕਹੇਗੀ ਕਿ ਉਸ ਦਾ ਪੁੱਤ ਪ੍ਰੋਫੈਸਰੀ ਛੱਡ ਕੇ ਕੈਨੇਡਾ ਚਲੇ ਗਿਆ ਏ। ਉਸ ਨੂੰ ਇਹ ਵੀ ਦੁੱਖ ਸੀ ਕਿ ਉਸ ਦੀ ਕੈਨੇਡਾ ਰਹਿੰਦੀ ਭੈਣ (ਮੇਰੀ ਮਾਸੀ) ਵਾਂਗ, ਇਸ ਨੇ ਵੀ ਕਈ ਕਈ ਸਾਲ ਪਿੰਡ ਨਹੀਂ ਪਰਤਣਾ। ਉਹ ਵਿਦੇਸ਼ ਰਹਿੰਦਿਆਂ ਰਿਸ਼ਤਿਆਂ ਵਿਚ ਪੈਂਦੀਆਂ ਦੂਰੀਆਂ ਅਤੇ ਅਜਿੱਜਤਾ ਤੋਂ ਬਹੁਤ ਡਰਦੀ ਸੀ। ਵੈਸੇ ਮਾਂ ਨੇ ਮੇਰੀ ਪੜ੍ਹਾਈ ਸਮੇਂ ਇੰਗਲੈਂਡ ਰਹਿੰਦੀ ਗੁਆਂਢਣ ਸਹੇਲੀ ਅਤੇ ਕੈਨੇਡਾ 'ਚ ਬੈਠੀ ਆਪਣੀ ਭੈਣ ਦੇ ਬੜੇ ਤਰਲੇ ਲਏ ਸਨ ਕਿ ਮੇਰੇ ਮੁੰਡੇ ਨੂੰ ਵਿਆਹ ਜਾਂ ਪੜ੍ਹਾਈ ਦੇ ਬਹਾਨੇ ਬਾਹਰ ਲੰਘਾ ਲਓ। ਪਰ ਉਸ ਦੀ ਇਹ ਕਾਮਨਾ ਉਸ ਸਮੇਂ ਦਿਲ ਵਿਚ ਹੀ ਧਰੀ-ਧਰਾਈ ਰਹਿ ਗਈ ਸੀ ਕਿਉਂਕਿ ਬਹੁਤ ਵਿਰਲਿਆਂ ਦੇ ਮਨਾਂ ਵਿਚ ਹੀ ਕਿਸੇ ਦਾ ਕੁਝ ਸੰਵਾਰਨ ਦੀ ਚਾਹਨਾ ਹੁੰਦੀ ਏ। ਜ਼ਿਆਦਾਤਰ ਲੋਕ ਈਰਖਾ ਹੀ ਕਰ ਸਕਦੇ ਨੇ। ਪਰ ਸਾਡੇ ਪਰਦੇਸ ਜਾਣ ਵੇਲੇ ਉਸ ਦੇ ਮਨ ਦੀ ਕਿਸੇ ਨੁੱਕਰੇ ਉਸ ਨੂੰ ਇਸ ਗੱਲ ਦਾ ਅਦਿੱਖ ਫਖਰ ਵੀ ਸੀ ਕਿ ਮੇਰਾ ਪੁੱਤ ਆਪਣੇ ਬਲਬੂਤੇ 'ਤੇ ਬਾਹਰ ਜਾ ਰਿਹਾ ਏ।



*ਮਾਂਵਾਂ ਠੰਡੀਆਂ ਛਾਂਵਾਂ...ਮਾਤਾ ਪ੍ਰੀਤਮ ਕੌਰ*

ਪਿੰਡ ਤੋਂ ਸ਼ਹਿਰ ਅਤੇ ਸ਼ਹਿਰ ਤੋਂ ਵਿਦੇਸ਼ ਦਾ ਪਰਵਾਸ ਹੰਢਾਉਂਦਿਆਂ ਮਾਂ ਦੇ ਮਨ ਵਿਚ ਆਪਣੇ ਪੁੱਤ ਤੇ ਪਰਿਵਾਰ ਨੂੰ ਮਿਲਣ ਦੀ ਤੜਪ, ਮਾਂ-ਪੁੱਤ ਦੇ ਲਾਸਾਨੀ ਰਿਸ਼ਤੇ ਵਿਚਲੀ ਪਾਕੀਜ਼ਗੀ, ਇਕ ਕਵਿਤਾ ਬਣ ਕੇ, ਉਡੀਕ ਵਿਚ ਨਮ ਹੋਈਆਂ ਮਾਂ ਦੀਆਂ ਅੱਖਾਂ ਨੂੰ ਅਕੀਦਤ ਸੀ:

ਮੈਂ
ਕਦੇ ਕਦੇ ਪਿੰਡ ਫੋਨ ਕਰਦਾ ਹਾਂ
ਭਰਾ ਫੋਨ ਚੁੱਕਦਾ
ਉਸ ਦੀ ਅਵਾਜ਼ ਡਰਦੀ
ਮਤਾਂ ਭਰਾ ਜਮੀਨ ਦੀ ਵੰਡ-ਵੰਡਾਈ
ਜਾਂ ਘਰ 'ਚ ਉਗਣ ਵਾਲੀ
ਕੰਧ ਦਾ ਜ਼ਿਕਰ ਛੇੜੇ।
ਰਸਮੀ ਰਾਜੀ-ਖੁਸ਼ੀ ਤੋਂ ਬਾਅਦ
ਗੱਲਾਂ ਮੁੱਕ ਜਾਂਦੀਆਂ
ਤੇ ਫੋਨ ਬੰਦ ਹੋ ਜਾਂਦਾ।

ਕਦੇ ਭਰਜਾਈ ਫੋਨ ਚੁੱਕ ਲਵੇ
ਤਾਂ ਉਸ ਦੇ ਲਹਿਜੇ 'ਚ ਸ਼ਰੀਕ ਉਗ ਪੈਂਦੇ
ਬੋਲਾਂ ਨੂੰ ਨਜ਼ਰ ਲੱਗ ਜਾਂਦੀ
ਤੇ ਫੋਨ ਬੰਦ ਹੋ ਜਾਂਦਾ।

ਕਦੇ ਬਾਪੂ ਦਾ ਕੰਬਦਾ ਹੱਥ
ਫੋਨ 'ਤੇ ਪਹੁੰਚ ਜਾਂਦਾ
ਤਾਂ ਉਹ ਪੋਤੇ-ਪੋਤਰੀ ਦਾ
ਹਾਲ-ਚਾਲ ਪੁੱਛਦਿਆਂ-ਪੁੱਛਦਿਆਂ
ਰਸੀਵਰ ਵਿਚ ਹਉਕਾ ਧਰ ਜਾਂਦਾ
ਤੇ ਫੋਨ ਬੰਦ ਹੋ ਜਾਂਦਾ।

ਕਦੇ-ਕਦਾਈਂ
ਜੇ ਘਰ ਦੇ ਸਾਰੇ ਜੀਅ
ਕੰਮਾਂ ਕਾਰਾਂ ਵਿਚ ਰੁੱਝੇ ਹੁੰਦੇ ਤਾਂ ਫੋਨ
ਮੰਜੇ ਨਾਲ ਮੰਜਾ ਹੋਈ ਮਾਂ ਕੋਲ ਹੁੰਦਾ
ਮਾਂ ਫੋਨ ਚੁੱਕਦੀ
ਤੇ ਅਵਾਜ਼ ਪਛਾਣ ਕੇ ਪੁੱਛਦੀ
ਵੇ ਪੁੱਤ ਕਦੋਂ ਆਵੇਂਗਾ?...
ਤੇ ਮੇਰੇ ਹੱਥੋਂ ਫੋਨ ਡਿਗ ਪੈਂਦਾ।

ਮਾਂ ਕੋਮਲ-ਭਾਵੀ, ਪਰਿਵਾਰ ਦਾ ਸੁਘੜ ਸਿਰਨਾਵਾਂ, ਚਾਅ ਦਾ ਥਿਰਕਦਾ ਪੈਰ, ਖੁਸ਼ੀ ਵਿਚ ਗੁੱਝੇ ਬੋਲ, ਘਾਲਣਾ ਦਾ ਰੰਗ, ਪ੍ਰਾਪਤੀ ਦੀ ਨਿਮਰਤਾ, ਮਾਨਵੀ ਸੋਚ ਦਾ ਸਤੰਭ, ਅਪਣੱਤ ਦਾ ਸੂਰਜੀ ਬਿੰਬ, ਚੌਂਕੇ ਦੀ ਰੌਣਕ, ਘਰ ਦੇ ਅਸੀਮ ਅਰਥਾਂ ਦਾ ਪ੍ਰਵਾਹ, ਦਰੀਂ ਉਛਲਦਾ ਚਾਅ, ਦਰਵਾਜੇ ਵਿਚ ਡੋਲ੍ਹੇ ਜਾਣ ਵਾਲੇ ਪਾਣੀ ਤੇ ਚੋਏ ਤੇਲ ਵਿਚਲੀ ਰਮਜ਼ ਅਤੇ ਅਦਿੱਖ ਰੂਪ ਵਿਚ ਵਾਪਰ ਰਹੀ ਹਰ ਕ੍ਰਿਆ ਦੀ ਸੂਖਮ-ਸਮਝ।

ਪੋਤਰੀਆਂ ਦੇ ਜਨਮ ਵੇਲੇ ਪੀੜਤ ਹੋਣ ਵਾਲੀ ਮਾਂ, ਆਪਣੀਆਂ ਪੋਤਰੀਆਂ ਨੂੰ ਬਹੁਤ ਪਿਆਰ ਕਰਦੀ ਸੀ। ਉਸ ਦੀਆਂ ਪੋਟਲੀਆਂ ਅਤੇ ਗੰਢਾਂ ਦਾ ਪਤਾ ਸਿਰਫ ਉਸ ਦੀਆਂ ਪੋਤੀਆਂ ਨੂੰ ਹੀ ਹੁੰਦਾ ਸੀ, ਨੂੰਹਾਂ ਨੂੰ ਨਹੀਂ। ਜਦ ਐਕਸੀਡੈਂਟ ਦੌਰਾਨ ਅੱਠਵੀਂ ਵਿਚ ਪੜ੍ਹਦੀ ਉਸ ਦੀ ਇਕ ਪੋਤਰੀ ਦੀ ਮੌਤ ਹੋ ਗਈ ਤਾਂ ਮਾਂ ਲਈ ਇਹ ਸਦਮਾ ਬਰਦਾਸ਼ਤ ਤੋਂ ਬਾਹਰਾ ਸੀ। ਬੜਾ ਸਮਾਂ ਲੱਗਾ ਸੀ ਮਾਂ ਨੂੰ ਸਹਿਜ ਹੋਣ ਵਿਚ। ਇਹ ਗਮ ਇਕ ਗੋਲਾ ਬਣ ਕੇ ਉਸ ਦੇ ਅੰਦਰ ਹੀ ਬਹਿ ਗਿਆ ਜਿਸ ਨੇ ਉਸ ਨੂੰ ਹੌਲੀ ਹੌਲੀ ਅੰਦਰੋਂ ਖੋਖਲਾ ਕਰ ਦਿੱਤਾ।

ਮਾਂ ਸਾਰੀ ਉਮਰ ਅਰੋਗ ਰਹੀ। ਉਸ ਨੂੰ ਕਦੇ ਵੀ ਕੋਈ ਬਿਮਾਰੀ ਨਹੀਂ ਸੀ ਲੱਗੀ ਅਤੇ ਨਾ ਹੀ ਉਹ ਕੋਈ ਦਵਾਈ ਖਾਂਦੀ ਸੀ। ਮਾਂ ਨੇ ਬੁਢੇਪੇ ਨੂੰ ਆਪਣੇ ਰੰਗ-ਢੰਗ ਨਾਲ ਹੀ ਹੰਢਾਇਆ ਤੇ ਮਾਣਿਆ। ਜਦ ਜੀਅ ਕਰਨਾ ਆਪਣਾ ਝੋਲਾ ਚੁੱਕਣਾ ਅਤੇ ਪਿੰਡ ਰਹਿੰਦੇ ਮੁੰਡਿਆਂ ਨੂੰ ਹੁਕਮ ਕਰਨਾ ਕਿ ਮੈਨੂੰ ਬੱਸੇ ਚੜ੍ਹਾ ਦਿਓ। ਮੈਂ ਆਪੇ ਬੱਸ ਅੱਡੇ ਤੋਂ ਰਿਕਸ਼ਾ ਲੈ ਕੇ ਪ੍ਰੋਫੈਸਰ ਦੇ ਘਰ ਚਲੇ ਜਾਵਾਂਗੀ। ਦੋ-ਚਾਰ ਦਿਨ ਮੇਰੇ ਕੋਲ ਰਹਿ, ਕਦੇ ਪੇਕਿਆਂ ਦੇ, ਕਦੇ ਇਕ ਧੀ ਅਤੇ ਕਦੇ ਦੂਜੀ ਧੀ ਕੋਲ ਚਲੇ ਜਾਣਾ। ਦਸੀਂ-ਪੰਦਰੀਂ ਦਿਨੀਂ ਪਿੰਡ ਮੁੜਨਾ। ਬਜੁਰਗੀ ਵਿਚ ਮਾਂ ਦੇ ਮਹਾਂ-ਕਾਰਜਾਂ

(ਬਾਕੀ ਅਗਲੇ ਸਫੇ 'ਤੇ)

ਵਿਚ ਹਰ ਰੋਜ਼ ਸੁਵਖਤੇ ਪਿੰਡ ਦੇ ਗੁਰਦੁਆਰੇ ਜਾਣ ਦਾ ਆਹਰ, ਬਿਆਸ ਸਤਿਸੰਗ 'ਤੇ ਜਾਣ ਦਾ ਹਫਤਾਵਰੀ ਨਿਯਮ ਜਾਂ ਮਰਨੇ-ਪਰਨੇ 'ਤੇ ਜਾਣਾ ਸ਼ਾਮਲ ਸਨ।

ਮਾਂ ਸ਼ਹਿਰ ਤਾਂ ਆ ਜਾਂਦੀ ਸੀ ਪਰ ਸ਼ਹਿਰ ਵਿਚ ਆ ਕੇ ਵੀ ਉਹ ਘਰ ਟਿਕ ਕੇ ਘੱਟ ਹੀ ਬੈਠਦੀ। ਸਾਡੀ ਪੱਤੀ ਦੇ ਕੁਝ ਸਰਦੇ-ਪੁੱਜਦੇ ਪਰਿਵਾਰ ਆਪਣੇ ਬੱਚਿਆਂ ਨੂੰ ਚੰਗੇਰੀ ਵਿਦਿਆ ਦੇਣ ਅਤੇ ਉਨ੍ਹਾਂ ਦੇ ਵਧੀਆ ਭਵਿੱਖ ਲਈ ਕਪੂਰਥਲੇ ਆ ਗਏ ਸਨ। ਮਾਂ ਆਪਣੀਆਂ ਹਮ-ਉਮਰ ਸਹੇਲੀਆਂ ਨੂੰ ਮਿਲਣ ਦੀ ਤਾਂਘ ਮਨ ਵਿਚ ਪਾਲ ਅਕਸਰ ਹੀ ਮੈਨੂੰ ਕਹਿੰਦੀ ਕਿ ਕਾਲਜ ਜਾਣ ਵੇਲੇ ਫਲਾਣੇ ਦੇ ਘਰ ਛੱਡ ਜਾਈਂ। ਮੈਂ ਆਪੇ ਵਾਪਸ ਆ ਜਾਊਂ। ਉਸ ਨੇ ਗੱਲਾਂ ਦਾ ਗੁਬਾਰ ਸਾਥਣਾਂ ਨਾਲ ਕੱਢਣਾ ਅਤੇ ਫਿਰ ਮਾਨਸਿਕ ਤੌਰ 'ਤੇ ਸੁਰਖਰੂ ਹੋ ਘਰ ਆ ਜਾਣਾ। ਢਲਦੀ ਉਮਰ ਨਾਲ ਮਾਂ ਨੇ ਖਾਣਾ ਬਹੁਤ ਘੱਟ ਕਰ ਦਿੱਤਾ ਪਰ ਖਾਂਦੀ ਥੋੜ੍ਹਾ, ਆਪਣੀ ਮਰਜੀ ਦਾ ਤੇ ਵਧੀਆ। ਵੱਡੀ ਨੂੰਹ ਯਾਨਿ ਮੇਰੀ ਪਤਨੀ ਨਾਲ ਉਸ ਦੀ ਖਾਸੀ ਬਣਦੀ ਸੀ। ਉਸ ਨੇ ਕਹਿਣਾ, ਧੀਏ ਮੈਂ ਬੈਠੀ ਤਾਂ ਰਹਿੰਦੀ ਹਾਂ, ਜ਼ਿਆਦਾ ਖਾਣਾ ਪਚੇਗਾ ਕਿਵੇਂ? ਦਰਅਸਲ ਬਜੁਰਗਾਂ ਦਾ ਆਪਣੇ ਖਾਣੇ, ਮਨ ਅਤੇ ਸਮੁੱਚ 'ਤੇ ਕੰਟਰੋਲ ਹੁੰਦਾ ਏ। ਸੰਜਮ ਨਾਲ ਰਹਿਣ, ਜਿਉਣ ਅਤੇ ਖਾਣ ਵਾਲੇ ਬਜੁਰਗ ਹੀ ਵਡੇਰੀ ਉਮਰ ਦੇ ਰਾਜ਼ਦਾਨ ਹੁੰਦੇ ਨੇ।

ਆਪਣੀ ਪੋਤਰੀ, ਦੋਹਤੇ ਤੇ ਭਤੀਜੇ-ਭਤੀਜੀਆਂ ਦੇ ਵਿਆਹ ਦਾ ਉਸ ਨੂੰ ਬੜਾ ਚਾਅ ਹੁੰਦਾ। ਹਰ ਰਸਮ ਦੀ ਬਹੁਤ ਹੀ ਬਾਰੀਕੀ ਨਾਲ ਨਿਗਰਾਨੀ ਕਰਦੀ ਤੇ ਹਰ ਰਵਾਇਤ ਨਿਭਾਉਣ ਵਿਚ ਮੋਹਰੀ ਹੁੰਦੀ। ਉਸ ਨੇ ਆਪਣੇ ਛੋਟੇ ਭਤੀਜੇ ਨੂੰ ਅਕਸਰ ਹੀ ਕਹਿਣਾ ਕਿ ਮੇਰੇ ਜਿਉਂਦੇ-ਜੀਅ ਵਿਆਹ ਕਰਵਾ ਲੈ। ਫਰਵਰੀ 2010 ਨੂੰ ਉਸ ਦੇ ਵਿਆਹ ਵਿਚ ਅੱਧੀ ਰਾਤ ਤੱਕ ਗਿੱਧੇ 'ਚ ਖੂੰਡੀ ਖੜਕਾਉਂਦੀ ਰਹੀ। ਵਿਆਹ ਤੋਂ ਬਾਅਦ ਕਪੂਰਥਲੇ ਆਈ ਤਾਂ ਮੈਨੂੰ ਕਹਿਣ ਲੱਗੀ ਕਿ ਮੈਂ ਪਿੰਡ ਜਾਣਾ ਏ ਅਤੇ ਭਤੀਜੇ ਦੇ ਵਿਆਹ ਦੀ ਭਾਜੀ ਵੰਡਣੀ ਏ। ਮੈਂ ਲਾਰੇ ਲਾ ਕੇ ਅਟਕਾਉਣ ਦੀ ਬੜੀ ਕੋਸ਼ਿਸ਼ ਕੀਤੀ। ਪਰ ਉਹ ਆਪਣੀ ਜਿੱਦ 'ਤੇ ਅੜੀ ਰਹੀ ਕਿਉਂਕਿ ਉਹ ਆਪਣੇ ਸ਼ਰੀਕੇ ਵਿਚ ਭਾਜੀ ਵੰਡ ਕੇ ਵੱਡਾ ਹੋਣਾ ਚਾਹੁੰਦੀ ਸੀ। ਮੇਰੇ ਨਾਲ ਐਤਵਾਰ ਨੂੰ ਪਿੰਡ ਜਾ ਕੇ ਆਪਣੇ ਹੱਥੀਂ ਲਾਗੀ ਰਾਹੀਂ ਵਿਆਹ ਦੀ ਭਾਜੀ ਵੰਡੀ। ਤੀਜੇ ਦਿਨ ਬਿਮਾਰ ਹੋਣ ਕਾਰਨ ਫਿਰ ਸ਼ਹਿਰ ਆ ਗਈ। ਡਾਕਟਰਾਂ ਨੇ ਬਥੇਰੀ ਵਾਹ ਲਾਈ ਪਰ ਦੋ ਦਿਨ ਬਾਅਦ ਆਪਣੀ ਪਲੇਠੀ ਨੂੰਹ ਅਤੇ ਗੱਭਲੇ ਪੁੱਤ ਦੇ ਹੱਥਾਂ ਵਿਚ ਸਦੀਵੀ ਵਿਛੋੜਾ ਦੇ ਗਈ। ਸ਼ਾਇਦ ਆਪਣੇ ਭਤੀਜੇ ਦਾ ਵਿਆਹ ਕਰਕੇ ਹੀ ਮਾਂ ਮੌਤ ਨੂੰ ਅਟਕਾਈ ਬੈਠੀ ਸੀ। ਮਾਂ ਦੀ ਮੌਤ ਸਮੁੱਚੇ ਪਰਿਵਾਰ ਨੂੰ ਅਸੀਸ-ਰੂਪੀ ਛਤਰੀ ਤੋਂ ਸਦਾ ਲਈ ਮਹਿਰੂਮ ਕਰ ਗਈ ਜੋ ਹਰ ਬਲਾਅ ਨੂੰ ਆਪਣੇ ਪਿੰਡੇ 'ਤੇ ਲੈ ਲੈਂਦੀ ਸੀ।

ਮੇਰੀ ਪੜ੍ਹਾਈ/ਨੌਕਰੀ ਦਾ ਚਾਅ ਤਾਂ ਮਾਂ ਨੇ ਰੱਜ ਕੇ ਕੀਤਾ ਅਤੇ ਮਾਣਿਆ। ਪਰ ਉਸ ਨੂੰ ਬਹੁਤ ਘੱਟ ਪਤਾ ਸੀ ਕਿ ਮੈਂ ਲਿਖਦਾ ਵੀ ਹਾਂ। ਫਿਰ ਜਦ ਕਦੇ ਮੇਰੀ ਕੋਈ ਲਿਖਤ ਅਖਬਾਰ ਵਿਚ ਛਪਣੀ ਜਾਂ ਕਿਤਾਬ ਛਪਣੀ ਅਤੇ ਪੋਤਰੀਆਂ ਨੇ ਦਾਦੀ ਨੂੰ ਦਿਖਾਉਣੀ ਤਾਂ ਉਸ ਦੀ ਇਕ ਹੀ ਅਸੀਸ ਹੁੰਦੀ, ਪੁੱਤ! ਰੱਬ ਤੁਹਾਨੂੰ ਭਾਗ ਲਾਵੇ, ਵੱਡੀ ਉਮਰ ਮਾਣੋ। ਅੱਖਰਾਂ ਤੋਂ ਕੋਰੀ ਮਾਂ ਨੂੰ ਇਹ ਬਿਲਕੁਲ ਨਹੀਂ ਸੀ ਪਤਾ ਮੈਂ ਕੀ ਲਿਖਦਾ ਹਾਂ? ਉਸ ਲਈ ਅੱਖਰਾਂ ਦੇ ਕੋਈ ਅਰਥ ਨਹੀਂ ਸਨ। ਉਸ ਲਈ ਇੰਨਾ ਹੀ ਬਹੁਤ ਸੀ ਕਿ ਪੁੱਤ ਨੇ ਕੁਝ ਚੰਗਾ ਹੀ ਲਿਖਿਆ ਹੋਊ ਜਿਸ ਕਰਕੇ ਉਸ ਦਾ ਲਿਖਿਆ ਛਪਿਆ ਏ।

ਹੁਣ ਜਦ ਸ਼੍ਰੋਮਣੀ ਪੁਰਸਕਾਰ ਦਾ ਐਲਾਨ ਹੋਇਆ ਤਾਂ ਮਾਂ ਇਕ ਦਮ ਮੁੜ ਯਾਦ ਆਈ ਅਤੇ ਚਿੱਤ ਕੀਤਾ ਇਹ ਪੁਰਸਕਾਰ ਉਸ ਮਾਂ ਨੂੰ ਭੇਟ ਕਰਾਂ ਜੋ ਅੱਖਰ-ਗਿਆਨ ਤੋਂ ਕੋਰੀ ਸੀ ਪਰ ਜੀਵਨ-ਗਿਆਨ ਨਾਲ ਭਰਪੂਰ ਸੀ। ਉਸ ਨੂੰ ਸ਼ਾਇਦ ਪੁਰਸਕਾਰ ਦਾ ਇੰਨਾ ਚਾਅ ਨਾ ਹੁੰਦਾ ਜਿੰਨਾ ਇਹ ਚਾਅ ਕਿ ਇਹ ਪੁਰਸਕਾਰ ਲੈਣ ਲਈ ਮੇਰਾ ਪੁੱਤ ਜਲਦੀ ਹੀ ਫਿਰ ਵਾਪਸ ਪਿੰਡ ਆਵੇਗਾ ਅਤੇ ਮੇਰੇ ਦਿਲ ਨੂੰ ਠੰਢ ਪਾਵੇਗਾ। ਜਿਵੇਂ ਕਿ ਇਹ ਪੁਰਸਕਾਰ ਮਿਲਣ ਬਾਰੇ ਜਦ ਮੈਂ ਆਪਣੇ ਬਾਪ ਨੂੰ ਫੋਨ ਕੀਤਾ ਤਾਂ ਉਸ ਨੇ ਕਿਹਾ ਕਿ ਚੱਲੋ ਬਹੁਤ ਚੰਗਾ ਹੋਇਆ। ਹੁਣ ਦੱਸ ਬਈ, ਇਨਾਮ ਲੈਣ ਤੂੰ ਕਦੋਂ ਅਮਰੀਕਾ ਤੋਂ ਪਿੰਡ ਆ ਰਿਹਾ ਏਂ? ਅਸਲ ਵਿਚ ਉਸ ਨੂੰ ਪੁਰਸਕਾਰ ਮਿਲਣ ਨਾਲੋਂ ਪੁੱਤ ਦਾ ਮਿਲਣਾ ਵੱਡਾ ਪੁਰਸਕਾਰ ਜਾਪਦਾ ਏ ਅਤੇ ਮੇਰੇ ਆਉਣ ਦੀ ਜ਼ਿਆਦਾ ਖੁਸ਼ੀ ਸੀ। ਮਾਪੇ ਹੀ ਆਪਣੇ ਬੱਚਿਆਂ ਨੂੰ ਮਿਲਣ ਲਈ ਤਾਂਘਦੇ ਨੇ। ਮਾਂ ਦੇ ਤੁਰ ਜਾਣ ਨਾਲ ਮਮਤਾਈ ਤਾਂਘ ਤਾਂ ਦਮ ਤੋੜ ਚੁਕੀ ਏ ਪਰ ਬਾਪ ਦਾ ਬਾਬੇ-ਬਿਰਖ ਜੇਡ ਆਸਰਾ, ਮੇਰੇ ਪਿੰਡ ਜਾਣ ਦਾ ਇਕ ਬਹੁਤ ਵਧੀਆ ਸਬੱਬ ਏ। ਰੱਬ ਕਰੇ! ਅਜਿਹਾ ਮਾਣਮੱਤਾ ਸਬੱਬ ਹਰੇਕ ਲਈ ਬਣਿਆ ਹੀ ਰਹੇ।

ਅਮਰੀਕਾ ਦੀ ਕਲੀਵਲੈਂਡ ਸਟੇਟ ਯੂਨੀਵਰਸਿਟੀ ਵਿਚ ਜਦ ਮੈਂ ਪਹਿਲੇ ਦਿਨ ਕਲਾਸ ਰੂਮ ਵਿਚ ਗਿਆ ਤਾਂ ਮੇਰੀਆਂ ਅੱਖਾਂ ਨਮ ਹੋ ਗਈਆਂ। ਇਹ ਨਮੀ ਖੁਸ਼ੀ ਅਤੇ ਸ਼ੁਕਰਗੁਜਾਰੀ ਵਿਚੋਂ ਉਪਜੀ ਸੀ ਕਿ ਸਦਾ ਲਈ ਤੁਰ ਗਈ ਮਾਂ ਦੀਆਂ ਅਸੀਸਾਂ ਹੀ ਇਹ ਰੰਗ ਲਿਆਈਆਂ ਨੇ ਕਿ ਉਸ ਦਾ ਪੁੱਤ ਅਮਰੀਕਾ ਆ ਕੇ ਪ੍ਰੋਫੈਸਰ ਹੈ। ਕੈਨੇਡਾ ਪਰਵਾਸ ਕਰਨ ਸਮੇਂ ਮਾਂ ਨੂੰ ਝੋਰਾ ਸੀ ਕਿ ਕੀ ਉਸ ਦਾ ਪ੍ਰੋਫੈਸਰ ਪੁੱਤ ਹੁਣ ਕੈਨੇਡਾ ਜਾ ਕੇ ਦਿਹਾੜੀਆਂ ਕਰੇਗਾ? ਦਰਅਸਲ ਅਸੀਂ ਜੋ ਕੁਝ ਵੀ ਹਾਂ, ਆਪਣੇ ਬਜੁਰਗਾਂ ਸਦਕਾ ਹੀ ਹਾਂ। ਉਨ੍ਹਾਂ ਦੀ ਅਸੀਸ ਅਤੇ ਸ਼ੁਭ-ਕਾਮਨਾ ਸਾਡੇ ਜੀਵਨ ਵਿਚ ਰੰਗ ਭਰ ਨਵੀਆਂ ਪ੍ਰਾਪਤੀਆਂ ਦਾ ਆਧਾਰ ਬਣਦੀ ਹੈ। ਨਤਮਸਤਕ ਹਾਂ ਪਿੰਡ ਦੀ ਮਿੱਟੀ, ਖੇਤਾਂ ਦੀ ਖੁਸ਼ਬੂ, ਕੱਚੇ ਘਰ ਅਤੇ ਉਸ ਢਾਰੇ ਨੂੰ ਜਿਸ ਦਾ ਚੇਤਾ ਮੈਨੂੰ ਮੇਰੇ ਅਤੀਤ ਨਾਲ ਜੋੜ, ਮੇਰੀ ਔਕਾਤ ਦਿਖਾਉਂਦਾ ਹੈ। ਅੰਬਰ ਵੰਨੀਂ ਦੇਖਦਿਆਂ ਪੈਰ ਧਰਤੀ 'ਤੇ ਹੀ ਰਹਿਣ ਤਾਂ ਚੰਗਾ ਹੁੰਦਾ ਹੈ।

ਪਰਦੇਸ ਰਹਿੰਦਾ ਹਾਂ। ਮੇਰੇ ਲਈ ਮਾਂ ਤੋਂ ਬਗੈਰ ਪਿੰਡ ਪਰਤਣਾ ਵੀ ਡਾਢਾ ਔਖਾ ਲੱਗਦਾ ਏ ਕਿਉਂਕਿ ਮਨ ਦੀ ਹੂਕ ਦਾ ਕੀ ਕਰਾਂ ਜੋ ਪਿੰਡ ਪਰਤਣ 'ਤੇ ਲੇਰ ਬਣ ਜਾਂਦੀ ਏ:

ਮਾਂ ਚਿਰਾਂ ਬਾਅਦ
ਪਰਦੇਸ ਤੋਂ ਘਰ ਆਇਆ ਹਾਂ
ਬੜਾ ਚਿਰ ਉਡੀਕਦਾ ਰਿਹਾਂ ਤੇਰੇ ਬੋਲਾਂ ਨੂੰ
ਕਿ ਤੂੰ ਕਹੇਂਗੀ
"...ਪੁੱਤ ਕਦੋਂ ਆਵੇਂਗਾ?"
ਮਾਂ ਮੈਂ ਕਿੰਨਾ ਨਾਦਾਨ ਸਾਂ?
ਭਲਾ!
ਸਦਾ ਲਈ ਦੂਰ ਤੁਰ ਗਈਆਂ ਮਾਂਵਾਂ ਵੀ
ਕਦੇ ਆਪਣੇ ਪੁੱਤਾਂ ਨੂੰ ਕਹਿੰਦੀਆਂ ਨੇ
ਕਿ ਵੇ ਪੁੱਤ ਕਦੋਂ ਆਵੇਂਗਾ?
ਹੁਣ ਮੈਂ ਆਪ ਹੀ ਉਡੀਕ ਉਡੀਕ ਕੇ
ਤੇਰੀ ਯਾਦ ਨੂੰ ਸਿਜਦਾ ਕਰਨ
ਘਰ ਪਰਤ ਰਿਹਾ ਹਾਂ।
ਮਾਂ
ਘਰ ਦੀਆਂ ਬਰੂਹਾਂ 'ਤੇ ਤੇਰੀ ਅਣਹੋਂਦ
ਮੇਰੇ ਮਸਤਕ 'ਤੇ
ਬਹੁਤ ਪ੍ਰਸ਼ਨ ਖੁਣ ਗਈ ਏ
ਜਿਨ੍ਹਾਂ ਦਾ ਮੇਰੇ ਕੋਲ ਕੋਈ
ਜਵਾਬ ਨਹੀਂ ਹੈ।
ਮਾਂ
ਮੈਂ ਬੜੀ ਦੇਰ ਬਾਅਦ ਘਰ ਪਰਤਿਆ ਹਾਂ।

ਮਾਂ ਦੀ ਮੌਤ ਤੋਂ ਕੁਝ ਸਾਲ ਬਾਅਦ ਜਦੋਂ ਮੈਂ ਪਰਿਵਾਰ ਸਮੇਤ ਪਿੰਡ ਗਿਆ ਤਾਂ ਮੇਰੀਆਂ ਧੀਆਂ ਨੇ ਆਪਣੀ ਦਾਦੀ ਦੀ ਅਣਹੋਂਦ ਨੂੰ ਪੂਰਾ ਕਰਨ ਲਈ ਉਸ ਦੀਆਂ ਕੁਝ ਨਿਸ਼ਾਨੀਆਂ ਆਪਣੇ ਨਾਲ ਹੀ ਅਮਰੀਕਾ ਲਿਜਾਣ ਦਾ ਅਹਿਦ ਕੀਤਾ। ਇਸ ਮੌਕੇ ਮੇਰਾ ਸੰਵੇਦਨਸ਼ੀਲ ਮਨ ਹਰਫਾਂ ਵਿਚ ਉਲਥਾਇਆ ਗਿਆ:

ਮਾਂ
ਅਸੀਂ ਪਰਦੇਸ ਤੋਂ ਆਪਣੇ ਘਰ ਆਏ ਸਾਂ
ਬੰਦ-ਦਰਵਾਜ਼ੇ ਅਤੇ ਸੁੰਨ-ਸਰਦਲ ਕੋਲੋਂ
ਤੇਰਾ ਸੁੱਖ ਸੁਨੇਹਾ ਪੁੱਛਿਆ
ਪਰ ਉਨ੍ਹਾਂ ਦੀ ਸੰਘਣੀ ਚੁੱਪ
'ਤੁਰ ਗਏ ਕਦੇ ਪਰਤ ਕੇ ਨਹੀਂ ਆਉਂਦੇ'
ਦਾ ਸੁਨੇਹਾ ਮਨ-ਮਸਤਕ 'ਤੇ ਧਰ ਗਈ।
ਮਾਂ
ਤੂੰ ਤਾਂ ਆਪਣੀਆਂ ਪੋਤੀਆਂ ਦਾ
ਬੜਾ ਫਿਕਰ ਕਰਦੀ ਸੈਂ
ਅਤੇ ਕਦੇ ਕਦਾਈਂ ਝੁਰਦੀ ਵੀ ਸੈਂ
ਪਰ, ਜਦ ਤੇਰੀਆਂ ਡਾਕਟਰ ਪੋਤੀਆਂ
ਝੁਰੜੀਆਂ ਭਰੇ ਹੱਥਾਂ ਦੀ
ਅਸੀਸ ਲੈਣ ਆਈਆਂ
ਤਾਂ ਤੇਰਾ ਬਰਾਂਡੇ 'ਚ ਡੱਠਾ ਖਾਲੀ ਮੰਜਾ
ਘਰ 'ਚ ਸੱਖਣਤਾ ਭਰ ਰਿਹਾ ਸੀ
ਤੇਰੀ ਡੰਗੋਰੀ ਦਾ ਚੁੱਪ-ਚਾਪ
ਕਮਰੇ ਦੀ ਨੁੱਕਰੇ ਛੁਪ ਜਾਣਾ
ਪਸਰੀ ਵੇਦਨਾ ਨੂੰ ਬੋਲ ਦੇਣ ਤੋਂ
ਅਸਮਰਥ ਸੀ
ਪਿੱਤਲ ਦੇ ਕੋਕਿਆਂ ਵਾਲਾ ਤੇਰਾ ਸੰਦੂਕ
ਬਜੁਰਗੀ ਹੱਥਾਂ ਦੀ ਛੋਹ ਨੂੰ
ਤਰਸ ਰਿਹਾ ਸੀ
ਅਤੇ ਇਸ ਵਿਚ ਸੰਭਾਲੇ
ਦਰੀਆਂ ਤੇ ਖੇਸਾਂ ਦੇ
ਘੁੱਗੀਆਂ ਅਤੇ ਮੋਰਾਂ ਦੀ
ਗੁਟਕਣੀ ਖਾਮੋਸ਼ ਸੀ
ਸੰਦੂਕ 'ਤੇ ਪਏ
ਕਾਲੇ ਟਾਹਲੀ ਦੇ ਚਰਖੇ ਦੀ
ਟੁੱਟੀ ਮਾਲ੍ਹ, ਹਿੱਲਦੀ ਗੁੱਝ
ਅਤੇ ਵਿੰਗਾ ਤੱਕਲਾ
ਤੇਰੀ ਅਣਹੋਂਦ ਦੀ ਗਵਾਹੀ ਭਰਦੇ ਨੇ
ਜਿਨ੍ਹਾਂ ਦਾ ਤੂੰ ਕਦੇ ਵਸਾਹ ਨਹੀਂ ਸੈਂ ਕਰਦੀ।
ਮਾਂ ਤੇਰੀਆਂ ਪੋਤੀਆਂ ਨੇ
ਤੇਰੇ ਹੱਥਾਂ ਦੀਆਂ ਬੁਣੀਆਂ
ਫੁਲਕਾਰੀਆਂ, ਦਰੀਆਂ ਤੇ ਖੇਸ
ਚਿੜੀਆਂ ਵਾਲੀਆਂ ਪੱਖੀਆਂ
ਅਤੇ ਉਨ ਦੀ ਕਢਾਈ ਵਾਲੇ ਰੁਮਾਲਾਂ ਨੂੰ
ਪਰਦੇਸ ਲਿਜਾਣ ਲਈ
ਅਟੈਚੀ 'ਚ ਪਾ ਲਿਆ ਏ
ਤਾਂ ਕਿ ਦਾਦੀ ਦੀਆਂ
ਯਾਦਾਂ ਦੀ ਨਿੱਘੀ ਅਸੀਸ
ਉਨ੍ਹਾਂ ਦੇ ਸਿਰਾਂ 'ਤੇ
ਸੁਖਨ ਦੀ ਵਰਖਾ ਕਰਦੀ ਰਹੇ।
ਮਾਂ ਆਪਣੇ ਘਰ ਆਈਆਂ
ਤੇਰੀਆਂ ਲਾਡਲੀਆਂ ਪੋਤੀਆਂ
ਕਦੇ ਤੇਰਾ ਚੇਤਾ ਕਰਕੇ
ਬਹੁਤ ਉਦਾਸ ਹੋ ਜਾਂਦੀਆਂ ਨੇ
ਅਤੇ ਕਦੇ ਤੇਰੀਆਂ ਗੱਲਾਂ ਯਾਦ ਕਰਕੇ
ਬੀਤੇ ਪਲਾਂ ਨੂੰ ਮੋੜ ਲਿਆਉਂਦੀਆਂ ਨੇ।
ਮਾਂ
ਤੇਰੇ ਦੁਆਵਾਂ ਦੇ ਦੁਆਰ
ਮੰਨਤਾਂ ਦੇ ਵਿਹੜੇ
ਅਤੇ ਅਸੀਸਾਂ ਦੀ ਨਗਰੀ ਸਾਹਵੇਂ
ਨਤਮਸਤਕ ਹੁੰਦਿਆਂ
ਅਰਦਾਸ ਕਰਦਾ ਹਾਂ
ਕਿ ਪਰਦੇਸ ਵੱਸਦਿਆਂ ਨੂੰ
ਸਦਾ ਸੁਖਨ ਬਖਸ਼ਦੀ ਰਹੀਂ।
ਅੱਛਾ! ਮਾਂ
ਅਸੀਂ ਹੁਣ ਫਿਰ ਬੇਵਤਨੇ ਹੋ ਚੱਲੇ ਹਾਂ
ਵਕਤ ਮਿਲਿਆ ਤਾਂ
ਤੇਰੀ ਜੂਹ ਦੀ ਧੂੜ
ਮੱਥੇ ਨੂੰ ਛੁਹਾਉਣ ਲਈ
ਜਰੂਰ ਪਰਤਾਂਗੇ
ਜਰੂਰ ਪਰਤਾਂਗੇ...।

ਸਦਾ ਲਈ ਤੁਰ ਗਈਆਂ ਮਾਂਵਾਂ ਨੂੰ ਹਰਫਾਂ ਦੀ ਅਕੀਦਤ ਤੋਂ ਵੱਡੀ ਭਲਾ ਹੋਰ ਕੀ ਅਰਪਣ ਕੀਤਾ ਜਾ ਸਕਦਾ ਏ?

---

ਕਹਾਣੀ

# ਮਾਂ

*ਸਾਹਿਤ ਜਗਤ ਵਿਚ ਪ੍ਰੋ. ਮੋਹਨ ਸਿੰਘ ਦਾ ਨਾਂ ਸ਼ਾਇਰ ਵਜੋਂ ਹੀ ਵਧੇਰੇ ਵੱਜਦਾ ਹੈ। ਮੁੱਢਲੇ ਸਾਲਾਂ ਦੌਰਾਨ ਉਨ੍ਹਾਂ ਕਹਾਣੀਆਂ ਵੀ ਲਿਖੀਆਂ ਸਨ। ਇਹ ਕਹਾਣੀ 'ਮਾਂ' ਉਨ੍ਹਾਂ ਦੇ ਕਹਾਣੀ ਸੰਗ੍ਰਿਹ 'ਨਿੱਕੀ ਨਿੱਕੀ ਵਾਸ਼ਨਾ' ਵਿਚ ਦਰਜ ਹੈ। ਪੰਜਾਬੀ ਦੀ ਉਪ ਬੋਲੀ ਪੋਠੋਹਾਰੀ ਨਾਲ ਸ਼ਿੰਗਾਰੀ ਇਸ ਕਹਾਣੀ ਵਿਚ ਮਾਂ ਦੇ ਜਜ਼ਬਾਤ ਦੀਆਂ ਬਾਤਾਂ ਹਨ। ਇਸ ਕਹਾਣੀ ਦੇ ਸ਼ਬਦਜੋੜ ਜਿਉਂ ਦੇ ਤਿਉਂ ਰੱਖੇ ਗਏ ਹਨ ਤਾਂ ਜੋ ਪਾਠਕਾਂ ਨੂੰ ਉਸ ਵੇਲੇ ਦੀ ਪੰਜਾਬੀ ਦਾ ਲੁਤਫ ਆ ਸਕੇ। -ਸੰਪਾਦਕ*

ਉਹ ਇਕ ਚਿੱਟੇ ਵਾਲਾਂ ਵਾਲੀ ਪੋਪਟ ਜਿਹੀ ਬੁੱਢੀ ਸੀ। ਭਾਵੇਂ ਸੱਠਾਂ ਕੁ ਵਰ੍ਹਿਆਂ ਦੀ ਲਗਦੀ ਸੀ, ਫਿਰ ਵੀ ਬੜੀ ਹੌਲੀ ਫੁੱਲ ਤੇ ਚੁਸਤ ਸੀ। ਉਸ ਦੀ ਝੋਲੀ ਵਿਚ ਇਕ ਗੰਢਲ ਜਿਹੀ ਪੋਟਲੀ ਸੀ ਜਿਸ ਨੂੰ ਉਸ ਨੇ ਆਪਣੀਆਂ ਕਾਨੇ ਵਰਗੀਆਂ ਉਂਗਲਾਂ ਵਿਚ ਘੁੱਟ ਕੇ ਫੜ ਰੱਖਿਆ ਸੀ, ਜਾਣੋ ਉਸ ਵਿਚ ਕੋਈ ਬੜੀ ਕੀਮਤੀ ਚੀਜ਼ ਹੈ। ਉਹ ਪਹਿਲੇ ਹੀ ਉਥੇ ਬੈਠੀ ਸੀ ਜਦੋਂ ਮੈਂ ਮੰਧਰਿਓਂ ਗੱਡੀ ਚੜ੍ਹਿਆ ਸਾਂ। ਡੱਬੇ ਵਿਚ ਹੋਰ ਕੋਈ ਨਹੀਂ ਸੀ।

ਮੈਨੂੰ ਚੰਗੀ ਤਰ੍ਹਾਂ ਚੇਤਾ ਨਹੀਂ ਕਿ ਬੁੱਢੀ ਨੇ ਕਿਵੇਂ ਗੱਲਬਾਤ ਸ਼ੁਰੂ ਕਰ ਦਿੱਤੀ ਸੀ। ਮੈਂ ਉਸ ਵੇਲੇ ਕਿਸੇ ਆਪਣੇ ਹੀ ਖਿਆਲ ਵਿਚ ਪਿਆ ਹੋਇਆ ਸਾਂ ਅਤੇ ਉਹ ਮੇਰਾ ਖਿਆਲ ਖਿੱਚਣ ਤੋਂ ਕੁਝ ਮਿੰਟ ਪਹਿਲੋਂ ਗੱਲ ਛੋਹ ਚੁੱਕੀ ਜਾਪਦੀ ਸੀ।

## ਪ੍ਰੋਫੈਸਰ ਮੋਹਨ ਸਿੰਘ

ਮੈਂ ਚੌਂਕਿਆ ਤੇ ਸੋਚਿਆ, ਹੈਂ! ਇਹ ਅੱਲਾ ਦਾਦ ਕੌਣੈ? ਮੈਂ ਉਸ ਨੂੰ ਪੁਛ ਨਹੀਂ ਸੀ ਸਕਦਾ ਕਿਉਂਕਿ ਉਹ ਪਹਿਲੋਂ ਹੀ ਮੈਨੂੰ ਸਭ ਕੁਝ ਦਸ ਚੁੱਕੀ ਸੀ ਅਤੇ ਉਸ ਬਾਰੇ ਇਉਂ ਗੱਲਬਾਤ ਕਰ ਰਹੀ ਸੀ ਜਾਣੋ ਮੈਂ ਉਸ ਨੂੰ ਜਾਣਦਾ ਹਾਂ। ਸੋ ਮੈਂ ਧਿਆਨ ਨਾਲ ਉਸ ਦੀਆਂ ਗੱਲਾਂ ਸੁਣਨ ਲਗ ਪਿਆ ਤੇ ਆਖਿਰ ਇਸ ਸਿੱਟੇ 'ਤੇ ਅਪੜਿਆ ਕਿ ਅੱਲਾ ਦਾਦ ਉਸ ਦਾ ਪੁੱਤਰ ਹੈ।

"ਉਹ ਬੜਾ ਬੀਬਾ ਮੁੰਡਾ ਹੋਣੈ!" ਮੈਂ ਆਖਣ ਦੀ ਦਲੇਰੀ ਕੀਤੀ।

"ਹੋਰ ਕੇ ਸ਼ਾਹ ਜੀ!" ਬੁੱਢੀ ਨੇ ਉਤਰ ਦਿੱਤਾ ਤੇ ਉਸ ਦੇ ਬੋਲ ਵਿਚ ਮਾਣ ਸੀ। "ਕਹਿਰਾ ਨਾ ਜਾਤਕ ਐ" ਉਸ ਨੇ ਮਾੜਾ ਜਿਹਾ ਹੌਕਾ ਲਿਆ ਤੇ ਇਕ ਧੁੰਧਲੀ ਜਿਹੀ ਮੁਸਕੜੀ ਉਸ ਦੇ ਸੁੱਕੇ ਹੋਠਾਂ ਉਤੇ ਨੱਚਣ ਲਗੀ। "ਗਜ਼ਬਾਂ ਨਾ ਜਾਤਕ ਐ" ਉਸ ਨੇ ਦੁਹਰਾਇਆ "ਤੇ ਸ਼ਕਲਵੰਦ ਵੀ ਰਜ ਕੇ, ਨਿਕਿਆਂ ਹੋਨਿਆਂ ਸਾਰੇ ਆਖਨੇ ਅਹੇ-ਮਾਊ, ਤੈਂਢਾ ਜਾਤਕ ਤੇ ਕੁੜੀ ਹੋਣੇ ਜੋਗਾ ਇਹਾ, ਪਰ ਹੁਣ ਵੱਡਾ ਹੋਇਐ ਤੇ ਜਾਤਕਾਂ ਨਾ ਪੜ-ਜਾਤਕ ਨਿਕਲਿਐ।"

"ਮੁੰਡੇ ਮੁੰਡੇ ਹੀ ਹੁੰਦੇ ਨੇ ਮਾਂ," ਮੈਂ ਇਹੋ ਕਹਿਣਾ ਮੁਨਾਸਬ ਸਮਝਿਆ।

ਬੁਢੀ ਸਿਰ ਹਿਲੂਣ ਹਿਲੂਣ ਕੇ ਹੱਸੀ, "ਠੀਕ ਆਖਨੇਉ ਸ਼ਾਹ ਜੀ।" ਉਸ ਨੇ ਆਖਿਆ, "ਇਹਾ ਗੱਲ ਆਖਨੀ ਹੋਨੀ ਆਂ। ਜਾਤਕਾਂ ਕਹਿ ਲਗੈ ਤੇ ਕੁੜੀਆਂ ਹਾਰ ਸ਼ਰਮਾਣਾ ਕਹਿ ਲਗੈ? ਸਭਸੇ ਨੇ ਜਾਤਕ ਉਚੀ ਨੀਵੀਂ ਕਰਨੇ ਹੀ ਆਇਨ ਕੇ। ਈਹਾ ਗਲ ਮੈਂ ਉਸ ਨੇ ਪੀਊ ਕੀ ਆਖਨੀਂ ਹੋਨੀ ਅਹੀਆਂ। ਉਸ ਨਾ ਪਿਉ ਕਈ ਵਾਰ ਧ੍ਰੂੜਨ ਲਗਨਾ ਇਆਸ, ਪਰ ਮੈਂ ਤਰਪੂਲੀ ਮਾਰ ਕੇ ਵਿਸ਼ਕਾਰ ਜਾ ਪੈਨੀ ਅਹੀਆਂਸ: ਤੂੰ ਵੀ ਤੇ ਕਦੇ ਜਾਤਕ ਈ ਇਹਾਏਂ, ਮੈਂ ਆਖਨੀ ਅਹੀਆਂਸ। ਤੂੰ ਕਦੇ ਕੋਈ ਉਚੀ ਨੀਵੀਂ ਨਹੀਂ ਕੀਤੀ? 'ਹਾਹਾਂ ਤੇ ਮੀਂਗੀ ਚੁਟਨਾ ਵੀ ਤੇ ਰਿਹੈ ਨਾ।' ਉਹ ਆਖਨਾ ਹੋਨਾ ਅਹਿਆ। ਮੈਂ ਆਖਨੀ ਹੋਨੀ ਅਹੀਆਂ, ਚੁਟ ਖਾਧੀ ਆ ਤੇ ਵਲ ਵੀ ਤੇ ਹੋ ਗਿਆ ਏਂ ਨਾ, ਹੁਣ ਤੱਕ ਨਾ ਆਪਣੇ ਦਾਰ। ਕਦੇ ਤੇ ਉਹ ਹਸ ਪੈਨਾ ਅਹਿਆ ਤੇ ਕਦੇ ਇਸ ਗੱਲਾਂ ਉਪਰ ਅਸੀਂ ਬੌਂਸ਼ ਪੈਨੇ ਹੋਨੇ ਅਹਿਆ। ਉਹ ਆਖਿਆ ਕਰੇ ਤੂੰ ਪੁਚ ਪੁਚ ਕਰਕੇ ਜਾਤਕੇ ਕੀ ਵਿਗਾੜ ਛੋੜਿਐ। ਵੱਡਾ ਹੋ ਕੇ ਹਿਕੀ ਭੰਨੀ ਕੋਡੀ ਨਾ ਨਹੀਂ ਰਹਿਣ ਲੱਗਾ। ਹੀਆ ਤੇ ਤੇਰੀ ਗਲਤੀ ਐ, ਮੈਂ ਆਖਿਆ ਕਰਾਂ, ਜੇ ਜੀਨੀ ਰਹੀਆਂ ਤੇ ਤੁਗੀ ਦਸਸਾਂ ਤੇਰਾ ਪੁੱਤਰ ਸੱਤਾਂ ਕੀ ਹੀਰੀਆਂ ਦੇਸੀ ਤੇ ਗੁਜਾਰਾ ਵੀ ਸੋਹਣਾ ਕਰਸੀ।"

"ਤੇ ਮਾਂ ਕੀ ਉਸ ਦਾ ਗੁਜ਼ਾਰਾ ਚੰਗੈ?" ਮੈਂ ਪੁਛਿਆ।

"ਤੇ ਹੋਰ ਕੇ, ਸ਼ਾਹ ਜੀ।" ਬੁੱਢੀ ਚੁਸਤ ਹੋ ਕੇ ਬੋਲੀ। "ਰਜ ਕੇ ਸਖੱਲੈ, ਆਪਣੀ ਜ਼ਮੀਨਸ, ਆਪਣੇ ਖੂਹਸ, ਆਪਣੇ ਦਾਂਦਸ, ਮਝਾਂਸ, ਗਾਈਆਂਸ, ਘੋੜੀਆਂਸ ਵਹਿਤਰਸ ਸਭ ਕੁਝਸ-ਰੱਬਾ ਸਭਸੇ ਨੇ ਪੁੱਤਰ ਜਹੇ ਹੋਣ। ਇਤਨਾ ਸਖੱਲਾ ਤੇ ਪਿਉ ਵੀ ਨਹੀਂ ਅਹਿਆਸ, ਭਾਵੇਂ ਮਰਨੇ ਤੀਕਣ ਮਿੱਟੀ ਨਾਲ ਮਿੱਟੀ ਹੋਨਾ ਰਿਹੈ।"

ਮੈਂ ਸਿਰ ਹਿਲਾਇਆ ਤੇ ਕੁਝ ਚਿਰ ਅਸੀਂ ਚੁਪ ਹੋ ਗਏ। ਪਰ ਮੁੜ ਮੁੜ ਬੁੱਢੀ ਨੂੰ ਬੁਲਾਉਣ ਤੇ ਜੀ ਕਰਦਾ ਸੀ।

"ਕੀ ਤੁਸਾਂ ਆਪਣੇ ਪੁੱਤਰ ਦੀ ਕੋਈ ਮਦਦ ਵੀ ਕੀਤੀ ਸੀ?" ਮੈਂ ਪੁਛਿਆ, "ਮੇਰਾ ਮਤਲਬੈ ਕੀ ਤੁਸਾਂ ਉਹਨੂੰ ਸ਼ੁਰੂ ਵਿਚ ਕੋਈ ਰਾਸ ਮੂੜੀ ਵੀ ਦਿੱਤੀ ਸੀ?"

"ਹੋਰ ਕੇ, ਸ਼ਾਹ ਜੀ।" ਉਸ ਨੇ ਆਖਿਆ, "ਮਦਦ ਨਹੀਂ ਕੀਤੀ ਤੇ ਹੋਰ ਕੇ, ਜੇ ਮਦਦ ਨਾ ਕਰੀਏ ਹਰ ਤਾਂ ਹਿਥੇ ਕਿੰਜ ਅਪੜੇ ਹਰ। ਪਿਉ ਤੇ ਬਰਖਲਾਵ ਇਹਾਸ ਪਰ ਮੈਂ ਆਪਣਾ ਟੂੰਬ ਛੱਲਾ ਵੇਚ ਕੇ ਉਸ ਨੀ ਝੋਲੀ ਪਾ ਦਿੱਤਾ ਤੇ ਆਖਿਆ ਹਾਂਹ ਘਿੰਨ ਪਿਛੂੰ ਵੀ ਤੂਹੇਂ ਲੈਣਾ ਇਹਾ।"

"ਤੇ ਉਸ ਰੁਪਏ ਨੂੰ ਵਾਹ ਵਾਹ ਵਰਤਿਆ ਮਾਂ?"

"ਹੋਰ ਕੇ ਸ਼ਾਹ ਜੀ, ਬੜਾ ਸਿਆਣੈ, ਅੱਲਾ ਹਯਾਤੀ ਦਏਸ। ਇਥੂੰ ਜਾਨਿਆਂ ਈਂ ਪਹਿਲੀ ਬਹੁਟੀ ਮਰ ਗਈ ਸੀ। ਛਿਆਂ ਮਹੀਨਿਆਂ ਪਿਛੂੰ ਅਗਲਿਆਂ ਹੋਰ ਚਾ ਦਿਤੀਸ। ਮਾਊਂ ਪੀਊ ਨੇ ਘਰ ਹਿਕਾ ਹੀ ਹਿਕਾ ਧੀ ਐ। ਉਥੇ ਉਨ੍ਹਾਂ ਕੋਲ ਹੀ ਰਹਿਨੈ। ਉਨ੍ਹਾਂ ਦੀ ਜਦਾਦ ਵੀ ਲਭ ਗਈਸ। ਹੁਣ ਸੁਣਿਐ ਸੁਖਾਂ ਨਾਲ ਟਾਂਗਾ ਵੀ ਆਪਣਾ ਘਿਦਾਸ।"

"ਤੇ ਮਾਂ ਤੂੰ ਉਸ ਨੂੰ ਪਿਛੇ ਜਹੇ ਕਦੋਂ ਮਿਲੀ ਏਂ?"

"ਬੱਚੇ ਮਿਲਿਆਂ ਤੇ ਮਿੰਗੀ ਦਸ ਸਾਲ ਆਣ ਲਗੇਨ। ਉਸ ਕਦੇ ਮੁੜ ਕੇ ਵੱਟੀ ਹੀ ਨਹੀਂ ਵਾਹੀ। ਮੈਂ ਉਸ ਕੀ ਕਾਟ ਪਾਇਆ ਅਹਿਆ ਪਈ ਮੈਂ ਮਿਲਣ ਆਨੀ ਪਈ ਊਂ। ਉਸ ਲਿਖਿਆ, ਆ ਕੇ ਕਹਿ ਕਰਸੇਂ ਬੁਢੀ ਉਮਰੇ ਹੈਡੀ ਦੂਰੇ। ਮੈਂ ਫਿਰ ਕਾਟ ਪਾਇਆ ਲੋਕ ਮਿਹਣੇ ਮਾਰਨੇਨ ਹੈਡਾ ਚਿਰ ਹੋ ਗਿਆਸ ਪੁੱਤਰੇ ਮੁੜ ਕੇ ਵਾਤ ਨਹੀਂ ਪੁਛੀਸ, ਮੈਂ ਜ਼ਰੂਰ ਆਸਾਂ, ਮੀਂਗੀ ਟੇਸ਼ਣੇ ਉਪਰ ਲੈਣ ਆਏਂ।"

"ਮਾਂ ਤੈਨੂੰ ਪੁੱਤਰ ਵੇਖਣ ਦਾ ਬੜਾ ਸ਼ੌਕ ਐ।"

"ਹੋਵੇ ਨਾ ਤੇ ਹੋਰ ਕੇ ਸ਼ਾਹ ਜੀ, ਆਪਣੀਆਂ ਆਂਦਰਾਂ ਜੇ ਹੋਈਆਂ।"

"ਉਹ ਦਸਾਂ ਸਾਲਾਂ ਵਿਚ ਬਿਲਕੁਲ ਬਦਲ ਗਿਆ ਹੋਵੇਗਾ?"

"ਨਹੀਂ ਸ਼ਾਹ ਜੀ, ਮੈਂਡੇ ਤਾਈਂ ਤੇ ਊਹਾ ਜਿਹਾ ਹੋਸੀ।"

"ਤੈਨੂੰ ਹਾਲੇ ਵੀ ਮੁੰਡਾ ਹੀ ਲਗਦੈ, ਮਾਂ?"

ਉਸ ਨੇ ਪੰਛੀ ਵਾਂਗ ਛੇਤੀ ਨਾਲ ਸਿਰ ਮਾਰਿਆ, "ਜਾਤਕ ਨਹੀਂ ਤੇ ਹੋਰ ਕੇ ਸ਼ਾਹ ਜੀ, ਤੁਸਾਂ ਕੀ ਭਾਵੇਂ ਵਰਿਠ ਦਿਸੇ।"

ਮੈਂ ਕੋਈ ਉਤਰ ਨਾ ਦਿੱਤਾ। ਬੁਢੀ ਵੀ ਚੁਪ ਕਰ ਗਈ। ਹੁਣ ਉਸ ਵਿਚ ਵਲਵਲਿਆਂ ਨੇ ਘਮਸਾਨ ਪੈਦਾ ਕਰ ਦਿੱਤਾ ਸੀ। ਉਸ ਦੀਆਂ ਅੱਖਾਂ ਦੀ ਚਮਕ ਹੁਣ ਤੇਜ਼ ਹੋ ਗਈ ਸੀ ਤੇ ਉਸ ਦੀਆਂ ਸੁਕੜੀਲ ਉਂਗਲਾਂ ਪੋਟਲੀ ਨਾਲ ਖੇਡ ਰਹੀਆਂ ਸਨ।

ਗੱਡੀ ਹੌਲੀ ਹੁੰਦੀ ਜਾਂਦੀ ਸੀ, ਬੁੱਢੀ ਚੁਸਤੀ ਨਾਲ ਜ਼ੰਜੀਰ ਫੜ ਕੇ ਖਲੋ ਗਈ।

"ਬੱਸ ਹਿਥੇ ਹੀ ਸ਼ਾਹ ਜੀ, ਹਿਥੇ ਈ ਮੈਂ ਲਹਿਸਾਂ।"

ਮੈਂ ਉਸ ਲਈ ਬੂਹਾ ਖੋਹਲਿਆ ਤੇ ਉਹ ਫੁਲ ਵਾਂਗ ਉਡ ਕੇ ਪਲੈਟਫਾਰਮ 'ਤੇ ਜਾ ਉਤਰੀ।

"ਹੇ ਔਹ ਤੱਕੈ ਮੇਰਾ ਪੁੱਤਰ, ਮੇਰਾ ਅੱਲਾ ਦਾਦ ਖਾਨ।" ਉਸ ਨੇ ਇਸ਼ਾਰਾ ਕਰਦੀ ਨੇ ਆਖਿਆ।

ਮੈਂ ਉਸ ਦੇ ਪੁੱਤਰ ਵਲ ਵੇਖਿਆ। ਉਹ ਕੋਈ ਪੈਂਤੀਆਂ ਵਰ੍ਹਿਆਂ ਦਾ ਜਾਪਦਾ ਸੀ। ਉਸ ਦਾ ਮੂੰਹ ਗੋਲ ਤੇ ਖਰ੍ਹਵਾ ਜਿਹਾ ਸੀ ਤੇ ਮੁੱਛਾਂ ਦੇ ਖਚਰੇ-ਪਨ ਤੇ ਅੱਖਾਂ ਦੇ ਡੂੰਘੇ-ਪਨ ਤੋਂ ਕੋਈ ਚੰਗਾ ਆਦਮੀ ਨਹੀਂ ਸੀ ਜਾਪਦਾ। ਉਸ ਦੇ ਕਪੜੇ ਵੀ ਕੋਈ ਸਾਊਆਂ ਵਾਲੇ ਨਹੀਂ ਸਨ। ਉਹ ਬੜੀ ਬੇ-ਪਰਵਾਹੀ ਨਾਲ ਪਲੈਟਫਾਰਮ ਦੇ ਵਿਚਕਾਰ ਖੜਾ ਸੀ। ਉਸ ਦੀਆਂ ਲੱਤਾਂ ਖੁਲ੍ਹੀਆਂ ਤੇ ਹੱਥ ਪਿਠ ਪਿੱਛੇ ਕੰਘੀ ਪਏ ਹੋਏ ਸਨ। ਉਹ ਬੁੱਢੀ ਵਲ ਗੁੱਸੇ ਨਾਲ ਘੂਰ ਘੂਰ ਕੇ ਵੇਖ ਰਿਹਾ ਸੀ। ਉਹ ਬੜੀ ਖੁਸ਼ੀ ਤੇ ਉਮਾਹ ਨਾਲ ਪੁੱਤਰ ਵਲ ਵਧੀ। ਪਰ ਜਦੋਂ ਉਹ ਉਸ ਦੇ ਲਾਗੇ ਅਪੜੀ ਤਾਂ ਉਹ ਘੁਮ ਕੇ ਸਟੇਸ਼ਨੋਂ ਬਾਹਰ ਤੁਰ ਪਿਆ ਤੇ ਬੁਢੀ ਵੀ ਨਿਕੇ ਨਿਕੇ ਛੋਹਲੇ ਕਦਮ ਪੁਟਦੀ ਉਸ ਦੇ ਮਗਰੇ ਮਗਰ ਬਾਹਰ ਨਿਕਲ ਗਈ।

ਜਦੋਂ ਗੱਡੀ ਸਟੇਸ਼ਨੋਂ ਬਾਹਰ ਨਿਕਲੀ ਤਾਂ ਮੈਂ ਉਨ੍ਹਾਂ ਨੂੰ ਇਕ ਵਾਰੀ ਫੇਰ ਵੇਖਿਆ ਕਿਉਂਕਿ ਸੜਕ 'ਤੇ ਗੱਡੀ ਦੀ ਲੈਣ ਨਾਲੋ ਨਾਲ ਜਾਂਦੇ ਸਨ। ਉਹ ਇਕ ਚਿਕੜ ਲਿਬੜੇ ਤਾਂਗੇ ਵਿਚ ਨਾਲੋ ਨਾਲ ਬੈਠੇ ਸਨ, ਜਿਸ ਨੂੰ ਇਕ ਕਾਲੇ ਰੰਗ ਦੀ ਚਿਕੜ ਲਿਬੜੀ ਟੈਰ ਜਹੀ ਖਿਚ ਰਹੀ ਸੀ। ਬੁੱਢੀ ਉਸ ਵਲ ਝੁਕੀ ਹੋਈ ਸੀ ਤੇ ਬੜੇ ਜੋਸ਼ ਨਾਲ ਗੱਲਾਂ ਕਰਦੀ ਸੀ ਤੇ ਕਦੀ ਕਦੀ ਆਪਣਾ ਸੁਕਾ ਹੋਇਆ ਮੂੰਹ ਉਤਾਂਹ ਚੁਕ ਕੇ ਉਸ ਵੱਲ ਵੇਖ ਲੈਂਦੀ ਸੀ, ਜਾਣੋ ਕਿਸੇ ਪਿਆਰ ਭਰੇ ਬੋਲ ਦੀ ਉਡੀਕ ਵਿਚ ਹੈ। ਪਰ ਉਹ ਕੋਹਨੀਆਂ ਗੋਡਿਆਂ ਤੇ ਰੱਖੀ, ਵਾਗਾਂ ਨੂੰ ਹਥ ਵਿਚ ਫੜੀ, ਮੱਥੇ 'ਤੇ ਘੂਰੀ ਪਾਈ ਘੋੜੀ ਤੋਂ ਅਗਾਂਹ ਸੜਕ ਵਲ ਟਕ ਬੰਨ੍ਹੀ ਵੇਖ ਰਿਹਾ ਸੀ।

# ਜਦ ਲਾਲ ਪੱਗ ਰੁਲਦੀ ਵੇਖੀ

## ਡਿੱਠੇ ਸੁਣੇ ਪਠਾਣ

***ਗੁਰਚਰਨ ਸਿੰਘ ਸਹਿੰਸਰਾ ਨੇ ਆਪਣੀ ਪੁਸਤਕ 'ਡਿੱਠੇ ਸੁਣੇ ਪਠਾਣ' ਵਿਚ ਪਠਾਣਾਂ ਦਾ ਨਕਸ਼ਾ ਹੀ ਨਹੀਂ ਖਿੱਚਿਆ, ਸਗੋਂ ਭਾਰਤ ਦੀ ਆਜ਼ਾਦੀ ਤੋਂ ਪਹਿਲਾਂ ਵਾਲਾ ਮਾਹੌਲ ਵੀ ਆਪਣੀਆਂ ਇਨ੍ਹਾਂ ਰਚਨਾਵਾਂ ਵਿਚ ਪੂਰੀ ਰੂਹ ਨਾਲ ਪਰੋਇਆ ਹੈ। 'ਜਦ ਲਾਲ ਪੱਗ ਰੁਲਦੀ ਵੇਖੀ' ਅਜਿਹੀ ਹੀ ਰਚਨਾ ਹੈ। ਇਸ ਲਿਖਤ ਵਿਚ ਇਤਿਹਾਸ ਵਾਲਾ ਰੰਗ ਹੈ ਅਤੇ ਇਤਿਹਾਸ ਵਿਚ ਕਹਾਣੀ ਵਾਲਾ ਰਸ। ਇਸ ਵਿਚ ਦ੍ਰਿਸ਼ ਚਿਤਰਨ ਕਮਾਲ ਦਾ ਹੈ ਅਤੇ ਸੁਨੇਹਾ ਵੀ ਪ੍ਰੇਰਨ ਵਾਲਾ ਹੈ। -ਸੰਪਾਦਕ***

**ਗੁਰਚਰਨ ਸਿੰਘ ਸਹਿੰਸਰਾ**

ਸੰਨ 1940 ਵਿਚ ਮਈ ਦੇ ਵਿਚਕਾਰਲੇ ਦਿਨ ਸਨ। ਮੈਂ ਰੱਸ਼ਕਈ ਜਾਣ ਲਈ ਸਵੇਰੇ ਨੌਂ ਵਜੇ ਨੁਸ਼ਹਿਰੇ ਦੇ ਮੋਟਰ ਅੱਡੇ ਉਤੇ ਮਰਦਾਨ ਦੇ ਪਲੇਟਫਾਰਮ 'ਤੇ ਲੱਗੀ ਲਾਰੀ ਵਿਚ ਜਾ ਬੈਠਾ।

ਨੁਸ਼ਹਿਰੇ ਦਾ ਲਾਰੀ-ਅੱਡਾ ਉਦੋਂ ਤਕ ਵੇਖੇ ਸਾਰੇ ਲਾਰੀ ਅੱਡਿਆਂ ਨਾਲੋਂ ਚੰਗਾ, ਸੁਥਰਾ ਤੇ ਮੁਸਾਫਰਾਂ ਨੂੰ ਬੜੀਆਂ ਸਹੂਲਤਾਂ ਦਿੰਦਾ ਸੀ। ਇਥੇ ਰੇਲ ਦੇ ਵੱਡੇ ਸਟੇਸ਼ਨਾਂ ਵਾਂਗ ਜੁਦਾ ਜੁਦਾ ਬੰਨਿਆਂ ਨੂੰ ਜਾਣ ਵਾਲੀਆਂ ਲਾਰੀਆਂ ਲਈ ਪਲੇਟਫਾਰਮ ਬਣੇ ਹੋਏ ਸਨ ਤੇ ਇਨ੍ਹਾਂ ਪਲੇਟਫਾਰਮਾਂ ਉਤੇ ਇਕ ਵੱਡਾ ਸਾਰਾ ਟੀਨ ਦਾ ਪੱਕਾ ਢਾਰਾ ਛੱਤਿਆ ਹੋਇਆ ਸੀ। ਮੀਂਹ ਹੋਵੇ ਜਾਂ ਧੁੱਪ, ਮੁਸਾਫਰ ਆਰਾਮ ਨਾਲ ਲਾਰੀਆਂ ਵਿਚ ਚੜ੍ਹ-ਉਤਰ ਸਕਦੇ ਸਨ।

ਲਾਰੀ ਪਿੱਛੋਂ ਪਸ਼ਾਉਰੋਂ ਆਈ ਸੀ। ਕੁਝ ਸਵਾਰੀਆਂ ਉਤਰੀਆਂ ਤੇ ਉਨ੍ਹਾਂ ਦੀ ਥਾਂ ਮੇਰੇ ਵਰਗੀਆਂ ਹੋਰ ਨਵੀਆਂ ਜਾ ਚੜ੍ਹੀਆਂ। ਲਾਰੀਆਂ ਵਿਚੋਂ ਉਦੋਂ, ਜੋ ਅਜੇ ਬੱਸਾਂ ਨਹੀਂ ਕਹਾਉਣ ਲੱਗੀਆਂ ਸਨ, ਸੀਟਾਂ ਦੇ ਮੂੰਹ ਅਗਾਂਹ ਡਰਾਈਵਰ ਦੀ ਸੀਟ ਵੱਲ ਨਹੀਂ ਸਨ, ਸਗੋਂ ਤਿੰਨ ਲੰਮੇ ਬੈਂਚ ਹੁੰਦੇ ਸਨ, ਦੋ ਤਾਂ ਪਾਸਿਆਂ 'ਤੇ ਬਾਹਰਲੇ ਬੰਨਿਆਂ ਨਾਲ ਤੇ ਇਕ ਵਿਚਾਲੇ। ਇਕ ਬੂਹਾ ਅਗਲੇ ਪਾਸੇ ਡਰਾਈਵਰ ਦੇ ਖੱਬੇ ਹੱਥ ਤੇ ਦੂਸਰਾ ਲਾਰੀ ਦੀ ਪਿੱਠ ਵਿਚ ਹੁੰਦਾ ਸੀ। ਵਿਚਕਾਰਲੇ ਬੈਂਚ ਵਾਲੀਆਂ ਸਵਾਰੀਆਂ ਦੀਆਂ ਲੱਤਾਂ, ਸੱਜੇ ਜਾਂ ਖੱਬੇ, ਜਿਸ ਬੰਨੇ ਬੈਂਚ ਦਾ ਮੂੰਹ ਹੋਵੇ, ਉਧਰ ਦੀਆਂ ਸਵਾਰੀਆਂ ਵੱਲ ਹੁੰਦੀਆਂ ਤੇ ਸਾਹਮਣੇ ਦੀਆਂ ਸਵਾਰੀਆਂ ਦੀਆਂ ਲੱਤਾਂ ਵਿਚ ਫਸਦੀਆਂ ਸਨ।

ਖੱਬੇ ਹੱਥ ਦੇ ਮੇਰੇ ਬੈਂਚ ਸਾਹਮਣੇ ਵਿਚਕਾਰਲੇ ਬੈਂਚ ਉਤੇ ਦੋ ਸਿਪਾਹੀਆਂ ਨੇ ਦੋ ਪੱਕੀ ਹੋਈ ਜਵਾਨੀ ਦੇ ਪਠਾਣ ਕੈਦੀ ਇਕ ਹੀ ਹੱਥਕੜੀ ਵਿਚ ਜਰੁਟ ਕਰਕੇ ਤੇ ਪੈਰਾਂ ਨੂੰ ਬੇੜੀਆਂ ਲਾ ਕੇ ਬਠਾਏ ਹੋਏ ਸਨ। ਉਨ੍ਹਾਂ ਦੇ ਖੱਬੇ ਪਾਸੇ ਬੈਠੇ ਸਿਪਾਹੀ ਨੇ ਹੱਥਕੜੀ ਦੀ ਸੰਗਲੀ ਆਪਣੀ ਪੇਟੀ ਵਿਚ ਪਰੋਤੀ ਹੋਈ ਸੀ। ਦੂਸਰਾ ਇਕ ਪਾਸੇ ਗਾਤਰੇ ਵਿਚ ਰਫਲ ਦੇ ਕਾਰਤੂਸਾਂ ਨਾਲ ਭਰੀਆਂ ਜੇਬਾਂ ਵਾਲੀ ਨਸਵਾਰੀ ਪੇਟੀ ਤੇ ਦੂਸਰੇ ਪਾਸੇ ਖਾਦੀ ਜ਼ੀਨ ਦੇ ਝੋਲੇ ਦਾ ਬੰਗਣਾ ਪਾਈ ਰਫਲ ਲੈ ਕੇ ਸੱਜੇ ਪਾਸੇ ਬੈਠਾ ਸੀ। ਦੋਹਾਂ ਦੀ ਵਰਦੀ ਬਹੁਤ ਚੁਸਤ ਸੀ ਤੇ ਕਾਲੇ ਰੰਗ ਦੇ ਬੂਟ ਪੇਟੀ ਬਹੁਤ ਲਿਸ਼ਕਾਏ ਹੋਏ ਸਨ, ਜਿਵੇਂ ਅੰਗਰੇਜ਼ੀ ਰਾਜ ਵਿਚ ਆਮ ਪੁਲਿਸ ਵਾਲੇ ਰੱਖਦੇ ਸਨ। ਦੋਵੇਂ ਸਿਪਾਹੀ ਉਠਦੀ ਜਵਾਨੀ ਦੇ ਗੱਭਰੂ ਸਨ।

ਦੋਵੇਂ ਕੈਦੀ ਪਠਾਣ ਬੜੇ ਹੱਟੇ ਕੱਟੇ ਸਨ। ਉਨ੍ਹਾਂ ਦੇ ਚਿਹਰਿਆਂ ਦੀ ਸ਼ੂਕਾ ਸ਼ਾਕੀ ਤੇ ਅੱਖਾਂ ਤੋਂ ਡਰ ਲਗਦਾ ਸੀ। ਉਨ੍ਹਾਂ ਤੋਂ ਡਰ ਡਰ ਨਿੱਕੇ ਬੱਚੇ ਆਪਣੇ ਮਾਪਿਆਂ ਨੂੰ ਚਿੰਬੜ ਚਿੰਬੜ ਉਨ੍ਹਾਂ ਦੇ ਕੰਨਾਂ ਵਿਚ ਹੌਲੀ ਹੌਲੀ ਚੋਰ ਚੋਰ ਆਖਦੇ ਸਨ। ਸਾਰੀਆਂ ਨਵੀਆਂ ਸਵਾਰੀਆਂ ਨੇ, ਵਿਚੇ ਹੀ ਮੈਂ, ਉਨ੍ਹਾਂ ਤੋਂ ਹਟ ਕੇ ਬੈਠਣ ਦਾ ਚਾਰਾ ਕੀਤਾ।

ਲਾਰੀ ਭਰ ਗਈ ਤੇ ਤੁਰ ਪਈ। ਜੇਠ ਮਹੀਨੇ ਦੀ ਧੁੱਪ ਵਾਹਵਾ ਚਮਕ ਆਈ ਸੀ।

ਮੇਰੇ ਸੱਜੇ ਪਾਸੇ ਨਾਲ ਹੀ ਬਿੱਲੀਆਂ ਅੱਖਾਂ ਵਾਲੇ ਦੋ ਕੈਦੀਆਂ ਦੇ ਹਾਣ ਦੇ ਦੋ ਹੋਰ ਪਠਾਣ ਬੈਠੇ ਸਨ। ਉਨ੍ਹਾਂ ਦੀ ਸ਼ਕਲ ਸੂਰਤ ਤੇ ਦਿੱਖ ਕੈਦੀਆਂ ਵਾਂਗ ਹੀ ਡਰਾਉਣੀ ਜਾਪਦੀ ਸੀ। ਉਹ ਲਾਰੀ ਦੇ ਅੱਡੇ 'ਤੇ ਖਲੋਤਿਆਂ ਤੇ ਤੁਰੇ ਜਾਂਦਿਆਂ ਵੀ ਆਪਸ ਵਿਚ ਘੁਸਰ ਮੁਸਰ ਕਰੀ ਗਏ। ਉਨ੍ਹਾਂ ਦੀ ਇਸ ਫੁਸ ਫੁਸ ਤੋਂ ਸਵਾਰੀਆਂ ਤੰਗ ਪੈ ਰਹੀਆਂ ਸਨ। ਵਿਚ ਵਿਚਾਲੇ ਉਨ੍ਹਾਂ ਦੀਆਂ ਅੱਖਾਂ ਕਿਤੇ ਕਿਤੇ ਕੈਦੀਆਂ ਵੱਲ ਸਿੱਧੀਆਂ ਹੋ ਜਾਂਦੀਆਂ ਤਾਂ ਇਨ੍ਹਾਂ ਦੀ ਤੱਕ ਨਾਲ ਕੈਦੀਆਂ ਦੇ ਚਿਹਰਿਆਂ 'ਤੇ ਪ੍ਰਭਾਵਾਂ ਤੋਂ ਸ਼ੱਕ ਪੈਂਦਾ ਸੀ ਕਿ ਉਹ ਕੈਦੀਆਂ ਦੇ ਜ਼ਰੂਰ ਸਨੇਹੀ ਹੋਣਗੇ। ਇਸ ਤੋਂ ਇਲਾਵਾ ਉਨ੍ਹਾਂ ਵਿਚ ਹੋਰ ਕੋਈ ਲੱਛਣ ਨਹੀਂ ਦਿਸਿਆ ਜਿਸ ਤੋਂ ਉਨ੍ਹਾਂ ਦੀ ਵਾਕਫੀ ਪਰਗਟ ਹੁੰਦੀ ਹੋਵੇ।

ਸਿਪਾਹੀ ਵੀ ਸਰੀਰ ਦੇ ਤਕੜੇ ਨਰੋਏ ਗੱਭਰੂ ਸਨ ਤੇ ਉਹ ਆਪਣੇ ਕੈਦੀਆਂ ਨੂੰ ਸੰਭਾਲੀ ਬੜੇ ਬੇਫਿਕਰ ਬੈਠੇ ਸਨ। ਲਾਰੀ ਰੇਲ ਦੇ ਪੁਲ ਤੋਂ ਕਾਬਲ ਦਰਿਆ ਪਾਰ ਕਰ ਗਈ ਤੇ ਅਕਾਲੀ ਫੂਲਾ ਸਿੰਘ ਸ਼ਹੀਦ ਵਾਲੀ ਪਹਾੜੀ ਦਾ ਢਿੱਡ ਚੀਰ ਕੇ ਲੰਘਾਈ ਗਈ ਸੜਕ ਉਤੋਂ ਦੀ ਘੂਕਦੀ ਰਸਾਲਪੁਰ ਜਾ ਖਲੋਤੀ। ਉਥੇ ਕੁਝ ਸਵਾਰੀਆਂ ਉਤਰੀਆਂ ਤੇ ਚੜ੍ਹੀਆਂ ਤਾਂ ਲਾਰੀ ਤੁਰ ਪਈ।

ਪਹਾੜੀ ਲੰਘਦਿਆਂ ਹੀ ਕਾਬਲ ਦਰਿਆ ਦੇ ਪਾਰਲਾ ਜੁਗਰਾਫੀਆ ਦਿਸ ਪਿਆ। ਚਾਰ ਚੁਫੇਰੇ ਦਿਸਹੱਦੇ ਉਤੇ ਪਹਾੜਾਂ ਦੀਆਂ ਲਤਰਾਂ ਤੇ ਲਤਰਾਂ ਚੜ੍ਹੀਆਂ ਦਿਸਦੀਆਂ ਸਨ ਜੋ ਘੱਟੇ ਮਿੱਟੀ ਦੀ ਚੜ੍ਹੀ ਹੋਈ ਧੁੰਦ ਵਿਚ ਬੜੀਆਂ ਨਿੰਗੀਆਂ ਨਜ਼ਰੀਂ ਆ ਰਹੀਆਂ ਸਨ। ਇਹ ਦਰਿਆ ਕਾਬਲ ਦਾ ਵਿਰਲ ਬਹੁਤ ਵੱਡਾ ਮੈਦਾਨੀ ਪੱਧਰ ਸੀ, ਜਿਸ ਵਿਚ ਨਹਿਰਾਂ ਤੇ ਖੂਹਾਂ ਤੋਂ ਸਿੰਜਾਈ ਹੁੰਦੀ ਸੀ। ਪਿੰਡਾਂ ਲਾਗੇ, ਖੂਹਾਂ 'ਤੇ, ਸੜਕਾਂ ਤੇ ਸ਼ਹਿਰਾਂ ਦੇ ਕੰਢਿਆਂ 'ਤੇ ਤਾਂ ਰੁੱਖ ਦਰਖਤ ਬਹੁਤ ਸਨ, ਪਰ ਰੱਸ਼ਕਈ ਤਕ ਖੇਤਾਂ ਵਿਚ ਸ਼ਾਇਦ ਹੀ ਕੋਈ ਰੁੱਖ ਦਿਸਦਾ ਹੋਵੇ।

ਰਸਾਲਪੁਰੋਂ ਉਰੇ ਤੇ ਅਗਾਂਹ ਲੰਘ ਕੇ ਵੀ ਸੜਕ ਦੇ ਦੋਹੀਂ ਪਾਸੀਂ ਨਿਗਾਹ ਦੇ ਪਸਾਰ ਤਕ ਕਣਕਾਂ ਦੇ ਵੱਢ ਸੁੰਞੇ ਪਏ ਸਨ। ਸੱਜੇ ਹੱਥ ਤਾਂ ਦੂਰ ਹਟ ਕੇ ਰੁੱਖਾਂ ਦਰਖਤਾਂ ਦੀ ਹਰਿਆਉਲ ਝੌਲਾ ਮਾਰਦੀ ਸੀ, ਪਰ ਖੱਬੇ ਹੱਥ ਤਾਂ ਉਜਾੜ ਹੀ ਉਜਾੜ ਸੀ। ਕੋਈ ਪਿੰਡ ਨਜ਼ਰੇ ਨਹੀਂ ਸੀ ਚੜ੍ਹਦਾ। ਮਈ ਦੀਆਂ ਧੁੱਪਾਂ ਵੱਢਾਂ ਵਿਚੋਂ ਕਣਕ ਦੇ ਬੁਥਿਆਂ ਤੇ ਪੋਹਲੀ ਨੂੰ ਸੁਕਾ ਰਹੀਆਂ ਸਨ ਤੇ ਦਰਿਆਵਾਂ ਤੇ ਪਹਾੜਾਂ ਦੇ ਨੇੜ ਸਦਕਾ ਹਮੇਸ਼ਾ ਚਲਦੀ ਰਹਿੰਦੀ ਹਵਾ ਪੋਹਲੀ ਨੂੰ ਉਖਾੜ ਉਖਾੜ ਡੂੰਘੇ ਨਾਲਿਆਂ ਦੀਆਂ ਖੱਡਾਂ ਦੇ ਖੂੰਜੇ ਖਰਲਾਂ ਤੇ ਹੋਰ ਓਟ ਵਾਲੀਆਂ ਥਾਂਵਾਂ ਵਿਚ ਢੇਰ ਲਾਈ ਜਾਂਦੀ ਸੀ। ਧੁੱਪ ਦੇ ਤੇਜ਼ ਹੋਣ ਨਾਲ ਇਹ ਹਵਾ ਤੇਜ਼ ਹੋ ਜਾਂਦੀ ਤੇ ਮਿੱਟੀ ਘੱਟਾ ਤੇ ਕੱਖ ਕਾਣ ਉਡਾਉਣ ਲੱਗ ਪੈਂਦੀ।

---

ਹਵਾ ਵਾਹਵਾ ਤੇਜ਼ ਹੋ ਗਈ ਸੀ ਜੋ ਲਾਰੀ ਦੀਆਂ ਬਾਰੀਆਂ ਵਿਚੋਂ ਸ਼ੂਕਦੀ ਸਾਡੀਆਂ ਝੁੰਗੀਆਂ ਦੇ ਸ਼ੰਭਲੇ ਉਡਾ ਰਹੀ ਸੀ। ਲਾਰੀ ਜਦ ਰਸਾਲਪੁਰ ਲੰਘ ਤੁਰੀ ਤਾਂ ਇਕ ਕੈਦੀ ਮੂੰਹ ਨੂੰ ਵੱਟ ਚਾੜ੍ਹ ਤੇ ਨੱਕ ਵੱਟ ਬੈਠਿਆਂ ਬੈਠਿਆਂ ਉਸਲ ਵੱਟੇ ਭੰਨਣ ਲੱਗ ਪਿਆ ਤੇ ਉਹਨੇ ਢਿੱਡ ਘੁਟ ਘੁਟ ਪਸ਼ਤੋ ਵਿਚ ਹਾਲ ਪਾਹਰਿਆਂ ਸ਼ੁਰੂ ਕਰ ਦਿੱਤੀ, ਜਿਸ ਤੋਂ ਮੇਰੇ ਵਰਗੇ ਉਦੋਂ ਪਸ਼ਤੋ ਨਾ ਜਾਣਨ ਵਾਲੇ ਨੂੰ ਵੀ ਮਾਲੂਮ ਹੋ ਗਿਆ ਕਿ ਉਸ ਦੇ ਢਿੱਡ ਵਿਚ ਜ਼ਰੂਰ ਕੋਈ ਸੂਲ ਉਠਿਆ ਸੀ ਤੇ ਟੱਟੀ ਜਾਣ ਲਈ ਤਰਲੇ ਮਾਰ ਰਿਹਾ ਸੀ। ਉਹ ਭਾਵੇਂ ਕੈਦੀ ਸੀ, ਖਬਰੇ ਕਿੰਨਾ ਪਾਪੀ ਹੋਵੇਗਾ, ਪਰ ਮਨੁੱਖ ਤਾਂ ਸੀ। ਇਸ ਮਨੁੱਖੀ ਨਾਤੇ ਨੇ ਸਾਡੇ ਦਿਲਾਂ ਵਿਚ ਪੈਦਾ ਹੋਈ ਉਸ ਵੱਲ ਘ੍ਰਿਣਾ ਨੂੰ ਨਰਮਾ ਦਿੱਤਾ ਤੇ ਸਾਡੀਆਂ ਹਮਦਰਦੀਆਂ ਉਹਦੇ ਵੱਲ ਕਰ ਦਿੱਤੀਆਂ, ਤੇ ਸਵਾਰੀਆਂ ਨੂੰ ਉਸ 'ਤੇ ਤਰਸ ਆਉਣ ਲੱਗ ਪਿਆ।

ਪਰ ਸਿਪਾਹੀ ਕੋਈ ਪਰਵਾਹ ਨਹੀਂ ਸੀ ਕਰ ਰਹੇ। ਉਨ੍ਹਾਂ ਵਿਚ ਅੰਗਰੇਜ਼ੀ ਸਾਮਰਾਜ ਵੱਲੋਂ ਗੁਲਾਮ ਲੋਕਾਂ ਦੀਆਂ ਲੋੜਾਂ ਵੱਲ ਵਰਤੀ ਜਾ ਰਹੀ ਬੇਪਰਵਾਹੀ, ਬੇਰੁਖੀ, ਬੇਰਹਿਮਤੀ ਤੇ ਬੇਕਿਰਕੀ ਕੁੱਟ ਕੁੱਟ ਕੇ ਭਰੀ ਹੋਈ ਜਾਪਦੀ ਸੀ। ਇਸ ਤਰ੍ਹਾਂ ਲਗਦਾ ਸੀ, ਜਿਵੇਂ ਸਤਾਰਾਂ ਰੁਪਏ ਮਹੀਨੇ ਵਿਚ ਅੰਗਰੇਜ਼ੀ ਹਕੂਮਤ ਨੇ ਉਨ੍ਹਾਂ ਦੇ ਦਿਲਾਂ ਚੋਂ ਇਨਸਾਨੀ ਹਮਦਰਦੀ ਦਾ ਖਾਨਾ ਹੀ ਕੱਢ ਲਿਆ ਹੋਵੇ।

ਕੈਦੀ ਦੀ ਦੁਹਾਈ ਨੇ ਸਾਰੀਆਂ ਸਵਾਰੀਆਂ ਦੇ ਦਿਲਾਂ ਨੂੰ ਨਰਮਾ ਕੇ ਸਿਪਾਹੀਆਂ ਦੀ ਆਕੜ ਉਤੇ ਗੁੱਸਾ ਚੜ੍ਹਾ ਦਿੱਤਾ ਸੀ। ਸਵਾਰੀਆਂ ਕੈਦੀ ਵੱਲ ਰਹਿਮ ਦੀਆਂ ਤੇ ਸਿਪਾਹੀਆਂ ਨੂੰ ਕਹਿਰ ਦੀਆਂ ਨਜ਼ਰਾਂ ਨਾਲ ਵੇਖਣ ਲੱਗ ਪਈਆਂ। ਕਈ ਤਾਂ ਸਿਪਾਹੀਆਂ ਨੂੰ ਕੈਦੀ ਦੀ ਮੰਗ ਮੰਨ ਲੈਣ ਲਈ ਆਖਣ ਡਹਿ ਪਈਆਂ, ਪਰ ਸਿਪਾਹੀਆਂ ਦੇ ਖਾਨਿਆਂ ਵਿਚ ਕੈਦੀ ਦੀ ਤਰਲੋ ਮੱਛੀ ਨਹੀਂ ਸੀ ਪੈ ਰਹੀ। ਉਨ੍ਹਾਂ ਨੂੰ ਬਰਤਾਨਵੀ ਹਾਕਮਾਂ ਵੱਲੋਂ ਅਜੇ ਇਹ ਦੱਸਿਆ ਹੀ ਨਹੀਂ ਸੀ ਗਿਆ ਕਿ ਚਲਦੀ ਲਾਰੀ ਵਿਚ ਅਜਿਹਾ ਮਾਮਲਾ ਪੇਸ਼ ਆ ਜਾਵੇ ਤਾਂ ਕੀ ਕੀਤਾ ਜਾਵੇ।

ਅਖੀਰ ਜਦ ਲਾਰੀ ਰਸਾਲਪੁਰ ਤੋਂ ਢਾਈ ਮੀਲ ਨਿਕਲ ਆਈ ਤਾਂ ਕੈਦੀ ਨੇ ਝੱਗਾ ਚੁੱਕ ਕੇ ਨਾਲੇ ਨੂੰ ਹੱਥ ਪਾਇਆ ਤੇ ਬੈਂਚੋਂ ਉਤਰ ਕੇ ਲਾਰੀ ਵਿਚ ਹੀ ਟੱਟੀ ਬੈਠ ਜਾਣ ਦਾ ਸਾਂਗ ਧਾਰਿਆ। ਇਹ ਵੇਖ ਕੇ ਸਵਾਰੀਆਂ ਵਿਚ ਹਫੜਾ ਦਫੜੀ ਮੱਚ ਗਈ ਤੇ ਉਹ ਸਿਪਾਹੀਆਂ ਉਤੇ ਬਹੁਤ ਔਖੀਆਂ ਹੋਣ ਲੱਗ ਪਈਆਂ। ਸਿਪਾਹੀਆਂ ਦੀ ਸਾਮਰਾਜੀ ਆਕੜ ਟੁੱਟੀ ਤੇ ਉਨ੍ਹਾਂ ਨੇ ਲਾਰੀ ਖੜ੍ਹੀ ਕਰਵਾ ਲਈ।

ਉਹ ਕੈਦੀਆਂ ਨੂੰ ਲੈ ਕੇ ਲਾਰੀ ਦੀ ਅਗਲੀ ਬਾਰੀ ਥਾਣੀਂ ਹੇਠਾਂ ਉਤਰ ਗਏ। ਐਨ ਉਸੇ ਵੇਲੇ ਮੇਰੇ ਕੋਲ ਬੈਠੇ ਦਗਾ ਰੌੜਾ ਦਗਾ ਰੌੜਾ ਕਰਦੇ ਆ ਰਹੇ ਯਾਨਿ ਪਸ਼ਤੋ ਬੋਲਦੇ ਆ ਰਹੇ ਦੋਵੇਂ ਪਠਾਣ ਵੀ ਪਿਛਲੀ ਬਾਰੀ ਉਤਰ ਕੇ ਕੈਦੀਆਂ ਕੋਲ ਚਲੇ ਗਏ।

ਸਿਪਾਹੀ ਕੈਦੀਆਂ ਨੂੰ ਲੈ ਕੇ ਲਾਰੀ ਤੋਂ ਅਜੇ ਦੋ ਕਦਮ ਹੀ ਪਰੇ ਹਟੇ ਸਨ ਕਿ ਡਜ਼ ਦੀ ਆਵਾਜ਼ ਆਈ ਤੇ ਨਾਲ ਹੀ ਦੋਂਹ ਬੰਦਿਆਂ ਦੇ ਭੁੰਜੇ ਢਹਿ ਪੈਣ ਦਾ ਖੜਕਾ ਹੋਇਆ।

ਮੌਤ ਨਗਾਰੇ ਦੀ ਇਸ ਆਵਾਜ਼ ਤੋਂ ਡਰ ਕੇ ਸਭ ਸਵਾਰੀਆਂ ਆਪੋ ਆਪਣੀ ਥਾਂਈਂ ਦੜ ਵੱਟ ਗਈਆਂ ਤੇ ਕਿਸੇ ਦਾ ਬਾਹਰ ਨਿਕਲ ਕੇ ਵੇਖਣ ਦਾ ਹੌਸਲਾ ਨਾ ਪਿਆ। ਮਾਪਿਆਂ ਨੇ ਬੱਚੇ ਛਾਤੀਆਂ ਨਾਲ ਘੁੱਟ ਲਏ। ਸਵਾਰੀਆਂ ਅੰਦਰ ਬੈਠੀਆਂ ਹੀ ਵਾਪਰੀ ਨੂੰ ਜਾਣਨ ਦੀ ਕੋਸ਼ਿਸ਼ ਕਰਨ ਤਕ ਹੀ ਸੀਮਤ ਰਹਿ ਗਈਆਂ ਸਨ। ਮੈਂ ਧੌਣ ਭੰਵਾ ਕੇ ਆਪਣੀ ਸੀਟ ਤੋਂ ਹੀ ਬਿਨਾ ਸਿਰ ਬਾਹਰ ਕੱਢਿਆਂ ਕੁੱਕੜ ਵਾਂਗ ਬਾਹਰ ਝਾਕਿਆ ਤਾਂ ਦੋਵੇਂ ਕੈਦੀ ਸਿੱਧੇ ਪਏ ਸਨ। ਤੇ ਸਿਪਾਹੀ ਕਿਧਰੇ ਨਹੀਂ ਸਨ ਦਿਸਦੇ। ਮੇਰੇ ਪਾਸੋਂ ਹੀ ਉਠ ਕੇ ਜਾਣ ਵਾਲੇ ਜਵਾਨਾਂ ਵਿਚੋਂ ਇਕ ਦੇ ਹੱਥ ਵਿਚ ਮਾੜਾ ਮਾੜਾ ਧੂੰਆਂ ਛੱਡ ਰਿਹਾ ਪਿਸਤੌਲ ਫੜ੍ਹਿਆ ਹੋਇਆ ਸੀ ਤੇ ਦੂਸਰਾ ਇਸ ਤਰ੍ਹਾਂ ਨਿੰਵਿਆ ਹੋਇਆ ਸੀ ਜਿਵੇਂ ਭੋਏਂ ਤੋਂ ਕੋਈ ਚੀਜ਼ ਚੁੱਕ ਰਿਹਾ ਹੋਵੇ।

ਮੈਂ ਥੋੜ੍ਹਾ ਜਿਹਾ ਹੋਰ ਹੌਸਲਾ ਕੀਤਾ ਤੇ ਬਾਰੀ ਨਾਲ ਮੱਥਾ ਲਾ ਕੇ ਹੋਰ ਹੇਠਾਂ ਕਰ ਕੇ ਨਿਗਾਹ ਮਾਰੀ ਤਾਂ ਇਕ ਸਿਪਾਹੀ ਜਮੀਨ 'ਤੇ ਡਿੱਗਾ ਪਿਆ ਸੀ ਤੇ ਨਿੰਵਿਆ ਹੋਇਆ ਜਵਾਨ ਸੱਜੇ ਹੱਥ ਵਿਚ ਪਿਸਤੌਲ ਫੜ੍ਹੀ ਖੱਬੇ ਹੱਥ ਨਾਲ ਉਸ ਦੀ ਪੇਟੀ ਖੋਲ੍ਹ ਰਿਹਾ ਸੀ। ਰਫਲ ਵਾਲੇ ਸਿਪਾਹੀ ਦੀਆਂ ਲਾਰੀ ਹੇਠ ਵੜੇ ਜਾਂਦੇ ਦੀਆਂ ਮਸਾਂ ਲੱਤਾਂ ਹੀ ਦਿਸੀਆਂ। ਨਿੰਵਿਆ ਹੋਇਆ ਜਵਾਨ ਸਿਪਾਹੀ ਦੀ ਪੇਟੀ ਵਿਚੋਂ ਹੱਥਕੜੀ ਦੀ ਸੰਗਲੀ ਕੱਢ ਕੇ ਸਿੱਧਾ ਖੜ੍ਹਾ ਹੋ ਗਿਆ ਤਾਂ ਦੋਹਾਂ ਜਣਿਆਂ ਨੇ ਆਪਣੇ ਪਿਸਤੌਲਾਂ ਦੀਆਂ ਨਾਲੀਆਂ ਲਾਰੀ ਵੱਲ ਸਿੱਧੀਆਂ ਕਰ ਦਿੱਤੀਆਂ। ਉਸ ਬੰਨੇ ਦੀਆਂ ਸਾਰੀਆਂ ਸਵਾਰੀਆਂ ਨੇ ਨਿਉਂ ਕੇ ਲੱਤਾਂ ਉਤੇ ਸਿਰ ਰੱਖ ਲਏ। ਬਾਹਰੋਂ ਚੰਗੇ ਰੋਹ ਵਾਲੀ ਕੜਕਦੀ ਪਸ਼ਤੋ ਵਿਚ ਤਾੜਨਾ ਹੋਈ, ਜਿਸ ਨੂੰ ਪਸ਼ਤੋਆਂ ਨੇ ਤਾਂ ਸਮਝਣਾ ਸੀ, ਮੇਰੇ ਵਰਗੇ ਅਨਪੜ੍ਹ ਵੀ ਜਾਣ ਗਏ ਕਿ ਉਨ੍ਹਾਂ ਦੇ ਕੰਮ ਵਿਚ ਦਖਲ ਦੇਣ ਵਾਲਿਆਂ ਨੂੰ ਉਹ ਜਾਨੋਂ ਮਾਰ ਦੇਣਗੇ।

ਸਭ ਸਵਾਰੀਆਂ ਇਸ ਮੌਤ ਦੀ ਘੁਰਕੀ ਤੋਂ ਸਹਿਮ ਗਈਆਂ ਤੇ ਕੋਈ ਵੀ ਹਿੰਦ ਦਾ ਲਾਲ ਬਾਹਰ ਜਾਣ ਤੇ ਪਰਾਈ ਹਕੂਮਤ ਦੀ ਮੌਤੇ ਮਰਨ ਲਈ ਤਿਆਰ ਨਾ ਹੋਇਆ।

ਸਵਾਰੀਆਂ ਵੱਲੋਂ ਤਸੱਲੀ ਕਰ ਕੇ ਇਕ ਕੈਦੀ ਨੇ ਹੱਥਕੜੀ ਦੀ ਸੰਗਲੀ ਗਲ ਵਿਚ ਲਮਕਾ ਲਈ ਤੇ ਖਾਲੀ ਹੱਥ ਨਾਲ ਆਪਣੇ ਤੇ ਦੂਸਰੇ ਸਿਪਾਹੀ ਦੀ ਢੱਠੀ ਹੋਈ ਰਫਲ ਚੁੱਕ ਲਈ। ਅੱਗੇ ਅੱਗੇ ਕੈਦੀਆਂ ਦਾ ਜਰੁਟ ਬੇੜੀਆਂ ਛਣਕਾਉਂਦਾ ਤੇ ਪਿੱਛੇ ਪਿੱਛੇ ਪਿਸਤੌਲਾਂ ਵਾਲੇ ਪਠਾਣ ਲਹਿੰਦੇ ਬੰਨੇ ਕਣਕਾਂ ਦੇ ਵੱਢਾਂ ਵਿਚ ਸਿੱਧੇ ਹੋ ਤੁਰੇ। ਪਿਸਤੌਲਾਂ ਵਾਲੇ ਮੁੜ ਮੁੜ ਲਾਰੀ ਵੱਲ ਵੇਖਦੇ ਤੇ ਪਿਸਤੌਲਾਂ ਵਿਚੋਂ ਮੌਤ ਵਗਾਹ ਮਾਰਨ ਦਾ ਡਰ ਦਿੰਦੇ ਬੜੀ ਮੌਜ ਨਾਲ ਜਾ ਰਹੇ ਸਨ।

ਜਦ ਉਹ ਫਰਲਾਂਗ ਤੋਂ ਅਗਾਂਹ ਨਿਕਲ ਗਏ ਤਾਂ ਪਹਿਲਾਂ ਡਰਾਈਵਰ, ਫੇਰ ਕਲੀਨਰ ਤੇ ਉਨ੍ਹਾਂ ਦੀ ਵੇਖਾ ਵੇਖੀ ਸਭ ਮਰਦ ਸਵਾਰੀਆਂ ਲਾਰੀ ਤੋਂ ਉਤਰ ਪਈਆਂ। ਸਾਨੂੰ ਉਤਰਿਆ ਵੇਖ ਕੇ ਲਾਰੀ ਹੇਠ ਵੜਿਆ ਸਿਪਾਹੀ ਵੀ ਬਾਹਰ ਨਿਕਲ ਆਇਆ। ਉਸ ਦਾ ਰੰਗ ਪੀਲਾ ਭੂਕ ਤੇ ਸਰੀਰ ਤਰੇਲੀਓ ਤਰੇਲੀ ਹੋਇਆ ਪਿਆ ਸੀ। ਉਸ ਨੇ ਬਾਹਰ ਆ ਕੇ ਆਪਣੀ ਬੁਜ਼ਦਿਲੀ ਦੇ ਨਿਸ਼ਾਨ ਮਿਟਾਉਣ ਲਈ ਕਾਰਤੂਸਾਂ ਦੀ ਗਾਤਰੇ ਪਾਈ ਪੇਟੀ ਤੇ ਝੋਲਾ ਸੂਤ ਕੀਤੇ, ਵਰਦੀ ਝਾੜੀ ਤੇ ਬੋਝੇ ਵਿਚੋਂ ਰੁਮਾਲ ਕੱਢ ਕੇ ਗੋਡਿਆਂ ਤੇ ਅਰਕਾਂ ਦੀ ਮਿੱਟੀ ਪੂੰਝੀ। ਉਸ ਦਾ ਝਾੜ ਪੂੰਝ ਦਾ ਇਹ ਕੰਮ, ਉਸ ਦੀ ਕੰਬਣੀ ਤੇ ਨਮੋਸ਼ੀ ਨੂੰ ਸਾਥੋਂ ਲੁਕਾ ਨਾ ਸਕਿਆ। ਤੇ ਅਸੀਂ ਸਾਰੇ ਉਸ ਦੀ ਬੁਜ਼ਦਿਲੀ ਉਤੇ ਨਰੋਲ ਸੂਰਮਗਤੀ ਦੇ ਪੱਖ ਤੋਂ ਘ੍ਰਿਣਾ ਕਰ ਰਹੇ ਸਾਂ।

ਚਿੱਤ ਪਏ ਸਿਪਾਹੀ ਦੀ ਸੱਜੀ ਪੁੜਪੁੜੀ ਤੋਂ ਗੋਲੀ ਨਾਲ ਹੋਈ ਮੋਰੀ ਵਿਚੋਂ ਬਿੱਲੀ ਦੀ ਪੂਛ ਵਰਗੀ ਲਹੂ ਦੀ ਧਾਰ ਵਗ ਵਗ ਉਸ ਦੀ ਗਿੱਚੀ ਹੇਠ ਛਪੜੀ ਲਾਈ ਜਾ ਰਹੀ ਸੀ, ਜਿਸ ਨਾਲ ਮੂਸਲ ਵਰਗੇ ਕੁੱਲੇ ਉਤੇ ਬੱਧੀ ਲਾਲ ਪਟਕੇ ਵਾਲੀ ਖਾਕੀ ਪਗੜੀ ਹੇਠੋਂ ਲਿਬੜਦੀ ਜਾਂਦੀ ਸੀ।

ਡਰਾਈਵਰ ਨੇ ਅਗਾਂਹ ਹੋ ਕੇ ਉਸ ਦੇ ਨੰਗੇ ਗੁੱਟ ਉਤੇ ਹੱਥ ਰੱਖਿਆ ਤੇ ਨਿਰਾਸ਼ਾ ਨਾਲ ਸਿਰ ਮਾਰ ਕੇ ਆਖਿਆ, "ਖਤਮ!"

ਮੁਸਲਿਮ ਸਵਾਰੀਆਂ ਦੇ ਹੱਥ ਅੱਡੇ ਗਏ ਤੇ ਉਹ ਉਸ ਦੀ ਰੂਹ ਦੀ ਸ਼ਾਂਤੀ ਤੇ ਉਸ ਦੇ ਗੁਨਾਹਾਂ ਦੀ ਬਖਸ਼ਸ਼ ਵਾਸਤੇ ਦੁਆ ਕਹਿਣ ਲੱਗ ਪਈਆਂ।



ਮੈਂ ਦੁਆ ਉਆ ਕੀ ਕਰਨੀ ਸੀ। ਮੈਂ ਤਾਂ ਸਿਆਸੀ ਕੰਘੀਆਂ ਮਾਰਨ ਲੱਗ ਪਿਆ।

ਜਿਸ ਗੋਲੀ ਦੀ ਦਬੱਲ ਵਰਤੋਂ ਨਾਲ ਅੰਗਰੇਜ਼ੀ ਸਾਮਰਾਜ ਸਾਡੀ ਆਜ਼ਾਦੀ ਨੂੰ ਖੋਹੀ ਤੇ ਦੱਬੀ ਬੈਠਾ ਸੀ, ਅੱਜ ਉਹ ਗੋਲੀ ਜਦ ਉਸ ਦੇ ਭਾੜੇ 'ਤੇ ਲਏ ਹੋਏ ਗੋਲੀਮਾਰ ਯਮਾਂ ਵੱਲ ਸਿੱਧੀ ਹੋਈ ਤਾਂ ਦੋਵੇਂ ਯਮ, ਸਾਨੂੰ ਦੱਬੀ ਤੇ ਡਰਾਈ ਰੱਖਣ ਵਾਲਾ ਗੋਲੀ ਗੱਟਾ ਕੋਲ ਹੁੰਦਿਆਂ ਸੁੰਦਿਆਂ ਜਮੀਨ 'ਤੇ ਢੱਠੇ ਪਏ ਸਨ-ਇਕ ਗੋਲੀ ਦਾ ਮਾਰਿਆ ਤੇ ਦੂਸਰਾ ਗੋਲੀ ਦੇ ਡਰ ਦਾ ਮਾਰਿਆ।

ਉਹ ਚਾਰੇ ਜਣੇ ਅਜੇ ਨੇੜੇ ਹੀ ਜਾ ਰਹੇ ਸਨ, ਉਨ੍ਹਾਂ ਪਠਾਣਾਂ ਤਾਂ ਕੁਜਾ ਤੋਰ ਵੀ ਤਿੱਖੀ ਨਾ ਕੀਤੀ। ਮਾਲੂਮ ਹੁੰਦਾ ਸੀ ਕਿ ਉਨ੍ਹਾਂ ਦੀਆਂ ਖਾਖਾਂ ਵਿਚ ਅੰਗਰੇਜ਼ੀ ਰਾਜ ਦੀ ਵਿਕਰਾਲ ਹਥਿਆਰ ਸ਼ਕਤੀ ਦੇ ਸਿਰ 'ਤੇ ਆ ਕੜਕਣ ਦਾ ਉਕਾ ਹੀ ਡਰ ਨਹੀਂ ਸੀ।

ਅਸਾਂ ਅਜੇ ਲੋਕਾਂ ਨੂੰ ਚੰਗੀ ਤਰ੍ਹਾਂ ਵੇਖਿਆ ਵੀ ਨਹੀਂ ਸੀ ਤੇ ਸੁੱਖੀ ਸਾਂਦੀ ਬਚ ਰਹੇ ਸਿਪਾਹੀ ਦੀ ਅਜੇ ਬੁਜ਼ਦਿਲੀ ਤੇ ਨਮੋਸ਼ੀ ਹਜ਼ਾਰ ਜਤਨ ਕਰਨ 'ਤੇ ਵੀ ਨਹੀਂ ਸੀ ਲੁਕੀ ਕਿ ਮਰਦਾਨ ਵੱਲੋਂ ਇਕ ਕਾਰ ਆ ਗਈ ਜਿਸ ਨੂੰ ਸਿਪਾਹੀ ਨੇ ਹੱਥ ਖੜ੍ਹਾ ਕਰ ਕੇ ਰੋਕ ਲਿਆ। ਇਹ ਸਾਡੇ ਡਰਾਇਵਰ ਨੂੰ ਚਲੇ ਨਾ ਜਾਣ ਲਈ ਆਖ ਕੇ ਕਾਰ ਵਿਚ ਬੈਠ ਰਸਾਲਪੁਰ ਨੂੰ ਚਲਿਆ ਗਿਆ।

---

ਲਾਰੀ ਰੁਕੀ ਰਹੀ। ਸਵਾਰੀਆਂ ਤਿੰਨ ਤਿੰਨ ਚਹੁੰ-ਚਹੁੰ ਦੀਆਂ ਟੋਲੀਆਂ ਹੋ ਕੇ ਇਸ ਘਟਨਾ ਉਤੇ, ਇਸ ਦੇ ਭਿੰਨ ਭਿੰਨ ਪੱਖਾਂ ਉਤੇ, ਇਸ ਦੇ ਨਿਕਲਣ ਵਾਲੇ ਨਤੀਜੇ ਉਤੇ, ਨਿੰਦ ਵਿਚਾਰ ਕਰਨ ਲੱਗ ਪਈਆਂ। ਸਵਾਰੀਆਂ ਤਕਰੀਬਨ ਸਾਰੀਆਂ ਹੀ ਪਸ਼ਤੋ ਸਨ ਤੇ ਮੈਂ ਇਕੱਲਾ ਹਿਨਕੋ ਸਾਂ। ਇਸ ਲਈ ਮੈਂ ਇਕੱਲਾ ਹੀ ਅਟੰਕ ਖੜ੍ਹਾ ਸਾਂ। ਮੈਂ ਡਰ ਰਿਹਾ ਸਾਂ ਕਿ ਚੰਗੇ ਫਸੇ? ਪਤਾ ਨਹੀਂ ਕਦੋਂ ਛੁਟਕਾਰਾ ਹੋਵੇ? ਪੁਲਿਸ ਤਾਂ ਪੁੱਛ ਪੜਤਾਲ ਕੇ ਹੀ ਸਵਾਰੀਆਂ ਦੀ ਖਲਾਸੀ ਕਰੇਗੀ। ਮੈਨੂੰ ਬਹੁਤ ਕਾਹਲ ਸੀ।

ਕਈ ਸਵਾਰੀਆਂ, ਖਾਸ ਕਰ ਜਨਾਨੀਆਂ ਨੂੰ ਉਸ ਮੁਰਦੇ 'ਤੇ ਸਿਪਾਹੀ ਕਰ ਕੇ ਨਹੀਂ, ਇਕ ਜਵਾਨ ਬੰਦਾ ਹੋਣ ਕਰ ਕੇ ਤੇ ਕਿਸੇ ਦਾ ਪੁੱਤਰ ਹੋਣ ਦੇ ਨਾਤੇ ਅਫਸੋਸ ਹੋ ਰਿਹਾ ਸੀ। ਪਰ ਮੈਨੂੰ ਉਸ ਸਿਪਾਹੀ ਦੀ ਮੌਤ ਉਤੇ ਚਿੜੀ ਦੇ ਮਰਨ ਜੋਗਾ ਵੀ ਹਿਰਖ ਨਹੀਂ ਸੀ ਤੇ ਲਾਰੀ ਹੇਠ ਵੜੇ ਸਿਪਾਹੀ ਦੀ ਬੁਜ਼ਦਿਲੀ 'ਤੇ ਵੀ ਮੈਨੂੰ ਕੋਈ ਚਿੰਤਾ ਨਹੀਂ ਸੀ ਜਿਸ ਨੇ ਸਤਾਰਾਂ ਰੁਪਏ ਮਹੀਨੇ ਦੇ ਭਾੜੇ ਉਤੇ ਅੰਗਰੇਜ਼ ਨੂੰ ਦਿੱਤੀ ਹੋਈ ਆਪਣੀ ਜਾਨ ਬੜੀ ਹਿੰਮਤ ਨਾਲ ਭੰਗ ਦੇ ਭਾੜੇ ਜਾਣ ਤੋਂ ਬਚਾ ਲਈ ਸੀ!

ਮੈਨੂੰ ਸਮੇਂ ਦੀ ਹੋ ਰਹੀ ਇਸ ਖੇਹ ਖਰਾਬੀ ਵਿਚ ਵੀ ਉਹ ਜਣੇ ਬੜੇ ਚੰਗੇ ਤੇ ਸੂਰਮੇ ਜਾਪਣ ਲੱਗੇ ਜਿਨ੍ਹਾਂ ਨੇ ਅੰਗਰੇਜ਼ੀ ਸਾਮਰਾਜ ਦੇ ਪੁਲਸੀ ਜਬਾੜਿਆਂ 'ਚੋਂ ਆਪਣੇ ਨਾਲ ਦੇ ਛੁਡਾ ਲਏ ਸਨ। ਮੈਂ ਕੈਦੀਆਂ ਦੇ ਚਲਿੱਤਰ ਤੇ ਉਨ੍ਹਾਂ ਦੇ ਨਾਲ ਦਿਆਂ ਦੀ ਖੋਹਾਮਾਹੀ ਦੀ ਦਲੇਰੀ, ਹਿੰਮਤ ਤੇ ਸਫਲਤਾ ਉਤੇ ਮਨ ਵਿਚ ਅਸ਼ ਅਸ਼ ਕਰ ਰਿਹਾ ਸਾਂ।

ਸਵਾਰੀਆਂ ਦੀ ਆਪਸੀ ਦੰਦ ਕਥਾ ਤੇ ਮੇਰੇ ਸੋਚ ਨਿਰਣੇ ਅਜੇ ਖਤਮ ਨਹੀਂ ਸਨ ਹੋਏ ਕਿ ਰਸਾਲਪੁਰ ਵੱਲੋਂ ਦੀ ਲਾਲ ਧਾਰੀ ਵਾਲੀ ਗੂੜ੍ਹੇ ਨੀਲੇ ਰੰਗ ਦੀ ਆ ਰਹੀ ਸਟੇਸ਼ਨ ਵੈਗਨ ਦੀਆਂ ਬਰੇਕਾਂ ਚੀਕੀਆਂ, ਉਹ ਸਾਡੇ ਲਾਗੇ ਆ ਕੇ ਖਲੋ ਗਈ। ਉਸ ਵਿਚੋਂ ਮਦਾਰੀ ਦੇ ਪਾਟੇ ਖਾਂ ਦੀ ਫੁਰਤੀ ਨਾਲ ਉਹੋ ਸਿਪਾਹੀ ਤੇ ਮਿਲੀਸ਼ੀਏ ਦੀ ਵਰਦੀ ਵਾਲੇ, ਗੋਲੀ ਗੱਟੇ ਨਾਲ ਲੈਸ ਦਸ ਬਾਰਾਂ ਸਿਪਾਹੀ, ਇਕ ਹਵਾਲਦਾਰ ਤੇ ਇਕ ਥਾਣੇਦਾਰ ਉਤਰੇ, ਜਿਨ੍ਹਾਂ ਨੂੰ ਸਾਡੇ ਡਰਾਈਵਰ ਨੇ 'ਉਨ੍ਹਾਂ' ਵੱਲ ਉਂਗਲ ਕਰ ਕੇ ਦੱਸਿਆ ਕਿ "ਉਹ ਜਾਂਦੇ ਹਨ।"

ਉਹ ਅਜੇ ਵੀ ਦੂਰ ਵੱਢਾਂ ਵਿਚ ਜਾਂਦੇ ਮਾੜੇ ਮਾੜੇ ਦਿਸ ਰਹੇ ਸਨ। ਪੁਲਿਸ ਵਾਲਿਆਂ ਨੇ ਬਤਖਾਂ ਵਾਂਗ ਧੌਣਾਂ ਚੁੱਕ ਕੇ ਉਨ੍ਹਾਂ ਵੱਲ ਵੇਖਿਆ। ਥਾਣੇਦਾਰ ਤੇ ਹਵਾਲਦਾਰ ਨੇ ਅੱਖਾਂ ਉਤੇ ਸੱਜੇ ਹੱਥਾਂ ਦਾ ਬਰਾਂਡਾ ਬਣਾ ਕੇ ਉਨ੍ਹਾਂ ਨੂੰ ਚੰਗੇ ਧਿਆਨ ਨਾਲ ਜਾਚਿਆ। ਜਦ ਉਨ੍ਹਾਂ ਦੀ ਤਸੱਲੀ ਹੋ ਗਈ ਤਾਂ ਹਵਾਲਦਾਰ ਤੇ ਅੱਠਾਂ ਸਿਪਾਹੀਆਂ ਨੇ ਆਪਣੀਆਂ ਪੇਟੀਆਂ ਨਾਲੋਂ ਸੰਗੀਨਾਂ ਖਿੱਚੀਆਂ ਤੇ ਰਫਲਾਂ ਦੀਆਂ ਨਾਸਾਂ 'ਤੇ ਟੰਗ ਲਈਆਂ। ਫੇਰ ਉਨ੍ਹਾਂ ਸਣੇ ਰਫਲਾਂ ਆਪਣੀਆਂ ਸੱਜੀਆਂ ਬਾਹਾਂ ਉਤਾਂਹ ਉਲਾਰੀਆਂ ਤੇ 'ਯਾ ਅਲੀ' ਦਾ ਨਾਅਰਾ ਮਾਰ ਕੇ ਉਨ੍ਹਾਂ ਦੇ ਮਗਰ ਦੌੜ ਗਏ।

ਥਾਣੇਦਾਰ, ਜਿਸ ਕਿਰਲੇ ਵਾਂਗ ਧੌਣ ਅਕੜਾਈ ਹੋਈ ਸੀ ਤੇ ਜਿਸ ਦੀ ਖਾਕੀ ਪੱਗ ਦਾ ਮਾਇਆ ਨਾਲ ਆਕੜਿਆ ਖੜ੍ਹਾ ਕਲਗੇ ਵਰਗਾ ਫਰਲਾ ਅੰਗਰੇਜ਼ੀ ਰਾਜ ਦੀ ਹੈਂਕੜ ਦਾ ਸੂਚਕ ਸੀ, ਨੇ ਬਾਕੀ ਰਹਿੰਦੇ ਸਿਪਾਹੀਆਂ ਨੂੰ ਨਾਲ ਲੈ ਕੇ ਤਫਤੀਸ਼ ਸ਼ੁਰੂ ਕਰ ਦਿੱਤੀ। ਉਸ ਨੇ ਗੱਡੀ ਵਿਚ ਪਏ ਆਪਣੇ ਬੈਗ ਵਿਚੋਂ ਕੁਝ ਕਾਗਜ਼ ਤੇ ਫੁਟਾਂ ਵਾਲਾ ਫੀਤਾ ਕੱਢਿਆ, ਮਰੇ ਸਿਪਾਹੀ ਦੀ ਲਾਸ਼ ਨੂੰ ਚੰਗੀ ਤਰ੍ਹਾਂ ਵੇਖਿਆ। ਉਸ ਦੇ ਜ਼ਖਮ ਦੀ ਥਾਂ ਅੱਖਾਂ ਅੱਖਾਂ ਵਿਚ ਹੀ ਨਾਪੀ। ਲੋਥ ਤੋਂ ਲਾਰੀ ਦੀ ਵਿੱਥ ਮਿਣੀ ਤੇ ਉਸ ਦੇ ਡਿੱਗੇ ਹੋਏ ਥਾਂ 'ਤੇ ਲਾਰੀ ਦੇ ਖਲੋਣ ਦਾ ਨਕਸ਼ਾ ਬਣਾਇਆ। ਨਕਸ਼ੇ ਉਤੇ ਨੱਠ ਗਏ ਹੋਇਆ ਦੇ ਉਤਰਨ ਤੇ ਖਲੋਣ ਵਾਲੀਆਂ ਥਾਂਵਾਂ ਦੇ ਨਿਸ਼ਾਨ ਲਾਏ ਤੇ ਤਫਤੀਸ਼ ਦੇ ਹੋਰ ਸਾਰੇ ਖੇਖਣ ਪੂਰੇ ਕੀਤੇ।

ਫੇਰ ਉਹ ਪੁੱਛ ਪੁਛਾਈ ਲਈ ਸਵਾਰੀਆਂ ਵੱਲ ਹੋਇਆ। ਮੈਨੂੰ ਖੁਸ਼ਪੋਸ਼ ਜਿਹਾ ਵੇਖ ਕੇ ਉਹ ਸਭ ਤੋਂ ਪਹਿਲਾਂ ਮੈਨੂੰ ਹੀ ਪੁੱਛਣ ਲੱਗਾ। ਮੈਂ ਨਿਰੋਲ ਛਾਛੀ ਉਚਾਰਨ ਦੀ ਪੰਜਾਬੀ ਬੋਲਦਿਆਂ ਆਪਣਾ ਥਾਂ ਪਤਾ ਸ਼ਾਮਸ਼ਾਬਾਦ ਜ਼ਿਲ੍ਹਾ ਅਟਕ ਦੱਸਿਆ ਜਿਥੇ ਮੇਰਾ ਸਿਆਸੀ ਕੰਮਾਂ ਲਈ ਆਮ ਜਾਣ ਆਉਣ ਤੇ ਰਹਿਣ ਬਹਿਣ ਸੀ, ਜਿਥੋਂ ਦੇ ਕਈ ਬੰਦੇ ਮੇਰੀ ਸ਼ਾਹਦੀ ਦੇਣ ਲਈ ਤਿਆਰ ਸਨ। ਪਰ ਇਸ ਖਲਜਗਣ ਵਿਚ ਗਏ ਹੋਏ ਮੇਰੇ ਭਾਗ ਇਸ ਕਰ ਕੇ ਸਾਫ ਬਚ ਨਿਕਲੇ ਕਿ ਮੈਂ ਪਸ਼ਤੋ ਨਹੀਂ ਜਾਣਦਾ ਸਾਂ। ਇਸ ਲਈ ਥਾਣੇਦਾਰ ਨੇ ਮੈਨੂੰ ਗਵਾਹਾਂ ਵਿਚ ਨਾ ਰੱਖਿਆ ਤੇ ਜਾਣ ਦੀ ਆਗਿਆ

***(ਬਾਕੀ ਅਗਲੇ ਸਫੇ 'ਤੇ)***

# ਭਾਰਤ-ਇਰਾਨ ਦੀਆਂ ਇਤਿਹਾਸਕ ਸਾਂਝਾਂ

**ਸ਼ਬਦ ਸਮਝੋ ਮਨੁੱਖੀ ਜੀਵਨ ਦੀਆਂ ਧੜਕਣਾਂ ਹਨ। ਇਨ੍ਹਾਂ ਅੰਦਰ ਮਨੁੱਖ ਜਾਤ ਦੀ ਸਮੁੱਚੀ ਸੋਚ, ਸਮਾਜਕ ਹਾਲਾਤ ਅਤੇ ਸਭਿਆਚਾਰਕ ਵਿਸ਼ੇਸ਼ਤਾਵਾਂ ਸਮੋਈਆਂ ਪਈਆਂ ਹਨ। ਇਸ ਲੇਖ ਵਿਚ ਮਰਹੂਮ ਨਿਰੁਕਤ ਸ਼ਾਸਤਰੀ ਜੀ. ਐਸ. ਰਿਆਲ ਨੇ ਭਾਰਤ ਅਤੇ ਇਰਾਨ ਦੀਆਂ ਇਤਿਹਾਸਕ ਸਾਂਝਾ ਦਾ ਜ਼ਿਕਰ ਕੀਤਾ ਹੈ। ਇਨ੍ਹਾਂ ਸਾਂਝਾਂ ਨਾਲ ਸਾਂਝ ਪਾਉਂਦਿਆਂ ਸ਼ਬਦਾਂ ਨਾਲ ਜੋ ਸਾਂਝ ਪੈਂਦੀ ਹੈ, ਉਹ ਅਮੁੱਲ ਹੈ। ਜਾਪਦਾ ਹੈ, ਜਿਵੇਂ ਕੋਈ ਖਜ਼ਾਨਾ ਲੱਭ ਗਿਆ ਹੋਵੇ। -ਸੰਪਾਦਕ**

ਆਰਿਆਈ-ਭਾਰਤ ਨਾਲ ਇਰਾਨ ਦਾ ਬੜਾ ਗੂੜ੍ਹਾ ਰਿਸ਼ਤਾ ਹੈ। ਇਥੋਂ ਤਕ ਕਿ ਇਰਾਨ ਅਤੇ ਆਰੀਆ ਦੇ ਸ਼ਬਦ ਇਕ-ਮਿਕ ਹਨ। 'ਇਰਾਨ' ਦਾ ਮੂਲ ਅਰਥ ਹੀ ਆਰੀਆ ਦੇਸ਼ ਹੈ। ਇਰਾਨੀ ਬਾਦਸ਼ਾਹ ਆਪਣੇ ਨਾਂ ਨਾਲ 'ਆਰੀਆ-ਮਿਹਰ' (ਆਰੀਆ ਦੋਸਤ) ਦੀ ਉਪਾਧੀ ਦੀ ਵਰਤੋਂ ਕਰਦੇ ਸਨ। ਇਤਿਹਾਸ ਮੁਜਬ, ਕਿਸੇ ਸਮੇਂ ਇਰਾਨੀ ਅਤੇ ਭਾਰਤੀ ਲੋਕਾਂ ਦੇ ਵੱਡੇ ਵਡੇਰੇ ਮੱਧ ਏਸ਼ੀਆ ਵਿਚ ਜਾਂ ਕੈਸਪੀਅਨ ਸਾਗਰ ਦੇ ਕੰਢਿਆਂ 'ਤੇ ਵਸਦੇ ਸਨ। ਇਨ੍ਹਾਂ ਦੇ ਰਹਿਣ-ਸਹਿਣ, ਧਰਮ ਤੇ ਭਾਸ਼ਾ ਵਿਚ ਡਾਢੀ ਸਮਾਨਤਾ ਸੀ। ਇਰਾਨ ਉਤੇ ਅਰਬਾਂ ਦੇ ਹਮਲੇ ਤੇ ਕਬਜ਼ੇ ਕਾਰਨ ਇਹ ਦੇਸ਼ ਇਸਲਾਮੀ ਰੰਗ ਵਿਚ ਰੰਗਿਆ ਗਿਆ। ਸਿੱਟੇ ਵਜੋਂ ਪੁਰਾਤਨ ਫਾਰਸੀ ਦੇ ਅਨੇਕਾਂ ਸ਼ਬਦ ਅਪ੍ਰਚਲਤ ਤੇ ਅਲੋਪ ਹੋ ਕੇ ਰਹਿ ਗਏ ਅਤੇ ਉਨ੍ਹਾਂ ਦੀ ਥਾਂ

ਜੀ.ਐਸ. ਰਿਆਲ

ਅਰਬੀ ਨੇ ਲੈ ਲਈ ਜੋ ਗੈਰ ਆਰਿਆਈ ਭਾਸ਼ਾ ਹੈ।

ਇਰਾਨ ਅਤੇ ਭਾਰਤ ਦੇ ਸਭਿਆਚਾਰਕ ਸਬੰਧਾਂ ਦਾ ਸਿੱਧਾ ਸਬੂਤ ਹੈ ਕਿ ਹਿੰਦ ਦਾ ਸ਼ਬਦ ਸਿੰਧ (ਜਿਥੇ ਭਾਰਤ-ਆਰਿਆਈ ਬਾਹਰੋਂ ਆ ਕੇ ਪਹਿਲੋਂ-ਪਹਿਲ ਆਬਾਦ ਹੋਏ) ਦਾ ਫਾਰਸੀ ਰੂਪ ਹੈ। ਫਿਰ ਇਸ ਦਾ ਯੂਨਾਨੀ ਰੂਪ ਇੰਡ ਜਾਂ ਇੰਡੀਆ ਬਣਦਾ ਹੈ। ਇਸ ਤੋਂ ਇਲਾਵਾ ਪੰਜਾਬ ਉਤੇ ਵੀ ਫਾਰਸੀ ਦੀ ਛਾਪ ਪ੍ਰਤੱਖ ਦਿਸਦੀ ਹੈ।

ਭਾਰਤੀਆਂ ਵਾਂਗ ਪੁਰਾਤਨ ਇਰਾਨੀ ਵੀ ਕੁਦਰਤੀ ਸ਼ਕਤੀਆਂ ਅਰਥਾਤ ਦੇਵੀ-ਦੇਵਤਿਆਂ ਦੀ ਪੂਜਾ ਕਰਦੇ ਸਨ। ਅੱਗ ਨੂੰ ਸਭ ਤੋਂ ਵੱਧ ਪਾਕ ਤੇ ਪੂਜਨੀਕ ਮੰਨਿਆ ਜਾਂਦਾ ਸੀ। ਮੰਦਿਰਾਂ ਨੂੰ ਆਤਸ਼ਕਦੇ ਕਿਹਾ ਜਾਂਦਾ ਸੀ ਜਿਥੇ ਪਵਿੱਤਰ ਅਗਨੀ ਨਿਰੰਤਰ ਜਲਦੀ ਰਹਿੰਦੀ ਸੀ। ਅੱਗ ਲਈ ਵਰਤੇ ਜਾਂਦੇ ਫਾਰਸੀ ਸ਼ਬਦ ਆਤਸ਼ ਦਾ ਪੁਰਾਣਾ ਰੂਪ ਆਤਰ ਹੈ। ਇਸ ਦੇ ਬਰਾਬਰ ਸੰਸਕ੍ਰਿਤ ਸ਼ਬਦ ਅਥਰਵਨ ਮਿਲਦਾ ਹੈ, ਅਰਥਾਤ ਅੱਗ ਤੇ ਸੋਮ ਦੀ ਪੂਜਾ ਕਰਨ ਵਾਲਾ ਪੁਜਾਰੀ। ਫਰਾਂਸੀਸੀ ਲੇਖਕ ਆਰਥਰ ਕ੍ਰਿਸਟਨਸੇਨ ('ਸਾਸਾਨੀ ਰਾਜਵੰਸ਼ ਸਮੇਂ ਦਾ ਇਰਾਨ') ਅਨੁਸਾਰ, ਇਰਾਨੀ ਆਤਸ਼ਕਦਿਆਂ ਵਿਚ ਅੱਗ ਦੀ ਪੂਜਾ ਤੋਂ ਇਲਾਵਾ, ਸੋਮ (ਇਰਾਨੀ 'ਹੋਮ') ਦੀ ਪੂਜਾ ਵੀ ਹੁੰਦੀ ਸੀ। ਇਸ ਲੇਖਕ ਅਨੁਸਾਰ ਆਤਸ਼ਕਦਿਆਂ ਵਿਚ ਵਿਸ਼ੇਸ਼ ਬੂਟੀ ਤੋਂ ਸੋਮ ਤਿਆਰ ਕਰਨ ਦਾ ਸਾਮਾਨ (ਜਿਵੇਂ ਸਿਲ-ਵੱਟੇ ਅਤੇ ਪੋਣੀਆਂ) ਰੱਖਿਆ ਜਾਂਦਾ ਸੀ। ਆਤਸ਼ਕਦ ਦੇ ਪੁਜਾਰੀ ਨੂੰ ਮੁਗ ਕਿਹਾ ਜਾਂਦਾ ਸੀ। ਅਜੋਕੀ ਭਾਸ਼ਾ ਵਿਚ 'ਮੁਗ' ਦਾ ਅਰਥ ਬਦਲ ਕੇ ਸ਼ਰਾਬਖਾਨੇ ਦਾ ਮਾਲਕ ਬਣ ਗਿਆ ਹੈ। ਉਰਦੂ ਜਾਂ ਫਾਰਸੀ ਕਵਿਤਾ ਵਿਚ ਪੀਰੇ-ਮੁਗਾਂ ਦੀ ਵਰਤੋਂ ਕੀਤੀ ਜਾਂਦੀ ਹੈ ਜਿਸ ਦਾ ਅਸਲੀ ਅਰਥ ਤਾਂ ਵੱਡਾ ਪੁਰੋਹਤ ਜਾਂ ਪੁਜਾਰੀ ਹੈ, ਪਰ ਪ੍ਰਚਲਤ ਅਰਥ ਮੈਖਾਨੇ ਦਾ ਬੜਾ ਮਾਲਕ ਹੈ। ਅਰਥਾਂ ਦੇ ਅਜਿਹੇ ਕਾਇਆ-ਕਲਪ ਪਿੱਛੇ ਆਤਸ਼ਕਦਿਆਂ ਵਿਚ ਸੋਮ ਦੀ ਤਿਆਰੀ ਅਤੇ ਇਸ ਦੀ ਵਰਤੋਂ ਦਾ ਸਿੱਧਾ ਹੱਥ ਹੈ। ਇਰਾਨੀ ਪੁਜਾਰੀ ਪੂਜਾ-ਪਾਠ ਤੋਂ ਇਲਾਵਾ, ਜਾਦੂ-ਟੂਣਾ ਅਤੇ ਧਾਗਾ-ਤਵੀਤ ਵੀ ਕਰਦੇ ਸਨ। ਅੰਗਰੇਜ਼ੀ ਸ਼ਬਦ 'ਮੈਜਿਕ' ਜੋ ਫਾਰਸੀ 'ਮੁਗ' ਦਾ ਹੀ ਦੂਜਾ ਰੂਪ ਹੈ, ਪੁਜਾਰੀਆਂ ਦੀਆਂ ਅਜਿਹੀਆਂ ਗਤੀਵਿਧੀਆਂ ਦੀ ਮੂੰਹ ਬੋਲਦੀ ਤਸਵੀਰ ਹੈ। ਅਰਬਾਂ ਦੇ ਗਲਬੇ ਨਾਲ ਇਰਾਨੀ ਆਤਸ਼ਕਦਿਆਂ ਦੀ ਅੱਗ ਹਮੇਸ਼ਾ ਲਈ ਠੰਡੀ ਪੈ ਗਈ। ਕੁਝ ਇਰਾਨੀ ਆਪਣੇ ਧਰਮ ਨੂੰ ਨਾਲ ਲੈ ਕੇ ਭਾਰਤ ਆ ਗਏ। ਇਨ੍ਹਾਂ ਨੂੰ 'ਪਾਰਸੀ' ਕਿਹਾ ਜਾਂਦਾ ਹੈ ਜੋ 'ਫਾਰਸੀ' ਦਾ ਪਹਿਲਾ ਤੇ ਅਸਲੀ ਰੂਪ ਹੈ।

ਇਰਾਨ ਦੇ ਇਸਲਾਮੀ ਇਤਿਹਾਸ ਵਿਚ ਵਿਦੇਸ਼ੀ ਰਾਜ ਖਿਲਾਫ ਰੋਸ ਦੀਆਂ ਕਈ ਮਿਸਾਲਾਂ ਮਿਲਦੀਆਂ ਹਨ। ਨਾਮੀ ਫਾਰਸੀ ਕਵੀ ਫਿਰਦੌਸੀ ਅਰਬ ਸਾਮਰਾਜ ਦਾ ਬੜਾ ਵਿਰੋਧੀ ਸੀ, ਇਥੋਂ ਤਕ ਉਸ ਨੇ ਆਪਣੀ ਕਾਵਿ-ਰਚਨਾ 'ਸ਼ਾਹਨਾਮਾ' ਵਿਚ ਅਰਬੀ-ਮੂਲਕ ਸ਼ਬਦਾਂ ਦਾ ਬਹੁਤ ਘੱਟ ਪ੍ਰਯੋਗ ਕੀਤਾ ਹੈ। ਇਸ ਸਬੰਧੀ ਖਸਮ ਸ਼ਬਦ ਨੂੰ ਵਿਚਾਰਨਾ ਠੀਕ ਹੋਵੇਗਾ। ਇਹ ਅਰਬੀ ਅਸਲੇ ਦਾ ਸ਼ਬਦ ਹੈ ਤੇ ਅਰਬੀ ਵਿਚ ਇਸ ਦਾ ਅਰਥ ਵੈਰੀ ਜਾਂ ਦੁਸ਼ਮਣ ਹੈ। ਪਰ ਫਾਰਸੀ ਦੇ ਸੰਦਰਭ ਵਿਚ ਇਸ ਦਾ ਅਰਥ ਮਾਲਕ ਬਣ ਜਾਂਦਾ ਹੈ। ਦੁਸ਼ਮਣ ਦਾ ਮਾਲਕ ਵਿਚ ਪ੍ਰਗਟਾਉ, ਉਸ ਇਤਿਹਾਸਕ ਘਟਨਾ ਦੀ ਨਿਸ਼ਾਨੀ ਹੈ ਜਦ ਅਰਬ ਇਰਾਨ ਦੀ ਧਰਤੀ 'ਤੇ ਚੜ੍ਹ ਆਏ ਅਤੇ ਮੂਲ-ਵਾਸੀਆਂ ਦੀਆਂ ਜ਼ਮੀਨਾਂ ਜਾਇਦਾਦਾਂ ਦੇ ਜ਼ਬਰਦਸਤੀ ਮਾਲਕ ਬਣ ਬੈਠੇ। ਇਹ ਸ਼ਬਦ ਪੰਜਾਬੀ ਵਿਚ ਵੀ ਮਿਲਦਾ ਹੈ ਕਿਉਂਕਿ ਇਸ ਦੀ ਵਰਤੋਂ ਲਈ ਇਰਾਨ ਤੇ ਪੰਜਾਬ-ਦੋਹਾਂ ਦੀਆਂ ਰਾਜਨੀਤਕ ਸਥਿਤੀਆਂ ਸਮਾਨ ਸਨ। ਪੰਜਾਬੀ ਵਿਚ 'ਖਸਮ' ਦਾ ਅਰਥ ਮਾਲਕ ਤੋਂ ਇਲਾਵਾ, ਪਤੀ ਤੇ ਪਰਮੇਸ਼ਰ ਵੀ ਹੈ। ਪਤੀ ਦੇ ਅਰਥ ਵਿਚ 'ਖਸਮ' ਨਿਰਾਦਰੀ ਦਾ ਸੂਚਕ ਹੈ। ਇਸ ਲਈ ਇਹ 'ਰੰਨ' ਨਾਲ ਸੂਤ ਬੈਠਦਾ ਹੈ (ਜਿਵੇਂ 'ਰੰਨ-ਖਸਮ' ਜਿਸ ਦਾ ਆਪਣਾ ਸਬੰਧ 'ਰੰਡ' ਨਾਲ ਹੈ)। ਅਜਿਹੀ ਵਰਤੋਂ ਤੋਂ ਖਸਮ ਦੇ ਪਿਛੋਕੜ ਦੀ ਅਸਲੀ ਝਲਕ ਪੈਂਦੀ ਹੈ ਜਿਸ 'ਚ ਮਹਿਕੂਮਾਂ ਦੀ ਵਿਦੇਸ਼ੀ ਮਾਲਕਾਂ ਪ੍ਰਤੀ ਰੋਸ ਤੇ ਘ੍ਰਿਣਾ ਦੀ ਗੁੱਝੀ ਭਾਵਨਾ ਹੈ। ਅਸਲ 'ਚ ਪਰਮੇਸ਼ਰ ਦੇ ਅਰਥ ਵਿਚ ਵੀ 'ਖਸਮ' ਦਾ ਮੂਲ ਮੁੱਦਾ ਜਾਬਰ ਜਾਂ ਡਾਢੇ ਰੱਬ ਦਾ ਹੈ।

ਭਾਰਤੀ ਭਾਸ਼ਾਵਾਂ ਵਿਚ ਫਾਰਸੀ ਅਤੇ ਅਰਬੀ ਸਰੋਤ ਦੇ ਅਨੇਕਾਂ ਸ਼ਬਦ ਮਿਲਦੇ ਹਨ। ਉਰਦੂ ਨੂੰ ਛੱਡ ਕੇ ਅਜਿਹੇ ਸ਼ਬਦਾਂ ਦੀ ਸਭ ਤੋਂ ਵੱਧ ਗਿਣਤੀ ਪੰਜਾਬੀ ਭਾਸ਼ਾ ਵਿਚ ਦੇਖੀ ਜਾ ਸਕਦੀ ਹੈ। ਸੂਫੀ



*13ਵੀਂ ਸਦੀ ਦੇ ਈਰਾਨੀ ਸ਼ਾਇਰ ਸਾਅਦੀ ਸ਼ੀਰਾਜ਼ੀ ਦੀ ਰਚਨਾ 'ਗੁਲਿਸਤਾਂ' ਵਿਚ ਦਰਜ ਚਿੱਤਰ ਜਿਸ ਵਿਚ ਉਸ ਨੂੰ ਗੁਲਾਬ ਦੇ ਬਾਗ ਵਿਚ ਦਿਖਾਇਆ ਗਿਆ ਹੈ।*

ਰਚਨਾਵਾਂ ਅਤੇ ਕਿੱਸਾ ਕਾਵਿ ਵਿਚ ਅਜਿਹੇ ਸ਼ਬਦਾਂ ਦੀ ਚੋਖੀ ਭਰਮਾਰ ਹੈ। ਸਾਡੇ ਆਮ ਸ਼ਬਦ, ਜਿਵੇਂ ਜਮੀਨ, ਅਸਮਾਨ, ਦਰਖਤ, ਸ਼ਹਿਰ ਫਾਰਸੀ-ਮੂਲਕ ਹਨ, ਜਦੋਂਕਿ ਆਦਮੀ, ਹਲਵਾਈ, ਮਕਾਨ, ਅਖਬਾਰ ਅਰਬੀ ਤੋਂ ਉਧਾਰੇ ਲਏ ਸ਼ਬਦ ਹਨ। ਇਨ੍ਹਾਂ ਦੀ ਹੋਂਦ ਦਾ ਕਾਰਨ ਭਾਰਤ ਉਤੇ ਮੁਸਲਮਾਨਾਂ ਦਾ ਰਾਜ ਕਰਨਾ ਹੈ। ਆਮ ਤੌਰ 'ਤੇ ਅਰਬੀ ਅਤੇ ਫਾਰਸੀ ਸ਼ਬਦਾਂ ਵਿਚ ਕੋਈ ਸ਼ਨਾਖਤ ਨਹੀਂ ਕੀਤੀ ਜਾਂਦੀ ਅਤੇ ਅਸੀਂ ਮੋਟੇ ਤੌਰ 'ਤੇ ਕਹਿ ਦਿੰਦੇ ਹਾਂ ਕਿ ਫਲਾਂ ਸ਼ਬਦ ਅਰਬੀ ਫਾਰਸੀ ਦਾ ਹੈ, ਪਰ ਜਿਵੇਂ ਉਪਰ ਦਸਿਆ ਗਿਆ ਹੈ, ਮੂਲ ਦੀ ਦ੍ਰਿਸ਼ਟੀ ਤੋਂ ਇਹ ਇਕ ਦੂਜੇ ਤੋਂ ਬਿਲਕੁਲ ਵੱਖ ਹਨ।

ਜਿਥੋਂ ਤਕ ਭਾਰਤੀ ਤੇ ਇਰਾਨੀ ਭਾਸ਼ਾਵਾਂ ਦੇ ਸਜਾਤੀ ਸਬੰਧਾਂ ਦੀ ਗੱਲ ਹੈ, ਸੰਸਕ੍ਰਿਤ ਅਤੇ ਪੁਰਾਤਨ ਫਾਰਸੀ ਦਾ ਰਿਸ਼ਤਾ ਦੋ ਸਕੀਆਂ ਭੈਣਾਂ ਦਾ ਹੈ। ਕੁਝ ਹਾਲਤਾਂ ਵਿਚ ਤਾਂ ਭਾਰਤੀ ਤੇ ਇਰਾਨੀ ਸ਼ਬਦ ਇੰਨ-ਬਿੰਨ ਇਕੋ ਹਨ; ਜਿਵੇਂ ਪੰਜਾਬੀ 'ਦੋ, ਦੂਰ, ਤਨ, ਰੰਗ' ਇਨ੍ਹਾਂ ਹੀ ਅਰਥਾਂ ਵਿਚ ਕ੍ਰਮਵਾਰ ਫਾਰਸੀ 'ਦੋ, ਦੂਰ, ਤਨ, ਰੰਗ' ਦੇ ਸਜਾਤੀ ਹਨ। ਇਹੀ ਗੱਲ ਸੰਸਕ੍ਰਿਤ 'ਮੇਸ਼, ਦੋਸ਼ਮ, ਸਾਰਿਕਾ' (ਅਰਥਾਤ ਭੇਡ; ਸ਼ਾਮ ਜਾਂ ਰਾਤ ਵੇਲੇ; ਇਕ ਪੰਛੀ) ਤੋਂ ਵੀ ਸਿੱਧ ਹੁੰਦੀ ਹੈ ਜੋ ਫਾਰਸੀ 'ਮੇਸ਼, ਦੋਸ਼ਮ, ਸਾਰਕ' ਦੇ ਸਮਾਨ-ਅਰਥਕ ਤੇ ਸਜਾਤੀ ਹਨ।

ਪ੍ਰਤੱਖ ਸਮਾਨਤਾਵਾਂ ਨੂੰ ਛੱਡ ਕੇ ਕਈ ਸ਼ਬਦ ਅਜਿਹੇ ਹਨ ਜਿਨ੍ਹਾਂ ਵਿਚ ਰੂਪ ਜਾਂ ਧੁਨੀਆਂ ਦੀ ਵਿਸ਼ੇਸ਼ ਅਨੁਸਾਰਤਾ ਹੈ। ਇਸ ਸ਼੍ਰੇਣੀ ਵਿਚ ਪੰਜਾਬੀ ਭਾਰ ਦੇ ਟਾਕਰੇ ਇਸੇ ਅਰਥ ਵਿਚ ਫਾਰਸੀ ਬਾਰ ਦਾ ਸ਼ਬਦ ਆਉਂਦਾ ਹੈ। ਇਸ ਤਰ੍ਹਾਂ ਦੀਆਂ ਹੋਰ ਮਿਸਾਲਾਂ ਹਨ ਜਿਵੇਂ ਪੰਜਾਬੀ ਭੂਮੀ ਦੇ ਟਾਕਰੇ 'ਤੇ ਫਾਰਸੀ ਬੂਮ; ਪੰਜਾਬੀ ਹਿਮ ਦੇ ਟਾਕਰੇ ਫਾਰਸੀ ਜ਼ਿਮ ਤੇ ਪੰਜਾਬੀ ਭਿਖਸ਼ਾ ਦੇ ਟਾਕਰੇ ਫਾਰਸੀ ਬਖਸ਼ਸ਼।

ਹੁਣ ਅਸੀਂ ਇਸ ਪ੍ਰਕਾਰ ਦੇ ਸਜਾਤੀ ਸ਼ਬਦ ਲੈਂਦੇ ਹਾਂ ਜਿਨ੍ਹਾਂ ਵਿਚਕਾਰ ਰੂਪ ਦੀਆਂ ਸਮਾਨਤਾਵਾਂ ਘੱਟ ਦਿਸਦੀਆਂ ਹਨ। ਇਸ ਦਾ ਇਕ ਕਾਰਨ ਇਕ ਭਾਸ਼ਾ ਦੇ ਸ਼ਬਦ ਦਾ ਮੌਲਿਕ ਰੂਪ ਵਿਚ ਰਹਿਣਾ ਅਤੇ ਦੂਜੀ ਭਾਸ਼ਾ ਦੇ ਸ਼ਬਦ ਦਾ ਵਿਕਸਿਤ ਰੂਪ ਵਿਚ ਹੋਣਾ ਹੈ। ਇਸ ਦ੍ਰਿਸ਼ਟੀ ਤੋਂ ਪੰਜਾਬੀ ਸੌ ਅਤੇ ਫਾਰਸੀ ਸਦ ਪਰਸਪਰ ਸਬੰਧਤ ਹਨ। ਇਸ ਢੰਗ ਦੇ ਕੁਝ ਹੋਰ ਸ਼ਬਦ ਹਨ: ਪੰਜਾਬੀ ਸਰੋਂ, ਸਰਸੋਂ: ਫਾਰਸੀ ਸਰਸ਼ਫ; ਪੰਜਾਬੀ ਤ੍ਰਿਸ਼ਨਾ: ਫਾਰਸੀ ਤਿਸ਼ਨਾ; ਪੰਜਾਬੀ ਮੁੱਠ: ਫਾਰਸੀ: ਮੁਸ਼ਤ ਅਤੇ ਪੰਜਾਬੀ ਪਹਿਰਾਵਾ: ਫਾਰਸੀ ਪੈਰਾਹਨ।

ਇਨ੍ਹਾਂ ਮਿਸਾਲਾਂ ਵਿਚ ਦਿੱਤੇ ਗਏ ਸਜਾਤੀ ਸ਼ਬਦ ਅਰਥਾਂ ਪੱਖੋਂ ਲਗਭਗ ਸਮਾਨ ਹਨ। ਅਖੀਰ ਵਿਚ ਅਜਿਹੇ ਸ਼ਬਦ ਪੇਸ਼ ਹਨ ਜਿਨ੍ਹਾਂ ਵਿਚ ਅਰਥਾਂ ਦੀ ਭਿੰਨਤਾ ਹੈ; ਜਿਵੇਂ ਪੰਜਾਬੀ ਖੀਰ ਦੇ ਟਾਕਰੇ ਫਾਰਸੀ ਸ਼ੀਰ (ਦੁੱਧ), ਪੰਜਾਬੀ ਦੇਵ ਜਾਂ ਦੇਵਤਾ ਦੇ ਟਾਕਰੇ 'ਤੇ ਫਾਰਸੀ ਦੇਵ (ਦਾਨਵ, ਅਸੁਰ), ਪੰਜਾਬੀ ਦੇਹ ਦੇ ਟਾਕਰੇ 'ਤੇ ਫਾਰਸੀ ਦੇਗ (ਇਕ ਤਰ੍ਹਾਂ ਦਾ ਬਰਤਨ); ਪੰਜਾਬੀ ਬੋਧ ਦੇ ਟਾਕਰੇ 'ਤੇ ਫਾਰਸੀ ਬੂ (ਗੰਧ), ਪੰਜਾਬੀ ਮਿਰਗ ਦੇ ਟਾਕਰੇ 'ਤੇ ਫਾਰਸੀ ਮੁਰਗ (ਕੁੱਕੜ); ਪੰਜਾਬੀ ਯੱਗ ਦੇ ਟਾਕਰੇ 'ਤੇ ਫਾਰਸੀ ਜਸ਼ਨ (ਖੁਸ਼ੀ ਦੀ ਮਹਿਫਿਲ) ਅਤੇ ਪੰਜਾਬੀ ਸ੍ਰਿਸ਼ਟੀ ਦੇ ਟਾਕਰੇ 'ਤੇ ਫਾਰਸੀ ਸਿਰਿਸ਼ਤ (ਸੁਭਾਉ)। ਇਨ੍ਹਾਂ ਵਿਚੋਂ ਕੁਝ ਸ਼ਬਦਾਂ ਦੀ ਵਿਆਖਿਆ ਹੇਠਾਂ ਦਿੱਤੀ ਜਾਂਦੀ ਹੈ:

**ਸਰੀਰ ਤੇ ਭਾਂਡਾ:** ਪੰਜਾਬੀ 'ਦੇਹ' ਭਾਵ ਮਨੁੱਖੀ ਸਰੀਰ ਦਾ ਮੂਲ ਅਰਥ ਗੁੰਨੀ ਹੋਈ ਮਿੱਟੀ ਤੋਂ ਬਣਾਈ ਕੋਈ ਸ਼ਕਲ ਜਾਂ ਆਕਾਰ ਹੈ, ਜਿਸ ਦੇ ਟਾਕਰੇ 'ਤੇ ਫਾਰਸੀ 'ਦੇਗ' ਦਾ ਅਰਥ ਮਿੱਟੀ ਦਾ ਬਣਿਆ ਭਾਂਡਾ ਹੈ। ਅਜਿਹੇ ਅਰਥ-ਵਿਕਾਰ ਦੀ ਸਾਂਝ ਦਾ ਪਤਾ ਸਾਨੂੰ ਪੰਜਾਬੀ 'ਘਟ' ਤੋਂ ਵੀ ਲਗਦਾ ਹੈ। ਇਸ ਸ਼ਬਦ ਦਾ ਗੁਰਬਾਣੀ ਵਿਚ ਅਰਥ ਦੇਹ ਜਾਂ ਸਰੀਰ ਹੈ, ਜਦੋਂ ਕਿ ਇਸ ਦਾ ਮੌਲਿਕ ਅਰਥ ਮਿੱਟੀ ਦਾ ਬਣਿਆ ਭਾਂਡਾ, ਵਿਸ਼ੇਸ਼ ਕਰ ਕੇ ਘੜਾ ਹੈ। ਇਸ ਤੋਂ ਬਿਨਾ ਅੰਗਰੇਜ਼ੀ Figure (ਸ਼ਕਲ, ਆਕਾਰ) ਅਤੇ Figuline (ਮਿੱਟੀ ਦਾ ਭਾਂਡਾ) ਜੋ ਇਕੋ ਸਰੋਤ 'ਚੋਂ ਨਿਕਲੇ ਸ਼ਬਦ ਹਨ, ਸਾਡੇ ਉਕਤ ਵਿਚਾਰ ਦੀ ਵਧੇਰੇ ਪੁਸ਼ਟੀ ਕਰਦੇ ਹਨ।

**ਗੰਧ ਤੇ ਗਿਆਨ:** ਪੰਜਾਬੀ 'ਬੋਧ' ਦਾ ਅਸਲੀ ਅਰਥ ਗਿਆਨ-ਇੰਦਰੀਆਂ ਦੁਆਰਾ ਕਿਸੇ ਚੀਜ਼ ਦੀ ਜਾਣਕਾਰੀ ਹੈ। ਦੂਜੇ ਪਾਸੇ ਫਾਰਸੀ 'ਬੂ' (ਮੂਲ ਰੂਪ 'ਬੁਦ') ਦਾ ਭਾਵ ਵੀ ਇੰਦਰੀਆਂ ਰਾਹੀਂ ਗਿਆਨ ਦੀ ਪ੍ਰਾਪਤੀ ਹੈ, ਪਰ ਇਸ ਦਾ ਸਬੰਧ ਸੁੰਘਣ ਇੰਦਰੀ ਨਾਲ ਵਿਸ਼ੇਸ਼ ਤੇ ਸੀਮਤ ਹੈ। ਪੁਸ਼ਟੀ ਲਈ ਇਕ ਮਿਸਾਲ ਹੈ। ਇਸ ਅਨੁਸਾਰ ਅੰਗਰੇਜ਼ੀ Sense ਅਤੇ Scent ਵਿਚ ਜੋ ਸਮੂਲਕ ਸ਼ਬਦ ਹਨ, ਅਰਥਾਂ ਦੀ ਉਹੀ ਨਿਸਬਤ ਹੈ ਜੋ ਪੰਜਾਬੀ 'ਬੋਧ' ਤੇ ਫਾਰਸੀ 'ਬੂ' ਵਿਚ।

**ਧਾਰਮਿਕ ਰਸਮ ਤੇ ਖੁਸ਼ੀ ਦੀ ਮਹਿਫਿਲ:** ਫਾਰਸੀ 'ਜਸ਼ਨ' ਕਿਸੇ ਸਮੇਂ ਇਕ ਧਾਰਮਿਕ ਰਸਮ, ਅਰਥਾਤ ਯੱਗ ਦਾ ਸੂਚਕ ਸ਼ਬਦ ਸੀ ਜਿਸ ਅਨੁਸਾਰ ਸ਼ਰਧਾਲੂ ਪੂਜਾ-ਪਾਠ ਲਈ ਇਕ ਥਾਂ ਜੁੜਦੇ ਤੇ ਸਾਂਝਾ ਭੋਜਨ ਆਦਿ ਕਰਦੇ। ਸਮਾਂ ਪਾ ਕੇ ਬਦਲ ਰਹੀਆਂ ਧਾਰਮਿਕ ਰੁਚੀਆਂ ਅਧੀਨ ਇਹ ਪਵਿੱਤਰ ਰਸਮ ਰੰਗ-ਰਲੀਆਂ ਅਤੇ ਮੌਜ-ਮੇਲੇ ਦਾ ਸ਼ਿਕਾਰ ਹੋ ਰਹਿ ਗਈ। ਅਰਥ ਤਬਦੀਲੀ ਪਿੱਛੇ ਇਰਾਨੀਆਂ ਦਾ ਆਪਣਾ ਜੱਦੀ ਧਰਮ ਤਿਆਗ ਕੇ ਇਸਲਾਮ ਅਪਨਾਉਣਾ ਵੀ ਹੋ ਸਕਦਾ ਹੈ। ਇਹ ਵੀ ਜ਼ਿਕਰਯੋਗ ਹੈ ਕਿ ਫਾਰਸੀ 'ਜਸ਼ਨ' ਦਾ ਅਸਲ ਰੂਪ 'ਯਜ਼ਨ' ਹੈ, ਜਿਸ ਦੇ ਟਾਕਰੇ ਸੰਸਕ੍ਰਿਤ 'ਯਜ' ਜਾਂ 'ਯਜਨ' ਸ਼ਬਦ ਹੈ।

**ਸੁਭਾਉ ਤੇ ਦੁਨੀਆਂ:** ਪੰਜਾਬੀ 'ਸ੍ਰਿਸ਼ਟੀ' ਦੇ ਸਬੰਧ ਵਿਚ 'ਦੁਨੀਆਂ' ਦਾ ਢੁਕਵਾਂ ਭਾਵ ਪ੍ਰਕਿਰਤੀ ਹੈ। ਇਸ ਦੇ ਸਮਾਨਾਂਤਰ ਫਾਰਸੀ 'ਸਿਰਿਸ਼ਤ' ਅਰਥਾਤ 'ਸੁਭਾਉ' ਪਿੱਛੇ ਜਮਾਂਦਰੂ ਜਾਂ ਪ੍ਰਕਿਰਤਕ ਗੁਣ ਦਾ ਭਾਵ ਹੈ। ਇਸ ਪ੍ਰਸੰਗ ਵਿਚ ਅੰਗਰੇਜ਼ੀ Nature ਦਾ ਸ਼ਬਦ ਬੜਾ ਸੁਭਾਊ ਹੈ ਜਿਸ ਦਾ ਅਰਥ ਸੁਭਾਉ ਜਾਂ ਫਿਤਰਤ ਵੀ ਹੈ ਅਤੇ ਇਸ ਦੇ ਨਾਲ ਪ੍ਰਕਿਰਤੀ ਜਾਂ ਸ੍ਰਿਸ਼ਟੀ ਵੀ।

## ਜਦ ਲਾਲ ਪੱਗ ਰੁਲਦੀ ਵੇਖੀ

(ਪਿਛਲੇ ਸਫੇ ਦੀ ਬਾਕੀ)

ਦੇ ਦਿੱਤੀ।

ਮੈਂ ਸ਼ੁਕਰ ਮਨਾਇਆ ਤੇ ਉਥੋਂ ਖਿਸਕਣ ਦੀ ਕੀਤੀ। ਮੈਂ ਬਾਕੀ ਸਾਰੀਆਂ ਸਵਾਰੀਆਂ ਨੂੰ ਉਥੇ ਅੜਿਆ ਛੱਡ ਕੇ ਪੈਦਲ ਹੀ ਰੱਸ਼ਕਈ ਨੂੰ ਤੁਰ ਪਿਆ ਜੋ ਉਥੋਂ ਢਾਈ ਮੀਲ ਹੀ ਬਾਕੀ ਰਹਿ ਗਈ ਸੀ। ਮਰਦਾਨ ਇਸ ਤੋਂ ਪੰਜ ਮੀਲ ਹੋਰ ਅਗਾਂਹ ਸੀ। ਮਰਦਾਨ ਜ਼ਿਲ੍ਹੇ ਦੇ ਬਾਗ ਬਗੀਚਿਆਂ ਦੀ ਸਰਸਬਜ਼ੀ ਰੱਸ਼ਕਈ ਤੋਂ ਸ਼ੁਰੂ ਹੋ ਜਾਂਦੀ ਹੈ ਤੇ ਉਥੋਂ ਰੱਸ਼ਕਈ ਦੇ ਬਾਗਾਂ ਦੇ ਉਦਾਲੇ ਵਾੜ ਵਾਂਗ ਖੜ੍ਹੇ ਸਫੈਦੇ ਦੇ ਦਰਖਤਾਂ ਤੇ ਐਧਰ ਉਧਰ ਦੇ ਹੋਰ ਰੁੱਖਾਂ ਦੀ ਹਰੀ ਹਰੀ ਧਾਰ ਨਜ਼ਰ ਆਉਂਦੀ ਸੀ।

ਮੈਂ ਰਵਾਂ ਰਵੀਂ ਪੌਣੇ ਘੰਟੇ ਵਿਚ ਹੀ ਰੱਸ਼ਕਈ ਪਹੁੰਚ ਗਿਆ ਤੇ ਆਪਣੇ ਪ੍ਰਾਹੁਣੇ ਘਰ ਇਬਾਸ ਖਾਂ ਨੂੰ ਜਾ ਸਲਾਮ ਦੁਆ ਬੁਲਾਈ। ਖੈਰ ਸੁੱਖ ਪੁੱਛਣ ਪੁਛਾਉਣ ਤੋਂ ਬਾਅਦ ਉਸ ਨੇ ਗਲੀ ਤੋਂ ਪਰਲੇ ਪਾਰ ਦੇ ਘਰ ਵਿਚ ਕੰਧ ਦੇ ਉਤੋਂ ਦੀ ਚਾਹ ਲਿਆਉਣ ਲਈ ਆਵਾਜ਼ ਦਿੱਤੀ।

ਮੇਰਾ ਪ੍ਰਾਹੁਣਾ ਘਰ ਇਧਰੋਂ ਜਾਂਦੇ ਹੱਥ ਹੀ ਪਿੰਡੋਂ ਬਾਹਰ ਸੜਕ ਦੇ ਗੋਲੇ 'ਤੇ 10-15 ਕਦਮ ਹੀ ਹਟਵਾਂ ਸੀ। ਘਰ ਉਚੇ ਥਾਂ ਹੋਣ ਕਰ ਕੇ ਵਿਹੜੇ ਵਿਚ ਖਲੋਤਿਆਂ ਨੂੰ ਸੜਕ 'ਤੇ ਉਸ ਤੋਂ ਪਾਰ ਰੇਲ ਦਾ ਸਟੇਸ਼ਨ ਤੇ ਪਲੇਟਫਾਰਮ ਦਿਸਦੇ ਸਨ।

ਚਾਹ ਆਈ ਤੇ ਇਸ ਤੋਂ ਛੇਤੀ ਹੀ ਮਗਰੋਂ ਰੋਟੀ ਆ ਗਈ। ਅਜੇ ਅਸੀਂ ਰੋਟੀ ਖਾਂਦੇ ਸਾਂ ਕਿ ਬਾਹਰ ਸੜਕ 'ਤੇ ਫੌਜੀ ਮਾਰਚ ਦੇ ਟਾਪਾਂ ਦੀ ਆਵਾਜ਼ ਆਉਣ ਲੱਗ ਪਈ। ਉਠ ਕੇ ਵੇਖਿਆ ਤਾਂ ਮਰਦਾਨ ਵਾਲੇ ਪਾਸਿਓਂ ਮਿਲੀਸ਼ੀਏ ਦੀ ਵਰਦੀ ਵਾਲੀ ਹਥਿਆਰਬੰਦ ਪੁਲਿਸ ਦੀ ਤਕੜੀ ਪਲਟਣ ਚਾਰ ਚਾਰ ਦੀਆਂ ਲਾਈਨਾਂ ਵਿਚ ਰਫਲਾਂ ਮੋਢਿਆਂ ਨਾਲ ਖੜ੍ਹੀਆਂ ਕਰੀ ਰਸਾਲਪੁਰ ਨੂੰ ਜਾ ਰਹੀ ਸੀ ਤੇ ਦੁਪਹਿਰ ਦੀ ਧੁੱਪ ਵਿਚ ਰਫਲਾਂ ਦੀਆਂ ਸੰਗੀਨਾਂ ਲਿਸ਼ਕਾਰੇ ਮਾਰ ਰਹੀਆਂ ਸਨ। ਉਸ ਤੋਂ ਬਾਅਦ ਕਈ ਹੋਰ ਪੁਲਸੀ ਪਲਟਣਾਂ ਉਧਰ ਨੂੰ ਲੰਘੀਆਂ। ਇਸ ਤਰ੍ਹਾਂ ਜਾਪਦਾ ਸੀ ਜਿਵੇਂ ਰਸਾਲਪੁਰ ਵੱਲ ਕਿਧਰੇ ਲਾਮ ਲੱਗ ਪਈ ਹੋਵੇ। ਬਾਅਦ ਲੌਢੇ ਕੁ ਵੇਲੇ ਕੁਝ ਪੁਲਸੀ ਧਾੜਾਂ ਮੁੜ ਆਈਆਂ ਤੇ ਮਰਦਾਨ ਵੱਲ ਵਾਪਸ ਜਾਣ ਲੱਗ ਪਈਆਂ। ਪਰ ਮਰਦਾਨ ਵੱਲੋਂ ਹੋਰ ਜਾਣੀਆਂ ਨਾ ਹਟੀਆਂ।

ਬਰਤਾਨਵੀ ਸਾਮਰਾਜੀ ਸਰਾਲ ਆਪਣੀ ਆਈ 'ਤੇ ਆ ਗਈ ਹੋਈ ਮਾਲੂਮ ਹੁੰਦੀ ਸੀ। ਮੈਨੂੰ ਉਨ੍ਹਾਂ ਨੱਠ ਗਿਆਂ ਦੀ ਜਾਨ ਦਾ ਖਤਰਾ ਪੈਦਾ ਹੋ ਗਿਆ ਤੇ ਮੈਂ ਜਾਤਾ ਕਿ ਰਸਾਲਪੁਰ ਨੂੰ ਜਾ ਰਹੀਆਂ ਸੰਗੀਨਾਂ ਚੜ੍ਹੀਆਂ ਰਫਲਾਂ ਉਨ੍ਹਾਂ ਦੀ ਬੋਟੀ ਬੋਟੀ ਉਡਾ ਦੇਣਗੀਆਂ। ਇਸ ਲਿਹਾਜ਼ ਨਾਲ ਉਹ ਸੂਰਮਿਆਂ ਤੋਂ ਮੈਨੂੰ ਵਿਚਾਰੇ ਜਾਪਣ ਲੱਗ ਪਏ।

ਪਰ ਸ਼ਾਮ ਨੂੰ ਮੇਰੇ ਇਹ ਭਹਿਮਸੇ ਦੂਰ ਹੋ ਗਏ, ਜਦ ਰੱਸ਼ਕਈ ਵਿਚ ਖਾਉਪੀਏ ਨਾਲ ਇਹ ਢੰਡੋਰਾ ਪਿਟਵਾਇਆ ਗਿਆ, "ਕੁਝ ਬਦਮਾਸ਼ਾਂ ਨੇ ਦੋ ਡਾਕੂਆਂ ਨੂੰ ਪੁਲਿਸ ਹੱਥੋਂ ਖੋਹ ਲਿਆ ਹੈ। ਜੋ ਕੋਈ ਉਨ੍ਹਾਂ ਨੂੰ ਫੜਾਵੇ ਜਾਂ ਗ੍ਰਿਫਤਾਰ ਕਰਵਾਉਣ ਲਈ ਉਨ੍ਹਾਂ ਦੀ ਸੂਹ ਦੇਵੇ, ਉਸ ਨੂੰ ਸਰਕਾਰ ਇਨਾਮ ਦੇਵੇਗੀ।"

ਮੈਂ ਤੇ ਇਬਾਸ ਖਾਂ, ਜਿਸ ਨੂੰ ਮੈਂ ਆਉਂਦਿਆਂ ਹੀ ਸਾਰੀ ਕਹਾਣੀ ਦੱਸ ਦਿੱਤੀ ਸੀ, ਨੇ ਬਰਤਾਨਵੀ ਰਾਜ ਦੀ ਇਸ ਨਾਮਰਦੀ ਦੀ ਬੜੀ ਖਿੱਲੀ ਉਡਾਈ।

ਭਾਵੇਂ ਉਸ ਲਾਰੀ ਵਿਚ ਬੈਠਣਾ ਮੇਰੇ ਵਰਗੇ ਅਲੋਪ ਕੰਮ ਕਰਨ ਵਾਲੇ ਸਿਆਸੀ ਬੰਦੇ ਲਈ ਬੜੀ ਕਮਅਕਲੀ ਸੀ, ਪਰ ਇਸ ਸਮੇਂ ਉਸ ਤੋਂ ਬਾਅਦ ਹਥਿਆਰਬੰਦ ਪੁਲਿਸ ਦੇ ਚੜ੍ਹੇ ਕਟਕ ਤੇ ਉਨ੍ਹਾਂ ਦੀ ਅਯੋਗਤਾ ਨੇ ਮੇਰੇ ਅੰਦਰ ਬੜਾ ਸੋਚ ਪਰਿਵਰਤਨ ਲਿਆਂਦਾ। ਮੇਰੀਆਂ ਸੋਚਾਂ ਤੇ ਵਿਚਾਰਾਂ ਨੱਠ ਜਾਣ ਵਾਲਿਆਂ ਦੀ ਵਰਿਆਮਗੀ ਤੇ ਬਹਾਦਰੀ ਉਤੇ ਅਸ਼ ਅਸ਼ ਕਰੀ ਜਾਣ ਤੋਂ ਵਧ ਕੇ ਸਿਆਸੀ ਉਡਾਰੀਆਂ ਬਣ ਗਈਆਂ। ਇਨ੍ਹਾਂ ਸੋਚਾਂ ਦੇ ਮਨ ਵਿਚ ਉਠੇ ਜਵਾਬੀ ਸਿੱਟੇ ਨੇ ਬਰਤਾਨਵੀ ਰਾਜ ਦੀ ਹਥਿਆਰਬੰਦ ਤਾਕਤ ਤੋਂ ਮੇਰਾ ਡਰ ਉਕਾ ਹੀ ਉਡਾ ਦਿੱਤਾ। ਉਸ ਦੀ ਦੁਨੀਆਂ ਦੀਆਂ ਮਾੜੀਆਂ ਤੇ ਫਾਡੀ ਕੌਮਾਂ ਨੂੰ ਦਬਾਈ ਰੱਖਣ ਦੀ ਮਾਰ ਖੋਰ ਸ਼ਕਤੀ ਮੈਨੂੰ ਹੇਚ ਜਾਪਣ ਲੱਗ ਪਈ। ਬਰਤਾਨਵੀ ਸ਼ੇਰ ਮੇਰੀ ਨਿਗਾਹ ਵਿਚ ਨਿਰਾ ਕਾਗਤੀ ਡਰਨਾ ਬਣ ਗਿਆ।

ਮੇਰੇ ਅੰਦਰ ਇਹ ਸਵਾਲ ਬਾਰੰਬਾਰ ਉਠ ਰਹੇ ਸਨ।

"ਐਡੀ ਵੱਡੀ ਹਕੂਮਤ ਦਾ ਰਫਲ ਵਾਲਾ ਸਿਪਾਹੀ ਪਿਸਤੌਲਾਂ ਵਾਲੇ ਦੋਹ ਜਣਿਆਂ ਤੋਂ ਡਰ ਕੇ ਰਫਲ ਸੁੱਟ ਬਹੇ ਤੇ ਲਾਰੀ ਹੇਠਾਂ ਵੜ ਕੇ ਜਾਨ ਬਚਾਏ?"

"ਬਰਤਾਨਵੀ ਰਾਜ ਸ਼ਕਤੀ ਦੇ ਸੂਰਮਿਆਂ ਦੀ ਰਫਲਾਂ ਵਾਲੀ ਗਾਰਦ ਬੇੜੀਆਂ ਨਾਲ ਡੱਕੇ ਹੋਏ ਸਾਹਮਣੇ ਜਾ ਰਹੇ ਦਿਸਦੇ ਕੈਦੀਆਂ ਨੂੰ ਨਾ ਫੜ ਸਕੀ?"

"ਉਪਰੰਤ ਹਥਿਆਰਬੰਦ ਪੁਲਿਸ ਦੀਆਂ ਪਲਟਣਾਂ ਦੇ ਚੜ੍ਹੇ ਕਟਕ ਵੀ ਉਨ੍ਹਾਂ ਨੂੰ ਗ੍ਰਿਫਤਾਰ ਕਰਨ ਤੋਂ ਅਸਮਰਥ ਰਹੇ?"

"ਜਦ ਬਰਤਾਨਵੀ ਸੂਰਮਗਤੀ ਦੀ ਹਥਿਆਰਬੰਦ ਸ਼ਕਤੀ ਦਾ ਸਾਰਾ ਜ਼ੋਰ ਨਕੰਮਾ ਸਾਬਤ ਹੋਇਆ ਤਾਂ ਉਸ ਨੂੰ ਅਖੀਰ ਆਪਣੀ ਮੁੱਢ ਕਦੀਮ ਤੋਂ ਚਲਾਈ ਹੋਈ ਤਮਾਅ ਦੇ ਜਨਤਾ ਵਿਚੋਂ ਬੰਦੇ ਖਰੀਦਣ ਤੇ ਗੱਦਾਰ ਬਣਾ ਲੈਣ ਦੀ ਨਿੰਦਕ ਤੇ ਕੁਟਿਲ ਸਾਮਰਾਜੀ ਨੀਤੀ ਦਾ ਆਸਰਾ ਲੈਣਾ ਪਿਆ। ਉਸ ਨੇ ਇਨਾਮ ਦਾ ਲਾਲਚ ਦੇ ਕੇ ਲਾਲਚੀ ਹਿੱਤਾਂ ਨੂੰ ਭਰਮਾਉਣ ਤੇ ਭੱਜ ਗਿਆਂ ਨੂੰ ਫੜਾ ਦੇਣ ਦਾ ਢੰਡੋਰਾ ਫਿਰਵਾਇਆ?"

ਮੇਰੀਆਂ ਨਜ਼ਰਾਂ ਵਿਚ ਇਹ ਉਸ ਅੰਗਰੇਜ਼ੀ ਰਾਜ ਦਾ ਸਭ ਤੋਂ ਵੱਡਾ ਗੀਦੀਪੁਣਾ ਤੇ ਕੁਟਲਤਾ ਸੀ ਜਿਸ ਦੇ ਦੁਨੀਆਂ ਦੀਆਂ ਅਨੇਕਾਂ ਕੌਮਾਂ ਉਤੇ ਜਬਰ ਜ਼ੁਲਮ ਨਾਲ ਠੋਸੇ ਹੋਏ ਰਾਜ ਉਤੇ 'ਸੂਰਜ ਨਹੀਂ ਛੁਪਦਾ' ਕਿਹਾ ਜਾਂਦਾ ਸੀ।

ਇਨ੍ਹਾਂ ਸਵਾਲਾਂ ਦਾ ਮੇਰੇ ਮਨ ਵਿਚੋਂ ਇਹ ਜਵਾਬ ਆ ਰਿਹਾ ਸੀ, "ਭਲਿਆ ਲੋਕਾ! ਉਹ ਤਾਂ ਅਜੇ ਡਾਕੂ ਸਨ, ਜੋ ਆਪਣੇ ਨਿਜੀ ਸੀਮਿਤ ਹਿੱਤਾਂ ਵਾਸਤੇ ਐਨੀ ਵੱਡੀ ਰਾਜ ਤਾਕਤ ਦੇ ਮੂੰਹ ਆਉਣ ਤੋਂ ਨਹੀਂ ਝੰਵੇ ਤੇ ਉਸ ਪਾਸੋਂ ਆਪਣੇ ਨਾਲ ਦਿਆਂ ਨੂੰ ਛੁਡਾ ਕੇ ਕਿਧਰੇ ਗਾਇਬ ਹੋ ਗਏ। ਜੇ ਕਿਤੇ ਆਜ਼ਾਦੀ ਦੀ ਲਹਿਰ ਦੀਆਂ ਸਿਆਣੀਆਂ ਜਥੇਬੰਦ ਤਾਕਤਾਂ ਹਥਿਆਰ ਫੜ ਲੈਣ ਤਾਂ ਜ਼ੁਲਮ ਜ਼ੋਰ ਨਾਲ ਦਬਾਈ ਰੱਖਣ ਵਾਲੀਆਂ ਰਫਲਾਂ, ਜੋ ਕੇਵਲ ਨਿਹੱਥਿਆਂ ਦੇ ਹੀ ਲਹੂ ਨਹਾਉਂਦੀਆਂ ਹਨ, ਜਨਤਾ ਦੀ ਹਥਿਆਰਬੰਦ ਸੱਟ ਅੱਗੇ, ਭਾਵੇਂ ਉਹ ਛੋਟੀ ਹੀ ਹੋਵੇ, ਬੋਦੀਆਂ ਪੈ ਜਾਂਦੀਆਂ ਹਨ।"

ਇਸ ਗੱਲ ਨੇ ਜਨਤਾ ਦੇ ਕੌਮੀ ਏਕੇ ਦੀ ਲੜਨ ਸ਼ਕਤੀ ਉਤੇ ਮੇਰਾ ਭਰੋਸਾ ਤੇ ਵਿਸ਼ਵਾਸ ਹੋਰ ਪੱਕਾ ਕਰ ਦਿੱਤਾ ਤੇ ਇਸ ਵਿਸ਼ਵਾਸ ਤੋਂ ਦੇਸ਼ ਦੀ ਆਜ਼ਾਦੀ ਲਈ ਹਥਿਆਰ ਲੈ ਕੇ ਲੜਨ ਦੀ ਮੇਰੀ ਦ੍ਰਿੜਤਾ ਵਧੇਰੇ ਮਜ਼ਬੂਤ ਹੋ ਗਈ।

ਉਂਜ ਤਾਂ ਮੈਂ ਅੱਗੇ ਹੀ ਇਨਕਲਾਬੀ ਸਾਂ ਤੇ ਹਥਿਆਰਬੰਦ ਇਨਕਲਾਬ ਵਿਚ ਦੀਨ ਰੱਖਣ ਵਾਲੀ ਕਿਰਤੀ ਪਾਰਟੀ ਦਾ ਉਘਾ ਮੁਹਰੀ ਸਾਂ, ਪਰ ਉਸ ਦਿਨ ਤੋਂ ਮੈਂ ਬਰਤਾਨਵੀ ਸਾਮਰਾਜ ਦੀ ਹਥਿਆਰਬੰਦ ਸ਼ਕਤੀ ਦੇ ਜ਼ੋਰ ਨੂੰ ਤੁੱਛ ਸਮਝਣ ਲੱਗ ਪਿਆ ਤੇ ਕੌਮੀ ਲਹਿਰ ਅੰਦਰ ਮੁਹਰੇ ਹੋ ਕੇ ਅੰਗਰੇਜ਼ੀ ਰਾਜ ਵਿਰੁਧ ਲੜ ਰਹੀਆਂ ਸਿਆਸੀ ਪਾਰਟੀਆਂ ਅਤੇ ਜਥੇਬੰਦੀਆਂ ਨੂੰ ਹਥਿਆਰਨ ਤੇ ਬਰਤਾਨਵੀ ਸਾਮਰਾਜ ਨਾਲ ਟੱਕਰਾਂ ਲੈਣ ਤੇ ਬਗਾਵਤ ਕਰਨ ਦੇ ਰਾਹ ਦਾ ਬੜਾ ਪੱਕਾ ਉਪਾਸ਼ਕ ਪ੍ਰਚਾਰਕ ਹੋ ਗਿਆ।

---

(ਸੋ, 1947 ਵਿਚ ਜਾ ਕੇ ਉਹੀ ਗੱਲ ਹੋਈ। ਜਦ ਦੂਸਰੀ ਵੱਡੀ ਜੰਗ ਵਿਚ ਮਾਰ ਖਾ ਖਾ ਕੇ ਕਮਜ਼ੋਰ ਹੋ ਗਏ ਹੋਏ ਅੰਗਰੇਜ਼ੀ ਸਾਮਰਾਜ ਦੀ ਹਿੰਦੁਸਤਾਨੀ ਹਕੂਮਤ ਦੀ ਦੇਸੀ ਜਲ ਸੈਨਾ ਨੇ ਬਗਾਵਤ ਕੀਤੀ, ਹਵਾਈ ਸੈਨਾ ਤੇ ਬਿਹਾਰ ਦੀ ਪੁਲਿਸ ਨੇ ਹੜਤਾਲਾਂ ਕਰ ਦਿੱਤੀਆਂ ਤਾਂ ਅੰਗਰੇਜ਼ੀ ਸਾਮਰਾਜ ਦੇ ਹਿੰਦੁਸਤਾਨ ਉਤੇ ਰਾਜ ਕਰਨ ਤੇ ਇਸ ਦੀ ਆਜ਼ਾਦੀ ਦਬੀ ਮਿੱਧੀ ਰੱਖਣ ਦੇ ਇਹ ਡੰਡੇ ਤੇ ਰਫਲਾਂ ਠੁੱਸ ਹੋ ਗਈਆਂ ਤੇ ਉਸ ਨੂੰ ਹਿੰਦੁਸਤਾਨ ਵਿਚੋਂ ਆਪਣਾ ਰਾਜ ਕਾਜ ਚੁੱਕ ਕੇ ਪੱਤਰਾ ਵਾਚਣਾ ਪਿਆ।)

ਜਗਤ ਤਮਾਸ਼ਾ



ਦਲਬੀਰ ਸਿੰਘ

# ਕਿਤਾਬਾਂ, ਉਦਾਸੀ, ਸੰਘਰਸ਼ ਤੇ ਗੁਲਾਬ ਦਾ ਸੁੱਕਾ ਫੁੱਲ

*ਦਲਬੀਰ ਸਿੰਘ ਪੰਜਾਬੀ ਦਾ ਉਹ ਪੱਤਰਕਾਰ ਸੀ ਜਿਸ ਪਾਸ ਪੱਤਰਕਾਰੀ ਦੇ ਅਸੂਲ ਮੁਤਾਬਕ ਘੱਟ ਤੋਂ ਘੱਟ ਸ਼ਬਦਾਂ ਵਿਚ ਵੱਧ ਤੋਂ ਵੱਧ ਗੱਲ ਕਹਿਣ ਦਾ ਹੁਨਰ ਸੀ। ਸੰਪਾਦਕੀ ਪੰਨੇ ਉਤੇ ਗੰਭੀਰ ਲੇਖਾਂ ਵਿਚਾਲੇ ਇਕ ਛੋਟਾ ਜਿਹਾ ਹਲਕਾਫੁਲਕਾ ਲੇਖ ਛਾਪਿਆ ਜਾਂਦਾ ਹੈ ਜਿਸ ਨੂੰ ਅੰਗਰੇਜ਼ੀ ਵਿਚ 'ਮਿਡਲ' ਕਿਹਾ ਜਾਂਦਾ ਹੈ। ਪੰਜਾਬੀ ਪੱਤਰਕਾਰੀ ਵਿਚ ਸ਼ਾਇਦ ਦਲਬੀਰ ਇਕੋ ਇਕ ਪੱਤਰਕਾਰ ਹੈ ਜਿਸ ਨੂੰ 'ਮਿਡਲ' ਸਹੀ ਅਰਥਾਂ ਵਿਚ ਲਿਖਣ ਦੀ ਜਾਚ ਸੀ। ਪੰਜਾਬੀ ਟ੍ਰਿਬਿਊਨ ਵਿਚ ਪਹਿਲਾਂ ਉਹ ਕਈ ਸਾਲ 'ਇਉਂ ਵੀ ਹੁੰਦੈ' ਨਾਂ ਹੇਠ ਕਾਲਮ ਲਿਖਦਾ ਰਿਹਾ ਅਤੇ ਫਿਰ ਉਸ ਨੇ ਇਸ ਦਾ ਨਵਾਂ 'ਜਗਤ ਤਮਾਸ਼ਾ' ਰੱਖ ਲਿਆ ਤੇ ਇਹ 'ਜਗਤ ਤਮਾਸ਼ਾ' ਉਸ ਦੇ ਨਾਂ ਨਾਲ ਹੀ ਜੁੜ ਗਿਆ। ਉਂਜ ਤਾਂ ਉਸ ਦਾ ਇਹ ਕਾਲਮ ਬਹੁਤਾ ਕਰਕੇ ਚਲੰਤ ਮਾਮਲਿਆਂ ਨੂੰ ਲੈ ਕੇ ਹੁੰਦਾ ਪਰ ਉਸ ਦੇ ਕੁਝ ਜਗਤ ਤਮਾਸ਼ੇ ਅਜਿਹੇ ਵੀ ਹਨ ਜੋ ਸਮੇਂ ਦੀਆਂ ਹੱਦਾਂ ਤੋਂ ਉਪਰ ਹਨ। ਇਸ ਵਾਰ ਉਸ ਦਾ ਅਜਿਹਾ ਹੀ ਇਕ ਜਗਤ ਤਮਾਸ਼ਾ ਛਾਪ ਰਹੇ ਹਾਂ। ਦਲਬੀਰ ਨੂੰ ਇਸ ਸੰਸਾਰ ਤੋਂ ਗਿਆਂ ਭਾਵੇਂ 10 ਸਾਲ ਤੋਂ ਵੱਧ ਸਮਾਂ ਹੋ ਗਿਆ ਹੈ ਪਰ ਇਸ ਲਿਖਤ ਵਿਚਲੀਆਂ ਕਈ ਗੱਲਾਂ ਇਉਂ ਹਨ ਜਿਵੇਂ ਉਸ ਨੂੰ ਵਾਪਰਨ ਵਾਲੀ ਹੋਣੀ ਦਾ ਪਹਿਲਾਂ ਹੀ ਇਲਮ ਸੀ। ਉਹ ਲਿਖਦਾ ਹੈ, "ਮੈਂ ਅਕਸਰ ਉਦਾਸ ਨਹੀਂ ਹੁੰਦਾ, ਖਾਸ ਕਰਕੇ ਮੌਤ ਦੀ ਸੰਭਾਵਨਾ ਤੋਂ ਤਾਂ ਕਦੇ ਵੀ ਨਹੀਂ।" ਜਿਨ੍ਹਾਂ ਉਸ ਨੂੰ ਨੇੜਿਓਂ ਤੱਕਿਆ, ਉਹ ਜਾਣਦੇ ਹਨ ਕਿ ਇਸ ਵਿਚ ਬਹੁਤ ਵੱਡਾ ਸੱਚ ਸੀ। -ਸੰਪਾਦਕ*

ਪਤਾ ਨਹੀਂ ਕਦੋਂ ਦੀ ਇਹ ਕਿਤਾਬ ਮੇਰੇ ਕਿਤਾਬਾਂ ਦੇ ਰੈਕ ਵਿਚ ਪਈ ਰਹੀ ਪਰ ਪੜ੍ਹ ਨਹੀਂ ਸੀ ਸਕਿਆ। ਬਹੁਤ ਸਾਰੀਆਂ ਕਿਤਾਬਾਂ ਇਸ ਕਰਕੇ ਰੈਕ ਜਾਂ ਅਲਮਾਰੀ ਵਿਚ ਪਈਆਂ ਰਹਿੰਦੀਆਂ ਹਨ ਕਿ ਜਾਂ ਤਾਂ ਉਨ੍ਹਾਂ ਨੂੰ ਪੜ੍ਹਨ ਦਾ ਸਮਾਂ ਨਹੀਂ ਹੁੰਦਾ ਜਾਂ ਫਿਰ ਉਹ ਨਿਤ ਨਵੇਂ ਦਿਨ ਆ ਰਹੀਆਂ ਕਿਤਾਬਾਂ ਦੇ ਹੇਠਾਂ ਦੱਬੀਆਂ ਜਾਂਦੀਆਂ ਹਨ ਅਤੇ ਦੱਬੀਆਂ ਹੀ ਰਹਿ ਜਾਂਦੀਆਂ ਹਨ। ਇਕ ਵਾਰੀ ਜਿਹੜੀ ਕਿਤਾਬ 'ਖਾਸ' ਥਾਂ ਉਤੇ ਰੱਖੀ ਜਾਵੇ ਅਤੇ ਫਿਰ ਉਸ ਉਤੇ ਹੋਰ 'ਖਾਸ' ਕਿਤਾਬਾਂ ਦਾ ਢੇਰ ਲਗਦਾ ਜਾਵੇ ਤਾਂ ਹੇਠਲੀ ਕਿਤਾਬ ਦੀ ਵਾਰੀ ਕਦੋਂ ਆਵੇਗੀ, ਇਸ ਦਾ ਕੋਈ ਪਤਾ ਨਹੀਂ ਹੁੰਦਾ। ਇਹ ਵੀ ਪਤਾ ਨਹੀਂ ਹੁੰਦਾ ਕਿ ਇਹ ਕਦੀ ਪੜ੍ਹੀ ਵੀ ਜਾਵੇਗੀ ਜਾਂ ਨਹੀਂ। ਇਹੀ ਹਾਲ ਅੰਗਰੇਜ਼ੀ ਵਿਚ ਛਪੀ ਕਿਤਾਬ 'ਕਾਲਾ ਦਸੰਬਰ' ਨਾਲ ਹੋਇਆ। ਇਹ ਕਿਤਾਬਾਂ ਦੇ ਹੇਠਾਂ ਐਸੀ ਦੱਬੀ ਕਿ ਦੱਬੀ ਹੀ ਰਹਿ ਗਈ। ਕੁਝ ਦਿਨ ਹੋਏ ਜਦੋਂ ਮੈਂ ਅਲਮਾਰੀ ਨੂੰ ਫਰੋਲ ਰਿਹਾ ਸਾਂ ਤਾਂ ਵੀਅਤਨਾਮ ਦੇ ਲੇਖਕ ਆਨ ਡੂਕ ਦਾ ਨਾਵਲ 'ਹੌਨ ਡੈਟ' ਲੱਭ ਸਕਾਂ ਤਾਂ 'ਕਾਲਾ ਦਸੰਬਰ' ਲੱਭ ਪਈ। 'ਹੌਨ ਡੈਟ' ਨਾ ਲੱਭੀ। ਪਤਾ ਨਹੀਂ ਕਿਹੜੀ ਅਲਮਾਰੀ ਵਿਚ ਪਈ ਹੈ।

'ਕਾਲਾ ਦਸੰਬਰ' ਉਨ੍ਹਾਂ ਪੰਜਾਬੀ ਅਤੇ ਹਿੰਦੀ ਕਹਾਣੀਆਂ ਦਾ ਅੰਗਰੇਜ਼ੀ ਵਿਚ ਅਨੁਵਾਦਤ ਸੰਗ੍ਰਿਹ ਹੈ ਜੋ ਨਵੰਬਰ ਚੁਰਾਸੀ ਵਿਚ ਦਿੱਲੀ ਵਿਚ ਵਾਪਰੀਆਂ ਹਿੰਸਕ ਘਟਨਾਵਾਂ ਨਾਲ ਸਬੰਧਤ ਹਨ ਜਦੋਂ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਦਿੱਲੀ ਹੀ ਨਹੀਂ ਸਗੋਂ ਹੋਰ ਸ਼ਹਿਰਾਂ ਵਿਚ ਵੀ ਸਿੱਖਾਂ ਦਾ ਕਤਲੇਆਮ ਕੀਤਾ ਗਿਆ ਸੀ। ਇਨ੍ਹਾਂ ਵਿਚੋਂ ਬਹੁਤੀਆਂ ਕਹਾਣੀਆਂ ਮੈਂ ਪਹਿਲਾਂ ਹੀ ਪੰਜਾਬੀ ਜਾਂ ਹਿੰਦੀ ਵਿਚ ਪੜ੍ਹੀਆਂ ਹੋਈਆਂ ਸਨ। 'ਹੌਨ ਡੈਟ' ਨਾਂ ਦੀ ਕਿਤਾਬ ਵੀਅਤਨਾਮੀ ਲੋਕਾਂ ਦੇ ਉਸ ਲਾਸਾਨੀ ਸੰਘਰਸ਼ ਦਾ ਰੌਂਗਟੇ ਖੜ੍ਹੇ ਕਰ ਦੇਣ ਵਾਲਾ ਬਿਰਤਾਂਤ ਹੈ ਜੋ ਉਨ੍ਹਾਂ ਨੇ ਕਰੀਬ ਦੋ ਦਹਾਕਿਆਂ ਤਕ ਅਮਰੀਕਨਾਂ ਦੀ ਸ਼ਕਤੀਸ਼ਾਲੀ ਤਾਕਤ ਦੇ ਖਿਲਾਫ ਲੜਿਆ ਅਤੇ ਅਖੀਰ ਇਸ ਵੱਡੀ ਤਾਕਤ ਨੂੰ ਹਾਰ ਮੰਨਣ ਉਤੇ ਮਜਬੂਰ ਕਰ ਦਿੱਤਾ। 70ਵਿਆਂ ਦੇ ਪਹਿਲੇ ਦਿਨਾਂ ਵਿਚ ਜਿਵੇਂ ਵੀਅਤਨਾਮੀ ਲੜਾਕੂਆਂ ਤੋਂ ਭਾਂਜ ਖਾ ਕੇ ਅਮਰੀਕਨ ਫੌਜਾਂ ਭੱਜੀਆਂ ਸਨ, ਉਸ ਬਾਰੇ ਅੱਜ ਦੀ ਪੀੜ੍ਹੀ ਨੂੰ ਕੁਝ ਵੀ ਨਹੀਂ ਪਤਾ। ਪਰ ਸਾਡੇ ਵਰਗੇ ਲੋਕ, ਜਿਨ੍ਹਾਂ ਨੇ ਅਮਰੀਕਨਾਂ ਨੂੰ ਭੱਜਦੇ ਹੋਏ ਦੇਖਿਆ ਸੀ, ਉਨ੍ਹਾਂ ਨੂੰ ਉਹ ਦਿਨ ਕਦੀ ਵੀ ਨਹੀਂ ਭੁੱਲ ਸਕਦੇ। ਇਸੇ ਕਿਤਾਬ ਨੂੰ ਸੰਨ 1972 ਵਿਚ ਮੈਂ 'ਦਸ ਦਿਨ' ਨਾਂ ਹੇਠ ਅਨੁਵਾਦ ਕਰਕੇ ਅਖਬਾਰ ਨਵਾਂ ਜ਼ਮਾਨਾ ਵਿਚ ਛਾਪਿਆ ਸੀ।

ਉਹ ਸਾਡੀ ਪੀੜ੍ਹੀ ਲਈ ਬਹੁਤ ਹੀ ਸ਼ਾਨ ਵਾਲੇ ਦਿਨ ਸਨ। ਜਿੱਤ ਵੀਅਤਨਾਮੀਆਂ ਦੀ ਹੋਈ ਸੀ ਪਰ ਖੁਸ਼ੀਆਂ ਭਾਰਤ ਸਮੇਤ ਸਾਰੇ ਸੰਸਾਰ ਵਿਚ ਮਨਾਈਆਂ ਗਈਆਂ ਸਨ। ਕਿਉਂਕਿ ਵੀਅਤਨਾਮੀਆਂ ਦੇ ਸੰਘਰਸ਼ ਵਿਚੋਂ ਭਾਰਤੀਆਂ ਦੇ ਇਕ ਵਰਗ ਨੂੰ ਆਪਣੇ ਉਸ ਅਣਹੋਏ ਸੰਘਰਸ਼ ਦੀ ਝਲਕ ਦਿਖਾਈ ਦਿੰਦੀ ਸੀ ਜਿਸ ਨੂੰ ਉਹ ਲੜਨਾ ਚਾਹੁੰਦੇ ਸਨ। ਇਹ ਜਿੱਤ ਭਾਵੇਂ ਵੀਅਤਨਾਮੀਆਂ ਦੀ ਸੀ ਪਰ ਇਹ ਸਾਡੀ ਪੀੜ੍ਹੀ ਦੀ ਉਸ ਭਾਵਨਾ ਦੀ ਤਰਜਮਾਨੀ ਕਰਦੀ ਸੀ ਜਿਹੜੀ ਅਸੀਂ ਮਨ ਅੰਦਰ ਹੀ ਲਈ ਬੈਠੇ ਸਾਂ। ਅਸਲ ਵਿਚ ਇਹ ਲੜਾਈ ਅਸੀਂ ਜਿੱਤਣਾ ਚਾਹੁੰਦੇ ਸਾਂ ਪਰ ਜਿੱਤ ਗਏ ਵੀਅਤਨਾਮੀ। ਇਹ ਸਮਝ ਸਕਣਾ ਨਵੀਂ ਪੀੜ੍ਹੀ ਲਈ ਬਹੁਤ ਹੀ ਮੁਸ਼ਕਿਲ ਹੈ ਕਿ ਅਸੀਂ ਇਸ ਜਿੱਤ ਨਾਲ ਖੁਸ਼ ਵੀ ਹੋਏ ਸਾਂ ਅਤੇ ਦੁਖੀ ਵੀ। ਪਰੀ ਕਹਾਣੀ ਦੀ ਉਸ ਪਰੀ ਵਾਂਗ ਜਿਹੜੀ ਇਕ ਰਾਖਸ਼ ਦੀ ਕੈਦ ਵਿਚ ਸੀ ਅਤੇ ਜਿਹੜੀ ਇਕ ਖੂਬਸੂਰਤ ਰਾਜ ਕੁਮਾਰ ਨੂੰ ਦੇਖ ਕੇ ਪਹਿਲਾਂ ਹੱਸੀ ਸੀ ਤੇ ਫੇਰ ਰੋਈ ਸੀ। ਹੱਸੀ ਇਸ ਕਰਕੇ ਕਿ ਉਸ ਨੂੰ ਰਾਜਕੁਮਾਰ ਬਹੁਤ ਚੰਗਾ ਲੱਗਾ ਸੀ। ਰੋਈ ਇਸ ਕਾਰਨ ਕਿ ਉਸ ਨੂੰ ਰਾਖਸ਼ ਨੇ ਮਾਰ ਦੇਣਾ ਸੀ। ਅਸੀਂ ਹੱਸੇ ਇਸ ਕਾਰਨ ਸਾਂ ਕਿ ਵੀਅਤਨਾਮੀ ਲੋਕ ਅਮਰੀਕੀ ਸਾਮਰਾਜ ਦੇ ਖਿਲਾਫ ਜਿੱਤ ਗਏ ਸਨ। ਰੋਏ ਇਸ ਕਰਕੇ ਸਾਂ ਕਿ ਇਹ ਜਿੱਤ ਅਸੀਂ ਜਿੱਤਣਾ ਚਾਹੁੰਦੇ ਸਾਂ, ਪਰ ਜਿੱਤ ਹਾਸਲ ਕਰਨ ਵਿਚ ਇਕ ਨਿੱਕੇ ਜਿਹੇ ਦੇਸ਼ ਦੇ ਲੋਕ ਸਫਲ ਹੋ ਗਏ ਸਨ।

ਖੈਰ, ਮੈਂ 'ਹੌਨ ਡੈਟ' ਇਕ ਵਾਰੀ ਫਿਰ ਪੜ੍ਹਨਾ ਚਾਹੁੰਦਾ ਹਾਂ। ਖਬਰੇ ਉਸ ਨੂੰ ਪੰਜਾਬੀ ਵਿਚ ਮੁੜ ਅਨੁਵਾਦ ਵੀ ਕਰਾਂ ਕਿਉਂਕਿ ਮੈਂ ਚਾਹੁੰਦਾ ਹਾਂ ਕਿ ਅੱਜ ਦੇ ਲੋਕਾਂ ਨੂੰ ਇਹ ਪਤਾ ਲੱਗ ਸਕੇ ਕਿ ਵੀਅਤਨਾਮੀ ਲੋਕਾਂ ਦੀ ਲੜਾਈ ਕਿੰਨੀ ਵੱਡੀ ਸੀ ਅਤੇ ਉਨ੍ਹਾਂ ਨੇ ਕਿੰਨੀਆਂ ਮੁਸ਼ਕਿਲਾਂ ਸਹਿ ਕੇ ਇਹ ਲੜਾਈ ਜਿੱਤੀ ਸੀ। ਦੱਸਣ ਦੀ ਮੇਰੀ ਇਹ ਕੋਸ਼ਿਸ਼ ਹੈ ਕਿ ਜਿਸ ਸਾਮਰਾਜ ਦੇ ਖਿਲਾਫ ਉਨ੍ਹਾਂ ਨੇ ਲੜਾਈ ਲੜੀ ਅਤੇ ਜਿੱਤੀ, ਉਹ ਸਾਮਰਾਜ ਹੁਣ ਪਹਿਲਾਂ ਨਾਲੋਂ ਵੀ ਵੱਧ ਸ਼ਕਤੀਸ਼ਾਲੀ ਹੋ ਗਿਆ ਹੈ ਅਤੇ ਨਿਕਟ ਭਵਿੱਖ ਵਿਚ ਇਸ ਦੇ ਕਮਜ਼ੋਰ ਹੋਣ ਦੀਆਂ ਸੰਭਾਵਨਾਵਾਂ ਵੀ ਦਿਖਾਈ ਨਹੀਂ ਦਿੰਦੀਆਂ। 'ਕਾਲਾ ਦਸੰਬਰ' ਦੀਆਂ ਕਹਾਣੀਆਂ ਉਸੇ ਤਰ੍ਹਾਂ ਹੀ ਸੰਨ ਚੁਰਾਸੀ ਦੀ ਬਾਤ ਪਾਉਂਦੀਆਂ ਹਨ ਜਿਵੇਂ ਮੰਟੋ ਦੀਆਂ ਕਹਾਣੀਆਂ ਸੰਨ ਸੰਤਾਲੀ ਦੀ ਤ੍ਰਾਸਦੀ ਨੂੰ ਪੇਸ਼ ਕਰਦੀਆਂ ਹਨ। ਅੱਜ ਵੀ ਮੰਟੋ ਨੂੰ ਪੜ੍ਹੋ ਤਾਂ ਰੌਂਗਟੇ ਖੜ੍ਹੇ ਹੋ ਜਾਂਦੇ ਹਨ। ਅੱਜ ਵੀ 'ਹੌਨ ਡੈਟ' ਨੂੰ ਪੜ੍ਹੋ ਤਾਂ ਰੌਂਗਟੇ ਖੜ੍ਹੇ ਹੋ ਜਾਣੇ ਹਨ। ਅੱਜ ਦੀ ਪੀੜ੍ਹੀ ਨੇ ਮੰਟੋ ਨੂੰ ਪੜ੍ਹਿਆ ਨਹੀਂ ਅਤੇ 'ਹੌਨ ਡੈਟ' ਨੂੰ ਪੜ੍ਹ ਨਹੀਂ ਸਕਦੇ। ਪਰ ਅਲਮਾਰੀਆਂ ਦੀ ਪੂਰੀ ਪੜਤਾਲ ਕਰਨ ਮਗਰੋਂ ਮੈਨੂੰ ਆਸ ਹੈ ਕਿ ਇਹ ਕਿਤਾਬ ਲੱਭ ਹੀ ਲਵਾਂਗਾ।

ਇਹ ਬਹੁਤ ਵੱਡੀ ਮੁਸ਼ਕਿਲ ਹੈ ਕਿ ਬਹੁਤੀਆਂ ਕਿਤਾਬਾਂ ਅਲਮਾਰੀਆਂ ਵਿਚ ਹੀ ਪਈਆਂ ਰਹਿੰਦੀਆਂ ਹਨ। ਖਾਸ ਕਰਕੇ ਜਦੋਂ ਕਿਤਾਬਾਂ ਦਾ ਮਾਲਕ ਇਸ ਸੰਸਾਰ ਤੋਂ ਚਲੇ ਜਾਂਦਾ ਹੈ ਤਾਂ ਉਸ ਦੀਆਂ ਕਿਤਾਬਾਂ ਦੀ ਕਿਸੇ ਨੂੰ ਲੋੜ ਨਹੀਂ ਰਹਿ ਜਾਂਦੀ। ਮੈਨੂੰ ਮਸ਼ਹੂਰ ਵਿਅੰਗ ਲੇਖਕ ਸੂਬਾ ਸਿੰਘ ਬਾਰੇ ਇਲਮ ਹੈ ਕਿ ਉਸ ਦੇ ਪੁੱਤਰ ਨੇ ਭਾਵੁਕਤਾ ਵੱਸ ਸੂਬਾ ਸਿੰਘ ਦੀ ਨਿਜੀ ਲਾਇਬਰੇਰੀ ਦੀਆਂ ਕਿਤਾਬਾਂ ਅਲਮਾਰੀ ਵਿਚ ਸਾਂਭ ਕੇ ਰੱਖੀਆਂ ਸਨ। ਹੁਣ ਤਾਂ ਉਸ ਦੀ ਵੀ ਮੌਤ ਹੋ ਗਈ ਹੈ। ਜਦੋਂ ਉਹ ਜਿਉਂਦਾ ਸੀ ਤਾਂ ਇਕ ਵਾਰੀ ਚੌਕ ਮਹਿਤਾ ਵਿਚ ਉਸ ਦੇ ਮਕਾਨ ਵਿਚ ਗਿਆ ਸਾਂ। "ਭਾਪਾ ਜੀ ਦੀਆਂ ਕਿਤਾਬਾਂ ਮੈਂ ਅਲਮਾਰੀ ਵਿਚ ਸਾਂਭ ਦਿਤੀਆਂ ਹਨ ਅਤੇ ਅਲਮਾਰੀ ਨੂੰ ਤਾਲਾ ਲਾ ਦਿੱਤਾ ਹੈ", ਉਸ ਨੇ ਕਿਹਾ ਸੀ। ਉਦੋਂ ਵੀ ਮੈਂ ਪਹਿਲਾਂ ਹੱਸਿਆ ਸਾਂ ਅਤੇ ਫੇਰ ਰੋਇਆ ਸਾਂ। ਕਿਤਾਬਾਂ ਕਿਉਂਕਿ "ਭਾਪਾ ਜੀ ਦੀਆਂ" ਸਨ ਇਸ ਲਈ ਉਨ੍ਹਾਂ ਨੂੰ ਸਾਂਭਿਆ ਗਿਆ ਸੀ, ਪਰ ਕਿਤਾਬਾਂ ਅਲਮਾਰੀ ਵਿਚ ਬੰਦ ਸਨ ਅਤੇ ਉਨ੍ਹਾਂ ਨੂੰ ਪੜ੍ਹਨ ਵਾਲਾ ਕੋਈ ਨਹੀਂ ਸੀ। ਉਤੋਂ ਉਨ੍ਹਾਂ ਨੂੰ ਸਲਾਭ੍ਹਾ ਲੱਗ ਗਿਆ ਸੀ।

ਮੈਂ ਅਕਸਰ ਉਦਾਸ ਨਹੀਂ ਹੁੰਦਾ, ਖਾਸ ਕਰਕੇ ਮੌਤ ਦੀ ਸੰਭਾਵਨਾ ਤੋਂ ਤਾਂ ਕਦੇ ਵੀ ਨਹੀਂ। ਪਰ ਫਿਰ ਵੀ ਇਸ ਗੱਲ ਤੋਂ ਕੋਈ ਮੁਨਕਰ ਨਹੀਂ ਹੋ ਸਕਦਾ ਕਿ ਆਖਰਕਾਰ ਅੰਤ ਆਉਣਾ ਹੀ ਹੈ। ਮੈਂ ਆਪਣੇ ਪਰਿਵਾਰ ਨੂੰ ਕਈ ਵਾਰੀ ਕਿਹਾ ਹੈ ਕਿ ਮੇਰਾ ਅੰਤਿਮ ਸਸਕਾਰ ਬਿਜਲੀ ਵਾਲੇ ਯੰਤਰ ਨਾਲ ਕੀਤਾ ਜਾਵੇ। ਘੱਟੋ ਘੱਟ ਇਕ ਦਰਖਤ ਤਾਂ ਬਚੇਗਾ। ਨਾਲ ਹੀ ਕਈ ਵਾਰੀ ਕਿਹਾ ਹੈ ਕਿ ਮੇਰੀ ਮੌਤ ਤੋਂ ਬਾਅਦ ਕੋਈ ਧਾਰਮਿਕ ਰਸਮ ਨਾ ਕੀਤੀ ਜਾਵੇ। ਇਸ ਲਈ ਨਹੀਂ ਕਿ ਮੌਤ ਤੋਂ ਡਰਦਾ ਹਾਂ ਤਾਂ ਇਸ ਤਰ੍ਹਾਂ ਦੀਆਂ ਗੱਲਾਂ ਕਰਦਾ ਹਾਂ। ਇਸ ਲਈ ਕਰਦਾ ਹਾਂ ਕਿ ਕਦੇ ਕਦੇ ਮੌਤ ਤੋਂ ਬਾਅਦ ਦੀ ਗੱਲ ਵੀ ਕਰਨੀ ਚਾਹੀਦੀ ਹੈ। ਘਰ ਵਾਲੇ ਇਸ ਤਰ੍ਹਾਂ ਦੀਆਂ ਗੱਲਾਂ ਕਰਨ ਉਤੇ ਹੀ ਦੁਖੀ ਹੋ ਜਾਂਦੇ ਹਨ। ਕਹਿੰਦੇ ਹਨ ਕਿ ਇਸ ਤਰ੍ਹਾਂ ਦੀਆਂ ਗੱਲਾਂ ਨਹੀਂ ਕਰਨੀਆਂ ਚਾਹੀਦੀਆਂ।

ਮੈਂ ਤਾਂ ਸਿਰਫ ਇਸ ਲਈ ਕਹਿੰਦਾ ਹਾਂ ਕਿ ਮੌਤ ਦਾ ਕੋਈ ਭਰੋਸਾ ਨਹੀਂ ਹੈ। ਕੁਝ ਦਿਨ ਹੋਏ ਇਕ ਬਹੁਤ ਹੀ ਚੰਗੇ ਕੁਲੀਗ (ਪੰਜਾਬੀ ਟ੍ਰਿਬਿਊਨ) ਰਾਜਿੰਦਰ ਸੋਢੀ ਨੂੰ ਮੌਤ ਨੇ ਸਕਿੰਟਾਂ ਵਿਚ ਹੀ ਆਪਣੀ ਆਗੋਸ਼ ਵਿਚ ਲੈ ਲਿਆ। ਜਿਸ ਰਾਤ ਉਸ ਦੀ ਮੌਤ ਹੋਈ, ਉਸ ਤੋਂ ਪਹਿਲੀ ਸਵੇਰ ਉਹ ਮੇਰੇ ਕਮਰੇ ਵਿਚ ਆਇਆ ਸੀ ਅਤੇ 'ਰਿਟਾਇਰਮੈਂਟ ਤੋਂ ਬਾਅਦ ਵਿਹਲਾ ਹੋ ਕੇ ਕਿਤਾਬਾਂ ਪੜ੍ਹਨ ਦਾ ਸ਼ੌਕ ਪੂਰਾ ਕਰਨ' ਦੀ ਗੱਲ ਕਰ ਰਿਹਾ ਸੀ। ਉਂਜ ਵੀ ਉਹ 'ਕਿਸ ਕਿਸ ਤਰ੍ਹਾਂ ਦੇ ਸਿਕੰਦਰ' ਨਾਂ ਦੀ ਕਿਤਾਬ ਵਾਪਸ ਕਰਨ ਆਇਆ ਸੀ ਜਿਹੜੀ ਉਹ ਕੁਝ ਦਿਨ ਪਹਿਲਾਂ ਪੜ੍ਹਨ ਲਈ ਲੈ ਕੇ ਗਿਆ ਸੀ। ਉਸ ਨੂੰ ਦੂਜਾ ਦਿਨ ਦੇਖਣਾ ਨਸੀਬ ਨਹੀਂ ਸੀ।

ਇਸ ਲਈ ਆਪਣੀਆਂ ਕਿਤਾਬਾਂ ਵਿਚੋਂ ਕੁਝ ਤਾਂ ਮੈਂ ਮਾਛੀਵਾੜਾ ਦੇ ਇਕ ਸਕੂਲ ਨੂੰ ਦਾਨ ਕਰਨ ਲਈ ਹੁਣੇ ਹੀ ਚੁਣ ਲਈਆਂ ਹਨ। ਬਚਦੀਆਂ ਵੀ ਕਿਸੇ ਨਾ ਕਿਸੇ ਸਕੂਲ ਦੀ ਲਾਇਬਰੇਰੀ ਨੂੰ ਹੀ ਦੇਣ ਦਾ ਵਾਅਦਾ ਕਰਦਾ ਹਾਂ। ਮੈਨੂੰ ਪਤਾ ਹੈ ਕਿ ਅਲਮਾਰੀ ਵਿਚ ਪਈਆਂ ਕਿਤਾਬਾਂ ਨੂੰ ਸਿਉਂਕ ਖਾ ਜਾਵੇਗੀ, ਟਿੱਡੀਆਂ ਆਪਣਾ ਡੇਰਾ ਬਣਾਉਣਗੀਆਂ ਅਤੇ ਇਨ੍ਹਾਂ ਵਿਚੋਂ ਕਿਸੇ ਕਿਤਾਬ ਵਿਚ ਰੱਖਿਆ 'ਗੁਲਾਬ ਦਾ ਫੁੱਲ' ਉਵੇਂ ਦਾ ਉਵੇਂ ਹੀ ਪਿਆ ਰਹਿ ਜਾਵੇਗਾ ਤੇ ਭਵਿੱਖ ਦਾ ਕੋਈ ਵੀ ਕਵੀ ਉਸ ਉਤੇ ਕੋਈ ਵੀ ਕਵਿਤਾ ਨਹੀਂ ਲਿਖੇਗਾ। ਕਿਉਂਕਿ ਅਲਮਾਰੀ ਵਿਚੋਂ ਜੇ ਕੋਈ ਕੱਢ ਕੇ ਪੜ੍ਹੇਗਾ ਹੀ ਨਹੀਂ ਤਾਂ ਉਸ ਨੂੰ ਫੁੱਲ ਕਿਵੇਂ ਲੱਭੇਗਾ?

ਬਾਬਾ ਫਰੀਦ ਜੀ ਦਾ ਇਕ ਸ਼ਲੋਕ ਹੈ ਜਿਸ ਵਿਚ ਉਹ ਕਹਿੰਦੇ ਹਨ ਕਿ ਦੁੱਖ ਸਿਰਫ ਕਿਸੇ ਇਕ ਬੰਦੇ ਨੂੰ ਹੀ ਨਹੀਂ ਹੁੰਦਾ ਸਗੋਂ ਸੰਸਾਰ ਦੇ ਸਾਰੇ ਲੋਕ ਹੀ ਦੁਖੀ ਹਨ। ਕੋਈ ਵੀ ਤਾਂ ਇਸ ਜਗਤ ਵਿਚ ਐਸਾ ਨਹੀਂ ਜਿਸ ਨੂੰ ਕਦੇ ਨਾ ਕਦੇ ਕੋਈ ਨਾ ਕੋਈ ਦੁੱਖ ਨਾ ਹੋਇਆ ਹੋਵੇ। ਪਰ ਫਿਰ ਵੀ ਅਜਿਹੇ ਮਨੁੱਖ ਹਨ ਜਿਹੜੇ ਦੁੱਖ ਨੂੰ ਵੀ ਸੁੱਖ ਕਰਕੇ ਜਾਣਦੇ ਹਨ। ਚੰਗੇ ਰਹਿੰਦੇ ਹਨ ਕਿਉਂਕਿ ਦੁੱਖ ਨੂੰ ਦੁੱਖ ਕਰਕੇ ਜਾਣਨ ਨਾਲ ਉਹ ਬੰਦਾ ਹੀ ਦੁਖੀ ਹੁੰਦਾ ਹੈ ਜਿਹੜਾ ਦੁੱਖ ਨੂੰ ਮਨਾਉਂਦਾ ਹੈ। ਇਸ ਬਾਰੇ ਓਸ਼ੋ ਰਜਨੀਸ਼ ਦਾ ਕਹਿਣਾ ਬਹੁਤ ਕਮਾਲ ਹੈ ਕਿ ਇਸ ਜ਼ਿੰਦਗੀ ਵਿਚ ਕੋਈ ਜਨਮ ਨਹੀਂ ਕੋਈ ਮੌਤ ਨਹੀਂ। ਇਥੇ ਤਾਂ ਬੰਦਾ ਇਕ ਮੁਸਾਫਰ ਵਾਂਗ ਆਉਂਦਾ ਹੈ ਅਤੇ ਯਾਤਰਾ ਮੁਕੰਮਲ ਕਰਕੇ ਚਲੇ ਜਾਂਦਾ ਹੈ। ਰਹਿ ਜਾਂਦੀਆਂ ਹਨ ਤਾਂ ਸਿਰਫ ਯਾਦਾਂ। ਰਜਨੀਸ਼ ਬਾਰੇ ਕਿਹਾ ਜਾਂਦਾ ਹੈ ਕਿ ਉਹ ਮਰੇ ਨਹੀਂ ਸਗੋਂ ਫਲਾਣੀ ਤਰੀਕ ਤੋਂ ਫਲਾਣੀ ਤਰੀਕ ਤਕ ਇਸ ਧਰਤੀ ਦੇ ਸਫਰ ਉਤੇ ਆਏ। ਸਫਰ ਦੇ ਖਤਮ ਹੋਣ ਉਤੇ ਚਲੇ ਗਏ।

ਆਮ ਆਦਮੀ ਇਸ ਤਰ੍ਹਾਂ ਦਾ ਨਿਰਲੇਪ ਨਹੀਂ ਹੋ ਸਕਦਾ ਕਿਉਂਕਿ ਉਸ ਨੂੰ ਹਰ ਕਦਮ ਉਤੇ ਲੜਾਈਆਂ ਲੜਨੀਆਂ ਪੈਂਦੀਆਂ ਹਨ। ਉਹ ਨਿੱਕੀਆਂ ਨਿੱਕੀਆਂ ਲੜਾਈਆਂ ਵਿਚ ਉਲਝਿਆ ਰਹਿੰਦਾ ਹੈ। ਚੰਡੀਗੜ੍ਹ ਦੇ ਮਰਹੂਮ ਸ਼ਾਇਰ ਕੁਮਾਰ ਵਿਕਲ ਦੀ ਕਵਿਤਾ 'ਏਕ ਛੋਟੀ ਸੀ ਲੜਾਈ' ਚੇਤੇ ਆ ਰਹੀ ਹੈ। ਪਰ ਉਸ ਦੀ ਲੜਾਈ ਨਿੱਕੀ ਜਿਹੀ ਨਹੀਂ ਸੀ। ਉਹ ਤਾਂ ਬਹੁਤ ਵੱਡੀ ਲੜਾਈ ਦੀ ਗੱਲ ਕਰ ਰਿਹਾ ਸੀ। ਨਾਲ ਹੀ ਇਹ ਵੀ ਚੇਤੇ ਆ ਰਿਹਾ ਹੈ ਕਿ ਬਹੁਤ ਸਾਰੀਆਂ ਕਿਤਾਬਾਂ ਹਾਲੇ ਵੀ ਅਣਪੜ੍ਹੀਆਂ ਰਹਿ ਗਈਆਂ ਹਨ ਜਿਨ੍ਹਾਂ ਨੂੰ ਪੜ੍ਹਨ ਦੀ ਇੱਛਾ ਹੈ। ਪਤਾ ਨਹੀਂ ਉਨ੍ਹਾਂ ਨੂੰ ਕਦੇ ਪੜ੍ਹਨ ਦਾ ਸਮਾਂ ਲਗੇਗਾ ਵੀ ਕਿ ਨਹੀਂ? ਇਹ ਗੱਲ ਨਿਰਾਸ਼ਾ ਵਾਲੀ ਨਹੀਂ ਸਗੋਂ ਉਦਾਸੀ ਵਾਲੀ ਹੈ। ਮਨਪਸੰਦ ਕਿਤਾਬਾਂ ਨਾ ਪੜ੍ਹ ਸਕਣ ਦੀ ਸੰਭਾਵਨਾ ਦੀ ਉਦਾਸੀ। ਐਨ ਉਸੇ ਤਰ੍ਹਾਂ ਦੀ ਉਦਾਸੀ ਜਿਸ ਤਰ੍ਹਾਂ ਦੀ ਅਸੀਂ ਵੀਅਤਨਾਮੀਆਂ ਦੀ ਅਮਰੀਕੀਆਂ ਉਤੇ ਹੋਈ ਜਿੱਤ ਉਤੇ ਭੋਗੀ ਸੀ।

# ਪੰਜਾਬ ਦੀ ਹਕੀਕਤ ਦਾ ਸੁਪਨਾ

ਅਵਤਾਰ ਸਿੰਘ (ਪ੍ਰੋ.)
ਫੋਨ: 91-94175-18384

ਬੜੀ ਦੇਰ ਦੀ ਗੱਲ ਹੈ ਕਿ ਮੇਰੇ ਅਧਿਆਪਕ ਪ੍ਰੋ. ਹਰਪਾਲ ਸਿੰਘ, ਮੇਰੇ ਦੋਸਤ ਪ੍ਰੋ. ਸ਼ਾਮ ਸਿੰਘ ਅਤੇ ਮੈਂ ਚੰਡੀਗੜ੍ਹ ਤੋਂ ਪੈਦਲ ਕਸੌਲੀ ਗਏ। ਕਸੌਲੀ ਤੋਂ ਸਪਾਟੂ ਤੇ ਸਪਾਟੂ ਤੋਂ ਸ਼ਿਮਲੇ ਗਏ, ਪੈਦਲ ਹੀ। ਇਹ ਗੱਲ 'ਸਿਆਸੀ' ਨਹੀਂ, 'ਛਿਆਸੀ' ਦੀ ਹੈ। ਇਸ ਪਦ ਯਾਤਰਾ ਦੇ ਹੋਰ ਬੜੇ ਗੰਭੀਰ, ਸੁਆਦਲੇ ਤੇ ਹੈਰਾਨਕੁਨ ਕਿੱਸੇ ਆਉਂਦੇ ਦਿਨਾਂ 'ਚ ਇੱਥੇ ਹੀ ਸਾਂਝੇ ਕਰਾਂਗਾ।

ਇਸ ਯਾਤਰਾ ਦੌਰਾਨ ਕਸੌਲੀ ਵਿਚ ਸੈਰ ਕਰਦਿਆਂ ਅਸੀਂ ਇੱਕ ਨਿੱਕੀ ਜਿਹੀ ਪੁਰਾਣੀ ਦੁਕਾਨ ਵਿਚ ਜਲੇਬੀਆਂ ਖਾਣ ਬੈਠ ਗਏ। ਬਜ਼ੁਰਗ ਦੁਕਾਨਦਾਰ ਨਾਲ ਹਿੰਦੀ 'ਚ ਗੱਲ ਕੀਤੀ ਤਾਂ ਉਹ ਅੱਗਿਓਂ ਪੰਜਾਬੀ ਬੋਲੇ।

ਅਸੀਂ ਪੁੱਛਿਆ ਕਿ ਉਹ ਪੰਜਾਬ ਤੋਂ ਹੈ? ਉਸ ਨੇ ਹਉਕਾ ਭਰਿਆ ਤੇ ਕਹਿਣ ਲੱਗਾ, "ਜੀ ਅਕਾਲੀਆਂ ਦੀ ਬੇੜੀ ਬਹਿ ਗਈ। ਕਸੌਲੀ ਵੀ ਪੰਜਾਬ ਹੀ ਹੈ।"

ਅਸੀਂ ਨੋਟ ਕੀਤਾ ਕਿ ਉਸ ਨੇ 'ਹੈ' ਕਿਹਾ, 'ਸੀ' ਨਹੀਂ ਕਿਹਾ।

ਮੈਨੂੰ ਯਾਦ ਆਇਆ ਕਿ 'ਸ਼ਿਰੋਮਣੀ ਅਕਾਲੀ ਦਲ' ਨੇ ਧਰਮ ਯੁੱਧ ਛੇੜਿਆ ਸੀ ਕਿ ਪੰਜਾਬ ਤੋਂ ਬਾਹਰ ਰਹਿ ਗਏ ਪੰਜਾਬੀ ਬੋਲਦੇ ਇਲਾਕੇ ਪੰਜਾਬ ਵਿਚ ਸ਼ਾਮਲ ਕੀਤੇ ਜਾਣ। ਇਨ੍ਹਾਂ ਵਿਚ ਸ਼ਾਮਲ ਸੀ-ਹਰਿਆਣਾ ਦੇ ਕਰਨਾਲ, ਥਾਨੇਸਰ ਤੇ ਅੰਬਾਲਾ ਜ਼ਿਲ੍ਹਾ, ਸਿਰਸਾ, ਗੂਹਲਾ ਅਤੇ ਰੱਤੀਆ। ਚੰਡੀਗੜ੍ਹ। ਹਿਮਾਚਲ ਦੇ ਕਾਂਗੜਾ ਜ਼ਿਲ੍ਹਾ, ਪਿੰਜੌਰ, ਕਾਲਕਾ, ਡਲਹੌਜ਼ੀ, ਨਾਲਾਗੜ੍ਹ ਦੇਸ਼। ਰਾਜਸਥਾਨ ਦਾ ਗੰਗਾਨਗਰ ਜ਼ਿਲ੍ਹਾ।

ਧਰਮ-ਯੁੱਧ ਮੋਰਚੇ ਦਾ ਹਸ਼ਰ ਅਸੀਂ ਸਭ ਜਾਣਦੇ ਹਾਂ। ਪੰਜਾਬ ਦੇ ਲੋਕਾਂ ਨੇ, ਫਰਸ਼ 'ਤੇ ਡਿੱਗੇ ਸ਼ਿਰੋਮਣੀ ਅਕਾਲੀ ਦਲ ਨੂੰ ਫਿਰ ਚੁੱਕ ਕੇ ਅਰਸ਼ 'ਤੇ ਬਿਠਾ ਦਿੱਤਾ। ਦੇਵਨੇਤ ਕੇਂਦਰ ਵਿਚ ਸ਼ਿਰੋਮਣੀ ਅਕਾਲੀ ਦਲ ਦੀ ਭਿਆਲੀ ਅਤੇ ਭਾਈਵਾਲੀ ਵਾਲੀ ਸਰਕਾਰ ਬਣੀ, ਪਰ ਪੰਜਾਬੀ ਬੋਲਦੇ ਇਲਾਕਿਆਂ ਦਾ ਜ਼ਿਕਰ ਤੱਕ ਵੀ ਕਦੀ ਸ਼ਿਰੋਮਣੀ ਅਕਾਲੀ ਦਲ ਦੇ ਬੁੱਲ੍ਹਾਂ 'ਤੇ ਨਹੀਂ ਆਇਆ।

ਦਸ ਸਾਲ ਦਾ ਰਾਜ 'ਮਹਾਂ' ਸ਼ਿਰੋਮਣੀ ਅਕਾਲੀ ਦਲ ਲਈ ਬਹੁਤ ਵੱਡੀ 'ਨੇਮਤ' ਸਾਬਤ ਹੋਇਆ, ਪਰ ਪੰਜਾਬ ਆਰਥਕ ਅਤੇ ਸੱਭਿਆਚਾਰਕ ਤੌਰ 'ਤੇ ਨੇਸਤੋਨਾਬੂਦ ਹੋ ਗਿਆ। ਹੁਣ ਕੋਈ ਉਮੀਦ ਨਹੀਂ ਬਚੀ ਕਿ ਪੰਜਾਬ ਮੁੜ ਕਦੀ ਪੈਰਾਂ 'ਤੇ ਖੜ੍ਹਾ ਹੋ ਸਕੇਗਾ।

ਕਿਸੇ ਸਮੇਂ ਰੇਡੀਓ 'ਤੇ ਗਾਣਾ ਸੁਣਦੇ ਸਾਂ, 'ਐ ਪੰਜਾਬ ਕਰਾਂ ਕੀ ਸਿਫਤ ਤੇਰੀ।' ਇਹ ਗਾਣਾ ਗੁਰਦਾਸਪੁਰ ਦੇ ਰਾਗੀ ਭਾਈ ਦੇਵਿੰਦਰ ਸਿੰਘ ਨੇ ਬਾਕਮਾਲ ਗਾਇਆ ਹੈ। ਦਰਅਸਲ ਇਹ ਲਾਲਾ ਧਨੀਰਾਮ ਚਾਤ੍ਰਿਕ ਦੀ ਕਵਿਤਾ ਹੈ। ਗੁਰਮੁਖੀ ਦਾ ਸਭ ਤੋਂ ਪਹਿਲਾ ਫੌਂਟ ਚਾਤ੍ਰਿਕ ਨੇ ਹੀ ਬਣਾਇਆ ਸੀ। ਉਨ੍ਹਾਂ ਦੀ ਉਕਤ ਨਜ਼ਮ ਵਿਚ ਪੰਜਾਬ ਦਾ ਜ਼ਿਕਰ ਇੰਜ ਆਇਆ ਸੀ:

ਐ ਪੰਜਾਬ, ਕਰਾਂ ਕੀ ਸਿਫਤ ਤੇਰੀ!
ਸ਼ਿਮਲਾ, ਡਲਹੌਜ਼ੀ, ਮਰੀ ਤਿਰੇ,
ਕਸ਼ਮੀਰ ਤਿਰਾ, ਗੁਲਮਰਗ ਤਿਰਾ,
ਦਿੱਲੀ ਤੇਰੀ, ਲਾਹੌਰ ਤੇਰਾ,
ਅੰਮ੍ਰਿਤਸਰ ਸੋਹੇ ਸਵਰਗ ਤਿਰਾ।

ਅਸਲ ਪੰਜਾਬ ਚਾਤ੍ਰਿਕ ਦੇ ਪੰਜਾਬ ਨੂੰ ਹੀ ਕਿਹਾ ਜਾ ਸਕਦਾ ਹੈ। ਉਸ ਪੰਜਾਬ ਦੀ ਗੱਲ ਕਰਨ ਲਈ 'ਅਕਾਲੀ' ਨਹੀਂ, 'ਲਾਲਾ' ਧਨੀ ਰਾਮ ਚਾਤ੍ਰਿਕ ਹੋਣਾ ਜਰੂਰੀ ਹੈ। ਸਾਡੀ ਲੰਗੜੀ ਸੋਚ ਤਾਂ ਲਾਲੜੂ ਨਹੀਂ ਟੱਪਦੀ!

ਪ੍ਰੋ. ਪੂਰਨ ਸਿੰਘ ਵੀ ਬਿਹਬਲਤਾ ਵਿਚ ਆਵਾਜ਼ ਕੱਸਦੇ ਹਨ, 'ਐ ਪੁਰਾਣੇ ਪੰਜਾਬ ਤੂੰ ਮੁੜ ਆ।'

ਜੇ ਉਨ੍ਹਾਂ ਇਲਾਕਿਆਂ 'ਚ ਵੱਸਦੇ ਲੋਕਾਂ ਦਾ ਸਾਡੇ ਬਿਨਾ ਨਹੀਂ ਸਰਦਾ ਤਾਂ ਸਾਡਾ ਵੀ ਕਿੱਥੇ ਸਰਦਾ ਹੈ! ਜੇ ਸਾਡਾ ਉਨ੍ਹਾਂ 'ਤੇ ਕੋਈ ਹੱਕ ਹੈ ਤਾਂ ਉਨ੍ਹਾਂ ਦਾ ਵੀ ਸਾਡੇ 'ਤੇ ਕੋਈ ਹੱਕ ਹੈ! ਸਾਡਾ ਬਹੁਤ ਕੁਝ ਨਹੀਂ, ਸਭ ਕੁਝ ਸਾਂਝਾ ਹੈ। ਮੈਂ ਤਾਂ ਸਮਝਦਾਂ ਕਿ ਜਿੱਥੇ ਇੱਕ ਵੀ ਪੰਜਾਬੀ ਵੱਸਦਾ ਹੈ, ਉਹ ਪੰਜਾਬ ਹੀ ਹੈ। ਭਾਈ ਸਾਹਿਬ ਕਪੂਰ ਸਿੰਘ ਨੇ ਲਿਖਿਆ:

"Wherever life can exist and sustain, the potato and the Sikhs are bound to reach there, sooner or later."

ਇਸ ਅਖਾਣ ਅਨੁਸਾਰ ਸਾਰੀ ਕਾਇਨਾਤ ਹੀ ਪੰਜਾਬ ਹੈ।

ਸਿਰਫ ਲਾਲੜੂ ਤੇ ਬਾਘੇ ਦਰਮਿਆਨ ਬਾਘੀਆਂ ਪਾਉਣ ਵਾਲੇ ਛਾਂਗੀ ਹੋਈ ਮਾਨਸਿਕਤਾ ਵਾਲੇ ਲੋਕ ਹੀ ਇਸ ਕੱਟੀ-ਵੱਢੀ ਜਾਂ ਵੱਢੀ-ਟੁੱਕੀ ਪੰਜਾਬੀ 'ਸੂਬੀ' ਨੂੰ 'ਪੰਜਾਬ' ਕਹਿ ਸਕਦੇ ਹਨ। 'ਸਾਬਤ' ਲੋਕ 'ਸਾਬਤ ਪੰਜਾਬ' ਲੋਚਦੇ ਹਨ।

ਵਾਹਿਗੁਰੂ ਕਰੇ ਅਸੀਂ ਉਸੇ ਪੰਜਾਬ ਦੇ ਫਿਰ ਦੀਦਾਰ ਕਰੀਏ! ਇਹ ਅਰਦਾਸ ਕਰਨ ਤੋਂ ਸਾਨੂੰ ਕੋਈ ਨਹੀਂ ਰੋਕ ਸਕਦਾ।

ਮਿਨੀ ਕਹਾਣੀ

## ਮਿਰਾਸੀ ਦੇ ਘਰ ਚੋਰ

ਇਕ ਰਾਤ ਇਕ ਮਿਰਾਸੀ ਦੇ ਘਰ ਚੋਰ ਆ ਗਿਆ। ਮਿਰਾਸੀ ਨੇ ਇਕ ਕੁੱਜੇ ਵਿਚ ਕੁਝ ਬਿਛੂ ਇਕ ਹਕੀਮ ਲਈ ਇਕੱਠੇ ਕਰ ਕੇ ਰੱਖੇ ਹੋਏ ਸਨ। ਜਦ ਚੋਰ ਆਇਆ ਤਾਂ ਮਚਲੇ ਮਿਰਾਸੀ ਨੇ ਘਰ ਵਾਲੀ ਨੂੰ ਉਚੀ ਆਵਾਜ਼ ਮਾਰੀ, "ਖੀਰ ਵਾਲਾ ਕੁੱਜਾ ਪਰਾਂਤ ਵਿਚ ਪਾਣੀ ਪਾ ਕੇ ਠੰਢਾ ਹੋਣ ਨੂੰ ਰੱਖ ਦਿੱਤਾ ਸੀ?"

ਮਿਰਾਸਣ ਨੇ ਕਿਹਾ, "ਯਾਦ ਨਹੀਂ।" ਚੋਰ ਨੂੰ ਹੋਰ ਤੇ ਕੁਝ ਲੱਭਾ ਨਾ, ਉਸ ਨੇ ਸੋਚਿਆ, ਚਲੋ ਖੀਰ ਹੀ ਖਾ ਲੈਂਦੇ ਹਾਂ। ਜਦ ਉਸ ਨੇ ਕੁੱਜੇ ਦਾ ਢੱਕਣ ਖੋਲ ਕੇ ਵਿਚ ਹੱਥ ਪਾਇਆ ਤਾਂ ਇੱਕ ਬਿੱਛੂ ਲੜ ਗਿਆ ਤੇ ਉਹ 'ਸੀ..ਸੀ' ਕਰਨ ਲੱਗਾ।

ਖਚਰੇ ਮਿਰਾਸੀ ਨੇ ਉਚੀ ਆਵਾਜ਼ ਵਿਚ ਮਿਰਾਸਣ ਨੂੰ ਕਿਹਾ, "ਭਾਗਵਾਨੇ ਖੀਰ ਕੁਝ ਬਹੁਤੀ ਈ ਸੁਆਦ ਬਣਾਈ ਏ, ਦੇਖ ਆਪਣਾ ਜਜਮਾਨ ਵੀ ਸੁਆਦ ਨਾਲ 'ਸੀ...ਸੀ. ਕਰਦਾ ਏ।"

ਚੋਰ ਜਦ ਖਾਲੀ ਹੱਥ ਵਾਪਸ ਮੁੜਨ ਲੱਗਾ ਤਾਂ ਮਿਰਾਸੀ ਨੇ ਜਾਂਦੇ ਨੂੰ ਇਕ ਹੋਰ ਟਕੋਰ ਮਾਰੀ, "ਭਾਗਾਂ ਵਾਲਿਆ, ਸਾਨੂੰ ਤੇ ਏਥੇ ਦਿਨੇ ਕੁਝ ਨਹੀਂ ਲੱਭਦਾ, ਤੂੰ ਰਾਤਾਂ ਨੂੰ ਏਥੇ ਕੀ ਭਾਲਦਾ ਏਂ?"

*-ਹਰਜਿੰਦਰ ਸਿੰਘ ਧਾਲੀਵਾਲ*
*ਫੋਨ: 847-705-8875*

# ਵਰਿਆਮ, ਸਚਮੁੱਚ ਹੀ ਵਰਿਆਮ ਹੈ

**ਕਹਾਣੀਆਂ ਦਾ ਕੋਹੇਨੂਰ ਵਰਿਆਮ ਸਿੰਘ ਸੰਧੂ**

**8**

**ਪ੍ਰਿੰਸੀਪਲ ਸਰਵਣ ਸਿੰਘ ਬੇਸ਼ਕ ਬਹੁਤਾ ਖੇਡ ਲੇਖਕ ਵਜੋਂ ਜਾਣੇ ਜਾਂਦੇ ਹਨ, ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਕਥਾ ਰਸ ਕਮਾਲ ਦਾ ਹੁੰਦਾ ਹੈ। ਇਸੇ ਕਰਕੇ ਉਨ੍ਹਾਂ ਦੀਆਂ ਖੇਡ ਲਿਖਤਾਂ ਵੀ ਕਹਾਣੀਆਂ ਵਾਂਗ ਜਾਪਦੀਆਂ ਹਨ। ਹੁਣ ਕਹਾਣੀਕਾਰ ਵਰਿਆਮ ਸਿੰਘ ਸੰਧੂ ਬਾਰੇ ਉਸ ਦੀਆਂ ਲੰਮੀਆਂ ਕਹਾਣੀਆਂ ਵਾਂਗ ਹੀ ਪ੍ਰਿੰਸੀਪਲ ਸਰਵਣ ਸਿੰਘ ਨੇ ਇਹ ਲੰਮਾ ਲੇਖ ਲਿਖਿਆ ਹੈ। 'ਕਹਾਣੀਆਂ ਦਾ ਕੋਹੇਨੂਰ ਵਰਿਆਮ ਸਿੰਘ ਸੰਧੂ' ਲੇਖ ਦੀ ਇਹ ਆਖਰੀ ਕਿਸ਼ਤ ਹੈ। ਪ੍ਰਿੰ. ਸਰਵਣ ਸਿੰਘ ਦੀ ਛਪ ਰਹੀ ਨਵੀਂ ਪੁਸਤਕ 'ਪੰਜਾਬ ਦੇ ਕੋਹੇਨੂਰ ਭਾਗ ਤੀਜਾ' ਵਿਚ ਇਹ ਅਜਮੇਰ ਸਿੰਘ ਔਲਖ, ਕਵੀਸ਼ਰ ਰਣਜੀਤ ਸਿੰਘ ਸਿੱਧਵਾਂ, ਇਕਬਾਲ ਰਾਮੂਵਾਲੀਆ, ਇਕਬਾਲ ਮਾਹਲ ਅਤੇ ਸ਼ਮਸ਼ੇਰ ਸੰਧੂ ਬਾਰੇ ਜੀਵਨੀਨੁਮਾ ਲੇਖਾਂ ਨਾਲ ਛਪ ਰਿਹੈ। -ਸੰਪਾਦਕ**

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

ਅਪਰੈਲ 2001 ਵਿਚ ਅਸੀਂ ਆਲਮੀ ਪੰਜਾਬੀ ਕਾਨਫਰੰਸ ਵਿਚ ਸ਼ਾਮਲ ਹੋਣ ਲਈ ਲਾਹੌਰ ਗਏ ਤਾਂ ਹਫਤਾ ਕੁ 'ਸ਼ਾਹਤਾਜ ਹੋਟਲ' ਵਿਚ 'ਕੱਠੇ ਰਹੇ। ਦੇਰ ਰਾਤ ਤਕ ਗੱਲਾਂ ਨਾ ਮੁੱਕਦੀਆਂ। ਲਾਹੌਰੀਏ ਅੰਤਾਂ ਦਾ ਮੋਹ-ਪਿਆਰ ਜਤਾਉਂਦੇ। ਉਹ ਅਕਸਰ ਆਖਦਾ, "ਮੈਂ ਤਾਂ ਪਾਸਪੋਰਟ ਬਣਾਇਆ ਹੀ ਲਾਹੌਰ ਵੇਖਣ ਲਈ ਸੀ। ਕੈਨੇਡਾ/ਅਮਰੀਕਾ ਤਾਂ ਝੂੰਗੇ ਵਿਚ ਵੇਖੇ ਗਏ!"

ਲਾਹੌਰ ਬੇਸ਼ਕ ਅਸੀਂ ਕੁਝ ਦਿਨ ਹੀ ਰਹੇ ਪਰ ਏਨੀਆਂ ਯਾਦਗਾਰੀ ਥਾਂਵਾਂ ਵੇਖ ਲਈਆਂ ਕਿ ਕਹਾਵਤ 'ਜੀਹਨੇ ਲਾਹੌਰ ਨਹੀਂ ਵੇਖਿਆ ਉਹ ਜੰਮਿਆ ਹੀ ਨਹੀਂ' ਮੁਤਾਬਕ ਮੁੜ 'ਜੰਮਿਆਂ' 'ਚ ਹੋ ਗਏ! ਉਥੇ ਲਾਹੌਰ ਦਾ ਸ਼ਾਹੀ ਕਿਲਾ, ਮਹਾਰਾਜਾ ਰਣਜੀਤ ਸਿੰਘ ਦੀ ਸਮਾਧ, ਗੁਰਦਵਾਰਾ ਡੇਹਰਾ ਸਾਹਿਬ, ਸ਼ਾਹ ਹੁਸੈਨ ਦਾ ਮਕਬਰਾ, ਉਹ ਦੀਵਾਰ ਜਿਥੋਂ ਸੁਰ ਸਿੰਘ ਦੇ ਬਿਧੀ ਚੰਦ ਨੇ ਘੋੜਿਆਂ ਦੀ ਰਾਵੀ ਵਿਚ ਛਾਲ ਲਵਾਈ ਸੀ, ਨੂਰ ਜਹਾਂ ਦਾ ਮਕਬਰਾ, ਸੁੱਕੀ ਪਈ ਰਾਵੀ, ਸ਼ਾਲੀਮਾਰ ਬਾਗ, 'ਸਾਰੇ ਜਹਾਂ ਸੇ ਅੱਛਾ ਹਿੰਦੋਸਤਾਂ ਹਮਾਰਾ' ਤਰਾਨਾ ਲਿਖਣ ਵਾਲੇ ਮੁਹੰਮਦ ਇਕਬਾਲ ਦੀ ਯਾਦਗਾਰ ਅਤੇ ਗਵਾਲ ਮੰਡੀ ਦੀ ਫੂਡ ਸਟਰੀਟ ਆਦਿ ਵੇਖਣ ਦੇ ਮੌਕੇ ਮਿਲੇ। ਜੰਡਿਆਲਾ ਸ਼ੇਰ ਖਾਂ ਵਿਚ ਬਣੀ ਵਾਰਸ ਸ਼ਾਹ ਦੀ ਯਾਦਗਾਰ ਵੇਖ ਕੇ ਨਨਕਾਣਾ ਸਾਹਿਬ ਵਿਚਲੇ ਗੁਰਦਵਾਰਿਆਂ ਦੇ ਦਰਸ਼ਨ ਕੀਤੇ। ਵਰਿਆਮ ਤਾਂ ਅਗਾਂਹ ਲਾਇਲਪੁਰ ਤੇ ਕਸੂਰ ਵੀ ਹੋ ਆਇਆ ਅਤੇ ਬੁੱਲ੍ਹੇ ਸ਼ਾਹ ਦੇ ਤਕੀਏ ਨੂੰ ਸਿਜਦਾ ਕਰ ਆਇਆ ਪਰ ਆਪਣੇ ਪਿੰਡ ਭੜਾਣੇ ਜਾਣ ਦੀ ਰੀਝ ਪੂਰੀ ਨਾ ਕਰ ਸਕਿਆ। ਉਸ ਨੇ ਇਸ ਦਾ 'ਯਾਤਰਾ ਪਰਸੰਗ' ਲਿਖਿਆ ਜਿਸ ਨੂੰ 'ਵਗਦੀ ਏ ਰਾਵੀ' ਦਾ ਨਾਂ ਦਿੱਤਾ। ਉਸ ਦਾ ਮੁੱਖ ਬੰਦ ਕਰੋੜਾਂ ਪੰਜਾਬੀਆਂ ਦੇ ਦਿਲਾਂ ਦੀ ਹੂਕ ਹੈ:



**ਪ੍ਰਿੰ. ਸਰਵਣ ਸਿੰਘ**
**ਫੋਨ: 905-799-1661**

ਇਕ ਮਾਸੂਮ ਹੋਕਾ

ਦੇਸ਼ ਦੀ ਵੰਡ ਸਮੇਂ ਹੋਈਆਂ ਅਣਹੋਣੀਆਂ ਸਦਕਾ ਲੱਗੇ ਡੂੰਘੇ ਜ਼ਖਮਾਂ ਦੀ ਪੀੜ ਅੱਜ ਵੀ ਕਰੋੜਾਂ ਪੰਜਾਬੀਆਂ ਦੇ ਅੰਗ-ਸੰਗ ਹੈ। ਇਨ੍ਹਾਂ ਉਤੇ ਮਰਹਮ ਲਾਉਣ ਦੀ ਥਾਂ, ਜਦੋਂ ਕਦੀ ਮਾੜਾ ਮੋਟਾ ਅੰਗੂਰ ਆਉਣ ਦੀ ਕੋਈ ਗੁੰਜਾਇਸ਼ ਬਣਦੀ ਵੀ ਹੈ ਤਾਂ ਦੋਹਾਂ ਮੁਲਕਾਂ ਦੀਆਂ ਸਰਕਾਰਾਂ ਇਕ ਦੂਜੇ ਉਤੇ ਦੋਸ਼ ਮੜ੍ਹਦੀਆਂ ਤਿੱਖੇ ਨਹੁੰਆਂ ਵਾਲੇ ਅਜਿਹੇ ਨਫਰਤੀ-ਘਰੂੰਡ ਭਰਦੀਆਂ ਹਨ ਕਿ ਜ਼ਖਮ ਹੋਰ ਛਿੱਲੇ ਜਾਂਦੇ ਹਨ ਅਤੇ ਸਾਧਾਰਨ ਆਵਾਮ ਕਈ ਸਾਲ ਇਸ ਪੀੜ ਵਿਚ ਲੁੱਛਦੇ ਕੁਰਲਾਉਂਦੇ ਰਹਿੰਦੇ ਹਨ।

'ਅਹਿਲੇ ਸਿਆਸਤ' ਦੀ ਹਉਮੈ ਤੇ ਕੁਰਸੀ ਦੀ ਲੋੜ ਨੇ ਦੋਹਾਂ ਮੁਲਕਾਂ ਵਿਚ ਲੋਕ-ਮਨਾਂ ਉਤੇ ਆਪਣੇ ਕੂੜ-ਪ੍ਰਚਾਰ ਦੀ ਅਜਿਹੀ ਮੋਟੀ ਤਹਿ ਵਿਛਾ ਦਿੱਤੀ ਹੈ ਕਿ ਉਸ ਹੇਠਾਂ ਮੁਹੱਬਤ ਦੀ ਆਦਿ-ਜੁਗਾਦੀ ਵਗਦੀ ਕੂਲ੍ਹ ਵੀ ਨੱਪੀ ਗਈ ਹੈ। ਪਰ ਕਿਤੇ-ਕਿਤੇ ਇਹ ਕੂਲ੍ਹ ਇਸ ਮੋਟੀ ਕਾਲੀ ਤਹਿ ਨੂੰ ਤੋੜ ਕੇ ਗੁਣ-ਗੁਣਾਉਂਦੀ ਆਪਣੇ ਰੰਗ ਵਿਚ ਰੱਤੀ ਵਹਿ ਵੀ ਤੁਰਦੀ ਹੈ।

12 ਤੋਂ 19 ਅਪ੍ਰੈਲ 2001 ਤੱਕ 'ਆਲਮੀ ਪੰਜਾਬੀ ਕਾਨਫਰੰਸ ਲਾਹੌਰ' ਦੇ ਸਿਲਸਿਲੇ ਵਿਚ ਮੇਰੀ ਲਾਹੌਰ, ਕਸੂਰ, ਸ਼ੇਖੂਪੁਰਾ, ਨਨਕਾਣਾ ਸਾਹਿਬ ਤੇ ਲਾਇਲਪੁਰ ਦੀ ਫੇਰੀ ਇਸੇ ਮੁਹੱਬਤੀ ਗੁਣਗੁਣਾਹਟ ਦਾ ਸੁਹਾਵਣਾ ਸਬੱਬ ਬਣੀ। ਉਥੇ ਆਮ ਲੋਕਾਂ ਨੂੰ ਮਿਲਦਿਆਂ ਮੈਨੂੰ ਹੈਰਾਨੀ ਭਰੀ ਖੁਸ਼ੀ ਹੋਈ ਕਿ ਲਹਿੰਦੇ ਪੰਜਾਬ ਦੇ ਪੰਜਾਬੀ ਭਰਾਵਾਂ ਦੇ ਮਨਾਂ ਵਿਚ ਵੀ ਚੜ੍ਹਦੇ ਪੰਜਾਬ ਦੇ ਆਪਣੇ ਵਿਛੜੇ ਭਰਾਵਾਂ ਲਈ ਵਿਗੋਚੇ ਤੇ ਵਿਛੋੜੇ ਦੀ ਬੜੀ ਤੀਬਰ ਤੜਪਣੀ ਹੈ। ਦੋਹਾਂ ਪੰਜਾਬਾਂ ਵਿਚ ਅਜਿਹੇ ਕਰੋੜਾਂ ਲੋਕ ਹਨ, ਜਿਨ੍ਹਾਂ ਦੀਆਂ ਜੜ੍ਹਾਂ ਤੇ ਯਾਦਾਂ ਇਕ ਦੂਜੇ ਮੁਲਕ ਨਾਲ ਜੁੜੀਆਂ ਹੋਈਆਂ ਹਨ। ਉਹ ਸਰਹੱਦਾਂ ਤੋਂ ਉਰਾਰ ਪਾਰ ਜਾ ਕੇ ਆਪਣੇ ਵਡੇਰਿਆਂ ਦੀ ਸਰ-ਜ਼ਮੀਂ ਨੂੰ ਚੁੰਮ ਕੇ ਮੱਥੇ ਨਾਲ ਛੁਹਾਉਣ ਲਈ ਵਿਲਕ ਰਹੇ ਹਨ, ਵਿਛੜੇ ਭਰਾਵਾਂ ਨੂੰ ਗਲੇ ਮਿਲਣ ਲਈ ਲੁੱਛ-ਲੋਚ ਰਹੇ ਹਨ।

ਸਾਂਝੀ ਜ਼ਬਾਨ, ਸਾਂਝੇ ਇਤਿਹਾਸ, ਸਾਂਝੇ ਵਸੇਬੇ ਤੇ ਸਾਂਝੀ ਰਹਿਤਲ ਦੀ ਖਿੱਚ ਅਚੇਤ-ਸੁਚੇਤ ਹਰੇਕ ਦੇ ਮਨ ਵਿਚ ਇਕ ਦੂਜੇ ਲਈ ਤੁਣਕੇ ਮਾਰਦੀ ਰਹਿੰਦੀ ਹੈ। ਇਹੋ ਕਾਰਨ ਹੈ ਕਿ ਕਰੜੇ ਤੋਂ ਕਰੜੇ ਮਨ ਦੀ ਸੁੱਕੀ ਰੇਤ ਵਿਚ ਵੀ ਕਿਤੇ ਨਾ ਕਿਤੇ ਮਾੜੀ ਮੋਟੀ ਸਿੱਲ੍ਹ ਮੌਜੂਦ ਹੈ ਤੇ ਥੋੜ੍ਹਾ ਚਿਰ ਵੀ ਇਸ ਸਿੱਲ੍ਹ ਨੂੰ ਥਪਥਪਾ ਕੇ ਦੇਖੀਏ ਤਾਂ ਉਸ ਹੇਠੋਂ ਪਾਣੀ ਸਿੰਮ ਪੈਂਦਾ ਹੈ।

ਇਹ ਕਾਨਫਰੰਸਾਂ/ਇਹ ਮਿਲਣੀਆਂ ਕਰੜੇ ਮਨਾਂ ਉਤੇ ਕੂਲੇ ਮੁਹੱਬਤੀ ਹੱਥਾਂ ਦੀ ਥਪਥਪਾਹਟ ਹੀ ਤਾਂ ਹਨ। ਜੇ ਇਹ ਮਿਲਣੀਆਂ ਮੁਸੱਲਸਲ ਹੁੰਦੀਆਂ ਰਹਿਣ ਤਾਂ ਨਿਸ਼ਚੇ ਹੀ ਹੇਠੋਂ ਮੁਹੱਬਤ ਦਾ ਚਾਂਦੀ-ਰੰਗਾ ਪਾਣੀ ਸਿੰਮ ਸਕਦਾ ਹੈ, ਮੁਹੱਬਤ ਦੀ ਵਗਦੀ ਰਾਵੀ ਦੇ ਰੂਪ ਵਿਚ। ਉਤੋਂ-ਉਤੋਂ ਬੇਸ਼ੱਕ ਇਹ ਰਾਵੀ ਸੁੱਕੀ ਪਈ ਜਾਪਦੀ ਹੈ ਪਰ ਮੈਨੂੰ ਵਿਸ਼ਵਾਸ ਹੈ ਕਿ ਸਾਡੇ ਸਭ ਦੇ ਧੁਰ ਅੰਦਰ ਕਿਤੇ ਨਾ ਕਿਤੇ ਇਹ ਨਿਰੰਤਰ ਵਹਿ ਰਹੀ ਹੈ। ਲੋੜ ਇਸ ਤੋਂ ਕੂੜ ਦੀ ਮੋਟੀ ਰੇਤਲੀ ਤਹਿ ਨੂੰ ਪੁੱਟ ਕੇ ਪਾਸੇ ਕਰਨ ਦੀ ਹੈ।

ਮੇਰੀ ਇਹ ਲਿਖਤ ਨਾਂਵਾਂ, ਥਾਂਵਾਂ ਤੇ ਇਮਾਰਤਾਂ ਦੇ ਦਰਸ਼ਨਾਂ ਦਾ ਵੇਰਵਾ ਦੇਣ ਵਾਲੀ ਕੋਈ ਪਰੰਪਰਕ ਸਫਰਨਾਮਾ ਲਿਖਤ ਨਹੀਂ। ਇਹ ਤਾਂ ਮਨਾਂ ਤੋਂ ਮਨਾਂ ਤਕ ਦੀ ਯਾਤਰਾ ਦਾ ਤਰਲ ਬਿਰਤਾਂਤ ਹੈ। ਇਹ ਸਿਰਫ ਸੱਤਾਂ ਦਿਨਾਂ ਦਾ ਵੇਰਵਾ ਨਹੀਂ, ਇਹਦੇ ਪਿੱਛੇ ਤਾਂ ਸੱਤਾਂ ਪੁਸ਼ਤਾਂ ਦਾ ਦਰਦ ਬੋਲਦਾ ਪਿਆ ਹੈ। ਇਹ ਲਿਖਤ ਪੀੜ੍ਹੀਆਂ ਦੀ ਸਾਂਝ ਦੇ ਟੁੱਟਣ-ਤਿੜਕਣ ਤੇ ਮੁੜ ਗਲੇ ਲੱਗਣ ਲਈ ਅਹੁਲਦੀ ਤੜਪਦੀ ਤਾਂਘ ਦੀ ਦਰਦ-ਦਾਸਤਾਂ ਹੈ।

ਸੁੱਕੇ ਮਨਾਂ ਵਿਚ ਮੁਹੱਬਤ ਦੀ ਰਾਵੀ ਵਗਾਉਣਾ ਮੇਰੇ ਮਨ ਦੀ ਲੋਚਾ ਹੈ। ਮੈਂ ਇਸ ਰਚਨਾ ਰਾਹੀਂ ਦੋਹਾਂ ਮੁਲਕਾਂ ਦੇ ਆਵਾਮ ਅੰਦਰਲੇ ਤਰਲ ਭਾਵਾਂ ਨੂੰ ਜ਼ਬਾਨ ਦੇਣ ਅਤੇ ਸਰਬ-ਸਾਂਝੀ ਮਨੁੱਖਤਾ ਪ੍ਰਤੀ ਵਫਾਦਾਰੀ ਨਿਭਾਉਣ ਦਾ ਨਿਰਮਾਣ ਕਾਰਜ ਕਰਨ ਦੀ ਸਹਿਜ ਜਿਹੀ ਕੋਸ਼ਿਸ਼ ਕੀਤੀ ਹੈ। ਇਹ ਰਚਨਾ ਸਰਹੱਦਾਂ ਅਤੇ ਕੰਡੇਦਾਰ ਤਾਰਾਂ/ਵਾੜਾਂ ਦੇ ਉਪਰ ਦੀ ਮੁਹੱਬਤ ਦਾ ਸਤਰੰਗਾ ਇੰਦਰ-ਧਨੁੱਖੀ ਪੁਲ ਉਸਾਰ ਕੇ ਇਕ ਦੂਜੇ ਤੱਕ ਪੁੱਜਣ ਅਤੇ ਇਕ ਦੂਜੇ ਨੂੰ ਸਮਝਣ ਦਾ ਨਿੱਕਾ ਜਿਹਾ ਯਤਨ ਹੈ। ਮੈਂ ਇਸ ਲਿਖਤ ਰਾਹੀਂ 'ਬਾਰੂਦ ਦੀ ਬੋ' ਦੀ ਜਗ੍ਹਾ 'ਮੁਹੱਬਤ ਦੀ ਖੁਸ਼ਬੋ' ਖਿੰਡਾਉਣ ਦਾ, ਸਭ ਕਿਸਮ ਦੇ ਲੜਾਈ-ਝਗੜੇ ਮਿਲ-ਬੈਠ ਕੇ ਨਿਪਟਾਉਣ ਦਾ, ਵਿਛੜਿਆਂ ਨੂੰ ਗਲੇ ਮਿਲਾਉਣ ਦਾ ਇਕ ਮਾਸੂਮ ਜਿਹਾ ਹੋਕਾ ਦਿੱਤਾ ਹੈ। ਕੋਈ ਸੁਣੇਗਾ ਇਸ ਹੋਕੇ ਨੂੰ? ਕੋਈ ਨਾ ਕੋਈ ਤਾਂ ਸੁਣੇਗਾ ਹੀ!

---

ਪੁਸਤਕੀ ਰਸਾਲੇ 'ਹੁਣ' ਦੇ ਸੰਪਾਦਕ ਨੇ ਸੰਧੂ ਨਾਲ ਖੁੱਲ੍ਹ ਕੇ ਗੱਲਾਂ ਕੀਤੀਆਂ ਜੋ ਚਾਲੀ ਪੰਜਾਹ ਸਫਿਆਂ 'ਤੇ ਛਪੀਆਂ ਹਨ। ਉਨ੍ਹਾਂ ਗੱਲਾਂ ਰਾਹੀਂ ਸੰਪਾਦਕ ਨੇ ਵਰਿਆਮ ਸੰਧੂ ਦਾ ਅੰਦਰ-ਬਾਹਰ ਫੋਲ ਮਾਰਿਆ ਹੈ। ਅਖੀਰ ਵਿਚ ਸੰਪਾਦਕ ਦਾ ਇਕ ਗੰਭੀਰ ਸਵਾਲ ਸੀ, "ਕੀ ਤੁਹਾਨੂੰ ਕਦੀ ਘੋਰ ਉਦਾਸੀ ਦਾ ਸਾਹਮਣਾ ਵੀ ਕਰਨਾ ਪਿਆ ਜਾਂ ਕਦੀ ਆਪਣੇ ਕੀਤੇ 'ਤੇ ਨਮੋਸ਼ੀ ਵੀ ਹੋਈ?"

ਸੰਧੂ ਨੇ ਖੁੱਲ੍ਹ ਕੇ ਦੱਸਿਆ, ਉਦਾਸੀ ਤਾਂ ਜਿਉਂਦੇ ਬੰਦੇ ਦੀ ਪਛਾਣ ਹੈ। ਜੀਵਨ ਤੇ ਜਗਤ ਵਿਚ ਸਾਰਾ ਕੁਝ ਤੁਹਾਡੀਆਂ ਇਛਾਵਾਂ ਤੇ ਰੁਚੀਆਂ ਮੁਤਾਬਕ ਨਹੀਂ ਹੁੰਦਾ। ਤੁਹਾਡੇ ਆਪੇ ਦਾ ਬਹੁਤ ਸਾਰਾ ਹਿੱਸਾ ਊਣਾ, ਅਤ੍ਰਿਪਤ ਤੇ ਅਧੂਰਾ ਪਿਆ ਰਹਿੰਦਾ ਹੈ। ਇਸ ਅਤ੍ਰਿਪਤੀ ਤੇ ਅਧੂਰੇਪਨ ਨਾਲ ਜੁੜੀ ਉਦਾਸੀ ਤੁਹਾਡੀ ਰੂਹ ਦਾ ਹਿੱਸਾ ਬਣ ਕੇ ਤੁਹਾਡੇ ਧੁਰ ਅਵਚੇਤਨ ਵਿਚ ਬੈਠ ਜਾਂਦੀ ਹੈ। ਬਹੁਤੀ ਵਾਰ ਤੁਹਾਨੂੰ ਜ਼ਾਹਰਾ ਤੌਰ 'ਤੇ ਦਿਸਦੀ ਵੀ ਨਹੀਂ। ਦਿੱਖ ਦੀ ਪੱਧਰ 'ਤੇ ਭਾਵੇਂ ਕਿੰਨੇ ਵੀ ਚੜ੍ਹਦੀ ਕਲਾ ਵਿਚ ਹੋਈਏ, ਇਹ ਉਦਾਸੀ ਰਹਿੰਦੀ ਤੁਹਾਡੇ ਅੰਗ-ਸੰਗ ਹੀ ਹੈ ਤੇ ਤੁਹਾਡੇ ਵਤੀਰੇ ਨੂੰ ਵੀ ਅਚੇਤ ਰੂਪ ਵਿਚ ਸੰਚਾਲਤ ਕਰਦੀ ਰਹਿੰਦੀ ਹੈ। ਮੇਰੇ ਅੰਦਰਲੀ ਇਸ ਲੁਕਵੀਂ ਉਦਾਸੀ ਦਾ ਤਾਂ ਕੋਈ ਮਨੋਵਿਗਿਆਨੀ ਹੀ ਪਤਾ ਲਾ ਸਕਦਾ ਹੈ ਪਰ ਮੈਂ ਇਸ ਤੋਂ ਇਨਕਾਰੀ ਹਰਗਿਜ਼ ਨਹੀਂ। ਉਂਜ ਮੈਂ ਆਮ ਤੌਰ 'ਤੇ ਚੜ੍ਹਦੀ ਕਲਾ ਵਿਚ ਰਹਿਣ ਵਾਲਾ ਬੰਦਾ ਹਾਂ ਤੇ ਵੇਖਣ-ਮਿਲਣ ਵਾਲਿਆਂ ਨੂੰ ਮੇਰੇ ਸਦੀਵੀ ਖੁਸ਼ਮਿਜ਼ਾਜ ਹੋਣ ਦਾ ਭੁਲੇਖਾ ਵੀ ਲੱਗ ਸਕਦਾ ਹੈ। ਕਈ ਵਾਰ ਵੱਡੇ ਸਦਮਿਆਂ ਨੂੰ ਬਰਦਾਸ਼ਤ ਕਰ ਚੁੱਕਾਂ। ਬਿਨਾ ਕਸੂਰ ਕਈ ਵਾਰ ਜੇਲ੍ਹ-ਯਾਤਰਾ ਕਰ ਚੁੱਕਾਂ, ਇੰਟੈਰੋਗੇਸ਼ਨ ਸੈਂਟਰ ਦੇ ਕਸਾਈਪੁਣੇ ਦਾ ਚਸ਼ਮਦੀਦ ਗਵਾਹ ਹਾਂ, ਪੁਲਿਸ ਵੱਲੋਂ ਝੂਠੇ ਕਤਲ-ਕੇਸਾਂ ਦਾ ਸਾਹਮਣਾ ਕਰ ਚੁੱਕਾਂ, ਉਚ ਪੁਲਿਸ ਅਫਸਰ ਦੀ ਟੈਲੀਫੋਨ 'ਤੇ ਮੈਨੂੰ ਮਾਰੇ ਜਾਣ ਦੀ ਦਿੱਤੀ ਹਦਾਇਤ ਨੂੰ ਸੰਬੰਧਤ ਪੁਲਿਸ ਅਫਸਰ ਦੇ ਨੇੜੇ ਬੈਠਾ ਹੋਣ ਕਰਕੇ ਆਪਣੇ ਕੰਨੀਂ ਸੁਣ ਚੁੱਕਾਂ! ਖਾੜਕੂਆਂ ਵੱਲੋਂ ਪਰਿਵਾਰ ਸਮੇਤ ਮਾਰੇ ਜਾਣ ਦੇ ਖਤਰੇ ਦਾ ਇਕ ਤੋਂ ਵੱਧ ਵਾਰ ਸਾਹਮਣਾ ਕਰ ਚੁੱਕਾ ਹੀ ਨਹੀਂ ਸਗੋਂ ਮਾਰੇ ਜਾਣ ਤੋਂ ਵਾਲ-ਵਾਲ ਬਚ ਵੀ ਚੁੱਕਾਂ। ਤਦ ਵੀ ਇਨ੍ਹਾਂ ਪਲਾਂ 'ਚ ਘੋਰ ਉਦਾਸੀ ਦਾ ਸਾਹਮਣਾ ਨਹੀਂ ਕੀਤਾ ਕੁਝ ਚਿਰ ਲਈ ਡਰਿਆ-ਸਹਿਮਿਆਂ ਤਾਂ ਜ਼ਰੂਰ ਪਰ ਛੇਤੀ ਹੀ ਆਪਣੇ ਆਪ ਨੂੰ ਨਵੇਂ ਹਾਲਾਤ ਅਨੁਸਾਰ ਢਾਲ ਲੈਂਦਾ ਰਿਹਾਂ।

ਹਾਂ, ਉਦੋਂ ਘੋਰ ਉਦਾਸੀ ਦਾ ਸਾਹਮਣਾ ਜ਼ਰੂਰ ਕਰਨਾ ਪਿਆ ਜਦੋਂ ਮੇਰੀ ਇਕ ਭੈਣ ਤੇ ਛੋਟੇ ਭਰਾ ਨੇ ਮਿਲ ਕੇ ਸਾਡੇ ਪਰਿਵਾਰਕ ਬਜ਼ੁਰਗ ਦੀ ਜ਼ਮੀਨ ਦੀ ਵਸੀਅਤ ਧੋਖੇ ਨਾਲ ਆਪਣੇ ਨਾਂ ਕਰਵਾ ਲਈ। ਭਾਵੇਂ ਪਿੱਛੋਂ ਜਾ ਕੇ ਇਸ ਮਸਲੇ ਦਾ ਹੱਲ ਕੱਢ ਲਿਆ ਗਿਆ ਤੇ ਮੇਰੇ ਹਿੱਸੇ ਦੀ ਜ਼ਮੀਨ ਮੈਨੂੰ ਮਿਲ ਵੀ ਗਈ ਤਦ ਵੀ ਉਨ੍ਹਾਂ ਦਿਨਾਂ ਵਿਚ ਲਹੂ ਦੇ ਰਿਸ਼ਤਿਆਂ ਦੇ ਹੋਏ ਘਾਣ ਨੇ ਮੈਨੂੰ ਘੋਰ ਉਦਾਸੀ ਦੇ ਰੂਬਰੂ ਲਿਆ ਖੜ੍ਹਾ ਕੀਤਾ ਸੀ। ਦੂਜੀ ਘੋਰ ਉਦਾਸੀ ਦਾ ਸਾਹਮਣਾ ਉਦੋਂ ਕਰਨਾ ਪਿਆ ਜਦੋਂ ਮੈਨੂੰ ਮਜਬੂਰੀ ਵੱਸ ਪਰਵਾਸ ਕਰਨਾ ਪੈ ਗਿਆ। ਪੁੱਤ-ਨੂੰਹ ਭਾਵੇਂ ਕਿੰਨੇ ਵੀ ਚੰਗੇ ਕਿਉਂ ਨਾ ਹੋਣ, ਉਨ੍ਹਾਂ ਦਾ ਘਰ 'ਉਨ੍ਹਾਂ ਦਾ' ਹੁੰਦਾ ਹੈ, 'ਤੁਹਾਡਾ ਆਪਣਾ' ਨਹੀਂ ਹੁੰਦਾ। ਪਹਿਲੀ ਵਾਰ 'ਆਪਣਾ ਘਰ' ਤੇ ਅਪਣੀ ਖੁਦਮੁਖਤਿਆਰੀ ਖੁੱਸਣ ਨੇ ਵੀ ਮੈਨੂੰ ਘੋਰ ਉਦਾਸੀ ਨਾਲ ਭਰ ਦਿੱਤਾ।

ਰਹੀ ਗੱਲ ਕੀਤੇ 'ਤੇ ਨਮੋਸ਼ੀ ਹੋਣ ਦੀ। ਜ਼ਿੰਦਗੀ ਵਿਚ ਕੀਤੇ ਹੋਏ ਕੁਝ ਵਾਅਦੇ ਨਾ ਨਿਭਾਅ ਸਕਣ ਦੀ ਨਮੋਸ਼ੀ ਹੈ। ਮਾਂ-ਪਿਓ ਨੂੰ ਸਮੇਂ ਸਿਰ ਲੋੜੀਂਦਾ ਪਿਆਰ ਤੇ ਮਾਣ ਸਤਿਕਾਰ ਨਾ ਦੇ ਸਕਣ ਦੀ ਨਮੋਸ਼ੀ ਹੈ। ਮੇਰੀ ਰੂਹ ਤੇ ਘਰ ਦੀ ਮਾਲਕਣ ਤੇ ਮੈਨੂੰ ਲੱਗਣ ਵਾਲਾ ਹਰੇਕ ਸੇਕ ਸਭ ਤੋਂ ਪਹਿਲਾਂ ਅੱਗੇ ਹੋ ਕੇ ਆਪਣੇ ਤਨ ਮਨ 'ਤੇ ਸਹਿਣ ਵਾਲੀ ਤੇ ਮੈਨੂੰ ਮੇਰੀ ਵਰਤਮਾਨ ਹਸਤੀ ਤੱਕ ਪਹੁੰਚਾਉਣ ਵਾਲੀ ਆਪਣੀ ਪਤਨੀ ਨਾਲ ਜ਼ਿੰਦਗੀ ਵਿਚ ਇਕ-ਅੱਧੀ ਵਾਰ ਕੀਤੀ ਬਦਲਸਲੂਕੀ ਦੀ ਵੀ ਬੇਹੱਦ ਨਮੋਸ਼ੀ ਹੈ।

---

ਵਰਿਆਮ ਸਿੰਘ ਸੰਧੂ ਨੂੰ ਜੀਵਨ ਦੇ ਹੋਰ 'ਸੰਘਰਸ਼ਾਂ' ਨਾਲ ਆਪਣੀ ਵਿਦਿਅਕ ਯੋਗਤਾ ਵਧਾਉਣ ਅਤੇ ਪ੍ਰਾਇਮਰੀ ਅਧਿਆਪਕ ਤੋਂ ਪ੍ਰੋਫੈਸਰ ਬਣ ਕੇ ਵਿਦਿਆਰਥੀਆਂ ਨੂੰ ਉਤੇ-ਐਤੇ ਤੋਂ ਮਾਸਟਰ ਡਿਗਰੀਆਂ ਤਕ ਪੜ੍ਹਾਉਣ ਦਾ ਸੰਘਰਸ਼ ਵੀ ਕਰਨਾ ਪਿਆ। ਪ੍ਰਾਈਵੇਟ ਬੀ ਏ ਦਾ ਇਮਤਿਹਾਨ ਪਾਸ ਕਰਨ ਪਿੱਛੋਂ ਖਾਲਸਾ ਕਾਲਜ, ਅੰਮ੍ਰਿਤਸਰ ਤੋਂ ਬੀ ਐਡ ਕਰਨ ਲਈ ਬਿਨ ਤਨਖਾਹੋਂ ਛੁੱਟੀ ਲੈਣੀ ਪਈ। ਫਿਰ ਪੂਹਲੇ ਦੇ ਪ੍ਰਾਇਮਰੀ ਸਕੂਲ ਤੋਂ ਸੁਰ ਸਿੰਘ ਦੇ ਹਾਈ ਸਕੂਲ ਵਿਚ ਸ. ਸ. ਅਧਿਆਪਕ ਲੱਗਣ ਦਾ ਸੰਘਰਸ਼ ਕੀਤਾ। ਪ੍ਰਾਈਵੇਟ ਐਮ. ਏ. ਕੀਤੀ ਅਤੇ ਯੂਨੀਵਰਸਿਟੀ 'ਚ ਅਵਲ ਰਿਹਾ। ਫਿਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਧਰਦਿਓ-ਬੁੱਟਰ ਵਿਚ ਪੰਜਾਬੀ ਦਾ ਲੈਕਚਰਾਰ ਲੱਗਾ। ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਐਮ. ਫਿਲ ਤੇ ਪੀਐਚ. ਡੀ. ਕੀਤੀ। ਪ੍ਰੌਢ ਉਮਰ ਵਿਚ ਲਾਇਲਪੁਰ ਖਾਲਸਾ ਕਾਲਜ, ਜਲੰਧਰ ਦਾ ਪ੍ਰੋਫੈਸਰ ਬਣਿਆ। ਮਈ 1964 ਤੋਂ ਫਰਵਰੀ 2006 ਤਕ ਸਾਢੇ ਇਕਤਾਲੀ ਸਾਲ ਬੱਚਿਆਂ ਤੋਂ ਬਾਲਗਾਂ ਤਕ ਪੜ੍ਹਾਇਆ ਤੇ ਨਾਲੋ-ਨਾਲ ਆਪ ਵੀ ਪੜ੍ਹਦਾ-ਗੁੜ੍ਹਦਾ ਗਿਆ। ਆਖਰ ਲੰਮੀ ਨੌਕਰੀ ਤੋਂ ਉਜਲੇ ਮੁੱਖ ਨਾਲ ਰਿਟਾਇਰ ਹੋਇਆ।



*ਵਰਿਆਮ ਸੰਧੂ ਆਪਣੀ ਪਤਨੀ ਰਜਵੰਤ ਕੌਰ (ਐਨ ਖੱਬੇ), ਪੋਤਰੀ ਰਿਸ਼ਮ ਤੇ ਵੱਡੀ ਧੀ ਰੁਪਿੰਦਰ ਰੂਪ (ਐਨ ਸੱਜੇ) ਨਾਲ*

2000 ਵਿਚ ਮੈਂ ਅਮਰਦੀਪ ਕਾਲਜ ਮੁਕੰਦਪੁਰ ਦੀ ਪ੍ਰਿੰਸੀਪਲੀ ਤੋਂ ਰਿਟਾਇਰ ਹੋਣ ਵੇਲੇ ਉਹਦੇ ਜਿਗਰੀ ਦੋਸਤ ਡਾ. ਸਾਧੂ ਸਿੰਘ ਰਾਹੀਂ ਉਸ ਤੋਂ ਕਾਲਜ ਦਾ ਪ੍ਰਿੰਸੀਪਲ ਲੱਗਣ ਲਈ ਮਸੀਂ ਅਰਜੀ ਮੰਗਵਾਈ। ਕਾਲਜ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਡਾ. ਸਰਦਾਰਾ ਸਿੰਘ ਜੌਹਲ ਉਹਦੇ ਪ੍ਰਸ਼ੰਸਕ ਹਨ। ਉਸ ਨੇ ਪ੍ਰਿੰਸੀਪਲ ਬਣ ਵੀ ਜਾਣਾ ਸੀ ਪਰ ਇੰਟਰਵਿਊ ਲਈ ਨਾ ਆਇਆ। ਆ ਜਾਂਦਾ ਤਾਂ ਸੰਭਵ ਸੀ ਪ੍ਰਿੰਸੀਪਲ ਬਣਨ ਪਿੱਛੋਂ ਪੰਜਾਬ ਸਕੂਲ ਸਿੱਖਿਆ ਬੋਰਡ ਦਾ ਚੇਅਰਮੈਨ/ਉਪ ਚੇਅਰਮੈਨ ਤੇ ਇਥੋਂ ਤਕ ਕਿ ਕਿਸੇ ਯੂਨੀਵਰਸਿਟੀ ਦਾ ਵਾਈਸ ਚਾਂਸਲਰ ਵੀ ਬਣ ਜਾਂਦਾ! ਹੁਣ ਕਹਿੰਦਾ ਹੈ, "ਰਹਿਣਾ ਤਾਂ ਮੈਂ ਫੇਰ ਵੀ ਵਰਿਆਮ ਸਿੰਘ ਹੀ ਸੀ!"

ਚੰਗਾ ਭਾਅ ਵਰਿਆਮ ਸਿਆਂ! ਰਹਿ ਫਿਰ ਵਰਿਆਮ ਸਿਹੁੰ ਹੀ!

ਅੱਜ ਕੱਲ੍ਹ ਵਰਿਆਮ ਸਿੰਘ ਤੇ ਉਸ ਦੀ ਪਤਨੀ ਰਜਵੰਤ ਕੌਰ ਗਰਮੀਆਂ ਬਰੈਂਪਟਨ, ਕੈਨੇਡਾ, ਵਿਚ ਕੱਟਦੇ ਹਨ ਤੇ ਸਰਦੀਆਂ ਜਲੰਧਰ 'ਆਪਣੇ ਘਰ'। ਉਹ ਕੈਨੇਡਾ ਦੇ ਸਿਟੀਜ਼ਨ ਹਨ। ਉਨ੍ਹਾਂ ਦੀਆਂ ਦੋਵੇਂ ਧੀਆਂ ਰੁਪਿੰਦਰ ਤੇ ਰਮਣੀਕ ਅਤੇ ਇਕਲੌਤਾ ਪੁੱਤਰ ਸੁਪਨਦੀਪ ਸੰਧੂ ਕੈਨੇਡਾ 'ਚ ਵਿਆਹੇ ਹੋਏ ਹਨ ਜੋ ਬਾਲ ਬੱਚੇਦਾਰ ਹਨ। ਰੁਪਿੰਦਰ ਆਪਣੇ ਪਤੀ ਨਾਲ ਟੋਰਾਂਟੋ/ਜਲੰਧਰ ਜਾਂਦੀ ਆਉਂਦੀ ਰਹਿੰਦੀ ਹੈ ਕਿਉਂਕਿ ਉਨ੍ਹਾਂ ਦਾ ਜਲੰਧਰ ਵਿਚ ਸਕੂਲ ਵੀ ਚੱਲ ਰਿਹੈ। ਰਮਣੀਕ ਵੈਨਕੂਵਰ ਹੀ ਰਹਿੰਦੀ ਹੈ। ਸੁਪਨਦੀਪ ਜੀਹਦੇ 'ਤੇ ਪਿੱਛੇ ਜਿਹੇ ਅਚਨਚੇਤ ਹੀ ਡਾਢਾ ਸੰਕਟ ਆ ਪਿਆ ਸੀ, ਸੰਕਟ-ਮੁਕਤ ਹੋ ਗਿਆ ਹੈ। ਉਹ ਪਹਿਲਾਂ ਆਪਣੇ ਬਾਪ ਵਾਂਗ ਲੇਖਕ ਬਣਨ ਦੇ ਰਾਹ ਪਿਆ ਸੀ ਅਤੇ 'ਜਾਣੇ ਅਣਜਾਣੇ ਸਫਰ' ਨਾਂ ਦਾ ਸਫਰਨਾਮਾ ਵੀ ਛਪਵਾਇਆ ਸੀ, ਪਰ ਪਿੱਛੋਂ ਲਿਖਣ ਵੱਲੋਂ ਮੂੰਹ ਮੋੜ ਗਿਆ। ਹੋ ਸਕਦੈ ਉਹਦਾ ਵੀ ਚੱਕਾ ਜਾਮ ਹੋ ਗਿਆ ਹੋਵੇ ਜੋ ਬਾਪ ਵਾਂਗ ਮੁੜ ਰਵਾਂ ਹੋ ਜਾਵੇ! ਹੁਣ ਉਹ 'ਪਰਾਈਮ ਏਸ਼ੀਆ' ਟੀ. ਵੀ. ਚੈਨਲ ਨਾਲ ਆਪਣੀ ਸੁਪਨਮਈ ਕਲਾਕਾਰੀ ਕਰ ਰਿਹੈ। ਪਹਿਲਾਂ ਪਹਿਲ ਉਸ ਨੇ ਮੇਰੇ ਪੁੱਤਰ ਵਾਂਗ ਟਰੱਕ ਵਾਹ ਕੇ ਵੇਖਿਆ ਜੋ ਉਹਦੇ ਰਾਸ ਨਾ ਆਇਆ। ਸੁਪਨਦੀਪ ਸੁਪਨਈ ਕਲਾਕਾਰ ਜੁ ਹੋਇਆ! ਵਰਿਆਮ ਦੰਪਤੀ ਦਾ ਉਂਜ ਤਾਂ ਭਰਿਆ ਪਰਿਵਾਰ ਹੈ ਪਰ ਰਹਿੰਦੇ ਉਹ ਨਿਰਾਲੇ ਹੀ ਹਨ। ਬੱਚਿਆਂ ਦੇ ਨੇੜੇ ਹੋਣ ਦਾ ਸੁਖ ਜ਼ਰੂਰ ਹੈ। ਦੋਸਤਾਂ-ਮਿੱਤਰਾਂ ਦਾ ਵੱਡਾ ਸਰਕਲ ਹੋਣ ਕਰਕੇ ਆਲੇ-ਦੁਆਲੇ ਰੌਣਕਾਂ ਲੱਗੀਆਂ ਰਹਿੰਦੀਆਂ ਹਨ। ਪੰਜਾਬੀ ਸਭਿਆਚਾਰ ਮੰਚ, ਟੋਰਾਂਟੋ ਨੇ ਉਹਦੇ ਜੀਂਦੇ ਜੀਅ 'ਵਰਿਆਮ ਸਿੰਘ ਅਵਾਰਡ' ਦੇਣਾ ਸ਼ੁਰੂ ਕਰ ਦਿੱਤਾ ਹੈ।

ਉਸ ਨੇ ਲਾਇਲਪੁਰ ਖਾਲਸਾ ਕਾਲਜ ਵਿਚ ਪੜ੍ਹਾਉਂਦਿਆਂ 2003 ਵਿਚ ਹੀ ਕੰਪਿਊਟਰ ਉਤੇ ਟਾਈਪ ਕਰਨਾ ਸਿੱਖ ਲਿਆ ਸੀ ਜੋ ਕੈਨੇਡਾ ਵਿਚ ਬੜਾ ਕੰਮ ਆ ਰਿਹੈ। ਪਿਛਲੀਆਂ ਸਾਰੀਆਂ ਕਿਤਾਬਾਂ ਉਸ ਨੇ ਖੁਦ ਕੰਪੋਜ਼ ਕੀਤੀਆਂ ਹਨ। ਇਹ ਵੱਖਰੀ ਗੱਲ ਹੈ ਕਿ ਟਾਈਪ ਉਹ ਸੱਜੇ ਹੱਥ ਦੀ ਇਕੋ ਉਂਗਲ ਨਾਲ ਕਰਦੈ। 2016 ਤਕ ਉਸ ਨੇ ਪ੍ਰਕਾਸ਼ਕਾਂ ਪਾਸੋਂ ਪੰਜ ਲੱਖ ਰੁਪਈਆਂ ਤੋਂ ਵੱਧ ਦੀ ਰਾਇਲਟੀ ਲੈ ਲਈ ਸੀ। ਅੱਗੋਂ ਪਤਾ ਨਹੀਂ ਕਿੱਥੋਂ ਤਕ ਅੱਪੜੇ?

ਉਹਦਾ ਖਾਣ ਪੀਣ ਸਾਦਾ ਵੈਸ਼ਨੂੰ ਹੈ। 'ਸੰਧੂ' ਹੋ ਕੇ ਵੀ ਨਾ ਦਾਰੂ ਨਾ ਬੱਤਾ, ਨਾ ਮੀਟ ਨਾ ਮੁਰਗਾ! ਬਜ਼ਾਰੀ ਖਾਣੇ ਤੋਂ ਪੂਰਾ ਪ੍ਰਹੇਜ਼ਗਾਰ। ਕੱਦ ਭਾਵੇਂ ਛੇ ਫੁੱਟ ਤੋਂ ਉਚਾ ਹੈ, ਲੰਮਾ-ਝੰਮਾ ਜੁਆਨ ਹੈ ਪਰ ਖੁਰਾਕ ਅੱਧੇ ਕੁ ਬੰਦੇ ਜਿੰਨੀ ਹੀ ਹੈ। ਸਰੀਰਕ ਭਾਰ ਫਿਰ ਕਾਹਦੇ ਆਸਰੇ ਵਧਣਾ ਹੋਇਆ? ਅਜਿਹੇ ਬੰਦੇ ਨੂੰ ਨੇਂਦਾ ਦੇਣ 'ਤੇ ਕੀ ਲੱਗਦੈ? ਪਰ ਨੇਂਦੇ ਵੀ ਤਾਂ ਉਹੀ ਲੈਂਦੇ ਨੇ ਜਿਹੜੇ ਖਾਣ-ਪੀਣ ਵਾਲੇ ਹੋਣ। ਉਂਜ ਖਾਣ-ਪੀਣ ਵਾਲਿਆਂ ਵਿਚ ਬਹਿ ਕੇ ਉਹ ਖੁਸ਼ ਪੂਰਾ ਹੁੰਦੈ। ਹਾਸਾ ਮਖੌਲ ਕਰ ਵੀ ਲੈਂਦੈ ਤੇ ਸਹਿ ਵੀ ਲੈਂਦੈ।

ਸੁਪਨ 'ਤੇ ਆਏ ਸੰਕਟ ਸਮੇਂ ਸੁਰ ਸਿੰਘ ਵਾਲੀ ਜ਼ਮੀਨ ਵੇਚ ਦਿੱਤੀ ਸੀ ਤੇ ਫਿਰ ਸੁਰ ਸਿੰਘ ਵਾਲਾ ਜੱਦੀ ਘਰ ਵੀ ਵੇਚ ਦਿੱਤੈ। ਇਹ ਸਮਝ ਲਓ ਕਿ ਵਰਿਆਮ ਦਾ ਸੁਰ ਸਿੰਘ ਨਾਲ ਹੁਣ ਵਿਹਾਰਕ ਨਾਤਾ ਪੱਕਾ ਹੀ ਟੁੱਟ ਗਿਆ ਹੈ। ਛੋਟਾ ਭਰਾ ਗੁਜ਼ਰ ਚੁੱਕੈ ਤੇ ਉਹਦਾ ਪਰਿਵਾਰ ਪਿੰਡ ਦੀ ਢਾਣੀ 'ਤੇ ਹੀ ਆਪਣੇ ਹਿੱਸੇ ਦੀ ਜ਼ਮੀਨ 'ਤੇ ਰਹਿ ਰਿਹੈ। ਜਲੰਧਰ 'ਚ ਗੜ੍ਹਾ ਰੋਡ ਵਾਲਾ ਘਰ ਹੀ ਹੁਣ ਵਰਿਆਮ ਦੰਪਤੀ ਦਾ 'ਪੱਕਾ ਘਰ' ਹੈ। ਕੁਝ ਪਲਾਟ ਹਨ। ਹੋਰ ਕੋਈ ਜ਼ਮੀਨ ਜਾਇਦਾਦ ਨਹੀਂ। ਜਿਹੜੀ ਸੀ ਉਹ ਕੈਨੇਡਾ ਨੇ ਖਾ ਲਈ। ਕਈ ਵਾਰ ਹਾਸੇ-ਹਾਸੇ ਵਿਚ 'ਭਾਊ ਵਰਿਆਮ' ਕਹਿ ਵੀ ਦਿੰਦੈ, "ਹੋਰਨਾਂ ਨੂੰ ਕਨੇਡਾ ਰਾਸ ਆਇਆ ਹੋਊ, ਸਾਨੂੰ ਤਾਂ ਲੁੱਟ ਖਾਧਾ ਕਨੇਡਾ ਨੇ!"

ਅਜਿਹੇ ਮੌਕੇ ਦਿਲ ਧਰਾਉਣ ਵਾਲੇ ਹਮ੍ਹਾਤੜ ਉਹਦੇ 'ਹਾਸੇ' ਵਿਚ ਹੱਸਦੇ ਕਹਿ ਦਿੰਦੇ ਨੇ, "ਕੁਝ ਚਿਰ ਹੋਰ ਸਬਰ ਕਰੋ ਸੰਧੂ ਸਾਹਬ! ਜਦ ਕੈਨੇਡਾ 'ਚ ਰਹਿੰਦਿਆਂ ਦਸ ਸਾਲ ਪੂਰੇ ਹੋ ਗਏ ਤਾਂ ਬੁਢਾਪਾ ਪੈਨਸ਼ਨ ਵੀ ਲੱਗਜੂ। ਚੜ੍ਹੇ ਮਹੀਨੇ ਦੋ ਦੋ ਹਜ਼ਾਰ ਡਾਲਰ ਆ ਜਿਆ ਕਰਨਗੇ। ਜਦ ਪੈਨਸ਼ਨ ਲੱਗ ਗਈ ਤਾਂ ਜਿਵੇਂ ਦੇਸੀ ਬੁੜ੍ਹੇ ਕਹਿੰਦੇ ਨੇ ਉਵੇਂ ਤੁਸੀਂ ਵੀ ਕਹਿਣ ਲੱਗ ਪੈਣੈ, 'ਬਣ ਗਏ ਅਸੀਂ ਵੀ ਕੈਨੇਡਾ ਦੇ ਜੁਆਈ!' ਭਾਅ ਮੇਰਿਆ! ਆਪੇ ਰਾਸ ਆ-ਜੂ ਫੇਰ ਥੋਨੂੰ ਵੀ ਕੈਨੇਡਾ!"


ਗੱਲ ਉਥੇ ਹੀ ਮੁਕਾਉਂਦੇ ਹਾਂ ਜਿਥੋਂ ਤੋਰੀ ਸੀ। ਵਰਿਆਮ, ਸਚਮੁੱਚ ਹੀ ਵਰਿਆਮ ਹੈ। ਕਹਿਣੀ ਤੇ ਕਰਨੀ ਦਾ ਸੂਰਮਾ ਸਾਹਿਤਕਾਰ। ਕਹਾਣੀ ਗਗਨ ਦਾ ਚਮਕਦਾ ਚੰਦ। ਪਰ ਇਹ ਚੰਦ ਅਜੇ ਪੂਰਨਮਾਸ਼ੀ ਤਕ ਨਹੀਂ ਪੁੱਜਾ। 'ਰਿਮ ਝਿਮ' ਤੇ 'ਜਮਰੌਦ' ਵਰਗੀਆਂ ਨਾਵਲੀ ਕਹਾਣੀਆਂ ਲਿਖ ਕੇ ਉਹ ਨਾਵਲ ਲਿਖਣ ਦੇ ਨੇੜੇ ਤਾਂ ਪਹੁੰਚ ਹੀ ਗਿਐ। ਚੌਧਵੀਂ ਦਾ ਚੰਦ ਵੀ ਬਣ ਗਿਐ। ਪਰ ਪੁੰਨਿਆਂ ਦਾ ਚੰਦ ਬਣਨ ਦੀ ਜਿਹੜੀ ਉਹਦੇ ਮਨ ਵਿਚ ਬੜੇ ਸਾਲਾਂ ਦੀ ਕੁਲਬਲਾਹਟ ਹੈ ਕਿ ਮੈਂ ਨਾਵਲ ਲਿਖਾਂ ਅਜੇ ਪੂਰੀ ਹੋਣੀ ਬਾਕੀ ਹੈ।

ਹੁਣ ਉਹਦੇ ਨਾਵਲ ਲਿਖਣ ਦਾ ਵੇਲਾ ਆਣ ਢੁੱਕਾ ਹੈ। ਹੁਣ ਹੋਰ ਦੇਰੀ ਨਹੀਂ ਹੋਣੀ ਚਾਹੀਦੀ। ਹੁਣ ਤਾਂ ਉਹਦਾ ਪੁਰਾਣਾ ਬਹਾਨਾ ਵੀ ਨਹੀਂ ਚੱਲਣਾ ਕਿ ਮੇਰਾ ਚੱਕਾ ਜਾਮ ਹੈ!

*(ਸਮਾਪਤ)*

# ਪਹੁ ਫੁੱਟਣਾ

## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਸੂਰਜ ਦੀ ਪਹਿਲੀ ਕਿਰਨ ਉਜਾਗਰ ਹੋਣ ਦੀ ਕ੍ਰਿਆ ਨੂੰ ਪੰਜਾਬੀ ਵਿਚ ਪਹੁ-ਫੁੱਟਣਾ ਕਹਿੰਦੇ ਹਨ। ਗੁਰੂ ਅਰਜਨ ਦੇਵ ਫੁਰਮਾਉਂਦੇ ਹਨ, 'ਚਿੜੀ ਚੁਹਕੀ ਪਹੁ ਫੁਟੀ ਵਗਨਿ ਬਹੁਤੁ ਤਰੰਗ॥' ਇਸ ਤੋਂ ਇਸ ਵੇਲੇ ਲਈ ਸੰਯੋਜਕ ਸ਼ਬਦ ਪਹੁ-ਫੁਟਾਲਾ ਚਲਦਾ ਹੈ, ਭਾਵੇਂ ਇਹ ਆਮ ਬੋਲ ਚਾਲ ਵਿਚ ਨਹੀਂ ਵਰਤਿਆ ਜਾਂਦਾ। ਇਸ ਲਈ ਪ੍ਰਭਾਤ ਸ਼ਬਦ ਵੀ ਚਲਦਾ ਹੈ ਜਿਵੇਂ ਪ੍ਰਭਾਤ-ਫੇਰੀ ਵਿਚ। 'ਪਹੁ ਫੁਟਾਲੇ ਤੋਂ ਪਹਿਲਾਂ' ਗੁਰਦਿਆਲ ਸਿੰਘ ਦੇ ਨਾਵਲ ਦਾ ਨਾਂ ਹੈ। ਧਿਆਨਯੋਗ ਹੈ ਕਿ ਪਹੁ ਸ਼ਬਦ ਸੁਤੰਤਰ ਤੌਰ 'ਤੇ ਪ੍ਰਭਾਤ ਲਈ ਨਹੀਂ ਵਰਤਿਆ ਜਾਂਦਾ। ਫਿਰ ਕੀ ਹੈ ਪਹੁ? ਇਹ ਸਵਾਲ ਗੂਗਲ ਦੇ ਇਕ ਹਿੰਦੀ ਚਰਚਾ ਸਮੂਹ 'ਸ਼ਬਦ-ਚਰਚਾ' ਜਿਸ ਦਾ ਮੈਂ ਸਰਗਰਮ ਮੈਂਬਰ ਹਾਂ, ਵਿਚ ਉਠਾਇਆ ਗਿਆ। ਇਸ ਦੇ ਇਕ ਮੈਂਬਰ ਅਭਯ ਤਿਵਾੜੀ ਨੇ ਇਕ ਦਿਨ ਸਵਾਲ ਉਠਾਇਆ, "ਸੁਬਹ ਹੁੰਦੀ ਹੈ ਤਾਂ ਕਹਿੰਦੇ ਹਨ, 'ਪੌ ਫਟ ਰਹੀ ਹੈ।' ਕੀ ਹੈ ਇਹ ਪੌ ਜੋ ਫਟ ਰਹੀ ਹੈ? ਪੌ ਦਾ ਇਕ ਅਰਥ ਇਕ ਦੀ ਸੰਖਿਆ ਵੀ ਹੈ, ਪਾਸਿਆਂ ਵਿਚ ਜਦ ਇਕ ਦਾ ਅੰਕੜਾ ਆਉਂਦਾ ਹੈ ਤਾਂ ਉਸ ਨੂੰ ਵੀ ਪੌ ਕਿਹਾ ਜਾਂਦਾ ਹੈ।" ਕੀ ਪਾਸਿਆਂ ਦੀ ਖੇਡ ਵਾਲੇ 'ਪੌ ਬਾਰਾਂ' ਵਿਚਲੇ ਪੌ ਅਤੇ 'ਪੌ ਫੁੱਟਣ' ਵਿਚਲੇ ਪੌ ਇਕੋ ਹਨ? ਸ਼ੁਰੂ ਵਿਚ ਹੀ ਦੱਸ ਦੇਵਾਂ ਕਿ 'ਪੌਂ ਬਾਰਾਂ' ਵਿਚਲੇ ਪੌਂ ਅਤੇ 'ਪਹੁ ਫੁੱਟਣ' ਵਿਚਲੇ ਪਹੁ-ਦੋਵਾਂ ਨੂੰ ਹਿੰਦੀ ਵਿਚ ਪੌ ਲਿਖਿਆ ਤੇ ਬੋਲਿਆ ਜਾਂਦਾ ਹੈ। ਇਹ ਵਿਚਾਰ-ਵਟਾਂਦਰਾ ਹਿੰਦੀ ਸ਼ਬਦ ਸਮੂਹ ਵਿਚ ਹੋਇਆ ਸੀ, ਇਸ ਲਈ ਮੈਂ ਆਮ ਤੌਰ 'ਤੇ ਹਿੰਦੀ ਵਾਲੇ ਸ਼ਬਦ ਜੋੜ ਹੀ ਵਰਤਾਂਗਾ।

ਦਰਅਸਲ 'ਪਹੁ' ਸ਼ਬਦ ਨੂੰ ਜਿਸ ਤਰ੍ਹਾਂ ਲਿਖਿਆ ਜਾਂਦਾ ਹੈ, ਉਸ ਤਰ੍ਹਾਂ ਬੋਲਿਆ ਨਹੀਂ ਜਾਂਦਾ। ਭਾਵੇਂ ਇਸ ਦੇ ਪ੍ਰਮਾਣੀਕ ਸ਼ਬਦ-ਜੋੜ ਇਹੋ ਹਨ ਪਰ ਮੈਂ ਇਸ ਨੂੰ ਇਸ ਤਰ੍ਹਾਂ ਲਿਖਣ ਦੇ ਹੱਕ ਵਿਚ ਹਾਂ, 'ਪ੍ਹੌ'। ਵਿਦਵਾਨ ਪੰਜਾਬੀਆਂ ਨੂੰ ਆਮ ਕਰਕੇ ਤੇ ਆਮ ਪੰਜਾਬੀਆਂ ਨੂੰ ਖਾਸ ਕਰਕੇ ਇਸ ਤੱਥ ਦਾ ਪਤਾ ਨਹੀਂ ਜਾਂ ਸਮਝ ਨਹੀਂ ਕਿ ਭਾਰਤ ਦੀ ਪੰਜਾਬੀ ਇੱਕ ਅਜਿਹੀ ਅਦੁੱਤੀ ਭਾਸ਼ਾ ਹੈ ਜਿਸ ਨੂੰ ਟੋਨਲ ਕਿਹਾ ਜਾਂਦਾ ਹੈ। ਗੈਰ-ਪੰਜਾਬੀਆਂ ਲਈ ਇਹ ਟੋਨਾਂ ਉਚਾਰਨਾ ਕਠਿਨ ਜਾਪਦਾ ਹੈ, ਇਸ ਲਈ ਉਹ ਕਈ ਵਾਰੀ ਪੰਜਾਬੀ 'ਭਰਾ ਜੀ' ਨੂੰ 'ਪਰਾ ਜੀ' ਜਿਹਾ ਉਚਾਰਦੇ ਹਨ।

ਪੰਜਾਬੀ ਭਾਸ਼ਾ ਵਿਚ ਇਕ ਧੁਨੀ ਨੂੰ ਤਿੰਨ ਟੋਨਾਂ ਵਿਚ ਉਚਾਰਿਆ ਜਾਂਦਾ ਹੈ। ਇਹ ਤਿੰਨ ਟੋਨਾਂ ਹਨ-ਨੀਵੀਂ, ਮਧਮ ਤੇ ਉਚੀ। ਉਚੀ ਟੋਨ ਦੀ ਮਿਸਾਲ ਹੈ-ਰਹਿ, ਬਹਿ, ਕਹਿਰ, ਚਾਹ (ਪੀਣ ਵਾਲੀ) ਆਦਿ। ਇਸ ਵਿਚ 'ਹ' ਨਾਲ ਦਰਸਾਈ ਗਈ ਧੁਨੀ ਟੋਨ ਵਿਚ ਬਦਲ ਗਈ ਹੈ ਜਦਕਿ ਹੋਰ ਭਾਸ਼ਾਵਾਂ ਵਿਚ ਇਹ ਸੁਤੰਤਰ ਤੌਰ 'ਤੇ ਬੋਲੀ ਜਾਂਦੀ ਹੈ। ਘ, ਝ, ਢ, ਧ, ਭ ਅੱਖਰ ਨੀਵੀਂ ਟੋਨ ਦਰਸਾਉਣ ਲਈ ਵਰਤੇ ਜਾਂਦੇ ਹਨ ਜਿਵੇਂ ਘੋੜਾ, ਝੰਗ, ਢਾਕਾ, ਧੇਲਾ, ਭੋਰਾ ਆਦਿ। ਮਧਮ ਟੋਨ, ਜਿਸ ਨੂੰ ਸਮਾਨਯ ਟੋਨ ਵੀ ਕਿਹਾ ਜਾ ਸਕਦਾ ਹੈ, ਵਿਚ ਧੁਨੀਆਂ ਹੋਰ ਭਾਸ਼ਾਵਾਂ ਵਾਂਗ ਹੀ ਬੋਲੀਆਂ ਜਾਂਦੀਆਂ ਹਨ ਜਿਵੇਂ ਕੁੱਤਾ, ਗੱਤਾ, ਚੋਰ ਆਦਿ। ਇਸ ਵਿਸ਼ੇ ਬਾਰੇ ਕਦੇ ਫਿਰ ਚਰਚਾ ਕਰਾਂਗੇ। ਇਥੇ ਸਿਰਫ ਪੰਜਾਬੀ ਪ੍ਹੌ (ਪਹੁ) ਅਤੇ ਹਿੰਦੀ ਪੌ ਵਿਚਕਾਰ ਜੋੜ ਬਿਠਾਉਣ ਲਈ ਟੋਨਾਂ ਦਾ ਮੁਢਲਾ ਪਰਿਚੈ ਦਿੱਤਾ ਗਿਆ ਹੈ।



ਸੁਬਹ ਵਾਲੀ ਪੌ ਦਾ ਪ੍ਰਸੰਗ ਛੇੜਦੇ ਹਾਂ। ਅਭਯ ਤਿਵਾੜੀ ਦੇ ਉਕਤ ਸਵਾਲ ਦਾ ਮੈਂ ਫੱਟ ਜਵਾਬ ਦਿੱਤਾ, "ਇਹ ਸ਼ਾਇਦ ਪ੍ਰਭਾ ਤੋਂ ਬਣਿਆ ਹੈ ਪਰ ਪਲੈਟਸ ਇਸ ਨੂੰ ਅਪ+ਊਸ਼ਾ ਦੱਸਦਾ ਹੈ। ਪੰਜਾਬੀ ਵਿਚ ਪਹੁ-ਫੁਟਾਲਾ ਕਿਹਾ ਜਾਂਦਾ ਹੈ। ਫਟਣ ਦਾ ਭਾਵ ਸੂਰਜ ਨਿਕਲਣ ਦੀ ਕ੍ਰਿਆ ਵਿਚ ਸਹਿਜ ਸੁਭਾਅ ਹੀ ਹੈ। ਮਾਨੋ ਹਨੇਰਾ ਫਟ ਰਿਹਾ ਹੋਵੇ। ਤੜਕਾ ਸ਼ਬਦ ਵਿਚ ਵੀ ਤੋੜਨ ਦਾ ਭਾਵ ਹੈ ਜਿਸ ਤੋਂ ਤਿੜਕਣਾ ਸ਼ਬਦ ਬਣਿਆ। 'ਤੜ' ਧਾਤੂ ਦਾ ਅਰਥ ਸੱਟ ਮਾਰਨਾ ਹੈ। ਅੰਗਰੇਜ਼ੀ ਵਿਚ Day Break ਜਾਂ Crack of Dawn ਕਹਿੰਦੇ ਹਨ।"

ਧਿਆਨਯੋਗ ਹੈ ਕਿ ਪ੍ਰਭਾ ਸ਼ਬਦ ਪ੍ਰ+ਭਾ ਤੋਂ ਬਣਿਆ ਹੈ। ਸੰਸਕ੍ਰਿਤ ਪ੍ਰਭਾ ਦਾ ਅਰਥ ਲੋਅ, ਪ੍ਰਕਾਸ਼, ਕਿਰਨ ਆਦਿ ਹੈ। ਪ੍ਰਭਾ ਸੂਰਜ ਦੀ ਇਕ ਇਸਤਰੀ ਅਤੇ ਦੁਰਗਾ ਦਾ ਇੱਕ ਨਾਂ ਵੀ ਹੈ। ਇਸੇ ਤੋਂ ਪ੍ਰਭਾਤ ਸ਼ਬਦ ਬਣਿਆ, "ਨਾਉ ਪ੍ਰਭਾਤੈ ਸਬਦਿ ਧਿਆਈਐ ਛੋਡਹੁ ਦੁਨੀ ਪਰੀਤਾ॥" ਸਵੇਰੇ ਕੀਤੀ ਜਾਣ ਵਾਲੀ ਦਾਤਣ ਨੂੰ ਪ੍ਰਭਾਤੀ ਕਿਹਾ ਜਾਂਦਾ ਹੈ। ਇਨ੍ਹਾਂ ਸ਼ਬਦਾਂ ਵਿਚ 'ਭਾ' ਦਾ ਅਰਥ ਚਮਕਣਾ ਹੁੰਦਾ ਹੈ। ਲੱਗਣਾ, ਦਿਸਣਾ ਦੇ ਅਰਥਾਂ ਵਾਲਾ ਭਾਸਣਾ ਸ਼ਬਦ ਇਸੇ ਧਾਤੂ ਤੋਂ ਬਣਿਆ ਹੈ। ਭਾਸ ਦਾ ਅਰਥ ਰੋਸ਼ਨੀ ਹੁੰਦਾ ਹੈ ਤੇ ਭਾਸਕਰ ਰੋਸ਼ਨੀ ਦੇਣ ਵਾਲਾ, ਅਰਥਾਤ ਸੂਰਜ। ਝਲਕ ਦੇ ਅਰਥਾਂ ਵਾਲਾ ਆਭਾਸ ਅਤੇ ਠੇਠ ਪੰਜਾਬੀ ਸ਼ਬਦ ਆਭਾ ਵਿਚ ਵੀ ਏਹੀ ਧਾਤੂ ਕੰਮ ਰਿਹਾ ਹੈ।

ਸੰਸਕ੍ਰਿਤ 'ਭਾ' ਦੇ ਟਾਕਰੇ ਭਾਰੋਪੀ ਮੂਲ ਵੀ 'Bha' ਹੀ ਕਲਪਿਆ ਗਿਆ ਹੈ ਜਿਸ ਵਿਚ ਚਮਕਣ ਦੇ ਭਾਵ ਹਨ। ਇਕ ਚਮਕਦਾਰ ਰਸਾਇਣਕ ਤੱਤ ਫਾਸਫੋਰਸ ਇਸੇ ਮੂਲ ਨਾਲ ਜਾ ਜੁੜਦਾ ਹੈ। ਲਾਤੀਨੀ ਫਾਸਫੋਰਸ ਦਾ ਮਤਲਬ 'ਰੋਸ਼ਨ ਕਰਨ ਵਾਲਾ' ਅਤੇ 'ਸਵੇਰ ਦਾ ਤਾਰਾ' ਹੁੰਦਾ ਹੈ। ਮੁਢਲੇ ਤੌਰ 'ਤੇ ਇਹ ਗਰੀਕ ਸ਼ਬਦ ਹੈ ਜਿਸ ਵਿਚ ਫੌਸ (Phos) ਦਾ ਅਰਥ ਰੋਸ਼ਨੀ ਪ੍ਰਕਾਸ਼ ਹੈ। ਇਹ ਫੋਸ ਸੰਸਕ੍ਰਿਤ 'ਭਾਸ' ਦਾ ਹੀ ਗਰੀਕ ਸਕਾ ਹੈ। ਵਿਦਵਾਨਾਂ ਨੇ ਫੋਟੋ ਸ਼ਬਦ ਵੀ ਇਸੇ ਵਿਚ ਫਿੱਟ ਕੀਤਾ ਹੈ।

ਖੈਰ! ਆਪਾਂ ਆਪਣੇ ਸ਼ਬਦ ਸਮੂਹ ਨਾਲ ਵਾਰਤਾਲਾਪ ਜਾਰੀ ਰੱਖੀਏ। ਨਿਰੁਕਤ ਸ਼ਾਸਤਰੀ ਅਜਿਤ ਵਡਨੇਰਕਰ ਨੇ ਦੱਸਿਆ, 'ਹਿੰਦੀ ਸ਼ਬਦਸਾਗਰ' ਨੇ ਪਾਦ ਜਾਂ ਪ੍ਰਭਾ ਦਾ ਹਵਾਲਾ ਦਿੱਤਾ ਹੈ। ਸੰਸਕ੍ਰਿਤ ਵਿਚ ਉਗਣ ਦੇ ਸੰਦਰਭ ਵਿਚ ਅਨੇਕਾਂ ਵਾਰ ਪਾਦ ਦਾ ਪ੍ਰਯੋਗ ਕਿਰਣਾਂ ਵਜੋਂ ਹੋਇਆ ਹੈ ਜਦਕਿ ਉਪ+ਉਸ਼ ਦਾ ਪਹਿਲਾਂ ਉਪੋਸ਼ ਬਣਨਾ ਚਾਹੀਦਾ ਹੈ, ਜੋ ਕਿਧਰੇ ਨਹੀਂ ਮਿਲਦਾ। ਇਸ ਲਈ 'ਪੌ' ਸ਼ਬਦ ਦੀ ਵਿਉਤਪਤੀ ਪਾਦ ਜਾਂ ਪਾਯ (ਪੈਰ) ਤੋਂ ਵਧੇਰੇ ਸੰਭਾਵਤ ਲਗਦੀ ਹੈ।"

ਮੈਂ ਟਰਨਰ ਦਾ ਹਵਾਲਾ ਦਿੰਦਿਆਂ ਆਪਣੀ ਦਲੀਲ ਜਾਰੀ ਰੱਖੀ। ਟਰਨਰ ਇਸ ਦੀ ਵਿਉਤਪਤੀ ਪ੍ਰਭਾ ਤੋਂ ਮੰਨਦਾ ਹੈ ਜੋ ਪ੍ਰਾਕ੍ਰਿਤ ਵਿਚ ਪਭਾ ਤੇ ਪਹਾ ਅਤੇ ਫਿਰ ਪੰਜਾਬੀ ਵਿਚ ਪਹੁ ਹੋਈ। ਅਭਯ ਤਿਵਾੜੀ ਨੇ ਆਪਣੀ ਗੱਲ ਦੁਹਰਾਈ ਕਿ ਇਕ ਸੰਖਿਆ ਦੇ ਅਰਥ ਵਿਚ ਵੀ ਇਕ ਪਾਦ ਯਾਨਿ ਇਕ ਘਰ ਚੱਲਣ ਦੀ ਗੱਲ ਵਧੇਰੇ ਸਟੀਕ ਮਾਲੂਮ ਹੁੰਦੀ ਹੈ।

ਪਰ ਅਜਿਤ ਵਡਨੇਰਕਰ ਝੱਟ ਹੀ ਮੇਰੀ ਦਲੀਲ ਤੋਂ ਕਾਇਲ ਹੋ ਗਏ, "ਠੀਕ ਹੈ ਬਲਜੀਤ ਭਾਈ, ਪ੍ਰਭਾ ਦੇ ਹੀ ਸਭ ਤੋਂ ਨਿਕਟ ਹੈ ਪੌ।" ਅਭਯ ਤਿਵਾੜੀ ਕੁਝ ਅਚੰਭਿਤ ਹੋਇਆ, "ਦਿਲਚਸਪ ਗੱਲ ਹੈ ਕਿ ਇਕ ਪੌ ਦੀ ਵਿਉਤਪਤੀ ਪ੍ਰਭਾ ਤੋਂ ਤੇ ਦੂਜੇ ਦੀ ਪਾਦ ਤੋਂ!" ਮੈਂ ਆਪਣੀ ਜਾਣਕਾਰੀ ਘੋਟੀ, "ਪੌ ਦਾ ਸਬੰਧ ਸੰਸਕ੍ਰਿਤ ਪ੍ਰਹਾ ਨਾਲ ਲਗਦਾ ਹੈ ਜਿਸ ਦਾ ਮਤਲਬ ਪਾਸੇ ਦੀ ਜਿੱਤ ਵਾਲੀ ਸੋਟ ਹੁੰਦਾ ਹੈ। ਅਸੀਂ ਪੌਂ ਬਾਰਾਂ ਕਹਿੰਦੇ ਹਾਂ।" ਅਭਯ ਤਿਵਾੜੀ ਨੇ ਜਵਾਬ ਦਿੱਤਾ, "ਪੌ ਬਾਰਾਂ ਵਿਚ ਪੌ ਦਾ ਅਰਥ ਪਾਦ (ਪੈਰ) ਲਿਆ ਜਾਵੇ ਤਾਂ ਕਿਹਾ ਜਾਵੇਗਾ ਬਾਰਾਂ ਪਾਦ ਅੱਗੇ ਆਏ। ਚੌਪੜ ਜਿਹੀ ਪਾਸਿਆਂ ਦੀ ਖੇਡ ਵਿਚ ਬਾਰਾਂ ਸਭ ਤੋਂ ਅਧਿਕ ਸੰਖਿਆ ਹੈ। ਇਸ ਲਈ ਪੌ ਦਾ ਅਰਥ ਪਾਦ ਇਕ ਦਮ ਸਹੀ ਲਗਦਾ ਹੈ।"

ਦਰਅਸਲ ਨਾ ਤਾਂ ਸਾਥੀਆਂ ਨੇ ਇਸ ਗੱਲ ਵੱਲ ਧਿਆਨ ਦਿੱਤਾ ਤੇ ਨਾ ਹੀ ਮੈਂ ਧਿਆਨ ਦਿਵਾਉਣ ਦੀ ਕੋਸ਼ਿਸ਼ ਕੀਤੀ ਕਿ ਹਿੰਦੀ ਵਿਚ ਜਿਸ ਨੂੰ 'ਪੌ' ਕਿਹਾ ਜਾ ਰਿਹਾ ਹੈ, ਉਹ ਪੰਜਾਬੀ ਵਿਚ 'ਪਹੁ' ਹੈ ਅਤੇ ਦੂਸਰੇ 'ਪੌ' ਦਾ ਉਚਾਰਣ 'ਪੌਂ' ਹੈ। ਅਜਿਤ ਵਡਨੇਰਕਰ ਨੇ ਇਹ ਗੱਲ ਫੜ੍ਹ ਲਈ, "ਹਿੰਦੀ ਬੋਲੀਆਂ ਦੇ ਵਿਸ਼ਾਲ ਆਂਚਲ ਵਿਚ ਪਹੁ, ਪੋਹ ਜਿਹੇ ਰੂਪ ਜੇ ਉਪਲਭਦ ਹਨ ਤਾਂ ਇਸ ਦੀ ਵਿਉਤਪਤੀ ਪ੍ਰਭਾ ਤੋਂ ਪੁਸ਼ਟ ਹੋ ਸਕਦੀ ਹੈ। ਪੰਜਾਬੀ ਦਾ ਪਹੁ ਇਸ ਨੂੰ ਪੁਸ਼ਟ ਕਰ ਰਿਹਾ ਹੈ।

'ਹਿੰਦੀ ਸ਼ਬਦਸਾਗਰ' ਅਨੁਸਾਰ ਪਾਦ>ਪਾਯ>ਪਾਵ>ਪੌ ਦੀ ਵਿਉਤਪਤੀ ਵੀ ਤਾਰਕਿਕ ਹੈ ਪਰ ਦਿੱਕਤ ਹੈ ਕਿ ਪਾਦ ਦੇ ਇਨ੍ਹਾਂ ਰੂਪਾਂ ਦਾ ਚੱਲਣ ਦੇ ਅਰਥ ਵਿਚ ਤਾਂ ਕਈ ਬੋਲੀਆਂ ਵਿਚ ਪ੍ਰਚਲਨ ਹੈ, ਸੁਬਹ, ਕਿਰਨ, ਰੋਸ਼ਨੀ ਆਦਿ ਦੇ ਅਰਥਾਂ ਵਿਚ ਦੇਖਣ ਨੂੰ ਨਹੀਂ ਮਿਲਦਾ। ਸੋ ਪ੍ਰਭਾ ਦੇ ਪੱਖ ਵਿਚ ਪੰਜਾਬੀ ਦੇ ਪਹੁ ਵਾਲੀ ਸਾਖੀ ਤਾਂ ਹੈ ਹੀ।"

ਇਸ ਤਰ੍ਹਾਂ ਪਹੁ ਫੁੱਟਣਾ ਵਿਚਲੇ ਪਹੁ ਦੀ ਵਿਉਤਪਤੀ ਬਾਰੇ ਭਾਵੇਂ ਅੱਗੇ ਬਹੁਤੀ ਬਹਿਸ ਨਹੀਂ ਹੋਈ ਤੇ ਮੇਰੀ ਗੱਲ ਮੰਨ ਲਈ ਗਈ ਲਗਦੀ ਸੀ ਪਰ ਅਗਲੀ ਚਰਚਾ, ਜਿਸ ਵਿਚ ਬਹੁਤਾ ਜ਼ੋਰ ਪੌਂ ਬਾਰਾਂ ਵਿਚਲੇ ਪੌਂ 'ਤੇ ਲੱਗਾ, ਵਿਚ ਵੀ ਇਸ ਪਹੁ 'ਤੇ ਸ਼ੰਕਾ ਜ਼ਾਹਰ ਕੀਤਾ ਗਿਆ। ਲੇਖ ਵੱਡਾ ਹੋਣ ਦੇ ਡਰ ਤੋਂ ਵਿਚਾਰ-ਵਟਾਂਦਰੇ ਦੇ ਅਗਲੇ ਹਿੱਸੇ ਨੂੰ 'ਪੌਂ ਬਾਰਾਂ' ਦੇ ਸਿਰਲੇਖ ਅਧੀਨ ਅਗਲੀ ਕੜੀ ਵਿਚ ਪੇਸ਼ ਕੀਤਾ ਜਾਵੇਗਾ।

ਮੈਂ 'ਪੌਂ ਬਾਰਾਂ' ਵਾਲੇ ਪੌਂ ਲਈ ਮੋਨੀਅਰ ਵਿਲੀਅਮਜ਼ ਦਾ ਹਵਾਲਾ ਦਿੱਤਾ ਜਿਸ ਅਨੁਸਾਰ ਇਹ ਸ਼ਬਦ ਸੰਸਕ੍ਰਿਤ ਪ੍ਰਹਾ ਤੋਂ ਬਣਿਆ ਲਗਦਾ ਹੈ, 'ਪ੍ਰਹਾ -A good throw at dice, any gain or advantage.' ਇਹ ਪ੍ਰ+ਹੰਤ (ਹੰਤ= ਮਾਰਨਾ) ਤੋਂ ਬਣਿਆ ਹੈ।

ਅਜਿਤ ਨੇ ਮੇਰੀ ਹਾਮੀ ਭਰੀ, "ਗੱਲ ਵਿਚ ਦਮ ਹੈ ਕਿਉਂਕਿ ਸੁੱਟਣ ਦੇ ਅਰਥ ਵਿਚ ਪਾਸਾ ਸ਼ਬਦ ਦੀ ਵਿਉਤਪਤੀ ਪਾਸ਼ਕ ਤੋਂ ਹੈ। ਪਾਸ਼ਕ ਉਹ ਗੋਟੀ ਹੈ ਜਿਸ 'ਤੇ ਲੱਗੀਆਂ ਬਿੰਦੀਆਂ ਦੇ ਜ਼ਰੀਏ ਇਹ ਨਿਰਧਾਰਤ ਹੁੰਦਾ ਹੈ ਕਿ ਕਿੰਨੀ ਚਾਲ ਚੱਲਣੀ ਹੈ। ਪਰ ਚਾਲ ਦੇ ਅਰਥ ਵਿਚ ਜੋ ਵਿਅੰਜਨਾ ਪਾਦ ਵਿਚ ਨਜ਼ਰ ਆ ਰਹੀ ਹੈ, ਉਸ ਵਿਚ ਵੀ ਵਜ਼ਨ ਹੈ। ਬਾਰਾਂ ਦਾ ਪਾਸਾ ਪੈਣ ਦੇ ਅਰਥ ਵਿਚ ਪੌਂ ਬਾਰਾਂ ਠੀਕ ਹੈ। ਏਥੇ ਪਾਸੇ ਤੋਂ ਹੀ ਤਾਤਪਰਜ ਹੈ।"

ਮੈਂ ਜਵਾਬ ਦਿੱਤਾ, "ਸ਼ਾਇਦ ਪਾਸੇ ਵਿਚ ਲੱਗੇ ਨਿਸ਼ਾਨਾਂ ਵਿਚ ਚੰਗਾ ਮਿਲਣ ਦਾ ਅਰਥ ਹੈ ਜਿਵੇਂ ਜੋਤਿਸ਼ ਵਿਚ ਲਗਨ ਹੁੰਦਾ ਹੈ। ਪਾਸੇ ਦੇ ਨਿਸ਼ਾਨਾਂ ਵੱਲ ਧਿਆਨ ਦੇਵੋ, ਨਾ ਕਿ ਪਾਂਵ ਵੱਲ।" ਪਰ ਅਭਯ ਤਿਵਾੜੀ ਦਾ ਕਹਿਣਾ ਸੀ ਕਿ ਪੌ ਦਾ ਅਰਥ ਇਕ ਹੀ ਹੈ। ਕਿਸੇ ਵੀ ਚੰਗੇ ਦਾਅ ਨੂੰ ਪੌ ਨਹੀਂ ਕਹਿੰਦੇ। ਪੌ ਬਾਰਾਂ ਜ਼ਰੂਰ ਅੱਛਾ ਦਾਅ ਹੈ ਜਿਵੇਂ ਛੱਕਾ। ਇਸ ਨਜ਼ਰ ਤੋਂ ਪੌ ਦਾ ਅਰਥ ਪਾਦ ਅਰਥਾਤ ਇਕ ਕਦਮ ਹੀ ਠੀਕ ਬੈਠਦਾ ਹੈ।

# ਫੁੱਟਬਾਲ ਦੇ ਮੈਦਾਨ ਤੋਂ ਰਾਸ਼ਟਰਪਤੀ ਦੇ ਅਹੁਦੇ ਤੱਕ: ਜਾਰਜ ਵੇਅਹ

ਪਰਦੀਪ, ਸੈਨ ਹੋਜੇ
ਫੋਨ: 408-540-4547

ਹੁਣੇ ਹੁਣੇ ਅਫਰੀਕੀ ਦੇਸ਼ ਲਾਇਬੇਰੀਆ ਦੀਆਂ ਚੋਣਾਂ ਹੋਈਆਂ ਹਨ। ਚੋਣਾਂ ਜਿੱਤ ਕੇ ਰਾਸ਼ਟਰਪਤੀ ਬਣਿਆ ਆਗੂ ਜਾਰਜ ਵੇਅਹ ਕਦੇ ਫੁਟਬਾਲ ਦਾ ਬਾਦਸ਼ਾਹ ਹੁੰਦਾ ਸੀ। ਉਹਦਾ ਜਨਮ ਪਹਿਲੀ ਅਕਤੂਬਰ 1966 ਨੂੰ ਕਲਾਰਾ ਟਾਊਨ ਜੋ ਲਾਇਬੇਰੀਆ ਦੀ ਰਾਜਧਾਨੀ ਮਨਰੋਵੀਆ ਤੋਂ ਥੋੜ੍ਹਾ ਬਾਹਰਵਾਰ ਹੈ, ਵਿਚ ਹੋਇਆ। ਜਾਰਜ ਦਾ ਬਚਪਨ ਝੋਂਪੜੀਆਂ ਵਿਚ ਗੁਜ਼ਰਿਆ। ਮਾਂ-ਬਾਪ ਦੇ ਅਲੱਗ ਹੋਣ ਪਿਛੋਂ ਜਾਰਜ ਦੀ ਦਾਦੀ ਏਮਾ ਬਰਾਊਨ ਨੇ ਪਰਿਵਾਰ ਦੇ ਹੋਰ ਬੱਚਿਆਂ ਨਾਲ ਉਸ ਦਾ ਪਾਲਣ ਪੋਸਣ ਕੀਤਾ।

ਜਾਰਜ ਨੇ ਹਾਈ ਸਕੂਲ ਦੀ ਪੜ੍ਹਾਈ ਵਿਚਾਲੇ ਹੀ ਛੱਡ ਕੇ ਫੁਟਬਾਲ ਖੇਡਣਾ ਸ਼ੁਰੂ ਕਰ ਦਿੱਤਾ। ਆਪਣੀ ਫੁੱਟਬਾਲ ਕਲਾ ਕਰ ਕੇ ਉਹ ਸਥਾਨਕ ਕਲੱਬਾਂ ਲਈ ਖੇਡਣ ਲੱਗਾ। ਜਾਰਜ ਨੇ ਉਦੋਂ ਉਚੀ ਉਡਾਰੀ ਮਾਰੀ, ਜਦੋਂ ਫਰਾਂਸ ਦੀ ਮਸ਼ਹੂਰ ਕਲੱਬ ਮਨਾਕੋ ਨੇ ਉਸ ਨੂੰ ਖੇਡਣ ਦਾ ਸੱਦਾ ਦਿਤਾ। ਉਸ ਸਮੇਂ ਮਨਾਕੋ ਦਾ ਕੋਚ ਅਰਸੇਨ ਵੈਂਗਰ ਸੀ, ਜੋ ਹੁਣ ਇੰਗਲੈਂਡ ਦੀ ਕਲੱਬ ਅਰਸਨਲ ਦਾ ਕੋਚ ਹੈ। ਕੋਚ ਵੱਲੋਂ ਕੀਤੀ ਮਦਦ ਕਰ ਕੇ ਜਾਰਜ ਉਸ ਦੀ ਬਹੁਤ ਇੱਜਤ ਕਰਦਾ ਹੈ। ਜਾਰਜ ਨੇ ਕੋਚ ਨੂੰ ਆਪਣੇ ਸਹੁੰ ਚੁੱਕ ਸਮਾਗਮ ਵਿਚ ਆਉਣ ਲਈ ਸੱਦਾ ਪੱਤਰ ਵੀ ਭੇਜਿਆ ਹੈ। ਮਨਾਕੋ ਕਲੱਬ ਤੋਂ ਸ਼ੁਰੂ ਕੀਤਾ ਸਫਰ ਉਸ ਨੂੰ ਉਚੀ ਉਡਾਣ 'ਤੇ ਲੈ ਗਿਆ। ਜਾਰਜ ਬਤੌਰ ਸਟਰਾਈਕਰ ਖੇਡਦਾ ਸੀ; ਇਸੇ ਕਰ ਕੇ ਉਸ ਨੇ ਅਨੇਕਾਂ ਖੂਬਸੂਰਤ ਗੋਲ ਕੀਤੇ। 1988 ਤੋਂ ਲੈ ਕੇ 2003 ਤੱਕ ਉਹ ਪੇਸ਼ੇਵਰ ਫੁਟਬਾਲਰ ਵਜੋਂ ਖੇਡਿਆ। ਉਹ ਯੂਰਪ ਦੀਆਂ ਕਈ ਮਸ਼ਹੂਰ ਕਲੱਬਾਂ ਲਈ ਵੀ ਖੇਡਿਆ ਜਿਨ੍ਹਾਂ ਵਿਚ ਮਨਾਕੋ, ਪੀ.ਐਸ.ਜੀ, ਮਰਸਾਈਲ, ਫਰਾਂਸ ਦੀਆਂ ਕਲੱਬਾਂ ਹਨ; ਏ.ਸੀ. ਮਿਲਾਨ ਇਟਲੀ ਅਤੇ ਚੈਲਸੀ, ਮਾਨਚੈਸਟਰ ਸਿਟੀ ਇੰਗਲੈਂਡ ਦੀਆਂ ਕਲੱਬਾਂ ਹਨ; ਜਾਰਜ ਅਲ-ਜਜ਼ੀਰਾ (ਯੂ.ਏ.ਈ.) ਸ਼ਾਮਲ ਹਨ। ਇਨ੍ਹਾਂ ਕਲੱਬਾਂ ਲਈ ਖੇਡਦਿਆਂ ਜਾਰਜ ਨੇ 411 ਮੈਚਾਂ ਵਿਚ 193 ਗੋਲ ਕੀਤੇ। ਲਾਇਬੇਰੀਆ ਲਈ ਉਸ ਨੇ 60 ਮੈਚ ਖੇਡੇ ਅਤੇ 22 ਗੋਲ ਕੀਤੇ। ਜਾਰਜ ਤਿੰਨ ਵਾਰੀ ਅਫਰੀਕਾ ਦਾ ਸਰਵੋਤਮ ਫੁਟਬਾਲਰ ਚੁਣਿਆ ਗਿਆ। 1995 ਵਿਚ ਜਾਰਜ ਨੂੰ ਦੁਨੀਆਂ ਦੇ ਸਰਵੋਤਮ ਫੁਟਬਾਲਰ ਦਾ ਸਨਮਾਨ ਮਿਲਿਆ। ਇਹ ਰੁਤਬੇ ਪਾਉਣ ਵਾਲਾ ਜਾਰਜ ਇਕੋ-ਇਕ ਅਫਰੀਕੀ ਖਿਡਾਰੀ ਹੈ। ਲਾਇਬੇਰੀਆ ਕਦੇ ਵੀ ਸੰਸਾਰ ਕੱਪ ਵਿਚ ਭਾਗ ਨਹੀਂ ਲੈ ਸਕਿਆ, ਇਸ ਕਰ ਕੇ ਜਾਰਜ ਕਦੇ ਵੀ ਸੰਸਾਰ ਕੱਪ ਵਿਚ ਨਹੀਂ ਖੇਡ ਸਕਿਆ।




*ਆਪਣੀ ਚੋਣ ਮੁਹਿੰਮ ਚਲਾ ਰਿਹਾ ਜਾਰਜ ਵੇਅਹ।*

ਜਾਰਜ ਦਾ ਨਾਮ ਉਨ੍ਹਾਂ ਤਿੰਨ ਮਹਾਨ ਫੁਟਬਾਲਰਾਂ ਵਿਚ ਆਉਂਦਾ ਹੈ, ਜੋ ਇਸ ਖੇਡ ਦਾ ਸਭ ਤੋਂ ਵੱਡਾ ਟੂਰਨਾਮੈਂਟ ਨਹੀਂ ਖੇਡੇ। ਦੂਜੇ ਦੋ ਖਿਡਾਰੀ ਹਨ-ਜਾਰਜ ਬੈਸਟ (ਆਇਰਲੈਂਡ) ਤੇ ਅਲਫਰੈਡੋ ਡੀ ਸਟੈਫਨੋ (ਅਰਜਨਟਾਈਨਾ-ਸਪੇਨ)। ਮਹਾਨ ਪੇਲੇ ਦੀ 100 ਮਹਾਨ ਫੁਟਬਾਲਰਾਂ ਦੀ ਸੂਚੀ ਵਿਚ ਜਾਰਜ ਦਾ ਨਾਮ ਵੀ ਸ਼ਾਮਲ ਹੈ। 2004 ਵਿਚ ਜਾਰਜ ਨੂੰ ਈ.ਐਸ.ਪੀ.ਵਾਈ. ਐਵਾਰਡ ਸ਼ੋਅ ਵਿਚ ਆਰਥਰ ਐਸ਼ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਉਹ ਸੰਯੁਕਤ ਰਾਸ਼ਟਰ ਲਈ ਗੁੱਡਵਿਲ ਅੰਬੈਸਡਰ ਵੀ ਰਿਹਾ।

ਖੇਡਣ ਤੋਂ ਪਿਛੋਂ ਜਾਰਜ ਨੇ ਮਿਆਮੀ (ਯੂ.ਐਸ.ਏ.) ਤੋਂ ਬਿਜਨੈਸ ਦੀ ਡਿਗਰੀ ਹਾਸਲ ਕੀਤੀ। ਅਮਰੀਕਾ ਵਿਚ ਹੀ ਉਸ ਨੇ ਜਮਾਇਕਨ-ਅਮਰੀਕਨ ਔਰਤ ਕਲਾਰ ਨਾਲ ਵਿਆਹ ਕਰਵਾਇਆ। ਜਾਰਜ ਦੇ ਤਿੰਨ ਬੱਚੇ ਹਨ। ਉਸ ਦਾ ਇਕ ਪੁੱਤਰ ਟਿਮਥੀ ਵੇਅਹ ਪਿਛਲੇ ਸਾਲ ਭਾਰਤ ਵਿਚ ਹੋਏ ਅੰਡਰ-17 ਸੰਸਾਰ ਕੱਪ ਵਿਚ ਅਮਰੀਕਾ ਦੀ ਟੀਮ ਵੱਲੋਂ ਖੇਡਿਆ ਸੀ। ਟਿਮਥੀ ਵੱਲੋਂ ਕੀਤੇ ਗਏ ਅਚੰਭੇ ਭਰੇ ਗੋਲਾਂ ਨੇ ਉਸ ਨੂੰ ਮਸ਼ਹੂਰ ਕਰ ਦਿੱਤਾ। ਉਸ ਦੀ ਇਸ ਖੂਬਸੂਰਤ ਖੇਡ ਕਰ ਕੇ ਫਰਾਂਸ ਦੀ ਕਲੱਬ ਪੀ.ਐਸ.ਜੀ. ਨੇ ਉਸ ਨੂੰ ਜੂਨੀਅਰ ਟੀਮ ਵਿਚ ਲੈ ਲਿਆ।

ਜਾਰਜ ਵੇਅਹ ਨੇ 22 ਜਨਵਰੀ ਨੂੰ ਲਾਇਬੇਰੀਆ ਦੇ ਰਾਸ਼ਟਰਪਤੀ ਵਜੋਂ ਸਹੁੰ ਚੁੱਕ ਲਈ, ਪਰ ਉਸ ਦਾ ਇਹ ਸਫਰ ਸੌਖਾ ਨਹੀਂ। ਲਾਇਬੇਰੀਆ ਦਹਾਕਿਆਂ ਤੋਂ ਚਲੀ ਆ ਰਹੀ ਖਾਨਾਜੰਗੀ, ਗਰੀਬੀ ਤੇ ਈਬੋਲਾ ਵਾਇਰਸ ਨਾਲ ਬੁਰੀ ਤਰ੍ਹਾਂ ਟੁੱਟ ਚੁਕਾ ਹੈ। ਮੰਜ਼ਿਲ ਔਖੀ ਅਤੇ ਰੁਕਾਵਟਾਂ ਭਰੀ ਹੈ, ਫਿਰ ਵੀ ਜਾਰਜ ਦੀ ਹਿੰਮਤ ਉਤੇ ਮਾਣ ਹੈ। ਆਸ ਅਤੇ ਦੁਆ ਕਰਦੇ ਹਾਂ ਕਿ ਫੁੱਟਬਾਲ ਦੇ ਬਾਦਸ਼ਾਹ ਤੋਂ ਦੇਸ਼ ਦਾ ਬਾਦਸ਼ਾਹ ਬਣ ਕੇ ਜਾਰਜ ਕਾਮਯਾਬ ਹੋਵੇ।

## ਸ਼ਿੰਗਾਰ

ਕੁਝ ਕੁ ਚੂੜੀਆਂ, ਹਰੀਆਂ, ਪੀਲੀਆਂ
ਛੋਟੀਆਂ ਝੁਮਕੀਆਂ ਸੁਨਹਿਰੀ ਰੰਗੀਲੀਆਂ।
ਪੈਰਾਂ ਦੀਆਂ ਝਾਂਜਰਾਂ ਬਹੁਤੀਆਂ ਛਣਕੀਲੀਆਂ
ਕਾਲਾ ਹੈ ਕਜਲਾ, ਅੱਖਾਂ ਨਸ਼ੀਲੀਆਂ।

ਪੈਰਾਂ ਦੀ ਝਾਂਜਰ ਅੱਗੇ ਵਧਣ ਨਾ ਦਿੰਦੀ
ਮਹਿੰਦੀ ਵਾਲੇ ਹੱਥਾਂ ਵਿਚ ਹਿੰਮਤ ਨਾ ਪੈਂਦੀ।
ਦਿੰਦੀ ਨਾ ਹੌਸਲਾ ਸੂਰਮੇ ਦੀ ਲਾਸ਼ ਕੋਈ
ਸੋਚਣ ਨਾ ਦਿੰਦੀ ਜੋ ਬਿੰਦੀ ਮੱਥੇ ਚਮਕੋਈ।

ਕਿਉਂ ਹੈ ਸ਼ਿੰਗਾਰੀ, ਕਿਉਂ ਹੈ ਸਵਾਰੀ
ਕਿਹੜੀਆਂ ਨੇ ਵਿੱਥਾਂ ਕਿਥੋਂ ਦੀ ਤਿਆਰੀ।

ਇਕ ਰੂਪ ਸੋਹਣਾ, ਆਪਣੇ ਅੰਦਰ ਜੇ ਵੇਖਾਂ
ਫਿਰ ਤਨ ਦੇ ਸ਼ਿੰਗਾਰ ਦਾ ਕਿਹਨੂੰ ਦੇਵਾਂ ਲੇਖਾ।

ਧਰਤੀ ਦਾ ਬੋਝਾ ਕੱਢ ਤਨ 'ਤੇ ਹੈ ਪਾ 'ਤਾ
ਗੂੰਗੀ ਮੂਰਤ ਵਾਂਗ ਜੜ੍ਹ ਸ਼ੀਸ਼ੇ 'ਚ ਬਿਠਾ 'ਤਾ।
ਬੁੱਲ੍ਹਾਂ 'ਤੇ ਦੰਦਾਸਾ ਮਲ ਚਮਕਾ 'ਤਾ
ਜੀਭ ਤੇ ਸੋਚ ਨੂੰ ਜਿੰਦਰਾ ਹੈ ਲਾ 'ਤਾ।

ਚੂੜੀਆਂ, ਝੁਮਕੀਆਂ ਤੇ ਝਾਂਜਰਾਂ ਛਣਕੀਲੀਆਂ
ਕਾਲਾ ਹੈ ਕਜਲਾ, ਅੱਖਾਂ ਨਸ਼ੀਲੀਆਂ।
ਪਰ ਕਜਲੇ ਦੀਆਂ ਤਾਂ ਐਵੇਂ ਪਨਸੇਰੀਆਂ
ਤਨਾਂ 'ਤੇ ਹੈ ਬੋਝਾ, ਰੂਹਾਂ ਘੁਮੇਰੀਆਂ।

*-ਗੁਰਪ੍ਰੀਤ ਕੌਰ ਪਨੇਸਰ*
*ਫੋਨ: 469-925-4767*

# ਮਨਫੀ ਹੋਇਆ ਦੇਸ਼ ਭਗਤੀ ਜਜ਼ਬੇ ਵਾਲਾ ਭਾਰਤੀ ਸਿਨਮਾ

ਸੁਰਜੀਤ ਜੱਸਲ
ਫੋਨ: 91-98146-07737


ਦੇਸ਼ ਭਗਤੀ ਦੇ ਗੀਤ ਮੁੱਢ ਤੋਂ ਹੀ ਹਿੰਦੀ ਫਿਲਮਾਂ ਦਾ ਅਹਿਮ ਹਿੱਸਾ ਰਹੇ ਹਨ। ਦੇਸ਼ ਭਗਤੀ ਦੀਆਂ ਫਿਲਮਾਂ ਦਾ ਦੌਰ ਆਜ਼ਾਦੀ ਤੋਂ ਪਹਿਲਾਂ ਵੀ ਅਤੇ ਬਾਅਦ ਵੀ ਬਰਕਰਾਰ ਰਿਹਾ। ਇਨ੍ਹਾਂ ਫਿਲਮਾਂ ਦਾ ਜਾਦੂ ਦਰਸ਼ਕਾਂ ਦੇ ਸਿਰ ਚੜ੍ਹ ਕੇ ਬੋਲਿਆ। ਇਥੋਂ ਤੱਕ ਵਿਕਰਮ ਚੰਦ ਚੱਟੋਪਾਧਿਆਏ ਦੀ ਲਿਖਤ 'ਆਨੰਦਮੱਠ 'ਤੇ ਬਣੀ ਫਿਲਮ ਦੇ ਗੀਤ 'ਵੰਦੇ ਮਾਤਰਮ' ਨੇ ਏਨੀ ਲੋਕਪ੍ਰਿਅਤਾ ਹਾਸਿਲ ਕਰ ਲਈ ਕਿ ਬਾਅਦ 'ਚ ਇਸ ਗੀਤ ਨੂੰ ਦੇਸ਼ ਦਾ ਰਾਸ਼ਟਰੀ ਗੀਤ ਬਣਾਇਆ ਗਿਆ। ਇਸ ਗੀਤ ਨੇ ਜੰਗੇ-ਆਜ਼ਾਦੀ ਦੇ ਸੈਨਿਕਾਂ 'ਚ ਜੋਸ਼ ਭਰ ਦਿੱਤਾ ਸੀ।

1940 'ਚ ਰਿਲੀਜ਼ ਹੋਈ ਬੰਬੈ ਟਾਕੀਜ਼ ਦੀ ਫਿਲਮ 'ਬੰਧਨ' ਦਾ ਅਸ਼ੋਕ ਕੁਮਾਰ ਤੇ ਲੀਲਾ ਚਿਟਨਿੱਸ ਦਾ ਗਾਇਆ ਗੀਤ 'ਚੱਲ ਚੱਲ ਰੇ ਨੌਜਵਾਨ, ਜੀਨਾ ਤੇਰਾ ਕਾਮ ਨਹੀਂ, ਮਰਨਾ ਤੇਰੀ ਸ਼ਾਨ' ਨੇ ਮਹਾਤਮਾ ਗਾਂਧੀ ਦੀ ਅਗਵਾਈ ਹੋਰ ਵੀ ਤੇਜ਼ ਕਰ ਦਿੱਤੀ ਸੀ। ਇਹ ਉਹ ਦੌਰ ਸੀ ਜਦ ਰਾਸ਼ਟਰ ਪਿਤਾ ਦੀ ਆਵਾਜ਼ ਨਾਲ ਲੱਖਾਂ ਲੋਕਾਂ ਦੀ ਆਵਾਜ਼ ਇੱਕ ਨਾਅਰਾ ਬਣ ਕੇ ਗੂੰਜੀ ਸੀ। ਮਹਾਤਮਾ ਗਾਂਧੀ ਨੇ 1942 ਵਿਚ 'ਅੰਗਰੇਜ਼ੋ ਭਾਰਤ ਛੱਡੋ' ਦਾ ਨਾਅਰਾ ਦਿੱਤਾ ਸੀ ਤੇ 1943 ਵਿਚ ਫਿਲਮ 'ਕਿਸਮਤ' ਰਿਲੀਜ਼ ਹੋਈ। ਪੰਡਿਤ ਪ੍ਰਦੀਪ ਦੇ ਲਿਖੇ ਗੀਤਾਂ ਅਤੇ ਅਨਿਲ ਵਿਸ਼ਵਾਸ ਦੇ ਸੰਗੀਤ ਵਿਚ ਸਜੀ ਇਸ ਫਿਲਮ ਦੇ ਗੀਤ 'ਦੂਰ ਹਟੋ ਐ ਦੁਨੀਆਂ ਵਾਲੋ, ਹਿੰਦੁਸਤਾਨ ਹਮਾਰਾ ਹੈ' ਨੇ ਧੁੰਮਾਂ ਪਾ ਦਿੱਤੀਆਂ।

ਜਦੋਂ ਦੇਸ਼ ਆਜ਼ਾਦ ਹੋਇਆ ਤਾਂ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਲਈ ਫਿਲਮਸਤਾਨ ਸਟੂਡੀਓ ਵਲੋਂ ਇੱਕ ਫਿਲਮ 'ਸ਼ਹੀਦ' ਬਣਾਈ ਗਈ ਜਿਸ ਵਿਚ ਦਲੀਪ ਕੁਮਾਰ ਅਤੇ ਕਾਮਨੀ ਕੌਸ਼ਲ ਨੇ ਅਹਿਮ ਕਿਰਦਾਰ ਨਿਭਾਏ। ਇਸ ਦਾ ਗੀਤ 'ਵਤਨ ਕੀ ਰਾਹ ਪੇ ਵਤਨ ਕੇ ਨੌਜਵਾਨ ਸ਼ਹੀਦ' ਬੇਹੱਦ ਮਕਬੂਲ ਹੋਇਆ। ਫਿਲਮ 'ਜਾਗ੍ਰਤੀ' ਵੀ ਅਮਰ ਗੀਤਾਂ ਸਦਕਾ ਸੁਪਰਹਿੱਟ ਸਾਬਿਤ ਹੋਈ। ਪੰਡਿਤ ਪ੍ਰਦੀਪ ਦੇ ਲਿਖੇ ਇਨ੍ਹਾਂ ਗੀਤਾਂ ਵਿਚੋਂ ਤਿੰਨ ਗੀਤ ਤਾਂ ਬੇਹੱਦ ਮਕਬੂਲ ਰਹੇ, 'ਦੇ ਦੀ ਹਮੇ ਆਜ਼ਾਦੀ ਬਿਨਾ ਖੜਗ ਬਿਨਾ ਢਾਲ', 'ਹਮ ਲਾਏ ਹੈਂ ਤੂਫਾਨ ਸੇ ਕਸ਼ਤੀ ਨਿਕਾਲ ਕੇ' ਅਤੇ 'ਆਓ ਬੱਚੋ ਤੁਮਹੇ ਦਿਖਾਏ ਝਾਕੀ ਹਿੰਦੁਸਤਾਨ ਕੀ।' ਫਿਲਮ ਕਾਬਲੀਵਾਲਾ (1957) ਦੇ ਗੀਤ ਵੀ ਕਦੇ ਭੁਲਾਏ ਨਹੀਂ ਜਾ ਸਕਦੇ। ਮੰਨਾ ਡੇ ਦਾ ਗਾਇਆ ਇਹ ਗੀਤ 'ਐ ਮੇਰੇ ਪਿਆਰੇ ਵਤਨ' ਵੀ ਲੋਕਾਂ ਦੀ ਜ਼ੁਬਾਨ 'ਤੇ ਚੜ੍ਹਿਆ। ਸੰਗੀਤਕਾਰ ਨੌਸ਼ਾਦ ਅਲੀ ਅਤੇ ਗੀਤਕਾਰ ਸ਼ੁਕੀਲ ਬਿਦਾਯੁਨੀ ਦੀ ਜੋੜੀ ਨੇ ਸਭ ਤੋਂ ਵੱਧ ਹਿੱਟ ਗੀਤ ਦਿੱਤੇ। ਫਿਲਮ 'ਗੰਗਾ ਜਮਨਾ' (1961) ਦਾ ਗੀਤ 'ਨੰਨ੍ਹਾ-ਮੁੰਨ੍ਹਾ ਰਾਹੀ ਹੂੰ, ਦੇਸ਼ ਕਾ ਸਿਪਾਹੀ ਹੂੰ', ਫਿਲਮ 'ਲੀਡਰ' ਦਾ 'ਆਪਣੀ ਆਜ਼ਾਦੀ ਕੋ ਹਮ ਹਰਗਿਜ਼ ਭੁਲਾ ਸਕਤੇ ਨਹੀਂ' ਅਤੇ ਫਿਲਮ 'ਨਯਾ ਦੌਰ' ਦਾ ਗੀਤ 'ਯੇ ਦੇਸ਼ ਹੈ ਵੀਰ ਜਵਾਨੋਂ ਕਾ' ਵੀ ਖ਼ੂਬ ਮਕਬੂਲ ਹੋਏ।



ਦੇਸ਼ ਭਗਤੀ ਦੇ ਸਭ ਤੋਂ ਵੱਧ ਗੀਤ ਲਿਖਣ ਵਾਲਾ ਪੰਡਿਤ ਪਰਦੀਪ




ਫਿਲਮ 'ਸ਼ਹੀਦ' ਦਾ ਪੋਸਟਰ

ਭਾਰਤ ਤੇ ਚੀਨ ਵਿਚਾਲੇ 1962 'ਚ ਹੋਈ ਜੰਗ ਸਬੰਧੀ 1964 ਵਿਚ ਰਿਲੀਜ਼ ਹੋਈ ਯਾਦਗਰ ਫਿਲਮ 'ਹਕੀਕਤ' ਸਰਕਾਰੀ ਮਦਦ ਨਾਲ ਬਣੀ ਸੀ। ਇਸ ਦੇ ਸਾਰੇ ਗੀਤ ਚਰਚਿਤ ਰਹੇ। ਪਰ ਕੈਫੀ ਆਜ਼ਮੀ ਦਾ ਲਿਖਿਆ ਤੇ ਮਦਨ ਮੋਹਨ ਦਾ ਸੰਗੀਤਬੱਧ ਕੀਤਾ ਗੀਤ 'ਕਰ ਚਲੇ ਹਮ ਫਿਦਾ ਜਾਨੇ ਤਨ ਸਾਥੀਓ' ਹਰੇਕ ਇਕ ਦੀ ਜ਼ੁਬਾਨ 'ਤੇ ਚੜ੍ਹ ਗਿਆ।

ਦਾਰਾ ਸਿੰਘ ਦੀ ਫਿਲਮ 'ਸਿਕੰਦਰ-ਏ-ਆਜ਼ਮ' ਦਾ ਗੀਤ 'ਜਹਾਂ ਡਾਲ ਡਾਲ ਪਰ ਸੋਨੇ ਕੀ ਚਿੜੀਆ ਕਰਤੀ ਹੈ ਬਸੇਰਾ, ਵੋਹ ਭਾਰਤ ਦੇਸ਼ ਹੈ ਮੇਰਾ' ਅਤੇ ਫਿਲਮ 'ਉਪਕਾਰ' (1967) ਦੇ ਗੀਤਾਂ ਨੇ ਪੂਰੇ ਭਾਰਤ ਵਿਚ ਧੁੰਮਾਂ ਪਾਈਆਂ। 'ਮੇਰੇ ਦੇਸ਼ ਕੀ ਧਰਤੀ ਸੋਨਾ ਉਗਲੇ' ਗੀਤ ਕਾਫੀ ਮਕਬੂਲ ਹੋਇਆ। ਬਹੁਤ ਸਾਰੀਆਂ ਫਿਲਮਾਂ ਅਜਿਹੀਆਂ ਸਨ ਜਿਨ੍ਹਾਂ ਦਾ ਵਿਸ਼ਾ ਵਸਤੂ ਦੇਸ਼ ਪ੍ਰੇਮ 'ਤੇ ਕੇਂਦਰਿਤ ਨਹੀਂ ਸੀ, ਫਿਰ ਵੀ ਉਨ੍ਹਾਂ ਵਿਚ ਘੱਟੋ ਘੱਟ ਇੱਕ ਗੀਤ ਅਜਿਹਾ ਹੁੰਦਾ ਜੋ ਦੇਸ਼ ਭਗਤੀ ਦੀਆਂ ਤਰੰਗਾਂ ਛੇੜਦਾ। ਜਿਸ ਗੀਤ ਨੂੰ ਦੇਸ਼ ਭਗਤੀ ਦਾ ਜਜ਼ਬਾ ਪੈਦਾ ਕਰਨ ਅਤੇ ਦੇਸ਼ ਲਈ ਆਪਾ ਵਾਰਨ ਦੀ ਪ੍ਰੇਰਣਾ ਦੇਣ ਦੀ ਉਤਮ ਮਿਸ਼ਾਲ ਮੰਨਿਆ ਜਾਂਦਾ ਹੈ, ਉਹ 1962 ਵਿਚ ਭਾਰਤ ਉਪਰ ਚੀਨੀ ਹਮਲੇ ਅਤੇ ਇਸ ਵਿਚ ਭਾਰਤੀ ਫੌਜੀਆਂ ਵਲੋਂ ਦਿੱਤੀਆਂ ਸ਼ਹਾਦਤਾਂ ਦੇ ਪ੍ਰਤੀਕਰਮ ਵਜੋਂ ਸਿਰਜਿਆ ਗਿਆ ਸੀ, 'ਐ ਮੇਰੇ ਵਤਨ ਕੇ ਲੋਗੋ ਜ਼ਰਾ ਆਂਖ ਮੇ ਭਰ ਲੋ ਪਾਨੀ, ਜੋ ਸ਼ਹੀਦ ਹੂਏ ਹੈਂ ਉਨਕੀ ਜ਼ਰਾ ਯਾਦ ਕਰੋ ਕੁਰਬਾਨੀ।' ਇਹ ਗੀਤ ਪੰਡਿਤ ਪ੍ਰਦੀਪ ਨੇ ਲਿਖਿਆ ਸੀ। ਇਹ ਕਿਸੇ ਫਿਲਮ ਦਾ ਗੀਤ ਨਹੀਂ ਸੀ। ਇਸ ਦੀ ਧੁਨ ਸੰਗੀਤਕਾਰ ਸੀ. ਰਾਮਚੰਦਰ ਨੇ ਤਿਆਰ ਕੀਤੀ ਸੀ। ਪਹਿਲਾਂ ਇਹ ਗੀਤ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਦੀ ਹਾਜ਼ਰੀ ਵਿਚ ਲਤਾ ਮੰਗੇਸ਼ਕਰ ਤੇ ਆਸ਼ਾ ਭੌਂਸਲੇ ਤੋਂ ਗਵਾਉਣਾ ਸੀ, ਪਰ ਆਖਰੀ ਮੌਕੇ ਇਹ ਗੀਤ ਲਤਾ ਮੰਗੇਸ਼ਕਰ ਤੋਂ ਹੀ ਗਵਾਇਆ ਗਿਆ। ਕਿਹਾ ਜਾਂਦਾ ਹੈ ਕਿ ਗੀਤ ਸੁਣ ਕੇ ਪੰਡਿਤ ਨਹਿਰੂ ਦੀਆਂ ਅੱਖਾਂ ਨਮ ਹੋ ਗਈਆਂ ਸਨ।

ਕੁਝ ਸਾਲ ਪਹਿਲਾਂ ਦੇਸ਼ ਭਗਤੀ ਦੀਆਂ ਫਿਲਮਾਂ ਦਾ ਸਿਲਸਿਲਾ ਮੁੜ ਸ਼ੁਰੂ ਹੋਇਆ ਤਾਂ 'ਬਾਰਡਰ', 'ਸ਼ਹੀਦੇ-ਆਜ਼ਮ: ਦਾ ਲਿਜੈਂਡ ਆਫ ਭਗਤ ਸਿੰਘ', '23 ਮਾਰਚ 1931', 'ਸ਼ਹੀਦ' ਆਦਿ ਫਿਲਮਾਂ ਰਾਹੀਂ ਦੇਸ਼ ਭਗਤੀ ਦਾ ਜਜ਼ਬਾ ਜਗਾਉਣ ਦੀ ਕੋਸ਼ਿਸ਼ ਕੀਤੀ ਗਈ। ਇਨ੍ਹਾਂ ਫਿਲਮਾਂ ਨੇ ਕਹਾਣੀ ਅਤੇ ਅਦਾਕਾਰੀ ਪੱਖੋਂ ਤਾਂ ਪ੍ਰਸਿੱਧੀ ਹਾਸਿਲ ਕੀਤੀ ਪਰ ਗੀਤ ਬਹੁਤ ਮਕਬੂਲੀਅਤ ਨਾ ਲੈ ਸਕੇ। ਜਿਉਂ ਜਿਉਂ ਦੇਸ਼ ਦੀ ਆਜ਼ਾਦੀ ਦੀਆਂ ਤਸਵੀਰਾਂ ਧੁੰਦਲੀਆਂ ਪੈ ਰਹੀਆਂ ਹਨ, ਫਿਲਮੀ ਪਰਦੇ ਤੋਂ ਦੇਸ਼ ਭਗਤੀ ਦੀਆਂ ਫਿਲਮਾਂ ਦਾ ਕੱਦ ਬੌਣਾ ਹੁੰਦਾ ਜਾ ਰਿਹਾ ਹੈ।

# ਹੁਣ ਫਾਤਿਮਾ ਸਨਾ ਸ਼ੇਖ ਦੀ 'ਜ਼ਮਾਨਤ'



ਇਕ ਫ਼ਿਲਮ ਤੋਂ ਕਿਸਮਤ ਕਿਵੇਂ ਚਮਕਦੀ ਹੈ, ਇਸ ਦਾ ਉਦਾਹਰਣ ਹੈ 'ਦੰਗਲ' ਵਾਲੀ ਕੁੜੀ ਫਾਤਿਮਾ ਸਨਾ ਸ਼ੇਖ। 'ਦੰਗਲ' ਦੀ ਕਾਮਯਾਬੀ ਨੇ ਜਿਥੇ ਉਸ ਨੂੰ ਕੌਮਾਂਤਰੀ ਪੱਧਰ ਉਤੇ ਪ੍ਰਸਿਧ ਕੀਤਾ ਹੈ, ਉਥੇ ਬਾਲੀਵੁੱਡ ਨਿਰਮਾਤਾ-ਨਿਰਦੇਸ਼ਕ ਵੀ ਉਸ ਨੂੰ ਗੰਭੀਰਤਾ ਨਾਲ ਲੈਣ ਲੱਗੇ ਹਨ। ਹੁਣ ਉਸ ਨੂੰ ਨਿਰਦੇਸ਼ਕ ਐਸ. ਰਾਮਾਨਾਥਨ ਦੀ ਫ਼ਿਲਮ 'ਜ਼ਮਾਨਤ: ਜਸਟਿਸ ਫਾਰ ਆਲ' ਵਿਚ ਅਮਿਤਾਭ ਬੱਚਨ ਨਾਲ ਕੰਮ ਕਰਨ ਦਾ ਮੌਕਾ ਮਿਲਿਆ ਹੈ। ਇਹ ਅਜਿਹੇ ਵਕੀਲ ਦੀ ਰੁਮਾਂਟਿਕ ਕਹਾਣੀ ਹੈ ਜਿਸ ਦੀਆਂ ਅੱਖਾਂ ਦੀ ਰੌਸ਼ਨੀ ਦੁਰਘਟਨਾ ਵਿਚ ਗੁਆਚ ਜਾਂਦੀ ਹੈ। ਇਸ ਫ਼ਿਲਮ ਵਿਚ ਅਰਸ਼ਦ ਵਾਰਸੀ, ਵਿਜਯਾਸ਼ਾਂਤੀ, ਕ੍ਰਿਸ਼ਮਾ ਕਪੂਰ, ਅਨੁਪਮ ਖੇਰ, ਪ੍ਰਕਾਸ਼ ਰਾਜ, ਟੀਨੂ ਆਨੰਦ ਵਰਗੇ ਕਲਾਕਾਰ ਵੀ ਮਹੱਤਵਪੂਰਨ ਭੂਮਿਕਾਵਾਂ ਨਿਭਾਅ ਰਹੇ ਹਨ।

ਫਾਤਿਮਾ ਨੂੰ ਮਾਣ ਹੈ ਕਿ ਉਸ ਨੂੰ 'ਦੰਗਲ', 'ਠੱਗਜ਼ ਆਫ ਹਿੰਦੁਸਤਾਨ' ਅਤੇ 'ਜ਼ਮਾਨਤ: ਜਸਟਿਸ ਫਾਰ ਆਲ' ਵਿਚ ਆਮਿਰ ਖਾਨ ਅਤੇ ਹੁਣ ਅਮਿਤਾਭ ਬੱਚਨ ਨਾਲ ਕੰਮ ਕਰਨ ਦਾ ਮੌਕਾ ਮਿਲਿਆ ਹੈ। ਦੋਹਾਂ ਕਲਾਕਾਰਾਂ ਤੋਂ ਉਸ ਨੇ ਬੜਾ ਕੁਝ ਸਿਖਿਆ ਹੈ। ਉਹ ਦੱਸਦੀ ਹੈ ਕਿ ਉਸ ਦੇ ਚਿੱਤ-ਚੇਤੇ ਵੀ ਨਹੀਂ ਸੀ ਕਿ ਉਸ ਨੂੰ ਇੰਨੀ ਜਲਦੀ ਇਨ੍ਹਾਂ ਕਲਾਕਾਰਾਂ ਨਾਲ ਕੰਮ ਕਰਨ ਦਾ ਮੌਕਾ ਮਿਲੇਗਾ। ਫਿਲਮ 'ਠੱਗਜ਼ ਆਫ ਹਿੰਦੁਸਤਾਨ' ਵਿਚ ਆਪਣੇ ਕਿਰਦਾਰ ਬਾਰੇ ਉਸ ਦਾ ਕਹਿਣਾ ਸੀ ਕਿ ਉਸ ਦਾ ਕਿਰਦਾਰ ਯੋਧਾ ਕੁੜੀ ਦਾ ਹੈ ਜੋ ਆਮਿਰ ਖ਼ਾਨ ਨਾਲ ਪ੍ਰੇਮ ਕਰਦੀ ਹੈ। ਇਹ ਕਿਰਦਾਰ ਨਿਭਾਉਣ ਲਈ ਉਸ ਨੇ ਤਲਵਾਰਬਾਜ਼ੀ ਅਤੇ ਤੀਰਅੰਦਾਜ਼ੀ ਵੀ ਸਿੱਖੀ। ਇਸ ਵਿਚ ਆਮਿਰ ਖ਼ਾਨ, ਅਮਿਤਾਭ ਬੱਚਨ ਅਤੇ ਉਸ ਤੋਂ ਇਲਾਵਾ ਕੈਟਰੀਨਾ ਕੈਫ ਵੀ ਮੁੱਖ ਭੂਮਿਕਾ ਵਿਚ ਹੈ। ਇਹ ਫ਼ਿਲਮ ਇਸੇ ਸਾਲ ਦੀਵਾਲੀ ਮੌਕੇ ਰਿਲੀਜ਼ ਹੋਣੀ ਹੈ।

# 'ਖਾਮੋਸ਼ ਪਾਣੀ' ਬੋਲਦਾ ਹੈ...

2003 ਵਿਚ ਬਣੀ ਪੰਜਾਬੀ ਦੀ ਬਿਹਤਰੀਨ ਫਿਲਮ 'ਖਾਮੋਸ਼ ਪਾਣੀ' ਅਜਿਹੀ ਸਿੱਖ ਔਰਤ ਦੀ ਕਹਾਣੀ ਹੈ ਜਿਸ ਨੂੰ 1947 ਦੇ ਰੌਲਿਆਂ ਵੇਲੇ ਅਗਵਾ ਕਰਨ ਤੋਂ ਬਾਅਦ ਉਸ ਦੇ ਅਗਵਾਕਾਰ ਨੇ ਉਸ ਨਾਲ ਵਿਆਹ ਕਰਵਾ ਲਿਆ ਸੀ। ਵਿਆਹ ਕਰਨ ਤੋਂ ਪਹਿਲਾਂ ਉਸ ਦਾ ਧਰਮ ਬਦਲ ਕੇ ਉਸ ਦਾ ਨਾਂ ਆਇਸ਼ਾ ਰੱਖਿਆ ਗਿਆ ਸੀ। ਰੌਲਿਆਂ ਪਿਛੋਂ ਆਪਣੇ ਆਪ ਨੂੰ ਨਵੇਂ ਹਾਲਾਤ ਅਨੁਸਾਰ, ਢਾਲਣ ਤੋਂ ਬਾਅਦ ਆਇਸ਼ਾ ਪਾਕਿਸਤਾਨ ਵਿਚ ਪੰਜਾ ਸਾਹਿਬ ਦੇ ਲਾਗਲੇ ਪਿੰਡ ਚਰਖੀ ਵਿਚ ਆਪਣੇ ਪਤੀ ਨਾਲ ਰਹਿਣ ਲੱਗ ਪੈਂਦੀ ਹੈ। ਉਹ ਆਪਣੇ ਚੰਗੇ ਸੁਭਾਅ ਕਾਰਨ ਪਿੰਡ ਵਿਚ ਸਤਿਕਾਰਯੋਗ ਥਾਂ ਬਣਾ ਲੈਂਦੀ ਹੈ ਅਤੇ ਪਿੰਡ ਵਿਚ ਸਾਦੀ ਪਰ ਸ਼ਾਂਤ ਜ਼ਿੰਦਗੀ ਜਿਉਣਾ ਸ਼ੁਰੂ ਕਰ ਦਿੰਦੀ ਹੈ।



ਪਰ ਉਸ ਦੇ ਚੰਗੇ ਹਾਲਾਤ ਹਮੇਸ਼ਾ ਨਹੀਂ ਰਹਿੰਦੇ। ਜਦੋਂ ਸੰਨ 1979 ਵਿਚ ਪਾਕਿਸਤਾਨ ਦਾ ਹੁਕਮਰਾਨ ਜ਼ਿਆ-ਉਲ-ਹੱਕ ਪਾਕਿਸਤਾਨ ਦਾ ਇਸਲਾਮੀਕਰਨ ਕਰਨਾ ਸ਼ੁਰੂ ਕਰਦਾ ਹੈ ਤਾਂ ਆਇਸ਼ਾ ਦੀ ਸ਼ਾਂਤ ਜ਼ਿੰਦਗੀ ਵਿਚ ਖਲਬਲੀ ਪੈਦਾ ਹੋਣਾ ਸ਼ੁਰੂ ਹੋ ਜਾਂਦੀ ਹੈ। ਇਸ ਸਮੇਂ ਉਸ ਦਾ ਫੌਜੀ ਪਤੀ ਮਰ ਚੁੱਕਾ ਹੈ ਅਤੇ ਉਹ ਉਸ ਦੀ ਪੈਨਸ਼ਨ ਦੇ ਆਸਰੇ ਆਪਣੇ ਨੌਜਵਾਨ ਪੁੱਤਰ ਨਾਲ ਜੀਵਨ ਬਸਰ ਕਰ ਰਹੀ ਹੈ। ਹੋਰ ਕੰਮ ਕਰਨ ਦੇ ਨਾਲ ਨਾਲ ਉਹ ਆਪਣੇ ਗੁਜ਼ਾਰੇ ਲਈ ਪਿੰਡ ਦੀਆਂ ਬੱਚੀਆਂ ਨੂੰ ਕੁਰਾਨ ਵੀ ਪੜ੍ਹਾਉਂਦੀ ਹੈ, ਪਰ ਪਾਕਿਸਤਾਨ ਦਾ ਇਸਲਾਮੀਕਰਨ ਕਰਨ ਦੀ ਮੁਹਿੰਮ ਦੌਰਾਨ ਹਾਲਤ ਅਜਿਹੇ ਬਣ ਜਾਂਦੇ ਹਨ ਕਿ ਆਇਸ਼ਾ ਦੇ ਸੱਚੀ-ਸੁੱਚੀ ਮੁਸਲਮਾਨ ਹੋਣ ਉਤੇ ਸ਼ੱਕ ਕੀਤਾ ਜਾਣ ਲੱਗਦਾ ਹੈ। ਹੌਲੀ ਹੌਲੀ ਹਾਲਤ ਬਹੁਤ ਜ਼ਿਆਦਾ ਵਿਗੜ ਜਾਂਦੀ ਹੈ। ਅੰਤ ਵਿਚ ਆਇਸ਼ਾ ਉਹ ਕਦਮ ਚੁੱਕਣ ਲਈ ਮਜਬੂਰ ਹੋ ਜਾਂਦੀ ਹੈ, ਜਿਹੜਾ ਕਦਮ ਚੁੱਕਣ ਤੋਂ ਉਸ ਨੇ 1947 ਵਿਚ ਇਨਕਾਰ ਕੀਤਾ ਸੀ।

ਫਿਲਮ 'ਖਾਮੋਸ਼ ਪਾਣੀ' ਦਾ ਮੁੱਖ ਸੁਨੇਹਾ ਇਹ ਹੈ ਕਿ ਬੇਸ਼ਕ ਸਮਾਜ ਵਿਚ ਧਾਰਮਿਕ ਕੱਟੜਵਾਦ ਫੈਲਾਉਣ ਵਿਚ ਔਰਤਾਂ ਦੀ ਭੂਮਿਕਾ ਬਹੁਤ ਘੱਟ ਹੁੰਦੀ ਹੈ, ਫਿਰ ਵੀ ਉਨ੍ਹਾਂ ਨੂੰ ਇਸ ਕੱਟੜਵਾਦ ਦੇ ਜ਼ੁਲਮ ਦਾ ਸਭ ਤੋਂ ਵੱਧ ਸ਼ਿਕਾਰ ਹੋਣਾ ਪੈਂਦਾ ਹੈ। ਧਰਮ ਦੇ ਕੱਟੜ ਸਿਪਾਹੀ ਸਮਾਜ ਨੂੰ ਆਪਣੇ ਕੰਟਰੋਲ ਵਿਚ ਕਰਨ ਦੀ ਜਦੋਜਹਿਦ ਦੀ ਸ਼ੁਰੂਆਤ ਔਰਤਾਂ ਨੂੰ ਆਪਣੇ ਕੰਟਰੋਲ ਵਿਚ ਕਰਨ ਦੇ ਯਤਨਾਂ ਤੋਂ ਸ਼ੁਰੂ ਕਰਦੇ ਹਨ। ਇਸ ਤੋਂ ਇਲਾਵਾ 'ਖਾਮੋਸ਼ ਪਾਣੀ' ਹੋਰ ਵੀ ਕਈ ਗੰਭੀਰ ਸਵਾਲ ਖੜ੍ਹੇ ਕਰਦੀ ਹੈ। ਇਸ ਫਿਲਮ ਦੀ ਨਿਰਦੇਸ਼ਕ ਸਬੀਹਾ ਸਮਰ ਹੈ ਅਤੇ ਇਸ ਵਿਚ ਅਦਾਕਾਰੀ ਕਿਰਨ ਖੇਰ, ਆਮਿਰ ਅਲੀ ਮਲਿਕ, ਅਰਸ਼ਾਦ ਮਹਿਮੂਦ, ਸਲਮਾਨ ਸ਼ਾਹਿਦ, ਸ਼ਿਲਪਾ ਸ਼ੁਕਲਾ, ਸਰਫਰਾਜ਼ ਅਨਸਾਰੀ ਅਤੇ ਹੋਰ ਕਲਾਕਾਰਾਂ ਦੀ ਹੈ।

-ਸੁਖਵੰਤ ਹੁੰਦਲ

# ਸਰਦਾਰ ਸੋਹੀ ਦੀ ਸਰਦਾਰੀ

ਅਕਸਰ ਕਿਹਾ ਜਾਂਦਾ ਹੈ ਕਿ ਜਿਥੇ ਪੈਸਾ ਤੇ ਪ੍ਰਸਿਧੀ ਆ ਜਾਂਦੀ ਹੈ, ਨਿਮਰਤਾ ਤੇ ਨਰਮਾਈ ਉਥੋਂ ਪੋਲੇ ਪੈਰੀਂ ਬਾਹਰ ਖਿਸਕ ਜਾਂਦੀ ਹੈ, ਪਰ ਅਦਾਕਾਰ ਸਰਦਾਰ ਸੋਹੀ ਨੇ ਇਸ ਧਾਰਨਾ ਨੂੰ ਮਿੱਧ ਕੇ ਸਬੂਤ ਦਿੱਤਾ ਹੈ ਕਿ ਜ਼ਰੂਰੀ ਨਹੀਂ ਕਿ ਹਰ ਪ੍ਰਸਿਧ ਬੰਦਾ ਆਕੜਾਂ ਰੱਖਦਾ ਫਿਰਦਾ ਹੈ। ਸਦਾ ਖਿੜਿਆ ਰਹਿਣ ਵਾਲਾ ਸਰਦਾਰ ਸੋਹੀ ਹਰ ਇਕ ਨੂੰ ਭੱਜ ਕੇ ਜੱਫ਼ੀ ਪਾਉਣ ਵਾਲਾ ਅਤੇ ਮੋਹ ਦੀ ਮੂਰਤ ਹੈ। ਉਹ ਜਿੰਨਾ ਮਰਜ਼ੀ ਕੰਮ ਦੇ ਦਬਾਓ ਹੇਠ ਹੋਵੇ, ਹੱਸਣਾ-ਖੇਡਣਾ ਉਹ ਕਦੇ ਵੀ ਨਹੀਂ ਤਿਆਗਦਾ। ਕਈ ਵਾਰ ਉਹ ਕਾਸ਼ਣੀ ਅੱਖ ਦੇ ਉਨੀਂਦਰੇ ਵਰਗਾ ਜਾਪਦਾ ਹੈ। ਉਸ ਦੇ ਚਿਹਰੇ ਦੀ ਮੁਸਕਰਾਹਟ ਬੱਲੇ ਬੱਲੇ! ਪਰਦੇ ਉਪਰ ਉਸ ਦੀ ਠੇਠ ਪੰਜਾਬੀ ਅਤੇ ਬੋਲਣ ਦੀ ਅਦਾ ਬੰਦੇ ਨੂੰ ਕਾਇਲ ਕਰਦੀ ਹੈ ਅਤੇ ਇਹੀ ਉਸ ਦੀ ਕਾਮਯਾਬੀ ਦਾ ਭੇਤ ਹੈ। ਉਹ ਆਪਣੇ ਕਿਰਦਾਰ ਨੂੰ ਅੰਨ੍ਹੇ ਵਾਲਾ ਜੱਫ਼ਾ ਨਹੀਂ ਮਾਰਦਾ, ਕਲਾ ਅਤੇ ਤਕਨੀਕ ਅਨੁਸਾਰ ਤੁਰਨ ਵਾਲਾ ਅਨੁਸ਼ਾਸਨੀ ਕਲਾਕਾਰ ਹੈ।



ਸ਼ੋਹਰਤ ਅਤੇ ਮਹਿਮਾ ਸਰਦਾਰ ਸੋਹੀ ਨੂੰ ਰਜਾਈ ਨੱਪੀ ਪਏ ਨੂੰ ਨਹੀਂ ਮਿਲੀ, ਇਸ ਪਿੱਛੇ ਉਸ ਦੀ ਲੰਮੀ ਘਾਲਣਾ ਅਤੇ ਸੰਘਰਸ਼ ਦਾ ਹੱਥ ਹੈ। ਫਿਲਮਾਂ ਵਿਚ ਆਉਣ ਤੋਂ ਪਹਿਲਾਂ ਉਹ ਸਟੇਜ ਦਾ ਸ਼ਾਹਸਵਾਰ ਰਿਹਾ ਹੈ। ਥੀਏਟਰ ਕਲਾ ਦਾ ਬਾਦਸ਼ਾਹ, ਮਰਹੂਮ ਹਰਪਾਲ ਟਿਵਾਣਾ ਹੁਰਾਂ ਦਾ ਜਗਾਇਆ ਇਹ ਦੀਪ, ਅੱਜ ਸੂਰਜ ਬਣ ਕੇ ਦੁਨੀਆ ਭਰ ਦੇ ਪੰਜਾਬੀਆਂ ਲਈ ਮਨੋਰੰਜਨ ਦਾ ਨੂਰ ਬਿਖ਼ੇਰ ਰਿਹਾ ਹੈ। ਪਿੰਡ ਟਿੱਬਾ (ਜ਼ਿਲ੍ਹਾ ਸੰਗਰੂਰ) ਵਿਚ ਜਨਮੇ ਸੋਹੀ ਨੇ 1975 ਵਿਚ ਨੀਨਾ ਟਿਵਾਣਾ ਅਤੇ ਹਰਪਾਲ ਟਿਵਾਣਾ ਨਾਲ ਥੀਏਟਰ ਤੋਂ ਆਪਣੀ ਕਲਾ ਦੀ ਸ਼ੁਰੂਆਤ ਕੀਤੀ।

'ਲੌਂਗ ਦਾ ਲਿਸ਼ਕਾਰਾ' ਉਸ ਦੀ ਪਹਿਲੀ ਫ਼ਿਲਮ ਸੀ। ਗੁਲਾਬੋ ਮਾਸੀ (ਨਿਰਮਲ ਰਿਸ਼ੀ) ਨਾਲ ਨਾਹਰੇ ਅਮਲੀ ਦਾ ਰੋਲ ਕਰ ਕੇ ਪੰਜਾਬੀ ਫ਼ਿਲਮੀ ਦੁਨੀਆ ਵਿਚ ਆਪਣੀ ਕਲਾ ਦਾ ਵਿਲੱਖਣ ਸਬੂਤ ਦਿੱਤਾ ਅਤੇ ਫ਼ਿਰ ਪਿੱਛੇ ਮੁੜ ਕੇ ਨਹੀਂ ਦੇਖਿਆ। ਹੁਣ ਤੱਕ ਉਹ ਤਕਰੀਬਨ 50 ਪੰਜਾਬੀ ਫ਼ਿਲਮਾਂ ਵਿਚ ਆਪਣੀ ਕਲਾ ਦਾ ਲੋਹਾ ਮੰਨਵਾ ਚੁੱਕਿਆ ਹੈ। ਪਰਦੇ ਉਪਰ ਅੜਬ, ਕਠੋਰ, ਕਰੂਰ ਅਤੇ ਸਖ਼ਤ ਸੁਭਾਅ ਦਾ ਦਿਸਣ ਵਾਲਾ ਸੋਹੀ ਅਥਾਹ ਕੋਮਲ ਹਿਰਦੇ ਦਾ ਮਾਲਕ ਅਤੇ ਯਾਰਾਂ ਦਾ ਯਾਰ ਹੈ। ਉਹਨੇ ਵਿਆਹ ਕਰਵਾਇਆ। ਪੁੱਛਣ 'ਤੇ ਕਹਿੰਦਾ ਹੈ: ਥੀਏਟਰ ਵਿਚ ਪੈਸਾ ਨਹੀਂ ਸੀ, ਪਰ ਥੀਏਟਰ ਮੇਰੇ ਲਈ ਸਭ ਕੁਝ ਸੀ, ਇਸ ਲਈ ਨਿੱਜੀ ਜ਼ਿੰਦਗੀ ਨਾਲੋਂ ਕਲਾ ਨੂੰ ਪਹਿਲ ਦਿੱਤੀ ਅਤੇ ਇਕੱਲੇ ਰਹਿਣ ਦਾ ਮਨ ਬਣਾ ਲਿਆ।


PTC PUNJABI
PUNJABI MEGA PACK
$14.99 PER MONTH
FOR 24 MONTHS
Save $240 over 2 years
PTC PUNJABI
jus punjabi
WILLOW HD
PTC NEWS
JUS one
+5 CHANNELS
CALL OR VISIT YOUR LOCAL RETAILER - WE SPEAK PUNJABI!
GO SATELLITE CITY
530-777-0290
1528 COLUSA HWY STE B. YUBA CITY.CA 95993
SUN WIRELESS
888-350-8005
114-11 101 AVE.SOUTH RICHMOND HILL.NY 11419
dish
AUTHORIZED RETAILER
All offers require credit qualification, 24-month commitment with early termination fee and eAutoPay. $240 Savings Offer: Valid for activation and installation of qualifying new DISH service. Requires subscription to a qualifying American or DishLATINO package in addition to Punjabi Mega Pack. Receive a monthly credit of $10 for the first 24 months. Important Terms and Conditions: Promotional Offers: International programming requires America's Top 120 or higher. Upfront activation and/or receiver upgrade fees may apply based on credit qualification. After 24-month promotional period, then-current monthly price applies and is subject to change. Offer ends 4/18/18. 2 Year Commitment: Early termination fee of $20/mo. remaining applies if you cancel early. Hopper: Monthly fees: Hopper, $15; Joey, $7; Super Joey, $10. With PrimeTime Anytime record ABC, CBS, FOX and NBC plus two channels. With addition of Super Joey record two additional channels. Watching live and recorded TV anywhere requires an Internet-connected, Sling-enabled DVR and compatible mobile device. Premium Channels: Subject to credit qualification. After 3 mos., you will be billed $60/mo. for HBO, Cinemax, Showtime, Starz and DISH Movie Pack unless you call to cancel. Installation/Equipment Requirements: A second dish antenna may be required to view both International and American programming. Free Standard Professional Installation only. Leased equipment must be returned to DISH upon cancellation or unreturned equipment fees apply. Other: All prices, fees, charges, packages, programming, features, functionality and offers subject to change without notice. After 6 mos., you will be billed $8/mo for Protection Plan unless you call to cancel. Free standard professional installation only. Taxes or reimbursement charges for state gross earnings taxes may apply. Additional restrictions and taxes may apply. © 2017 DISH Network L.L.C. All rights reserved. HBO®, Cinemax® and related channels and service marks are the property of Home Box Office, Inc. SHOWTIME is a registered trademark of Showtime Networks Inc., a CBS Company. STARZ and related channels and service marks are property of Starz Entertainment, LLC.